

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419




Fare shown above is for departure from Jan 15th, 2020 and subject to availability, other conditions apply. Please call for more details

Income Tax & Accounting Services

Business/Personal Taxes
Corporate Accounts Welcome
ਬਹੁਤ ਹੀ ਘੱਟ ਰੇਟ 'ਤੇ ਵਧੀਆ ਸਰਵਿਸ



Karuna Sharma
CPA

IRS e-file

Insurance Services
*Home *Auto *Business

Ph: 718-301-9083

114-11 101 Ave., Richmond Hill, NY 11419



Twenty First Year of Publication    ਨਿਊ ਯਾਰਕ ਐਡੀਸ਼ਨ    Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 21, Issue 15, April 11, 2020    20451 N. Plum Grove Rd., Palatine, IL 60074    Ph:847-359-0746, Fax:847-705-9388


# ਮੋਦੀ ਨੇ ਕਰੋਨਾ ਦੇ ਬਹਾਨੇ ਸ਼ਿਕੰਜਾ ਹੋਰ ਕੱਸਿਆ

## ਸੰਸਦ ਮੈਂਬਰਾਂ ਦੇ ਗ੍ਰਾਂਟ ਵਾਲੇ ਕਰੋੜਾਂ ਰੁਪਏ ਜ਼ਬਤ





**ਚੰਡੀਗੜ੍ਹ:** ਪੂਰਾ ਸੰਸਾਰ ਇਸ ਵਕਤ ਕਰੋਨਾ ਵਾਇਰਸ ਨਾਲ ਜੂਝ ਰਿਹਾ ਹੈ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਿਕੰਜਾ ਹੋਰ ਕੱਸਣਾ ਆਰੰਭ ਕਰ ਦਿੱਤਾ ਹੈ। ਯਾਦ ਰਹੇ ਕਿ ਸੰਸਾਰ ਭਰ ਦੇ ਮਾਹਿਰ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਕਰੋਨਾ ਸੰਕਟ ਨੂੰ ਸੱਤਾ ਉਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਵਰਤ ਸਕਦੀਆਂ ਹਨ।

ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਰੇ ਸੰਸਦ ਮੈਂਬਰਾਂ ਦਾ ਦੋ ਸਾਲਾਂ ਦਾ ਐਮ.ਪੀ. ਲੈਡ ਫੰਡ ਜ਼ਬਤ ਕਰ ਲਿਆ ਹੈ। ਹਰ ਸੰਸਦ ਮੈਂਬਰ ਨੂੰ ਆਪਣੇ ਹਲਕੇ ਦੇ ਵਿਕਾਸ ਲਈ ਇਕ ਸਾਲ ਵਿਚ 5 ਕਰੋੜ ਰੁਪਏ ਗ੍ਰਾਂਟਾਂ ਵਜੋਂ ਦੇਣ ਲਈ ਮਿਲਦੇ ਹਨ। ਇਸ ਤੋਂ ਪਹਿਲਾਂ ਮੋਦੀ ਨੇ ਪੀ.ਐਮ. ਕੇਅਰਜ਼ ਫੰਡ ਦੇ ਮਾਮਲੇ ਵਿਚ ਵੀ ਕਥਿਤ ਹੇਰਾਫੇਰੀ ਕੀਤੀ ਹੈ। ਮਾਹਿਰਾਂ ਦਾ ਸਵਾਲ ਹੈ ਕਿ ਜਦੋਂ ਪਹਿਲਾਂ ਹੀ ਅਜਿਹੀਆਂ ਆਫਤਾਂ ਨਾਲ ਨਜਿੱਠਣ ਲਈ ਪ੍ਰਧਾਨ ਮੰਤਰੀ ਰਾਹਤ ਫੰਡ ਮੌਜੂਦ ਹੈ ਤਾਂ ਪੀ.ਐਮ. ਕੇਅਰਜ਼ ਫੰਡ ਦੀ ਕੀ ਲੋੜ ਸੀ। ਉਂਜ, ਇਸ ਫੰਡ ਬਾਰੇ ਹਕੀਕਤ ਇਹ ਹੈ ਕਿ ਇਸ ਫੰਡ ਵਿਚ ਆਈ ਰਕਮ ਬਾਰੇ ਮੋਦੀ ਸਰਕਾਰ ਨੂੰ ਕਿਸੇ ਨੂੰ ਕੋਈ ਹਿਸਾਬ ਕਿਤਾਬ ਨਹੀਂ ਦੇਣਾ ਪਵੇਗਾ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ ਦੇਣਾ ਪੈਂਦਾ ਹੈ। ਸਿਆਸੀ ਵਿਸ਼ਲੇਸ਼ਕਾਂ ਦੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਮੋਦੀ ਕਰੋਟਾ ਸੰਕਟ ਨਾਲ ਲੜਨ ਦੇ ਬਹਾਨੇ ਅਜਿਹੀਆਂ ਹੋਰ ਕੇਂਦਰੀਕ੍ਰਿਤ ਨੀਤੀਆਂ ਲਿਆ ਸਕਦਾ ਹੈ।

ਇਸੇ ਦੌਰਾਨ ਪੂਰੇ ਵਿਸ਼ਵ ਵਿਚ ਹੁਣ ਤੱਕ ਇਸ ਵਾਇਰਸ ਨਾਲ ਹਜ਼ਾਰਾਂ ਮੌਤਾਂ ਹੋ ਚੁੱਕੀਆਂ ਹਨ। ਇਸ ਸਮੇਂ ਇਹ ਵਾਇਰਸ ਅਮਰੀਕਾ, ਇਟਲੀ, ਸਪੇਨ, ਜਰਮਨੀ, ਬਰਤਾਨੀਆ, ਜਾਪਾਨ ਤੇ ਇਰਾਨ ਵਰਗੇ ਵੱਡੀ ਅਰਥ-ਵਿਵਸਥਾ ਵਾਲੇ ਮੁਲਕਾਂ ਵਿਚ ਤਬਾਹੀ ਮਚਾ ਰਿਹਾ ਹੈ। ਅਜਿਹੇ ਮੁਲਕਾਂ ਵਲੋਂ ਵੱਡੇ ਪੱਧਰ ਉਤੇ ਕੀਤੀਆਂ ਤਿਆਰੀਆਂ ਵੀ ਨਾਕਾਫੀ ਸਾਬਤ ਹੋਈਆਂ ਹਨ। ਪਿਛਲੇ ਕੁਝ ਦਿਨਾਂ ਤੋਂ ਜਿਸ ਤਰ੍ਹਾਂ ਭਾਰਤ ਵਿਚ ਵਾਇਰਸ ਪੀੜਤਾਂ ਦੀ ਗਿਣਤੀ ਇਕਦਮ ਵਧੀ ਹੈ, ਤੈਅ ਹੈ ਕਿ ਭਾਰਤ ਦਾ ਹਸ਼ਰ ਵੀ ਇਹੀ ਹੋਣ ਵਾਲਾ ਹੈ। ਅਜਿਹੇ 'ਚ ਵਾਇਰਸ ਦੇ ਟਾਕਰੇ ਲਈ ਮੋਦੀ ਸਰਕਾਰ ਵਲੋਂ ਕੀਤੀਆਂ 'ਤਿਆਰੀਆਂ' ਨੇ ਪੂਰੇ ਵਿਸ਼ਵ ਦਾ ਧਿਆਨ ਖਿੱਚਿਆ ਹੈ। 3 ਅਪਰੈਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਰਾਸ਼ਟਰ ਦੇ ਨਾਮ ਸੰਬੋਧਨ ਬਾਰੇ ਪਤਾ ਲੱਗਣ ਉਤੇ ਆਮ ਲੋਕਾਂ ਨੂੰ ਵੱਡੀਆਂ ਉਮੀਦਾਂ ਸਨ ਕਿ ਉਨ੍ਹਾਂ ਲਈ ਕੋਈ ਰਾਹਤ ਦਾ ਐਲਾਨ ਹੋਣ ਵਾਲਾ ਹੈ ਪਰ ਮੋਦੀ ਨੇ ਐਤਵਾਰ ਨੂੰ ਰਾਤ ਦੇ 9 ਵਜੇ 9 ਮਿੰਟ ਬਿਜਲੀ ਬੰਦ ਕਰਨ ਅਤੇ ਉਸ ਸਮੇਂ ਮੋਮਬੱਤੀਆਂ ਜਗਾ ਕੇ ਕਰੋਨਾ ਨੂੰ ਭਜਾਉਣ ਬਾਰੇ ਦੱਸੀ ਜੁਗਤ ਨੇ ਸਭ ਨੂੰ ਹੈਰਾਨ ਤੇ ਨਿਰਾਸ਼ ਕਰ ਦਿੱਤਾ।

ਮੋਦੀ ਦੀ ਇਸ ਸਲਾਹ ਤੋਂ ਤੁਰਤ ਬਾਅਦ ਡਾਕਟਰ, ਨਰਸਾਂ, ਪੈਰਾਮੈਡੀਕਲ ਸਟਾਫ ਭੜਕ ਗਿਆ ਤੇ ਹਸਪਤਾਲਾਂ ਦੇ ਅੱਗੇ ਹੀ ਰੋਸ ਜ਼ਾਹਿਰ ਕੀਤਾ ਕਿ ਉਨ੍ਹਾਂ ਨੂੰ ਸਿਰਫ ਹੌਸਲੇ ਦੇਣ ਨਾਲ ਕੰਮ ਨਹੀਂ ਸਰਨਾ। ਮੋਦੀ ਨੇ ਇਹ ਸਲਾਹ ਉਸ ਸਮੇਂ ਦਿੱਤੀ ਜਦੋਂ ਕੇਂਦਰੀ ਮੁੰਬਈ ਦੇ ਵੋਕਹਾਰਟ ਹਸਪਤਾਲ ਵਿਚ ਤਿੰਨ ਡਾਕਟਰ ਤੇ 26 ਨਰਸਾਂ ਦੇ ਇਸ ਵਾਇਰਸ ਦੇ ਲਪੇਟੇ ਵਿਚ ਆਉਣ ਦੀ ਖਬਰ ਸਾਹਮਣੇ ਆ ਰਹੀ ਸੀ। ਇਸ ਦਾ ਕਾਰਨ ਇਸ ਹਸਪਤਾਲ ਵਿਚ ਸਹੂਲਤਾਂ ਦੀ ਘਾਟ ਸੀ। ਅਜਿਹੀਆਂ ਘਾਟਾਂ ਇਸ ਸਮੇਂ ਤਕਰੀਬਨ ਦੇਸ਼ ਦੇ

(ਬਾਕੀ ਸਫਾ 6 ਉਤੇ)

## ਪੰਜਾਬ ਸਰਕਾਰ ਦੇ ਪ੍ਰਬੰਧਾਂ ਉਤੇ ਝਾਤ...


ਪੰਜਾਬ ਸਰਕਾਰ ਵਲੋਂ ਕੀਤੀ ਗਈ ਤਿਆਰੀ ਸਵਾਲਾਂ ਦੇ ਘੇਰੇ ਵਿਚ ਹੈ। ਕਰੋਨਾ ਵਾਇਰਸ ਨਾਲ ਜੂਝਣ ਵਾਲੇ ਡਾਕਟਰ, ਨਰਸਾਂ, ਪੈਰਾਮੈਡੀਕਲ ਸਟਾਫ ਅਤੇ ਸਿਹਤ ਵਿਭਾਗ ਦੇ ਹੋਰ ਕਾਮਿਆਂ ਲਈ ਵੀ ਜ਼ਰੂਰੀ ਸਮਾਨ ਨਹੀਂ ਹੈ। ਪਟਿਆਲੇ ਵਿਚ ਰਾਜਿੰਦਰਾ ਹਸਪਤਾਲ ਦੀਆਂ ਨਰਸਾਂ ਨੇ ਰੋਸ ਪ੍ਰਦਰਸ਼ਨ ਕੀਤਾ ਹੈ ਕਿ ਉਨ੍ਹਾਂ ਨੂੰ ਲੋੜੀਂਦੀਆਂ ਨਿੱਜੀ ਸੁਰੱਖਿਆ ਕਿੱਟਾਂ ਨਹੀਂ ਦਿੱਤੀਆਂ ਗਈਆਂ; ਅਜਿਹਾ ਕਰਕੇ ਉਨ੍ਹਾਂ ਨੂੰ ਰੋਗ ਦੇ ਮੂੰਹ ਵਿਚ ਧੱਕਿਆ ਜਾ ਰਿਹਾ ਹੈ। ਇਸ ਰੋਗ ਨਾਲ ਲੜਨ ਲਈ ਵੈਂਟੀਲੇਟਰ ਦੀ ਅਹਿਮੀਅਤ ਉਤੇ ਦੁਨੀਆਂ ਭਰ ਵਿਚ ਜ਼ੋਰ ਦਿੱਤਾ ਜਾ ਰਿਹਾ ਹੈ। ਪੰਜਾਬ ਵਿਚ ਵੈਂਟੀਲੇਟਰਾਂ ਦੀ ਸਾਧਾਰਨ ਸਮੇਂ ਵਿਚ ਵੀ ਕਮੀ ਰਹਿੰਦੀ ਹੈ। ਦੂਸਰੇ ਪਾਸੇ ਲੁਧਿਆਣਾ ਦੇ ਸਿਵਲ ਹਸਪਤਾਲ ਵਿਚ 14 ਵੈਂਟੀਲੇਟਰ ਮਹੀਨਿਆਂ ਤੋਂ ਖਰੀਦ ਕੇ ਤਾਂ ਰੱਖ ਲਏ ਗਏ ਪਰ ਹੁਣ ਤਕ ਉਨ੍ਹਾਂ ਦੀ ਵਰਤੋਂ ਵਿਚ ਲਿਆਉਣ ਲਈ ਲਗਾਇਆ ਨਹੀਂ ਗਿਆ। ਵੈਂਟੀਲੇਟਰ ਦੇ ਚਲਾਉਣ ਵਾਲੇ ਸਟਾਫ਼ ਦੀ ਮੌਜੂਦਗੀ ਬਾਰੇ ਵੀ ਸਪਸ਼ਟਤਾ ਨਹੀਂ ਹੈ। ਇਸ ਤੋਂ ਇਲਾਵਾ ਆਮ ਲੋਕਾਂ ਦੀ ਸਮੱਸਿਆਵਾਂ ਵਲ ਵੀ ਭੋਰਾ ਧਿਆਨ ਨਹੀਂ ਦਿੱਤਾ ਗਿਆ। ਇਸ ਸਮੇਂ ਦੁਕਾਨਾਂ ਤੋਂ ਰਾਸ਼ਨ ਮੁੱਕਣ ਕੰਢੇ ਹੈ। ਲੋਕ ਇਕ ਡੰਗ ਦੀ ਰੋਟੀ ਨੂੰ ਵੀ ਔਖੇ ਹੋਏ ਬੈਠੇ ਸਰਕਾਰ ਨੂੰ ਕੋਸ ਰਹੇ ਹਨ। ਸਭ ਤੋਂ ਔਖਾ ਸਮਾਂ ਕਿਸਾਨਾਂ ਲਈ ਹੈ। ਹਾੜ੍ਹੀ ਦੀਆਂ ਫਸਲਾਂ ਪੱਕ ਕੇ ਤਿਆਰ ਹਨ ਪਰ ਸਰਕਾਰ ਦੀਆਂ 'ਤਿਆਰੀਆਂ' ਇਹੀ ਦੱਸ ਰਹੀਆਂ ਹਨ ਕਿ ਕਿਸਾਨਾਂ ਨੂੰ ਪੱਕੀ-ਪਕਾਈ ਫਸਲ ਤੋਂ ਹੱਥ ਧੋਣੇ ਪੈ ਸਕਦੇ ਹਨ।

## 'ਪੰਜਾਬ ਟਾਈਮਜ਼ ਨਾਈਟ' ਮੁਲਤਵੀ

ਅਮਰੀਕਾ ਭਰ ਵਿਚ ਕਰੋਨਾ ਵਾਇਰਸ ਕਾਰਨ ਪੈਦਾ ਹੋਏ ਹਾਲਾਤ ਕਰਕੇ 'ਪੰਜਾਬ ਟਾਈਮਜ਼' ਦਾ ਸਾਲਾਨਾ ਸਮਾਗਮ 'ਪੰਜਾਬ ਟਾਈਮਜ਼ ਨਾਈਟ', ਜੋ 9 ਮਈ 2020, ਸਨਿਚਰਵਾਰ ਨੂੰ ਹੋਣਾ ਸੀ, ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਸਮਾਗਮ 'ਪੰਜਾਬ ਟਾਈਮਜ਼' ਦੀ 20ਵੀਂ ਵਰ੍ਹੇਗੰਢ ਮੌਕੇ ਸ਼ਿਕਾਗੋ ਦੀ ਸਬਰਬ ਆਰਲਿੰਗਟਨ ਹਾਈਟਸ ਦੇ ਅਟਲਾਂਟਿਸ ਬੈਂਕੁਇਟ ਹਾਲ ਵਿਚ ਰੱਖਿਆ ਗਿਆ ਸੀ। ਨਵੀਂ ਤਾਰੀਕ ਬਾਰੇ ਵੇਰਵਾ ਬਾਅਦ ਵਿਚ ਐਲਾਨਿਆ ਜਾਵੇਗਾ।

*-ਅਦਾਰਾ ਪੰਜਾਬ ਟਾਈਮਜ਼*


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832

ਅਨੁਭਵੀ ਕੁੱਕ ਦੀ ਲੋੜ ਹੈ

ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸੋਟਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 716-297-2100

10-13

Ad Space Available

Please call

Ph: 847-359-0746

# ਪੰਜਾਬ 'ਚ ਅਨਾਜ ਗੁਦਾਮਾਂ ਦੇ ਮੂੰਹ ਲੋੜਵੰਦਾਂ ਲਈ ਖੋਲ੍ਹੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਪਣੀਆਂ ਸਰਕਾਰੀ ਖਰੀਦ ਏਜੰਸੀਆਂ ਦੇ ਗੁਦਾਮਾਂ 'ਚ ਰੱਖੇ ਅਨਾਜ ਦੇ ਮੂੰਹ ਲੋੜਵੰਦਾਂ ਲਈ ਖੋਲ੍ਹ ਦਿੱਤੇ ਹਨ। ਪੰਜਾਬ ਦੀਆਂ ਮੰਡੀਆਂ ਵਿਚ ਹਰ ਸਾਲ ਲੱਖਾਂ ਟਨ ਕਣਕ ਅਤੇ ਝੋਨੇ ਦੀ ਪੱਕੀ ਫਸਲ ਪੁੱਜਦੀ ਹੈ ਅਤੇ ਇਹ ਅਨਾਜ ਵੱਖ-ਵੱਖ ਪ੍ਰਾਈਵੇਟ ਏਜੰਸੀਆਂ ਅਤੇ ਸਰਕਾਰੀ ਐਫ.ਸੀ.ਆਈ., ਪਨਸਪ, ਪਨਗਰੇਨ, ਮਾਰਕਫੈੱਡ ਤੇ



ਵੇਅਰਹਾਊਸ ਵਲੋਂ ਖਰੀਦੀ ਜਾਂਦੀ ਹੈ, ਜਿਸ ਨੂੰ ਗੁਦਾਮਾਂ ਵਿਚ ਭੰਡਾਰ ਕਰ ਲਿਆ ਜਾਂਦਾ ਹੈ।

ਪਿਛਲੇ ਕਈ ਸਾਲਾਂ ਤੋਂ ਵੇਖਣ 'ਚ ਆਇਆ ਹੈ ਕਿ ਪੰਜਾਬ ਦੇ ਇਨ੍ਹਾਂ ਗੁਦਾਮਾਂ ਵਿਚ 200 ਲੱਖ ਟਨ ਭੰਡਾਰਨ ਤੋਂ ਇਲਾਵਾ ਅਤੇ ਕਿਰਾਏ ਉਤੇ ਖੁੱਲ੍ਹੇ ਅਸਮਾਨ 'ਚ ਪਲੰਥ ਬਣਾ ਕੇ ਵੀ ਅਨਾਜ ਨੂੰ ਸਟੋਰ ਕਰ ਲਿਆ ਜਾਂਦਾ ਹੈ। ਇਸ ਦਾ ਮੁੱਖ ਕਾਰਨ ਪੰਜਾਬ ਦੇ ਲੋਕਾਂ ਵਲੋਂ ਕਣਕ ਤੇ ਝੋਨੇ ਦੀ ਫਸਲ ਵਿਚੋਂ ਨਾ ਨਿਕਲਣਾ ਅਤੇ ਇਸ 'ਚੋਂ ਨਿਕਲ ਕੇ ਬਦਲਵੀਂ ਬਦਲ ਨੂੰ ਨਾ ਬੀਜਣਾ ਇਸ ਦਾ ਮੁੱਖ ਕਾਰਨ ਸੀ। ਸਰਕਾਰ ਵਲੋਂ ਅਹਿਮ ਫੈਸਲਾ ਲੈਂਦਿਆਂ ਇਨ੍ਹਾਂ ਗੁਦਾਮਾਂ ਵਿਚੋਂ ਅਨਾਜ ਨੂੰ ਚੁੱਕ ਕੇ ਸਰਕਾਰੀ ਸਕੂਲਾਂ ਦੇ ਲੋੜਵੰਦ ਬੱਚਿਆਂ ਲਈ ਮਿਡ ਡੇ ਮੀਲ ਸਕੀਮ ਰਾਹੀਂ ਪਹੁੰਚਾਉਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਗੁਦਾਮ ਆਉਣ ਵਾਲੇ ਛਮਾਹੀ ਦੀ ਫਸਲ ਲਈ ਕੁਝ ਹੱਦ ਤੱਕ ਖਾਲੀ ਹੋ ਜਾਂਦੇ ਰਹੇ ਹਨ ਅਤੇ ਗਰੀਬ ਦੀ ਲੋੜ ਵੀ ਪੂਰੀ ਹੁੰਦੀ ਗਈ। ਜ਼ਿਕਰਯੋਗ ਹੈ ਕਿ ਐਫ.ਸੀ.ਆਈ. ਗੁਦਾਮਾਂ ਵਿਚੋਂ ਹਰ ਮਹੀਨੇ ਔਸਤਨ ਕਣਕ 7 ਲੱਖ ਟਨ ਅਤੇ ਚੌਲ 6 ਲੱਖ ਟਨ ਲੋਕ ਭਲਾਈ ਲਈ ਵਰਤਿਆ ਜਾਂਦਾ ਹੈ, ਪਰ ਇਸ ਦੇ ਬਾਵਜੂਦ ਸਰਕਾਰੀ ਗੁਦਾਮਾਂ ਵਿਚੋਂ ਨਵੀਂ ਫਸਲ ਦੇ ਰੱਖ-ਰਖਾਵ ਲਈ ਔਸਤਨ ਚੁਕਾਈ ਬਹੁਤ ਘੱਟ ਰਹੀ ਹੈ।

ਕਈ ਦਹਾਕਿਆਂ ਤੋਂ ਇਸ ਤਰ੍ਹਾਂ ਸਰਕਾਰਾਂ ਦੇ ਅਨਾਜ ਨੂੰ ਭੰਡਾਰ ਕਰਨ ਦੀ ਦੂਰਅੰਦੇਸ਼ੀ ਸੋਚ ਦੀ ਸਚਾਈ ਦਾ ਅੱਜ ਇਸ ਮਹਾਮਾਰੀ ਵਿਚ ਲੋੜਵੰਦਾਂ ਦੀ ਮਦਦ ਕਰਨ ਵੇਲੇ ਪਤਾ ਚੱਲਿਆ, ਜਦੋਂ ਸਰਕਾਰ ਨੇ ਐਫ.ਸੀ.ਆਈ., ਪਨਸਪ, ਪਨਗਰੇਨ, ਵੇਅਰਹਾਊਸ ਤੇ ਮਾਰਕਫੈੱਡ ਆਦਿ ਦੇ ਗੁਦਾਮਾਂ ਦੇ ਮੂੰਹ ਖੋਲ੍ਹ ਦਿੱਤੇ। ਇਸ ਤੋਂ ਇਲਾਵਾ ਸਰਕਾਰ ਵਲੋਂ ਇਹ ਅਨਾਜ ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਨੀਲੇ ਕਾਰਡਧਾਰਕਾਂ ਨੂੰ 2 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਚੱਲ ਰਹੀ ਸਕੀਮ ਰਾਹੀਂ ਦਿੱਤਾ ਜਾਣਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਣਕ ਦੇਸ਼ ਦੇ ਸੈਨਿਕਾਂ ਤੱਕ ਵੀ ਪਹੁੰਚਾਈ ਜਾਂਦੀ ਹੈ। ਪੰਜਾਬ ਦੇ ਵੱਖ-ਵੱਖ ਸਰਕਾਰੀ ਗੁਦਾਮਾਂ ਵਿਚ ਕਣਕ, ਝੋਨਾ ਅਤੇ ਬਾਸਮਤੀ ਦੀ ਚੁਕਾਈ ਲਈ ਸਰਕਾਰ ਵਲੋਂ ਭਾਰੀ ਗਿਣਤੀ ਵਿਚ ਮਜ਼ਦੂਰਾਂ ਨੂੰ ਬੁਲਾ ਲਿਆ ਗਿਆ ਹੈ। ਇਨ੍ਹਾਂ ਮਜ਼ਦੂਰਾਂ ਵਲੋਂ ਟਰੱਕਾਂ ਉਤੇ ਸਾਮਾਨ ਲੱਦਿਆਂ ਜਾ ਰਿਹਾ ਹੈ ਅਤੇ ਇਸ ਤੋਂ ਇਲਾਵਾ ਬਾਹਰਲੇ ਸੂਬਿਆਂ ਅਤੇ ਸੈਨਿਕਾਂ ਤੱਕ ਪਹੁੰਚਾਉਣ ਲਈ ਰੇਲਵੇ ਸਟੇਸ਼ਨਾਂ 'ਤੇ ਮਾਲ ਗੱਡੀਆਂ ਵਿਚ ਵੀ ਲੱਦਿਆ ਜਾ ਰਿਹਾ ਹੈ।

Midway Business Broker




For All Your Commercial Real Estate Needs

MIDWAY Business Broker
We Build Your Dreams

We Help You To
*Gas Station
*Commercial
*Liquor Store
*Hotel/Motel
*Miscellaneous Store

We will assist you to provide funding from $25K to $500K in 48 hrs.

List your business at: WWW.MBBBIZ.COM
Ajeet Singh: 847-529-9778
Nick Verma: 630-664-1435

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ



Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...

# ਕਰੋਨਾ ਦੀ ਮਾਰ: ਕੈਪਟਨ ਸਰਕਾਰ ਸਿਆਸੀ ਲਾਹਾ ਲੈਣ 'ਚ ਜੁਟੀ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਆਰੰਭਿਆ ਗਿਆ ਭਲੇ ਦਾ ਕੰਮ ਸਿਆਸੀ ਲਾਹੇ ਦੀ ਘੁੰਮਣਘੇਰੀ 'ਚ ਫਸਣ ਲੱਗਿਆ ਹੈ। ਰਾਜ ਸਰਕਾਰ ਵਲੋਂ 10 ਲੱਖ ਪਰਿਵਾਰਾਂ ਨੂੰ ਮੁਫਤ ਰਾਸ਼ਨ ਦੇ ਥੈਲੇ ਵੰਡੇ ਜਾਣੇ ਹਨ, ਜਿਨ੍ਹਾਂ ਉਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਛਾਪਣ ਕਰ ਕੇ ਰਾਸ਼ਨ ਦੀ ਵੰਡ 'ਚ ਦੇਰੀ ਹੋਣ ਲੱਗੀ ਹੈ।

ਇਕ ਪਾਸੇ ਜਿਥੇ ਕਰਫਿਊ ਦੇ ਇਸ ਸਮੇਂ 'ਚ ਰਾਜ ਦੇ ਗਰੀਬ ਲੋਕ ਦੋ ਵਕਤ ਦੀ ਰੋਟੀ ਲਈ ਰਾਸ਼ਨ ਉਡੀਕ ਰਹੇ ਹਨ ਉਥੇ ਹੀ ਰਾਜ ਸਰਕਾਰ ਕੁਝ ਦਿਨਾਂ ਤੋਂ ਮੁੱਖ ਮੰਤਰੀ ਦੀ ਤਸਵੀਰ ਵਾਲੇ ਥੈਲਿਆਂ ਦੇ ਇੰਤਜ਼ਾਮਾਂ ਵਿਚ ਉਲਝੀ ਹੋਈ ਹੈ। ਇਸ ਨੂੰ ਲੈ ਕੇ ਹੁਣ ਕਾਂਗਰਸ ਤੇ ਆਮ ਆਦਮੀ ਪਾਰਟੀ ਆਹਮੋ-ਸਾਹਮਣੇ ਹੋ ਗਈਆਂ ਹਨ। ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲਿਆਂ ਬਾਰੇ ਵਿਭਾਗ ਵਲੋਂ 28 ਮਾਰਚ ਨੂੰ ਜਾਰੀ ਕੀਤੇ ਗਏ ਪੱਤਰ ਅਨੁਸਾਰ ਪੰਜਾਬ ਵਿਚ ਆਰਥਿਕ ਪੱਖੋਂ ਗਰੀਬ ਪਰਿਵਾਰਾਂ ਨੂੰ ਰਾਸ਼ਨ ਦੇ 10 ਲੱਖ ਥੈਲੇ ਮੁਫਤ ਵੰਡਣ ਦਾ ਫੈਸਲਾ ਲਿਆ ਗਿਆ ਹੈ। ਰਾਸ਼ਨ ਦੇ ਥੈਲੇ ਵਿਚ 10 ਕਿੱਲੋ ਆਟੇ ਦੀ ਥੈਲੀ, ਦੋ ਕਿੱਲੋ ਖੰਡ ਅਤੇ ਦੋ ਕਿੱਲੋ ਦਾਲ ਦਾ ਪੈਕੇਟ ਪਾਇਆ ਗਿਆ ਹੈ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵਲੋਂ ਮੁਫਤ ਵੰਡੇ ਜਾਣ ਵਾਲੇ ਇਸ ਰਾਸ਼ਨ ਵਾਸਤੇ ਮੁੱਖ ਮੰਤਰੀ ਦੀ ਤਸਵੀਰ ਵਾਲਾ ਜੋ ਥੈਲਾ ਤਿਆਰ ਕਰਵਾਇਆ ਗਿਆ ਹੈ, ਉਸ ਉਤੇ ਕਰੀਬ ਡੇਢ ਕਰੋੜ ਰੁਪਏ ਖਰਚ ਕੀਤੇ ਗਏ ਹਨ। ਪ੍ਰਤੀ ਥੈਲਾ



ਅੰਦਾਜ਼ਨ 15 ਰੁਪਏ ਖਰਚੇ ਗਏ ਹਨ। ਥੈਲਿਆਂ ਦਾ ਪ੍ਰਬੰਧ ਅਤੇ ਤਸਵੀਰ ਦੀ ਛਪਾਈ ਰਾਜ ਪੱਧਰ ਉਤੇ ਕੀਤੀ ਗਈ ਹੈ ਜਿਸ ਮਗਰੋਂ ਥੈਲੇ ਜ਼ਿਲ੍ਹਿਆਂ ਵਿਚ ਪੈਕਿੰਗ ਵਾਸਤੇ ਭੇਜੇ ਗਏ ਹਨ। ਜਾਰੀ ਪੱਤਰ ਅਨੁਸਾਰ 10 ਕਿੱਲੋ ਆਟੇ ਦੀ ਥੈਲੀ ਉਤੇ 240 ਰੁਪਏ ਕੀਮਤ ਹੈ ਜਦੋਂਕਿ ਦਾਲ 50 ਤੋਂ 57 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਖਰੀਦੀ ਗਈ ਹੈ। ਖੰਡ ਦੀ ਸਪਲਾਈ ਸ਼ੂਗਰਫੈੱਡ ਨੇ ਕੀਤੀ ਹੈ। ਦਾਲਾਂ ਦੀ ਖਰੀਦ ਦਾ ਕੰਮ ਨੈਫੇਡ ਨੂੰ ਦਿੱਤਾ ਗਿਆ ਹੈ। ਮਹਿਕਮੇ ਨੇ 30 ਮਾਰਚ ਨੂੰ ਮੁੜ ਪੱਤਰ ਜਾਰੀ ਕਰ ਕੇ ਹਦਾਇਤ ਕੀਤੀ ਹੈ ਕਿ ਇਹ ਮੁਫਤ ਰਾਸ਼ਨ ਉਨ੍ਹਾਂ ਗਰੀਬ ਲੋਕਾਂ ਨੂੰ ਦਿੱਤਾ ਜਾਣਾ ਹੈ ਜੋ ਨੀਲੇ ਕਾਰਡਾਂ ਵਾਲੀ ਸਕੀਮ ਤੋਂ ਵਾਂਝੇ ਰਹਿ ਗਏ ਹਨ। ਰਾਸ਼ਨ ਵੰਡਣ ਸਮੇਂ ਸਮਾਜਿਕ ਦੂਰੀ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਗਈ ਹੈ।

ਸੂਤਰਾਂ ਅਨੁਸਾਰ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿਚ ਰਾਸ਼ਨ ਦੇ 8500 ਥੈਲੇ ਵੰਡੇ ਜਾਣੇ ਹਨ। ਕਾਂਗਰਸ ਦੇ ਵਿਧਾਇਕਾਂ ਨੇ ਇਸ ਮੁਫਤ ਰਾਸ਼ਨ ਦੀ ਵੰਡ ਕਰਵਾਉਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਸਰਕਾਰ ਵਲੋਂ ਕਰੀਬ 70 ਕਰੋੜ ਰੁਪਏ ਦਾ ਬਜਟ ਇਸ ਮੁਫਤ ਰਾਸ਼ਨ ਸਕੀਮ ਵਾਸਤੇ ਰੱਖਿਆ ਗਿਆ ਹੈ ਅਤੇ ਪਹਿਲੇ ਪੜਾਅ ਤਹਿਤ 10 ਲੱਖ ਪਰਿਵਾਰਾਂ ਨੂੰ ਮੁਫਤ ਰਾਸ਼ਨ ਦੇਣ ਦਾ ਟੀਚਾ ਮਿੱਥਿਆ ਗਿਆ ਹੈ। ਪੰਜਾਬ ਸਰਕਾਰ ਵਲੋਂ ਜ਼ਿਲ੍ਹਾ ਪੱਧਰ ਉਤੇ ਜੋ ਕੰਟਰੋਲ ਰੂਮ ਬਣਾਏ ਗਏ ਹਨ, ਉਨ੍ਹਾਂ 'ਤੇ ਸਭ ਤੋਂ ਵੱਧ ਸ਼ਿਕਾਇਤਾਂ ਰਾਸ਼ਨ ਨਾ ਮਿਲਣ ਦੀਆਂ ਹਨ। ਸ਼ਹਿਰੀ ਤੇ ਪੇਂਡੂ ਖੇਤਰਾਂ ਦੀਆਂ ਗਰੀਬ ਬਸਤੀਆਂ ਦੇ ਲੋਕ ਰਾਸ਼ਨ ਦੀ ਉਡੀਕ 'ਚ ਹਨ। ਮੋਟੇ ਅੰਦਾਜ਼ੇ ਅਨੁਸਾਰ ਪੰਜਾਬ ਸਰਕਾਰ ਵਲੋਂ ਰਾਸ਼ਨ ਅਤੇ ਥੈਲੇ ਉਤੇ ਕਰੀਬ 435 ਰੁਪਏ (ਪ੍ਰਤੀ ਕਿੱਟ) ਖਰਚ ਕੀਤੇ ਜਾ ਰਹੇ ਹਨ ਤੇ ਪਹਿਲੇ ਪੜਾਅ ਵਿਚ ਕਰੀਬ 43.50 ਕਰੋੜ ਰੁਪਏ ਦਾ ਖਰਚਾ ਆਵੇਗਾ।

## ਸਿਆਸੀ ਲਾਹੇ ਕਰ ਕੇ ਵੰਡ ਪੱਛੜੀ : ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਆਗੂ ਅਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਥੈਲਿਆਂ ਉਤੇ ਮੁੱਖ ਮੰਤਰੀ ਦੀ ਤਸਵੀਰ ਛਾਪਣ ਦੇ ਚੱਕਰ ਵਿਚ ਰਾਸ਼ਨ ਵੰਡਣ ਦਾ ਕੰਮ ਚਾਰ ਦਿਨ ਪੱਛੜ ਗਿਆ ਹੈ ਅਤੇ ਸਰਕਾਰ ਇਸ ਔਖੇ ਵੇਲੇ ਵਿਚ ਵੀ ਪਾਰਟੀ ਦੀ ਮਜ਼ਬੂਤੀ ਭਾਲਣ ਲੱਗੀ ਹੈ। ਕਰਫਿਊ ਦੇ ਦਿਨਾਂ 'ਚ ਰਾਸ਼ਨ ਦੀ ਵੰਡ ਨੂੰ ਪ੍ਰਾਪਤੀ ਵਜੋਂ ਉਭਾਰਨਾ ਜਾਇਜ਼ ਨਹੀਂ ਹੈ ਬਲਕਿ ਇਹ ਸਰਕਾਰ ਦਾ ਮਨੁੱਖਤਾ ਪ੍ਰਤੀ ਫਰਜ਼ ਹੈ। ਸਰਕਾਰ ਹਾਲਾਤ ਸੁਧਰਨ ਮਗਰੋਂ ਲਾਹੇ ਵਾਲੀਆਂ ਗੱਲਾਂ ਕਰ ਲਵੇ ਪ੍ਰੰਤੂ ਹੁਣ ਗਰੀਬਾਂ ਤੱਕ ਰਾਸ਼ਨ ਪਹੁੰਚਾਉਣ ਉਤੇ ਧਿਆਨ ਕੇਂਦਰਿਤ ਕਰੇ।

## ਸ਼ਰਾਬ ਕੰਪਨੀਆਂ ਵਲੋਂ ਕੈਪਟਨ ਦੀ ਮਸ਼ਹੂਰੀ

**ਚੰਡੀਗੜ੍ਹ:** ਸ਼ਰਾਬ ਸਨਅਤਾਂ ਸਰਕਾਰ ਨੂੰ ਮੁਫਤ 'ਚ ਸੈਨੇਟਾਈਜ਼ਰ ਮੁਹੱਈਆ ਕਰਵਾ ਰਹੀਆਂ ਹਨ। ਕੋਈ ਸ਼ਰਾਬ ਸਨਅਤ ਸੈਨੇਟਾਈਜ਼ਰ ਦੀਆਂ ਸ਼ੀਸ਼ੀਆਂ ਉਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਫੋਟੋ ਵਾਲੇ ਲੇਬਲ ਚਿਪਕਾ ਕੇ ਸਪਲਾਈ ਦੇ ਰਹੀ ਹੈ ਜਦੋਂਕਿ ਸਾਬਕਾ ਅਕਾਲੀ ਮੰਤਰੀ ਦੀ ਸ਼ਰਾਬ ਸਨਅਤ ਆਪਣੇ ਬਰਾਂਡ ਦੇ ਨਾਮ ਵਾਲੇ ਲੇਬਲਾਂ ਨਾਲ ਸੈਨੇਟਾਈਜ਼ਰ ਦੇ ਰਹੀ ਹੈ। ਵੇਰਵਿਆਂ ਅਨੁਸਾਰ ਪੰਜਾਬ ਦੀਆਂ ਅੱਧੀ ਦਰਜਨ ਸ਼ਰਾਬ ਫੈਕਟਰੀਆਂ ਵਲੋਂ ਸਰਕਾਰੀ ਅਦਾਰਿਆਂ ਨੂੰ ਮੁਫਤ ਵਿਚ ਸੈਨੇਟਾਈਜ਼ਰ ਸਪਲਾਈ ਕੀਤੇ ਜਾ ਰਹੇ ਹਨ। ਸਾਬਕਾ ਅਕਾਲੀ ਮੰਤਰੀ ਦੀਪ ਮਲਹੋਤਰਾ ਦੀ ਫਿਰੋਜ਼ਪੁਰ ਜ਼ਿਲ੍ਹੇ ਵਿਚਲੀ ਸ਼ਰਾਬ ਸਨਅਤ ਵੀ ਸੈਨੇਟਾਈਜ਼ਰ ਸਪਲਾਈ ਕਰ ਰਹੀ ਹੈ।

# ਪ੍ਰਾਈਵੇਟ ਹਸਪਤਾਲਾਂ ਨੇ ਔਖੇ ਵੇਲੇ ਪਿੱਠ ਵਿਖਾਈ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਖਿਲਾਫ ਜੰਗ ਵਿਚ ਕਾਰਪੋਰੇਟ ਹਸਪਤਾਲ ਪਿੱਛੇ ਖੜ੍ਹੇ ਹਨ ਜੋ ਸਰਕਾਰ ਤੋਂ ਲਾਹੇ ਲੈਣ ਵਿਚ ਅੱਗੇ ਸਨ। ਪੰਜਾਬ ਵਿਚ ਏਦਾਂ ਦਾ ਕੋਈ ਕਾਰਪੋਰੇਟ ਹਸਪਤਾਲ ਨਹੀਂ ਹੈ ਜਿਸ ਨੇ ਖੁਦ ਹੀ ਪੂਰੇ ਹਸਪਤਾਲ ਦੀਆਂ ਸੇਵਾਵਾਂ ਸਰਕਾਰ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਹੋਵੇ। ਮੁੱਖ ਮੰਤਰੀ ਪੰਜਾਬ ਅਮਰਿੰਦਰ ਸਿੰਘ ਨੇ ਸਖਤ ਤੇਵਰ ਦਿਖਾਏ ਹਨ ਪਰ ਹਾਲੇ ਤੱਕ ਕੋਈ ਵੱਡਾ ਹਸਪਤਾਲ ਕਰੋਨਾ ਖਿਲਾਫ ਮੁਹਿੰਮ ਵਿਚ ਅੱਗੇ ਨਹੀਂ ਕੁੱਦਿਆ ਹੈ।

ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਮੈਕਸ ਹੈਲਥ ਕੇਅਰ ਨੂੰ ਮੁਹਾਲੀ ਵਿਚ 3.15 ਏਕੜ ਜ਼ਮੀਨ ਬਿਲਕੁਲ ਨਾਮਾਤਰ ਰਾਸ਼ੀ ਉਤੇ ਹੀ ਦਿੱਤੀ ਹੈ ਅਤੇ ਇਸੇ ਤਰ੍ਹਾਂ ਬਠਿੰਡਾ 'ਚ ਇਸੇ ਕੰਪਨੀ ਨੂੰ ਸਰਕਾਰੀ 4.80 ਏਕੜ ਜ਼ਮੀਨ ਦਿੱਤੀ ਹੈ। ਸਰਕਾਰ ਨੇ ਪੰਜਾਹ ਵਰ੍ਹਿਆਂ ਲਈ ਇਹ ਜ਼ਮੀਨ ਸਾਲਾਨਾ ਇਕ ਰੁਪਏ ਲੀਜ਼ ਉਤੇ ਦਿੱਤੀ ਹੈ। ਬੇਸ਼ੱਕ ਇਸ ਦੇ ਬਦਲੇ ਗਰੀਬ ਮਰੀਜ਼ਾਂ ਦੇ ਇਲਾਜ ਲਈ ਹਰ ਵਰ੍ਹੇ ਇਨ੍ਹਾਂ ਹਸਪਤਾਲਾਂ ਨੇ ਸਰਕਾਰ ਕੋਲ ਆਪਣੀ ਆਮਦਨ ਦਾ ਪੰਜ ਫੀਸਦੀ ਜਮ੍ਹਾਂ ਕਰਵਾਉਣਾ ਹੁੰਦਾ ਹੈ ਪਰ ਕਰੋਨਾ ਖਿਲਾਫ ਜੰਗ 'ਚ ਇਸ ਕੰਪਨੀ ਨੇ ਖੁਦ ਆਪਣੀਆਂ ਸੇਵਾਵਾਂ ਦੀ ਸਰਕਾਰ ਨੂੰ ਦੇਣ ਦੀ ਖੁੱਲ੍ਹੀ ਪੇਸ਼ਕਸ਼ ਨਹੀਂ ਕੀਤੀ ਹੈ।

ਸੂਤਰਾਂ ਅਨੁਸਾਰ ਮੁਹਾਲੀ ਦੇ ਫੋਰਟਿਸ ਹਸਪਤਾਲ ਨੂੰ ਵੀ ਸਰਕਾਰ ਨੇ ਸਸਤੇ ਭਾਅ 'ਤੇ ਜ਼ਮੀਨ ਦਿੱਤੀ ਸੀ। ਜੋ ਵੇਰਵੇ ਪਤਾ ਲੱਗੇ ਹਨ, ਉਨ੍ਹਾਂ ਅਨੁਸਾਰ ਸਰਕਾਰ ਨੇ ਇਸ ਹਸਪਤਾਲ ਨੂੰ 2100 ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ



ਜ਼ਮੀਨ ਦਿੱਤੀ ਸੀ ਜਦੋਂ ਕਿ ਮਾਰਕੀਟ ਭਾਅ ਉਦੋਂ 31,262 ਰੁਪਏ ਪ੍ਰਤੀ ਵਰਗ ਗਜ਼ ਸੀ। ਇਸ ਹਸਪਤਾਲ ਨੂੰ 8.22 ਏਕੜ ਜ਼ਮੀਨ ਦਿੱਤੀ ਗਈ ਸੀ। ਇਸੇ ਆਧਾਰ ਉਤੇ ਸੂਚਨਾ ਕਮਿਸ਼ਨ ਪੰਜਾਬ ਵਲੋਂ ਮੈਕਸ ਹਸਪਤਾਲ ਅਤੇ ਫੋਰਟਿਸ ਹਸਪਤਾਲ ਨੂੰ ਪਬਲਿਕ ਅਥਾਰਟੀ ਐਲਾਨਿਆ ਗਿਆ ਹੈ ਕਿਉਂਕਿ ਇਨ੍ਹਾਂ ਹਸਪਤਾਲਾਂ ਨੇ ਸਰਕਾਰ ਤੋਂ ਛੋਟਾਂ ਲਈਆਂ ਹਨ।

ਸੂਤਰ ਦੱਸਦੇ ਹਨ ਕਿ ਸਰਕਾਰ ਤਰਫੋਂ ਇਨ੍ਹਾਂ ਹਸਪਤਾਲਾਂ ਨੂੰ ਹੋਰ ਵੀ ਰਿਆਇਤਾਂ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਮੈਡੀਸਿਟੀ 'ਚ ਕਾਰਪੋਰੇਟ ਹਸਪਤਾਲਾਂ ਲਈ 10 ਏਕੜ ਜ਼ਮੀਨ ਹੋਰ ਰੱਖੀ ਗਈ ਹੈ। ਵੇਰਵਿਆਂ ਮੁਤਾਬਕ ਪੰਜਾਬ ਵਿਚ ਛੋਟੇ ਵੱਡੇ ਕਰੀਬ ਛੇ ਹਜ਼ਾਰ ਪ੍ਰਾਈਵੇਟ ਹਸਪਤਾਲ ਹਨ ਜਿਨ੍ਹਾਂ ਦੇ ਦਰਵਾਜ਼ੇ ਹਾਲੇ ਪੂਰੀ ਤਰ੍ਹਾਂ ਖੁੱਲ੍ਹੇ ਨਹੀਂ ਹਨ। ਲੋਕ ਆਖਦੇ ਹਨ ਕਿ ਇਨ੍ਹਾਂ ਹਸਪਤਾਲਾਂ ਨੂੰ ਮੁਸ਼ਕਲ ਦੀ ਘੜੀ ਵਿਚ ਬੂਹੇ ਬੰਦ ਨਹੀਂ ਕਰਨੇ ਚਾਹੀਦੇ ਸਨ। ਦੱਸਣਯੋਗ ਹੈ ਮੁੱਖ ਮੰਤਰੀ ਦੀ ਚੇਤਾਵਨੀ ਮਗਰੋਂ ਵੀ ਅਜੇ ਹਸਪਤਾਲਾਂ ਦੇ ਪੂਰੇ ਦਰਵਾਜ਼ੇ ਨਹੀਂ ਖੁੱਲ੍ਹੇ।

# ਪੰਜਾਬ ਸਰਕਾਰ ਵਲੋਂ ਹਰ ਤਰ੍ਹਾਂ ਦੇ ਇਕੱਠ 'ਤੇ ਪਾਬੰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਧਾਰਮਿਕ ਇਕੱਠ ਸਮੇਤ ਹਰ ਤਰ੍ਹਾਂ ਦੇ ਇਕੱਠਾਂ ਉਤੇ ਪਾਬੰਦੀ ਲਾਉਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਫੈਸਲੇ ਦੀ ਜਾਣਕਾਰੀ ਪੁਲਿਸ ਤੇ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਭਰ ਵਿਚ ਕਰੋਨਾਵਾਇਰਸ ਕਾਰਨ ਗੰਭੀਰ ਸਥਿਤੀ ਪੈਦਾ ਹੋ ਰਹੀ ਹੈ ਅਤੇ ਸਾਨੂੰ ਆਪਣੇ ਆਪ ਨੂੰ ਲੰਬੀ ਲੜਾਈ ਲਈ ਤਿਆਰ ਕਰਨਾ ਚਾਹੀਦਾ ਹੈ ਤੇ ਉਸੇ ਮੁਤਾਬਕ ਤਿਆਰੀਆਂ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਰਫਿਊ ਵਿਚ ਢਿੱਲ ਨਹੀਂ ਦੇਣੀ ਚਾਹੀਦੀ ਤੇ ਕਿਸੇ ਕਿਸਮ ਦੀ ਕੁਤਾਹੀ ਨਹੀਂ ਹੋਣੀ ਚਾਹੀਦੀ ਹੈ। ਉਨ੍ਹਾਂ ਸਿਹਤ ਵਿਭਾਗ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਵਲੋਂ ਅਮਨ-ਕਾਨੂੰਨ ਤੇ ਸਿਹਤ ਸਹੂਲਤਾਂ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਉਹ ਅੱਗੇ ਆ ਰਹੇ ਵਿਸਾਖੀ ਦੇ ਤਿਓਹਾਰ ਦੇ ਮੱਦੇਨਜ਼ਰ ਸ੍ਰੀ ਅੰਮ੍ਰਿਤਸਰ ਵਿਚ ਹੁੰਦੇ ਇਕੱਠ ਨੂੰ ਟਾਲਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਐਕਟਿੰਗ ਜਥੇਦਾਰ ਨਾਲ ਨਿੱਜੀ ਤੌਰ ਉਤੇ ਗੱਲ ਕਰਨਗੇ। ਉਨ੍ਹਾਂ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨਾਲ ਗੱਲ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਸਿਹਤ ਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਹੜੇ ਵਿਅਕਤੀ ਨਿਜ਼ਾਮੂਦੀਨ ਮਰਕਜ਼ ਤੋਂ ਪਰਤੇ ਹਨ ਉਨ੍ਹਾਂ ਦਾ ਪਤਾ ਲਾਉਣ ਵਿਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ ਅਤੇ ਉਨ੍ਹਾਂ ਨੂੰ 21 ਦਿਨਾਂ ਲਈ ਇਕਾਂਤਵਾਸ ਵਿਚ ਰੱਖਿਆ ਜਾਵੇ। ਸੂਬੇ ਦੇ ਸਿਹਤ ਸਕੱਤਰ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ 125 ਲੋਕ ਨਿਜ਼ਾਮੂਦੀਨ ਮਰਕਜ਼ ਤੋਂ ਪੰਜਾਬ ਆਏ ਹਨ।

ਮੁੱਖ ਸਕੱਤਰ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਬੈਂਕਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਗਾਹਕਾਂ ਨੂੰ ਫੋਨ ਉਤੇ ਪਹਿਲਾਂ ਸਮਾਂ ਦੇਣ ਤੇ ਉਸ ਤੋਂ ਬਾਅਦ ਹੀ ਬੈਂਕਾਂ ਵਿਚ ਸੱਦਣ। ਉਨ੍ਹਾਂ ਕਿਹਾ ਕਿ ਜਿਹੜੇ ਵਿਅਕਤੀ ਇਕ ਜ਼ਿਲ੍ਹੇ ਤੋਂ ਦੂਜੇ ਜ਼ਿਲ੍ਹੇ ਵਿਚ ਜਾਂਦੇ ਹਨ, ਉਨ੍ਹਾਂ ਨੂੰ ਇਹਤਿਆਤ ਵਜੋਂ ਇਕਾਂਤਵਾਸ ਵਿਚ ਰੱਖਿਆ ਜਾਣਾ ਚਾਹੀਦਾ ਹੈ। ਜ਼ਰੂਰੀ ਵਸਤਾਂ ਲਿਜਾ ਰਹੇ ਟਰੱਕਾਂ ਤੇ ਕੰਬਾਈਨਾਂ ਨੂੰ ਕਰਫਿਊ ਤੋਂ ਛੋਟ ਦੇ ਦਿੱਤੀ ਗਈ ਹੈ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਅਮਨ-ਕਾਨੂੰਨ ਦੀ ਸਥਿਤੀ ਕਾਬੂ ਹੇਠ ਹੈ ਅਤੇ ਕੁਝ ਹੋਰ ਸਮੇਂ ਲਈ ਕਰਫਿਊ ਵਿਚ ਢਿੱਲ ਨਹੀਂ ਦੇਣੀ ਚਾਹੀਦੀ। ਉਨ੍ਹਾਂ ਦੱਸਿਆ ਕਿ ਕਾਫੀ ਪਿੰਡਾਂ ਤੇ ਕਸਬਿਆਂ ਵਿੱਚ ਠੀਕਰੀ-ਪਹਿਰੇ ਲਗਾਏ ਗਏ ਹਨ। ਇਸ ਦੌਰਾਨ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਦੱਸਿਆ ਕਿ ਪਰਵਾਸੀ ਮਜ਼ਦੂਰਾਂ ਦੇ ਠਹਿਰਨ ਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੈ। ਇਕੱਲੇ ਲੁਧਿਆਣਾ ਜ਼ਿਲ੍ਹੇ ਵਿਚ 5.25 ਲੱਖ ਪਰਵਾਸੀ ਮਜ਼ਦੂਰਾਂ ਲਈ 60 ਕੈਂਪ ਬਣਾਏ ਗਏ ਹਨ ਅਤੇ ਅਜੇ ਤੱਕ ਸਿਰਫ ਦੋ ਕੈਂਪ ਹੀ ਮਜ਼ਦੂਰਾਂ ਨੇ ਮੱਲੇ ਹਨ।

# ਕਰਫਿਊ: ਨਸ਼ੇੜੀਆਂ ਨੇ ਨਸ਼ਾ ਛਡਾਊ ਕੇਂਦਰਾਂ ਵਲ ਘੱਤੀਆਂ ਵਹੀਰਾਂ

**ਅੰਮ੍ਰਿਤਸਰ:** ਕਰੋਨਾਵਾਇਰਸ ਤੋਂ ਬਚਾਅ ਲਈ ਲਾਏ ਕਰਫਿਊ ਕਾਰਨ ਇਕ ਪਾਸੇ ਨਸ਼ਾ ਤਸਕਰੀ ਨੂੰ ਨੱਥ ਪਈ ਹੈ ਪਰ ਦੂਜੇ ਪਾਸੇ ਨਸ਼ੇ ਦੇ ਮਰੀਜ਼ਾਂ ਦੀ ਗਿਣਤੀ ਵਿਚ ਵਾਧਾ ਹੋ ਗਿਆ ਹੈ।



ਇਹ ਮਰੀਜ਼ ਇਥੇ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਬੰਧ ਹੇਠ ਚੱਲ ਰਹੇ ਓਟ ਕੇਂਦਰ ਵਿਚ ਵੱਡੀ ਗਿਣਤੀ ਵਿਚ ਦਵਾਈ ਲੈਣ ਪੁੱਜ ਰਹੇ ਹਨ, ਜਿਥੇ ਕਰੋਨਾਵਾਇਰਸ ਸਬੰਧੀ ਲੋੜੀਂਦੇ ਨਿਯਮਾਂ ਦੀ ਉਲੰਘਣਾ ਹੋਈ ਹੈ।

ਸਰਕਾਰੀ ਮੈਡੀਕਲ ਕਾਲਜ ਦੇ ਮਨੋਵਿਗਿਆਨ ਵਿਭਾਗ ਦੇ ਮੁਖੀ ਡਾ. ਪੀ.ਡੀ. ਗਰਗ ਨੇ ਦੱਸਿਆ ਕਿ ਕਰਫਿਊ ਕਾਰਨ ਨਸ਼ੇ ਦੇ ਆਦੀ ਮਰੀਜ਼ਾਂ ਦੀ ਗਿਣਤੀ ਵਿਚ 15 ਤੋਂ 20 ਫੀਸਦ ਵਾਧਾ ਹੋਇਆ ਹੈ। ਅੰਮ੍ਰਿਤਸਰ ਵਿਚ ਵੇਰਕਾ, ਅਜਨਾਲਾ, ਮਾਨਾਂਵਾਲਾ, ਬਾਬਾ ਬਕਾਲਾ, ਲੋਪੋਕੇ, ਚੋਗਾਵਾਂ ਅਤੇ ਸੈਂਟਰਲ ਜੇਲ੍ਹ ਆਦਿ ਵਿਚ ਓਟ ਕੇਂਦਰ ਚਲਾਏ ਜਾ ਰਹੇ ਹਨ, ਜਿਥੋਂ ਲਗਭਗ 250 ਤੋਂ ਵੱਧ ਮਰੀਜ਼ ਦਵਾਈ ਲੈ ਰਹੇ ਹਨ। ਵੱਡੀ ਗਿਣਤੀ ਵਿਚ ਨਸ਼ਾ ਮਰੀਜ਼ਾਂ ਦੇ ਪੁੱਜਣ ਬਾਰੇ ਉਨ੍ਹਾਂ ਆਖਿਆ ਕਿ ਕਰਫਿਊ ਕਾਰਨ ਨਸ਼ਾ ਤਸਕਰੀ ਉਤੇ ਰੋਕ ਲੱਗੀ ਹੈ। ਇਸ ਦੌਰਾਨ ਕਈ ਨਸ਼ੇ ਦੇ ਆਦੀ ਮਰੀਜ਼ ਜੋ ਪਹਿਲਾਂ ਦਵਾਈ ਲੈ ਰਹੇ ਸਨ ਅਤੇ ਵਿਚਾਲੇ ਛੱਡ ਗਏ ਸਨ, ਹੁਣ ਨਸ਼ਾ ਨਾ ਮਿਲਣ ਕਾਰਨ ਮੁੜ ਦਵਾਈ ਲੈਣ ਪੁੱਜੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨੂੰ ਮਾਹਰ ਡਾਕਟਰ ਦੀ ਸਲਾਹ ਨਾਲ ਹੀ ਅਗਲੇ ਕੁਝ ਦਿਨਾਂ ਵਾਸਤੇ ਨਸ਼ਾ ਛੱਡਣ ਦੀ ਦਵਾਈ ਦਿੱਤੀ ਜਾਵੇਗੀ। ਇਸ ਸਬੰਧੀ ਲੋੜੀਂਦੀ ਦਵਾਈ ਵਿਭਾਗ ਕੋਲ ਮੌਜੂਦ ਹੈ।

ਡਾ. ਗਰਗ ਨੇ ਇਨ੍ਹਾਂ ਦੋਸ਼ਾਂ ਬਾਰੇ ਆਖਿਆ ਕਿ ਇਹ ਦਵਾਈ ਵਧੇਰੇ ਦਿਨਾਂ ਲਈ ਮਰੀਜ਼ ਦੀ ਸਥਿਤੀ ਨੂੰ ਦੇਖਣ ਮਗਰੋਂ ਹੀ ਦਿੱਤੀ ਜਾਂਦੀ ਹੈ ਅਤੇ ਇਹ ਜਾਂਚ ਮਾਹਰ ਡਾਕਟਰ ਵਲੋਂ ਹੀ ਕੀਤੀ ਜਾ ਸਕਦੀ ਹੈ। ਇਸ ਲਈ ਇਹ ਦਵਾਈ ਸਿਰਫ ਸਰਕਾਰੀ ਮੈਡੀਕਲ ਕਾਲਜ ਦੇ ਓਟ ਕੇਂਦਰ 'ਤੇ ਹੀ ਉਪਲਬਧ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿਚ ਕਰੋਨਾਵਾਇਰਸ ਦੇ ਟਾਕਰੇ ਲਈ ਕਰਫਿਊ ਲਾਗੂ ਹੋਣ ਤੋਂ ਬਾਅਦ ਹਰ ਤਰ੍ਹਾਂ ਦੀ ਸਪਲਾਈ ਠੱਪ ਹੈ। ਅਜਿਹੇ ਵਿਚ ਨਸ਼ੇ ਦੇ ਆਦੀ ਵਿਅਕਤੀ ਕਾਫੀ ਪਰੇਸ਼ਾਨ ਹੋ ਰਹੇ ਹਨ।

## ਨਸ਼ਿਆਂ ਖਿਲਾਫ ਜੰਗ ਲੜ ਰਹੀ ਖਾਕੀ ਦੀ ਹਕੀਕਤ ਸਾਹਮਣੇ ਆਈ

**ਮੋਗਾ:** ਕਰੋਨਾ ਮਹਾਮਾਰੀ ਨੂੰ ਰੋਕਣ ਲਈ ਪੰਚਾਇਤਾਂ ਵਲੋਂ ਪਿੰਡ 'ਚ ਨਾਕਾਬੰਦੀ ਕਰਕੇ ਦਿੱਤੇ ਜਾ ਰਹੇ ਠੀਕਰੀ ਪਹਿਰੇ ਦੌਰਾਨ ਨਸ਼ਿਆਂ ਖਿਲਾਫ ਜੰਗ ਲੜ ਰਹੀ ਖਾਕੀ ਦੀ ਹਕੀਕਤ ਸਾਹਮਣੇ ਆਈ ਹੈ। ਕਈ ਪਿੰਡਾਂ 'ਚ ਨੌਜਵਾਨਾਂ ਵਲੋਂ ਨਾਕਿਆਂ ਉਤੇ ਵਰਦੀਧਾਰੀ ਪੁਲਿਸ ਮੁਲਾਜ਼ਮਾਂ ਨੂੰ ਨਸ਼ੇ ਸਹਿਤ ਫੜਨ ਦੀਆਂ ਵੀਡੀਓ ਵਾਇਰਲ ਹੋਈਆਂ ਹਨ। ਪਿੰਡ ਬੁੱਕਣਵਾਲਾ 'ਚ ਅਜਿਹੀ ਹੀ ਘਟਨਾ ਵਾਪਰਨ ਦੀ ਵੀਡੀਓ ਵਾਇਰਲ ਹੋਣ 'ਤੇ ਪੁਲੀਸ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪਿੰਡ ਬੁੱਕਣਵਾਲਾ ਦੇ ਸਾਬਕਾ ਸਰਪੰਚ ਨਰਿੰਦਰ ਸਿੰਘ ਤੇ ਹੋਰਾਂ ਨੇ ਦੱਸਿਆ ਕਿ ਪਿੰਡਾਂ ਦੀਆਂ ਹੱਦਾਂ ਸੀਲ ਕੀਤੀਆਂ ਹੋਈਆਂ ਹਨ। ਕਰੋਨਾਵਾਇਰਸ ਕਾਰਨ ਲਾਏ ਨਾਕੇ 'ਤੇ ਕੁਝ ਨੌਜਵਾਨਾਂ ਤੋਂ ਇਲਾਵਾ ਇਕ ਵਰਦੀਧਾਰੀ ਪੁਲੀਸ ਮੁਲਾਜ਼ਮਾਂ ਨੂੰ ਚਿੱਟੇ ਸਣੇ ਕਾਬੂ ਕਰਕੇ ਪੁਲਿਸ ਹਵਾਲੇ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਿੰਡ 'ਚ ਰੋਜ਼ਾਨਾ ਤਕਰੀਬਨ 15 ਤੋਂ 20 ਪੁਲਿਸ ਮੁਲਾਜ਼ਮ ਬਿਨਾਂ ਕਿਸੇ ਡਰ ਤੋਂ ਚਿੱਟਾ ਪੀਣ ਆਉਂਦੇ ਹਨ ਅਤੇ ਨਾਕਾਬੰਦੀ ਹੋਣ ਕਾਰਨ ਆਮ ਨਸ਼ੇੜੀ ਖੇਤਾਂ 'ਚੋਂ ਪੈਦਲ ਲੰਘ ਕੇ ਨਸ਼ਾ ਕਰਨ ਲਈ ਆ ਰਹੇ ਹਨ।

# ਕਰੋਨਾ ਸੰਕਟ ਨਾਲ ਪੰਜਾਬ ਸਰਕਾਰ ਦੇ ਖਜਾਨੇ ਨੂੰ ਰਗੜਾ ਲੱਗਣ ਦਾ ਖਦਸ਼ਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਕਰੋਨਾ ਵਾਇਰਸ ਕਰਕੇ ਵੱਡੀ ਵਿੱਤੀ ਸੱਟ ਵੱਜਣ ਦਾ ਖਦਸ਼ਾ ਖੜ੍ਹਾ ਹੋ ਗਿਆ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਲੌਕਡਾਊਨ ਅਤੇ ਕਰਫਿਊ ਤੋਂ ਬਾਅਦ ਸਮੁੱਚੇ ਕਾਰੋਬਾਰ ਅਤੇ ਬਾਜ਼ਾਰ ਬੰਦ ਹੋਣ ਕਾਰਨ ਸਰਕਾਰ ਨੂੰ ਰੋਜ਼ਾਨਾ 150 ਕਰੋੜ ਰੁਪਏ ਦੇ ਕਰੀਬ ਦਾ ਮਾਲੀ ਘਾਟਾ ਪੈ ਰਿਹਾ ਹੈ।

ਇਸੇ ਤਰ੍ਹਾਂ ਵਿੱਤ ਵਿਭਾਗ ਨੂੰ ਕਰੋਨਾ ਵਾਇਰਸ ਕਾਰਨ ਪੈਦਾ ਹੋਈਆਂ ਆਫਤਾਂ ਨਾਲ ਸਿੱਝਣ ਲਈ 500 ਕਰੋੜ ਰੁਪਏ ਤੋਂ ਵੱਧ ਦਾ ਤੁਰਤ ਖਰਚਾ ਖੜ੍ਹਾ ਹੋ ਗਿਆ ਹੈ। ਮਾਲੀ ਸੰਕਟ ਦਾ ਸਾਹਮਣਾ ਕਰਦੀ ਆ ਰਹੀ ਸਰਕਾਰ ਲਈ ਤਾਜ਼ਾ ਸੰਕਟ ਬੇਹੱਦ ਚੁਣੌਤੀਆਂ ਭਰਪੂਰ ਹੈ। ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਤਾਜ਼ਾ ਸੰਕਟ ਦਾ ਅਸਰ ਲੰਮਾ ਸਮਾਂ ਰਹੇਗਾ ਤੇ ਇਹ ਸੂਬੇ ਦੀ ਆਰਥਿਕਤਾ ਨੂੰ ਨਾ ਸਹਿਣਯੋਗ ਹਾਨੀ ਪਹੁੰਚਾ ਸਕਦਾ ਹੈ।

ਪੰਜਾਬ ਸਰਕਾਰ ਨੂੰ ਕਰੋਨਾ ਵਾਇਰਸ ਦਾ ਸੰਕਟ ਖੜ੍ਹਾ ਹੋਣ ਮਗਰੋਂ ਹਾਲ ਦੀ ਘੜੀ ਦਿਹਾੜੀਦਾਰ ਮਜ਼ਦੂਰਾਂ ਲਈ ਖੁਰਾਕ ਆਦਿ ਦਾ ਹੀ ਪ੍ਰਬੰਧ ਕਰਨਾ ਪੈ ਰਿਹਾ ਹੈ। ਜੇਕਰ ਇਹ ਸੰਕਟ ਲੰਮਾ ਖਿੱਚਦਾ ਹੈ ਤਾਂ ਸਰਕਾਰ ਉਤੇ ਲੋਕਾਂ ਨੂੰ ਸਹੂਲਤਾਂ ਦੇਣ ਦਾ ਦਬਾਅ ਵੀ ਵਧੇਗਾ। ਰਾਜ ਸਰਕਾਰ ਨੇ ਸਿਹਤ ਸਹੂਲਤਾਂ ਲਈ ਹਾਲ ਦੀ ਘੜੀ ਕੋਈ ਵੱਡੀ ਰਾਸ਼ੀ ਜਾਰੀ ਨਹੀਂ ਕੀਤੀ। ਸੂਤਰਾਂ ਦਾ ਦੱਸਣਾ ਹੈ ਕਿ ਪੈਦਾ ਹੋਈਆਂ ਵਿੱਤੀ ਚੁਣੌਤੀਆਂ ਕਾਰਨ ਕੇਂਦਰ ਸਰਕਾਰ ਵੱਲੋਂ ਵੀ ਰਾਜਾਂ ਨੂੰ ਪੈਸਾ ਦੇਣ ਤੋਂ ਹੱਥ ਘੁੱਟਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਇਸ ਸਮੇਂ ਕੇਂਦਰ ਤੋਂ ਵੈਟ ਦਾ ਮੁਆਵਜ਼ਾ ਅਤੇ ਪੁਰਾਣੇ ਬਕਾਏ ਦੇ ਰੂਪ ਵਿਚ 4700 ਕਰੋੜ ਰੁਪਏ ਲੈਣੇ ਹਨ। ਇਸ ਬਕਾਇਆ ਲਈ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਲ ਹੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਖਲ ਦੇਣ ਦੀ ਬੇਨਤੀ ਕੀਤੀ ਸੀ।

ਸਰਕਾਰ ਨੂੰ ਸਭ ਤੋਂ ਵੱਡੀ ਆਮਦਨ ਪੈਟਰੋਲ, ਡੀਜ਼ਲ ਤੇਲ ਦੀ ਵਿਕਰੀ, ਵਸਤਾਂ ਦੀ ਵਿਕਰੀ ਉਤੇ ਲੱਗਣ ਵਾਲੇ ਜੀ.ਐਸ.ਟੀ., ਕਾਰਾਂ ਅਤੇ ਹੋਰਨਾਂ ਵਾਹਨਾਂ ਦੀ ਵਿਕਰੀ ਤੋਂ ਆਉਂਦੇ ਕਰ ਅਤੇ ਜ਼ਮੀਨਾਂ ਦੀ ਵੇਚ ਵੱਟਤ ਤੋਂ ਹੋਣ ਵਾਲੀ ਕਮਾਈ ਤੋਂ ਆਉਂਦੀ ਹੈ। ਇਹ ਸਾਰੇ ਹੀ ਖਾਤੇ ਬੰਦ ਹੋ ਗਏ ਹਨ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਐਲਾਨੇ 14 ਅਪਰੈਲ ਤੱਕ ਦੇ ਕਰਫਿਊ ਤੋਂ ਬਾਅਦ ਜੇਕਰ ਕਾਰੋਬਾਰ ਖੁੱਲ੍ਹ ਜਾਂਦੇ ਹਨ ਤਾਂ ਸਰਕਾਰੀ ਖਜ਼ਾਨੇ ਨੂੰ ਮਾੜਾ ਮੋਟਾ ਸਾਹ ਆ ਸਕਦਾ ਹੈ, ਪਰ ਜੇਕਰ ਪਾਬੰਦੀਆਂ ਮਈ ਜਾਂ ਜੂਨ ਮਹੀਨੇ ਤੱਕ ਵਧ ਗਈਆਂ ਤਾਂ ਸਰਕਾਰ ਲਈ ਵੱਡਾ ਸੰਕਟ ਖੜ੍ਹਾ ਹੋ ਜਾਵੇਗਾ। ਸਰਕਾਰ ਦੀ ਆਮਦਨ ਭਾਵੇਂ ਬੰਦ ਹੋ ਗਈ ਹੈ, ਪਰ ਬੱਝਵੇਂ ਖਰਚੇ ਜਿਵੇਂ ਕਿ ਤਨਖਾਹਾਂ ਦੀ ਅਦਾਇਗੀ ਉਤੇ ਪ੍ਰਤੀ ਮਹੀਨਾ 2100 ਕਰੋੜ ਰੁਪਏ, ਪੈਨਸ਼ਨਾਂ ਦੀ ਅਦਾਇਗੀ ਲਈ 700 ਕਰੋੜ ਰੁਪਈਆ, 2700 ਕਰੋੜ ਰੁਪਈਆ ਕਰਜ਼ੇ ਦੀਆਂ ਕਿਸ਼ਤਾਂ ਅਤੇ ਕਰਜ਼ੇ ਦਾ ਵਿਆਜ ਅਦਾ ਕਰਨ ਲਈ ਲੋੜੀਂਦੇ ਹਨ। ਇਸ ਤਰ੍ਹਾਂ ਬਿਜਲੀ ਸਬਸਿਡੀ ਅਤੇ ਹੋਰ ਨਿੱਤ ਦਿਨ ਦੇ ਖਰਚੇ ਮਿਲਾ ਕੇ 6 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਮਾਲੀਆ ਸਰਕਾਰ ਨੂੰ ਹਰ ਮਹੀਨੇ ਲੋੜੀਂਦਾ ਹੈ। ਇਸ ਸਮੇਂ ਸਰਕਾਰ ਦਾ ਸਾਰਾ ਦਾਰੋਮਦਾਰ ਕੇਂਦਰ ਸਰਕਾਰ ਤੋਂ ਆਉਣ ਵਾਲੇ ਜੀ.ਐਸ.ਟੀ. ਦੇ ਮੁਆਵਜ਼ੇ ਤੇ ਜੀ.ਐਸ.ਟੀ. ਦੇ ਹਿੱਸੇ ਉਤੇ ਹੀ ਟਿਕਿਆ ਹੋਇਆ ਹੈ।

ਪੰਜਾਬ ਸਰਕਾਰ ਪਿਛਲੇ ਕਈ ਸਾਲਾਂ ਤੋਂ ਗੰਭੀਰ ਮਾਲੀ ਸੰਕਟ ਦਾ ਸਾਹਮਣਾ ਕਰ ਰਹੀ ਹੈ। ਰਾਜ ਸਰਕਾਰ ਦੀ ਸਾਰੀ ਕਮਾਈ ਇਥੋਂ ਤੱਕ ਕਿ ਕਰਜ਼ਾ ਵੀ ਬੱਝਵੇਂ ਖਰਚਿਆਂ ਵਿਚ ਹੀ ਚਲਾ ਜਾਂਦਾ ਹੈ। ਚਲੰਤ ਮਾਲੀ ਸਾਲ ਦੇ ਖਤਮ ਹੋਣ ਤੱਕ ਪੰਜਾਬ ਸਰਕਾਰ ਸਿਰ ਕਰਜ਼ੇ ਦਾ ਭਾਰ 2 ਲੱਖ 24 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਜਾਣਾ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਚਲੰਤ ਮਾਲੀ ਸਾਲ ਦਾ ਬਜਟ ਪੇਸ਼ ਕਰਦਿਆਂ ਦਾਅਵਾ ਕੀਤਾ ਸੀ ਕਿ ਦਹਾਕਿਆਂ ਤੋਂ ਬਾਅਦ ਪੰਜਾਬ ਪਹਿਲੀ ਵਾਰੀ ਬਿਨਾਂ ਘਾਟੇ ਵਾਲਾ ਬਜਟ ਪੇਸ਼ ਕਰਨ ਜਾ ਰਿਹਾ ਹੈ।



## ਕੈਪਟਨ ਸਰਕਾਰ ਦੀ ਕਾਰਜਸ਼ੈਲੀ 'ਤੇ ਉਠੇ ਸਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਵਿਸ਼ਵ-ਵਿਆਪੀ ਆਫਤ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਸੂਬੇ ਦੀ ਕੈਪਟਨ ਸਰਕਾਰ ਦੀ ਕਾਰਜਸ਼ੈਲੀ ਉਤੇ ਸਵਾਲ ਉਠਾਉਂਦੇ ਹੋਏ ਕਿਹਾ ਹੈ ਕਿ ਸੱਤਾਧਾਰੀ ਜਮਾਤ ਕਰੋਨਾ ਵਾਇਰਸ ਦਾ ਸਿਆਸੀਕਰਨ ਕਰਨ ਦੀ ਥਾਂ ਦਿੱਲੀ ਦੀ ਕੇਜਰੀਵਾਲ ਸਰਕਾਰ ਤੋਂ ਸਬਕ ਲੈ ਕੇ ਤੁਰਤ ਜਨ ਹਿਤੈਸ਼ੀ ਐਲਾਨ ਕਰੇ ਤਾਂ ਕਿ ਲੌਕਡਾਊਨ ਤੇ ਕਰਫਿਊ ਨੂੰ ਕਾਮਯਾਬ ਕਰਕੇ ਇਸ ਮਹਾਮਾਰੀ ਤੋਂ ਜੰਗ ਜਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਕਰੋਨਾ ਵਾਇਰਸ ਉਤੇ ਘਰਾਂ 'ਚ ਬੈਠ ਕੇ ਹੀ ਕਾਬੂ ਪਾਇਆ ਜਾ ਸਕਦਾ ਹੈ, ਪਰ ਲੌਕਡਾਊਨ ਜਾਂ ਕਰਫਿਊ ਨੂੰ ਸਿਰਫ ਸਲਾਹਾਂ, ਸਖਤੀ ਜਾਂ ਨਸੀਹਤਾਂ ਨਾਲ ਹੀ ਨਹੀਂ ਸਗੋਂ ਲੋੜੀਂਦੇ ਪੁਖਤਾ ਪ੍ਰਬੰਧਾਂ ਰਾਹੀਂ ਹੀ ਕਾਮਯਾਬ ਕੀਤਾ ਜਾ ਸਕਦਾ ਹੈ ਤਾਂ ਕਿ ਉਹ ਲੋਕ ਵੀ ਆਪਣੇ ਘਰਾਂ ਵਿਚ ਰਹਿ ਕੇ ਦੋ ਡੰਗ ਦੀ ਰੋਟੀ ਖਾ ਸਕਣ ਜੋ ਰੋਜ਼ ਕਮਾ ਕੇ ਖਾਂਦੇ ਹਨ।

# ਕਰੋਨਾ ਦਾ ਸਹਿਮ: ਪੰਜਾਬ ਦੇ ਕਈ ਪਿੰਡ ਕੀਤੇ ਸੀਲ

**ਚੰਡੀਗੜ੍ਹ:** ਪੰਜਾਬ ਦੇ ਬਹੁ-ਗਿਣਤੀ ਪਿੰਡਾਂ ਅਤੇ ਸ਼ਹਿਰਾਂ ਨੂੰ ਮੁਕੰਮਲ ਤੌਰ ਉਤੇ ਸੀਲ ਕਰ ਦਿੱਤਾ ਗਿਆ ਹੈ। ਪੁਲਿਸ ਤੇ ਪ੍ਰਸ਼ਾਸਨ ਨੇ ਗਰਾਮ ਪੰਚਾਇਤਾਂ ਦੀ ਮਦਦ ਨਾਲ ਪਿੰਡਾਂ ਦੇ ਰਸਤਿਆਂ ਉਤੇ ਪੱਕੇ ਨਾਕੇ ਲਗਾ ਕੇ ਪਿੰਡਾਂ ਦੇ ਨੌਜਵਾਨਾਂ ਦਾ 24 ਘੰਟੇ ਪਹਿਰਾ ਲਗਾ ਦਿੱਤਾ ਹੈ। ਡੀ.ਜੀ.ਪੀ. ਦਿਨਕਰ ਗੁਪਤਾ ਵੱਲੋਂ ਵੀਡੀਓ ਕਾਨਫਰੰਸਿੰਗ ਰਾਹੀਂ ਦਿੱਤੀਆਂ ਗਈਆਂ ਹਦਾਇਤਾਂ ਤੋਂ ਬਾਅਦ ਬਹੁ-ਗਿਣਤੀ ਸ਼ਹਿਰਾਂ ਵਿਚ ਵੀ ਗਲੀਆਂ-ਮਹੱਲਿਆਂ 'ਚ ਨਾਕੇ ਲਗਾ ਕੇ ਸਥਾਨਕ ਲੋਕਾਂ ਨੂੰ ਪਹਿਰਾ ਦੇਣ ਲਈ ਕਿਹਾ ਗਿਆ ਹੈ।

ਪੁਲਿਸ ਤੇ ਪ੍ਰਸ਼ਾਸਨ ਨੇ ਪਿੰਡਾਂ ਤੇ ਸ਼ਹਿਰਾਂ ਦੇ ਵਸਨੀਕਾਂ ਨੂੰ ਕਿਸੇ ਵੀ ਬਾਹਰੀ ਵਿਅਕਤੀ ਦਾ ਦਾਖਲਾ ਰੋਕਣ ਲਈ ਕਿਹਾ ਹੈ ਅਤੇ ਬਹੁਤ ਹੰਗਾਮੀ ਹਾਲਤ ਵਿਚ ਜੇਕਰ ਕੋਈ ਵਿਅਕਤੀ ਪਿੰਡ ਵਿਚ ਆਉਂਦਾ ਹੈ ਤਾਂ ਰਜਿਸਟਰ ਉਤੇ ਉਸ ਦਾ ਮੁਕੰਮਲ ਵੇਰਵਾ ਤੇ ਪਿਛਲੇ ਦਿਨਾਂ ਦੌਰਾਨ ਸਮਾਜ ਵਿਚ ਵਿਚਰਨ ਬਾਰੇ ਜਾਣਕਾਰੀ ਦਰਜ ਕਰਨ ਲਈ ਕਿਹਾ ਗਿਆ ਹੈ। ਸੰਗਰੂਰ, ਬਰਨਾਲਾ, ਮਾਨਸਾ, ਮੋਗਾ, ਕਪੂਰਥਲਾ, ਮੁਹਾਲੀ, ਰੂਪਨਗਰ ਅਤੇ ਤਰਨ ਤਾਰਨ ਦੇ ਕਈ ਪਿੰਡਾਂ ਤੋਂ ਹਾਸਲ ਜਾਣਕਾਰੀ ਮੁਤਾਬਕ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਨੇ ਵੀ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਲਈ ਨਾਕੇ ਲਾਉਣ ਤੋਂ ਗੁਰੇਜ਼ ਨਹੀਂ ਕੀਤਾ ਬਲਕਿ ਸਹਿਯੋਗ ਦਿੱਤਾ ਹੈ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਪੁਲਿਸ ਅਧਿਕਾਰੀਆਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਹਦਾਇਤਾਂ ਦਿੱਤੀਆਂ ਸਨ ਕਿ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਕਰਫਿਊ ਦੀਆਂ ਪਾਬੰਦੀਆਂ ਨੂੰ ਲੋਕਾਂ ਦੇ ਸਹਿਯੋਗ ਨਾਲ ਹੀ ਸਖਤੀ ਨਾਲ ਲਾਗੂ ਕੀਤਾ ਜਾਵੇ। ਡੀ.ਜੀ.ਪੀ. ਨੇ ਜ਼ਿਲ੍ਹਾ ਪੁਲਿਸ ਮੁਖੀਆਂ ਅਤੇ ਰੇਂਜਾਂ ਦੇ ਆਈਜੀਜ਼ ਤੇ ਡੀਆਈਜੀਜ਼ ਨੂੰ ਹਦਾਇਤਾਂ ਕੀਤੀਆਂ ਸਨ ਕਿ ਪਿੰਡਾਂ ਦੀਆਂ ਪੰਚਾਇਤਾਂ ਤੇ ਸ਼ਹਿਰੀ ਲੋਕਾਂ ਦੀ ਸ਼ਮੂਲੀਅਤ ਨਾਲ ਹੀ ਲੋਕਾਂ ਦਾ ਘਰਾਂ 'ਚ ਰਹਿਣਾ ਯਕੀਨੀ ਬਣਾਇਆ ਜਾਵੇ। ਡੀ.ਜੀ.ਪੀ. ਦੀਆਂ ਹਦਾਇਤਾਂ ਤੋਂ ਬਾਅਦ ਜ਼ਿਲ੍ਹਾ ਪੁਲਿਸ ਮੁਖੀਆਂ ਵੱਲੋਂ ਸਰਪੰਚ ਜਾਂ ਗਰਾਮ ਪੰਚਾਇਤ ਦੇ ਮੈਂਬਰਾਂ ਨੂੰ ਕਰਫਿਊ ਪਾਸ ਜਾਰੀ ਕੀਤੇ ਗਏ ਹਨ ਤਾਂ ਜੋ ਹੰਗਾਮੀ ਹਾਲਤ ਵਿਚ ਪੁਲਿਸ ਜਾਂ ਪ੍ਰਸ਼ਾਸਨ ਨਾਲ ਤਾਲਮੇਲ ਕਰਨ ਦੇ ਨਾਲ ਲੋਕਾਂ ਨੂੰ ਜ਼ਰੂਰੀ ਵਸਤਾਂ ਵੀ ਮੁਹੱਈਆ ਕਰਵਾਈਆਂ ਜਾ ਸਕਣ। ਪਿੰਡਾਂ ਵਿਚਲੀਆਂ ਹੱਟੀਆਂ ਨੂੰ ਦੋ ਤੋਂ ਚਾਰ ਘੰਟਿਆਂ ਲਈ ਹੀ ਖੁੱਲ੍ਹਣ ਦੀ ਇਜਾਜ਼ਤ ਦਿੱਤੀ ਗਈ ਹੈ। ਸਰਪੰਚਾਂ ਨੂੰ ਕਿਹਾ ਗਿਆ ਹੈ ਕਿ ਜੇਕਰ ਹੱਟੀ ਉਤੇ ਰਾਸ਼ਨ ਖਤਮ ਹੁੰਦਾ ਹੈ ਤਾਂ ਦੁਕਾਨਦਾਰ ਦੇ ਨਾਲ ਜਾ ਕੇ ਸ਼ਹਿਰ ਤੋਂ ਰਾਸ਼ਨ ਲਿਆਂਦਾ ਜਾਵੇ। ਪਿੰਡਾਂ ਅੰਦਰ ਸਿਰਫ ਸਬਜ਼ੀ ਦੀਆਂ ਰੇਹੜੀਆਂ ਨੂੰ ਹੀ ਆਉਣ ਦਿੱਤਾ ਜਾਵੇਗਾ। ਪਿੰਡ ਵਿਚੋਂ ਨਾ ਤਾਂ ਕੋਈ ਵਿਅਕਤੀ ਬਾਹਰ ਜਾਵੇਗਾ ਤੇ ਨਾ ਹੀ ਕੋਈ ਵਿਅਕਤੀ ਪਿੰਡ ਅੰਦਰ ਦਾਖ਼ਲ ਹੋ ਸਕੇਗਾ।



ਪਿੰਡ ਵਿਚ ਵਿਅਕਤੀਆਂ ਨੂੰ ਇਕੱਠੇ ਨਾ ਹੋਣ ਦੇਣ ਲਈ ਵੀ ਪੰਚਾਇਤਾਂ ਤੋਂ ਸਹਿਯੋਗ ਮੰਗਿਆ ਗਿਆ ਹੈ। ਇਸੇ ਤਰ੍ਹਾਂ ਸ਼ਹਿਰਾਂ ਵਿਚ ਇਸ ਤਰ੍ਹਾਂ ਦਾ ਬੰਦੋਬਸਤ ਕੀਤਾ ਗਿਆ ਹੈ ਕਿ ਕਈ ਥਾਈਂ ਗਲੀਆਂ ਨੂੰ ਇਕ ਪਾਸੇ ਤੋਂ ਬੈਰੀਕੇਡ ਲਗਾ ਕੇ ਬੰਦ ਕਰ ਦਿੱਤਾ ਗਿਆ ਹੈ। ਪੰਜਾਬ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਡੀ.ਜੀ.ਪੀ. ਦੀਆਂ ਹਦਾਇਤਾਂ ਲਾਗੂ ਕਰਨ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸੂਬੇ ਦੇ ਬਹੁਗਿਣਤੀ ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿਚ ਨਾਕੇ ਤੇ ਪਹਿਰੇਦਾਰੀ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਕ-ਦੋ ਦਿਨਾਂ ਦੇ ਅੰਦਰ ਹੀ ਇਹ ਅਮਲ ਸਮੁੱਚੇ ਪੰਜਾਬ ਵਿਚ ਲਾਗੂ ਹੋ ਜਾਵੇਗਾ।

# ਕਰੋਨਾ ਪੀੜਤ ਦੀ ਮ੍ਰਿਤਕ ਦੇਹ ਦੇ ਸਸਕਾਰ ਨਾਲ ਨਹੀਂ ਫੈਲਦਾ ਵਾਇਰਸ

**ਚੰਡੀਗੜ੍ਹ:** ਕਰੋਨਾ ਵਾਇਰਸ ਪੀੜਤ ਵਿਅਕਤੀਆਂ ਦੀ ਮ੍ਰਿਤਕ ਦੇਹ ਦੀ ਸਾਂਭ-ਸੰਭਾਲ ਅਤੇ ਅੰਤਿਮ ਸੰਸਕਾਰ ਨੂੰ ਲੈ ਕੇ ਲੋਕ ਮਨਾਂ 'ਚ ਪਾਏ ਜਾ ਰਹੇ ਸ਼ੰਕਿਆਂ ਨੂੰ ਦੂਰ ਕਰਦੇ ਹੋਏ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਕਈ ਤਰ੍ਹਾਂ ਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ ਤੇ ਇਨ੍ਹਾਂ ਵਿਚ ਮ੍ਰਿਤਕ ਦੇ ਅੰਤਿਮ ਸੰਸਕਾਰ ਬਾਰੇ ਵੀ ਸਾਫ ਕੀਤਾ ਗਿਆ ਹੈ ਕਿ ਕਰੋਨਾ ਪੀੜਤ ਵਿਅਕਤੀ ਦਾ ਅੰਤਿਮ ਸੰਸਕਾਰ ਕਰਨ ਨਾਲ ਵਾਇਰਸ ਨਹੀਂ ਫੈਲਦਾ ਤੇ ਇਥੋਂ ਤੱਕ ਕਿ ਮ੍ਰਿਤਕ ਦੀਆਂ ਅਸਥੀਆਂ ਵੀ ਇਕੱਠੀਆਂ ਕਰਦੇ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ, ਅਸਥੀਆਂ ਇਕੱਠੀਆਂ ਕਰਨ 'ਚ ਕਿਸੇ ਵੀ ਤਰ੍ਹਾਂ ਦਾ ਕੋਈ ਜੋਖਮ ਨਹੀਂ ਹੁੰਦਾ।

ਮ੍ਰਿਤਕ ਦੇ ਪਰਿਵਾਰਕ ਮੈਂਬਰ ਦੇਹ ਦੇ ਅੰਤਿਮ ਦਰਸ਼ਨ ਵੀ ਕਰ ਸਕਦੇ ਹਨ ਪਰ ਮ੍ਰਿਤਕ ਨੂੰ ਨਹਾਉਣ ਤੇ ਉਸ ਨੂੰ ਛੂਹਣ ਦੀ ਪੂਰਨ ਤੌਰ ਉਤੇ ਮਨਾਹੀ ਹੈ। ਕੇਂਦਰੀ ਸਿਹਤ ਮੰਤਰਾਲੇ ਵਲੋਂ ਇਹ ਵੀ ਕਿਹਾ ਗਿਆ ਹੈ ਕਿ ਅੰਤਿਮ ਸਾਵਧਾਨੀਆਂ ਵਰਤ ਕੇ ਮ੍ਰਿਤਕ ਦਾ ਅੰਤਿਮ ਸੰਸਕਾਰ ਪੂਰੇ ਰੀਤੀ ਰਿਵਾਜਾਂ ਨਾਲ ਕੀਤਾ ਜਾ ਸਕਦਾ ਹੈ ਤੇ ਸਾਰੀਆਂ ਅੰਤਿਮ ਰਸਮਾਂ ਨਿਭਾਈਆਂ ਜਾ ਸਕਦੀਆਂ ਹਨ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਪੰਥ ਦੇ ਸਿਰਮੌਰ ਕੀਰਤਨੀਏ ਪਦਮਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਦੀ ਕੋਰੋਨਾ ਵਾਇਰਸ ਕਾਰਨ ਹੋਈ ਮੌਤ ਤੋਂ ਬਾਅਦ ਪਿੰਡ ਵੇਰਕਾ ਦੇ ਕੁਝ ਲੋਕਾਂ ਵਲੋਂ ਕਰੋਨਾ ਵਾਇਰਸ ਫੈਲਣ ਦੇ ਡਰ ਤੋਂ ਭਾਈ ਸਾਹਿਬ ਦਾ ਅੰਤਿਮ ਸੰਸਕਾਰ ਪਿੰਡ ਦੇ ਸ਼ਮਸ਼ਾਨਘਾਟ ਵਿਚ ਨਹੀਂ ਕਰਨ ਦਿੱਤਾ ਗਿਆ ਤੇ ਸ਼ਮਸ਼ਾਨਘਾਟ ਨੂੰ ਤਾਲੇ ਲਗਾ ਦਿੱਤੇ ਸਨ, ਜਿਸ ਕਾਰਨ ਕਰੋਨਾ ਪੀੜਤ ਵਿਅਕਤੀ ਦੇ ਅੰਤਿਮ ਸੰਸਕਾਰ ਸਬੰਧੀ ਵੱਡੀ ਪੱਧਰ ਉਤੇ ਚਰਚਾ ਚੱਲ ਰਹੀ ਹੈ ਤੇ ਸਰਕਾਰਾਂ ਕੋਲੋਂ ਵੀ ਅੰਤਿਮ ਸੰਸਕਾਰ ਲਈ ਸਪੱਸ਼ਟ ਨੀਤੀ ਲਿਆਉਣ ਦੀ ਮੰਗ ਕੀਤੀ ਜਾਣ ਲੱਗੀ ਸੀ ਪਰ ਇਸ ਦੌਰਾਨ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਨੇ ਕਰੋਨਾ ਪੀੜਤ ਵਿਅਕਤੀਆਂ ਦੇ ਅੰਤਿਮ ਸੰਸਕਾਰ ਸਬੰਧੀ ਲੋਕਾਂ ਦੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਹਨ।

ਸਿਹਤ ਮੰਤਰਾਲੇ ਵਲੋਂ ਸਪੱਸ਼ਟ ਤੌਰ ਉਤੇ ਕਿਹਾ ਗਿਆ ਹੈ ਕਿ ਸ਼ਮਸ਼ਾਨਘਾਟ ਦੇ ਪ੍ਰਬੰਧਕਾਂ ਅਤੇ ਆਮ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਕਿ ਕਰੋਨਾ ਪੀੜਤ ਬੰਦੇ ਦੇ ਅੰਤਿਮ ਸੰਸਕਾਰ ਨਾਲ ਕੋਵਿਡ-19 ਦੇ ਫੈਲਣ ਦਾ ਖਤਰਾ ਨਹੀਂ ਹੁੰਦਾ ਪਰ ਸਟਾਫ ਨੂੰ ਹੱਥਾਂ ਦੀ ਸਫਾਈ, ਮਾਸਿਕ ਅਤੇ ਦਸਤਾਨਿਆਂ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਇਸ ਸਮੇਂ ਦੌਰਾਨ ਵੱਡੇ ਇਕੱਠ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਜੋ ਵਾਇਰਸ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਸਿਹਤ ਮੰਤਰਾਲੇ ਵਲੋਂ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਹਸਪਤਾਲ ਤੋਂ ਲੈ ਕੇ ਮ੍ਰਿਤਕ ਦੇਹ ਨੂੰ ਸ਼ਮਸ਼ਾਨਘਾਟ ਤੱਕ ਲਿਆਉਣ ਲਈ ਵੀ ਜ਼ਰੂਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ।

# ਲੌਕਡਾਊਨ: ਪਰਿਵਾਰਕ ਜੀਆਂ ਨੂੰ ਅੰਤਿਮ ਵਿਦਾਇਗੀ ਦੇਣ ਨੂੰ ਤਰਸੇ ਲੋਕ

**ਚੰਡੀਗੜ੍ਹ:** ਕਰੋਨਾ ਵਾਇਰਸ ਮਹਾਮਾਰੀ ਦੇ ਮੱਦੇਨਜ਼ਰ ਸਰਕਾਰ ਵੱਲੋਂ ਕੀਤੀ ਗਈ ਦੇਸ਼ਵਿਆਪੀ ਤਾਲਾਬੰਦੀ ਤੇ ਪੰਜਾਬ 'ਚ ਲਗਾਏ ਗਏ ਕਰਫਿਊ ਨੇ ਗਰੀਬ ਪਰਿਵਾਰ ਐਨੇ ਝੰਬ ਦਿੱਤੇ ਹਨ ਕਿ ਉਨ੍ਹਾਂ ਨੂੰ ਮੋਇਆਂ ਦੀ ਮਿੱਟੀ ਸਮੇਟਣੀ ਵੀ ਔਖੀ ਹੋ ਗਈ ਹੈ। ਗਰੀਬ ਘਰਾਂ 'ਚ ਕਫਨ ਖਰੀਦਣ ਅਤੇ ਸਸਕਾਰ ਕਰਨ ਜੋਗੀ ਪਹੁੰਚ ਵੀ ਨਹੀਂ ਬਚੀ ਹੈ। ਔਖ ਦੀ ਇਸ ਘੜੀ 'ਚ ਦਾਨੀ ਸੱਜਣ ਲੋੜਵੰਦਾਂ ਦਾ ਸਹਾਰਾ ਬਣ ਰਹੇ ਹਨ। ਕਰੋਨਾ ਵਾਇਰਸ ਕਾਰਨ ਲਗਾਏ ਕਰਫਿਊ ਨੇ ਦਿਹਾੜੀਦਾਰ ਲੋਕਾਂ ਦੇ ਸਭ ਵਸੀਲੇ ਖੋਹ ਲਏ ਹਨ। ਮੋਟੇ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਲੰਘੇ ਹਫਤੇ ਦੌਰਾਨ ਕੁਦਰਤੀ ਤੌਰ ਉਤੇ ਫੌਤ ਹੋਏ ਸੈਂਕੜੇ ਵਿਅਕਤੀਆਂ ਦੇ ਸਸਕਾਰ ਸਮਾਜ ਸੇਵੀ ਲੋਕਾਂ ਦੀ ਮਦਦ ਨਾਲ ਸੰਭਵ ਹੋਏ ਹਨ।

ਬੁਢਲਾਡਾ ਦਾ ਵਕੀਲ ਰਾਮ ਜ਼ਿੰਦਗੀ ਭਰ ਕੈਂਸਰ ਨਾਲ ਲੜਿਆ। ਦਲਿਤ ਬਸਤੀ ਦੇ ਇਸ ਬਾਸ਼ਿੰਦੇ ਨੂੰ ਇਲਾਜ ਲਈ ਬੂਹੇ ਖੜਕਾਉਣੇ ਪਏ। ਆਖਰਕਾਰ ਕੈਂਸਰ ਨੇ ਉਸ ਨੂੰ ਸਦਾ ਲਈ ਖਾਮੋਸ਼ ਕਰ ਦਿੱਤਾ। ਮੌਤ ਮਗਰੋਂ ਜਦੋਂ ਪਰਿਵਾਰ ਉਸ ਦੇ ਸਸਕਾਰ ਦਾ ਕੋਈ ਵਸੀਲਾ ਕਰਨ ਤੋਂ ਬੇਵੱਸ ਹੋ ਗਿਆ ਤਾਂ ਗੁਆਂਢੀਆਂ ਨੇ 'ਨੇਕੀ ਫਾਊਂਡੇਸ਼ਨ' ਨੂੰ ਫੋਨ ਕੀਤਾ। ਆਖਰਕਾਰ ਇਸ ਫਾਊਂਡੇਸ਼ਨ ਦੇ ਵਾਲੰਟੀਅਰਾਂ ਨੇ ਅੰਤਿਮ ਸੰਸਕਾਰ ਵਾਸਤੇ ਸਮੱਗਰੀ ਤੇ ਲੱਕੜਾਂ ਦਾ ਪ੍ਰਬੰਧ ਕੀਤਾ।

ਇਸੇ ਤਰ੍ਹਾਂ ਪਿੰਡ ਕੁੱਤੀਵਾਲ ਖੁਰਦ (ਮੌੜ ਮੰਡੀ) ਵਿਚ ਮਜ਼ਦੂਰ ਵਲੈਤੀ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਪਤਨੀ ਵੀ ਸੁੱਧ-ਬੁੱਧ ਗੁਆ ਬੈਠੀ। ਮੌਤ ਮਗਰੋਂ ਪਰਿਵਾਰ ਦੇ ਹੱਥ ਖਾਲੀ ਸਨ। ਮਹਿਲਾ ਸਰਪੰਚ ਭੁਪਿੰਦਰ ਕੌਰ ਨੇ ਦੱਸਿਆ ਕਿ ਆਖਰਕਾਰ ਮੁਹੱਲਾ ਵਾਸੀਆਂ ਨੇ ਪੈਸੇ ਇਕੱਠੇ ਕਰ ਕੇ ਵਲੈਤੀ ਦੇ ਅੰਤਿਮ ਸੰਸਕਾਰ ਦਾ ਪ੍ਰਬੰਧ ਕੀਤਾ। ਬਰਨਾਲਾ ਸ਼ਹਿਰ ਦੇ ਮੁੱਖ ਸ਼ਮਸ਼ਾਨਘਾਟ ਵਿਚ ਲੰਘੇ ਇਕ ਹਫਤੇ ਵਿਚ ਦਰਜਨ ਸਸਕਾਰ ਹੋਏ ਹਨ ਜਿਨ੍ਹਾਂ 'ਚੋਂ ਚਾਰ ਜਣੇ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ। ਇਨ੍ਹਾਂ ਚਾਰੋਂ ਦੇ ਅੰਤਿਮ ਸੰਸਕਾਰ ਸਮਾਜ ਸੇਵੀ ਸੱਜਣਾਂ ਨੇ ਕੀਤੇ। ਇਨ੍ਹਾਂ 'ਚ ਤਿੰਨ ਔਰਤਾਂ ਵੀ ਸਨ।

ਮੋਗਾ ਦੇ ਐਡਵੋਕੇਟ ਦਿਨੇਸ਼ ਕੁਮਾਰ ਵਰ੍ਹਿਆਂ ਤੋਂ ਲਾਵਾਰਿਸ ਲਾਸ਼ਾਂ ਦਾ ਸਸਕਾਰ ਕਰਦੇ ਆ ਰਹੇ ਹਨ। ਉਨ੍ਹਾਂ ਨੇ ਹੁਣ ਐਲਾਨ ਕੀਤਾ ਹੈ ਕਿ ਜੇਕਰ ਕਰਫਿਊ ਦੌਰਾਨ ਕਿਸੇ ਨੂੰ ਸਸਕਾਰ ਦੀ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਲੱਕੜਾਂ ਵਗੈਰਾ ਦਾ ਪ੍ਰਬੰਧ ਕਰਨਗੇ। ਮੁਕਤਸਰ 'ਚ ਇਕ ਰੇਹੜੀ ਵਾਲੇ ਦੀ ਮ੍ਰਿਤਕ ਦੇਹ ਨੂੰ ਸਿਰਫ ਗੁਰਬਤ ਕਰ ਕੇ ਰੁਲਣਾ ਪਿਆ। ਇਹ ਵਿਅਕਤੀ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਅਤੇ ਉਸ ਦੀ ਪਤਨੀ ਦਾ ਸਾਰਾ ਪੈਸਾ ਇਲਾਜ 'ਚ ਚਲਾ ਗਿਆ। ਜਦੋਂ ਉਹ ਮੁਕਤਸਰ ਦੇ ਸ਼ਮਸ਼ਾਨਘਾਟ ਵਿਚ ਮ੍ਰਿਤਕ ਦੇਹ ਲੈ ਕੇ ਗਈ ਤਾਂ ਉਸ ਤੋਂ 2400 ਰੁਪਏ ਮੰਗੇ ਗਏ। ਦੱਸਿਆ ਜਾਂਦਾ ਹੈ ਕਿ ਪੈਸੇ ਨਾ ਹੋਣ ਕਰ ਕੇ ਉਹ ਦੂਜੇ ਸ਼ਮਸ਼ਾਨਘਾਟ ਵਿਚ ਮ੍ਰਿਤਕ ਦੇਹ ਲੈ ਗਈ ਜਿੱਥੇ ਸਮਾਜ ਸੇਵੀ ਲੋਕਾਂ ਨੇ ਸਸਕਾਰ ਕੀਤਾ।



ਦੱਸਣਯੋਗ ਹੈ ਕਿ ਫਿਰੋਜ਼ਪੁਰ ਵਿਚ ਵੀ ਕਰੋਨਾ ਵਾਇਰਸ ਦੇ ਇਕ ਸ਼ੱਕੀ ਮਰੀਜ਼ ਦਾ ਲੋਕਾਂ ਨੇ ਸ਼ਮਸ਼ਾਨਘਾਟ ਵਿਚ ਸਸਕਾਰ ਨਹੀਂ ਕਰਨ ਦਿੱਤਾ ਸੀ। ਇਸ ਤਰ੍ਹਾਂ ਦਾ ਸੰਕਟ ਹਰ ਪਾਸੇ ਹੈ। ਮੁਹਾਲੀ ਵਿਚ ਇਕ ਝੁੱਗੀ ਵਾਲੇ ਵਿਅਕਤੀ ਦਾ ਸਸਕਾਰ ਵੀ ਉਧਾਰ ਲੱਕੜਾਂ ਮੰਗ ਕੇ ਕਰਨਾ ਪਿਆ ਸੀ। ਇਕ ਪਾਸੇ ਜਿਥੇ ਕਰੋਨਾ ਵਾਇਰਸ ਕਾਰਨ ਮੌਤ ਦੇ ਮੂੰਹ ਵਿਚ ਗਏ ਵਿਅਕਤੀਆਂ ਦਾ ਸਸਕਾਰ ਕਰਨ ਵਿਚ ਮੁਸ਼ਕਲਾਂ ਪੇਸ਼ ਆ ਰਹੀਆਂ ਹਨ, ਉਥੇ ਹੀ ਗਰੀਬ ਲੋਕਾਂ ਨੂੰ ਕੁਦਰਤੀ ਮੌਤਾਂ ਵੀ ਦੁੱਖ ਦੇ ਰਹੀਆਂ ਹਨ।

## ਤਖਤ ਕੇਸਗੜ੍ਹ ਸਾਹਿਬ ਦੇ ਦੀਵਾਨ ਹਾਲ ਨੂੰ ਇਕਾਂਤਵਾਸ ਵਾਰਡ ਬਣਾਇਆ

**ਸ੍ਰੀ ਆਨੰਦਪੁਰ ਸਾਹਿਬ:** ਪ੍ਰਸ਼ਾਸਨ ਨੇ ਸ੍ਰੀ ਆਨੰਦਪੁਰ ਸਾਹਿਬ ਵਿਚ ਘੁੰਮ ਰਹੇ 250 ਦੇ ਕਰੀਬ ਬੇਸਹਾਰਾ ਅਪਾਹਜ ਤੇ ਲੋੜਵੰਦਾਂ ਨੂੰ ਪੁਲਿਸ ਦੀ ਮਦਦ ਨਾਲ ਸਿਹਤ ਵਿਭਾਗ ਦੀ ਦੇਖ-ਰੇਖ ਹੇਠ ਤਖਤ ਕੇਸਗੜ੍ਹ ਸਾਹਿਬ ਵਿਚ ਸਥਿਤ ਦਸਮੇਸ਼ ਦੀਵਾਨ ਹਾਲ ਵਿਚ ਇਕਾਂਤਵਾਸ ਵਾਰਡ ਬਣਾ ਕੇ ਰੱਖਣ ਦਾ ਫੈਸਲਾ ਲਿਆ ਹੈ। ਡੀ. ਐਸ. ਪੀ. ਦਵਿੰਦਰ ਸਿੰਘ ਦੀ ਅਗਵਾਈ ਹੇਠ 250 ਵਿਅਕਤੀਆਂ ਦੀ ਨਿਸ਼ਾਹਦੇਹੀ ਕਰਕੇ ਇਥੇ ਲਿਆਂਦਾ ਗਿਆ।

# ਕਰੋਨਾ ਵਾਇਰਸ ਨਾਲ ਪਦਮਸ੍ਰੀ ਨਿਰਮਲ ਸਿੰਘ ਖਾਲਸਾ ਦਾ ਦੇਹਾਂਤ

**ਅੰਮ੍ਰਿਤਸਰ:** ਕਰੋਨਾ ਵਾਇਰਸ ਤੋਂ ਪੀੜਤ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਪਦਮਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਟੈਸਟ ਰਿਪੋਰਟ ਕਰੋਨਾ ਪਾਜ਼ੇਟਿਵ ਆਈ ਸੀ। ਉਨ੍ਹਾਂ ਨੂੰ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਬੰਧ ਹੇਠ ਚੱਲਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਬਣਾਏ ਗਏ ਆਇਸੋਲੇਸ਼ਨ ਵਾਰਡ ਵਿਚ ਦਾਖਲ ਕੀਤਾ ਗਿਆ ਸੀ। ਜਿਥੇ ਉਨ੍ਹਾਂ ਨੇ ਆਖਰੀ ਸਾਹ ਲਿਆ। ਉਨ੍ਹਾਂ ਦੇ ਕੁਝ ਪਰਿਵਾਰਕ ਮੈਂਬਰਾਂ ਤੇ ਸਾਥੀਆਂ ਨੂੰ ਵੀ ਇਸ ਵਾਇਰਸ ਦੀ ਪੁਸ਼ਟੀ ਹੋਈ ਹੈ।

ਇਸੇ ਦੌਰਾਨ ਭਾਈ ਨਿਰਮਲ ਸਿੰਘ ਦਾ ਵੇਰਕਾ ਦੇ ਸ਼ਮਸ਼ਾਨਘਾਟ ਵਿਚ ਸਸਕਾਰ ਰੋਕਣ ਦਾ ਮਾਮਲਾ ਭਖ ਗਿਆ ਹੈ। ਜ਼ਿਕਰਯੋਗ ਹੈ ਕਿ ਵਾਇਰਸ ਦੇ ਫੈਲਣ ਦੇ ਡਰੋਂ ਕੁਝ ਪਿੰਡ ਵਾਸੀਆਂ ਨੇ ਭਾਈ ਖਾਲਸਾ ਦਾ ਸਸਕਾਰ ਕਰਨ ਤੋਂ ਰੋਕ ਦਿੱਤਾ ਸੀ। ਇਸ ਤੋਂ ਖਫਾ ਹੋਏ ਰਾਗੀ ਭਾਈਚਾਰੇ ਨੇ ਭਵਿੱਖ ਵਿਚ ਵੇਰਕਾ ਹਲਕੇ ਦੇ ਕਿਸੇ ਵੀ ਗੁਰਮਤਿ ਸਮਾਗਮ ਵਿਚ ਕੀਰਤਨ ਨਾ ਕਰਨ ਅਤੇ ਉਸ ਸਮਾਗਮ ਵਿਚ ਸ਼ਾਮਲ ਨਾ ਹੋਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀਆਂ ਦੀ ਜਥੇਬੰਦੀ ਸ਼੍ਰੋਮਣੀ ਰਾਗੀ ਸਭਾ ਵਲੋਂ ਕੀਤਾ ਗਿਆ ਹੈ।

ਉਧਰ, ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਥਾਨਕ ਲੋਕਾਂ ਵੱਲੋਂ ਭਾਈ ਨਿਰਮਲ ਸਿੰਘ ਦੀ ਦੇਹ ਦਾ ਸਸਕਾਰ ਕਰਨ ਤੋਂ ਰੋਕੇ ਜਾਣ ਨੂੰ ਮੰਦਭਾਗਾ ਕਰਾਰ ਦਿੱਤਾ। ਉਨ੍ਹਾਂ ਇਸ ਕਾਰਵਾਈ ਨੂੰ ਸਿੱਖ ਪੰਥ ਦੀ ਉੱਘੀ ਸ਼ਖਸੀਅਤ ਦਾ ਨਿਰਾਦਰ ਕਰਾਰ ਦਿੱਤਾ। ਇਕ ਸਿੱਖ ਸੰਸਥਾ ਨੇ ਭਾਈ ਨਿਰਮਲ ਸਿੰਘ ਦੇ ਸਸਕਾਰ ਵਾਸਤੇ ਗੁਰਦੁਆਰਾ ਸਤਲਾਨੀ ਸਾਹਿਬ ਵਿਚ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ ਸੀ ਪਰ ਉਦੋਂ ਤੱਕ ਪ੍ਰਸ਼ਾਸਨ ਨੇ ਪ੍ਰਬੰਧ ਕਰ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਲੋਕਾਂ ਵੱਲੋਂ ਕੀਤੇ ਵਿਰੋਧ ਨੂੰ ਮੰਦਭਾਗਾ ਕਰਾਰ ਦਿੱਤਾ ਹੈ।

ਵੇਰਕਾ ਦੀ ਪੰਚਾਇਤ ਨੇ ਸਾਬਕਾ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਦੇ ਸਸਕਾਰ ਲਈ ਵਰਤੀ ਲਗਭਗ 10 ਕਨਾਲ ਜ਼ਮੀਨ ਉਨ੍ਹਾਂ ਦੀ ਯਾਦ ਵਿਚ ਸੰਗੀਤ ਅਕਾਦਮੀ ਜਾਂ ਕੋਈ ਹੋਰ ਯਾਦਗਾਰ ਬਣਾਉਣ ਲਈ ਦੇਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਪੰਚਾਇਤ ਵਲੋਂ ਇਕ ਮਤਾ ਵੀ ਪਾਸ ਕੀਤਾ ਗਿਆ ਹੈ ਜਿਸ ’ਤੇ ਪੰਚਾਇਤ ਮੁਖੀ ਬਲਦੇਵ ਸਿੰਘ, ਖਜ਼ਾਨਚੀ ਬਲਕਾਰ ਸਿੰਘ, ਸਕੱਤਰ ਤੇ ਮੈਂਬਰਾਂ ਦੇ ਦਸਤਖਤ ਵੀ ਹਨ। ਮਤੇ ਅਨੁਸਾਰ ਸਸਕਾਰ ਵਾਲੀ ਸਾਂਝੀ ਜਗ੍ਹਾ ਦਾ ਰਕਬਾ ਕਰੀਬ 9 ਕਨਾਲ ਦੋ ਮਰਲੇ ਹੈ। ਮੁਸ਼ਤਰਕਾ ਮਾਲਕਾਂ ਨੇ ਸਰਬਸੰਮਤੀ ਨਾਲ ਇਹ ਸਾਂਝੀ ਥਾਂ ਉਨ੍ਹਾਂ ਦੀ ਯਾਦਗਾਰ ਜਾਂ ਸੰਗੀਤ ਅਕਾਦਮੀ ਬਣਾਉਣ ਲਈ ਦੇਣ ਦਾ ਫੈਸਲਾ ਕੀਤਾ ਹੈ।

## ਆਸਟਰੇਲੀਆ ਨੇ ਕੋਵਿਡ-19 ਦੇ ਟੀਕੇ ਦਾ ਪ੍ਰੀਖਣ ਸ਼ੁਰੂ ਕੀਤਾ

ਮੈਲਬਰਨ: ਆਸਟਰੇਲੀਆ ਦੇ ਵਿਗਿਆਨੀਆਂ ਨੇ ਕਿਹਾ ਕਿ ਉਹ ਕੋਵਿਡ-19 ਦੇ ਦੋ ਸੰਭਾਵਿਤ ਟੀਕਿਆਂ ਦਾ ਪ੍ਰੀਖਣ ਕਰ ਰਹੇ ਹਨ ਜੋ ਲੈਬੋਰੇਟਰੀ ਪ੍ਰੀਖਣਾਂ ‘ਚ ਮੀਲ ਪੱਥਰ ਸਾਬਤ ਹੋ ਸਕਦੇ ਹਨ। ਕਾਮਨਵੈਲਥ ਸਾਇੰਟੀਫਿਕ ਐਂਡ ਇੰਡਸਟਰੀਅਲ ਆਰਗੇਨਾਈਜ਼ੇਸ਼ਨ ਦੇ ਵਿਗਿਆਨੀਆਂ ਨੇ ਕਿਹਾ ਕਿ ਉਹ ਇਹ ਪ੍ਰੀਖਣ ਕਰ ਰਹੇ ਹਨ ਕਿ ਕੋਵਿਡ-19 ਦਾ ਟੀਕਾ ਕਿੰਨਾ ਅਸਰਦਾਰ ਹੋ ਸਕਦਾ ਹੈ। ਉਹ ਬਚਾਅ ਦੇ ਲਿਹਾਜ਼ ਨਾਲ ਵਾਇਰਸ ਦੇ ਇਲਾਜ ਲਈ ਇੰਜੈਕਸ਼ਨ ਲਗਾਉਣ ਜਾਂ ਨੱਕ ਦੇ ਸਪਰੇਅ ਵਰਗੇ ਬਿਹਤਰ ਤਰੀਕੇ ਵੀ ਲੱਭ ਰਹੇ ਹਨ।

# ਆਰ. ਬੀ. ਆਈ. ਨੇ ਆਰਥਕ ਮੰਦੀ ਨਾਲ ਨਜਿੱਠਣ ਲਈ ਕੀਤੇ ਐਲਾਨ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਕਰੋਨਾ ਵਾਇਰਸ ਮਹਾਮਾਰੀ ਦੇ ਆਰਥਿਕ ਪ੍ਰਭਾਵ ਨਾਲ ਨਜਿੱਠਣ ਲਈ ਕੁਝ ਨਵੇਂ ਐਲਾਨ ਕੀਤੇ ਹਨ। ਬਰਾਮਦ ਸਬੰਧੀ ਆਮਦਨ ਹਾਸਲ ਕਰਨ ਤੇ ਉਸ ਨੂੰ ਦੇਸ਼ ‘ਚ ਭੇਜਣ ਲਈ ਬਰਾਮਦਕਾਰਾਂ ਨੂੰ ਵਾਧੂ ਸਮਾਂ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਆਰ. ਬੀ. ਆਈ. ਨੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਉਨ੍ਹਾਂ ਦੀ ਆਮਦਨ ਤੇ ਖਰਚ ਵਿਚ ਫੌਰੀ ਤੌਰ ਉਤੇ ਆਉਣ ਵਾਲੇ ਫਰਕ ਦੀ ਪੂਰਤੀ ਲਈ ਦਿੱਤੀ ਜਾਣ ਵਾਲੀ ਅਗਾਊਂ ਰਾਸ਼ੀ ਦੀ ਹੱਦ 30 ਫੀਸਦ ਵਧਾ ਦਿੱਤੀ ਹੈ।

ਕਰੋਨਾ ਵਾਇਰਸ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਨਵੇਂ ਢੰਗਾਂ ਦਾ ਐਲਾਨ ਕਰਦਿਆਂ ਆਰ. ਬੀ. ਆਈ. ਨੇ ਕਿਹਾ ਕਿ ਬੈਂਕਾਂ ਤੇ ਨਿਵੇਸ਼ ਫਰਮਾਂ ਲਈ ਪੂੰਜੀ ਦੀ ਲੋੜ ਪੂਰੀ ਕਰਨ ਵਾਲੇ ਕਾਊਂਟਰ ਸਾਈਕਲੀਕਲ ਕੈਪੀਟਲ ਬਫਰ ਨੂੰ ਫਿਲਹਾਲ ਲਾਗੂ ਕਰਨਾ ਜ਼ਰੂਰੀ ਨਹੀਂ ਹੈ। ਆਰ. ਬੀ.ਆਈ. ਨੇ ਕਿਹਾ ਕਿ ਇਸ ਸਮੇਂ ਬਰਾਮਦਕਾਰਾਂ ਵੱਲੋਂ ਵਸਤਾਂ ਤੇ ਸਾਫਟਵੇਅਰ ਬਰਾਮਦ ਦੀ ਪੂਰੀ ਰਾਸ਼ੀ ਨੂੰ ਬਰਾਮਦ ਦੀ ਤਾਰੀਕ ਤੋਂ ਨੌਂ ਮਹੀਨੇ ’ਚ ਦੇਸ਼ ਅੰਦਰ ਲਿਆਉਣਾ ਹੁੰਦਾ ਹੈ।

# ਆਈਸੋਲੇਸ਼ਨ ਵਾਰਡ ‘ਚ ਸਹੂਲਤਾਂ ਨਾ ਹੋਣ ਸਬੰਧੀ ਭਾਈ ਦਰਸ਼ਨ ਸਿੰਘ ਦੀ ਆਡੀਓ ਵਾਇਰਲ

**ਅੰਮ੍ਰਿਤਸਰ:** ਪੰਜਾਬ ਵਿਚ ਸਿਹਤ ਸਹੂਲਤਾਂ ਉਤੇ ਲਗਾਤਾਰ ਉਂਗਲ ਉੱਠ ਰਹੀ ਹੈ। ਹੁਣ ਭਾਈ ਨਿਰਮਲ ਸਿੰਘ ਖਾਲਸਾ ਦੇ ਨਜ਼ਦੀਕੀ ਭਾਈ ਦਰਸ਼ਨ ਸਿੰਘ ਦੀ ਆਡੀਓ ਵਾਇਰਲ ਹੋਈ ਹੈ। ਭਾਈ ਦਰਸ਼ਨ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੇ ਚਾਰ ਜੀਅ ਵੀ ਕਰੋਨਾ ਤੋਂ ਪੀੜਤ ਹਨ। ਉਨ੍ਹਾਂ ਦੀ ਰਿਪੋਰਟ ਪਾਜ਼ੇਟਿਵ ਆਈ ਸੀ। ਇਥੇ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਬੰਧ ਹੇਠ ਚੱਲ ਰਹੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਬਣਾਈ ਗਈ ਆਈਸੋਲੇਸ਼ਨ ਵਾਰਡ ਵਿਚ ਜੇਰੇ ਇਲਾਜ ਹਨ। ਭਾਈ ਨਿਰਮਲ ਸਿੰਘ ਖਾਲਸਾ ਵੀ ਇਸੇ ਵਾਰਡ ਵਿਚ ਹੀ ਜੇਰੇ ਇਲਾਜ ਸਨ। ਭਾਈ ਦਰਸ਼ਨ ਸਿੰਘ ਨੇ ਵੀ ਵਾਰਡ ਵਿਚ ਲੋੜੀਂਦੇ ਪ੍ਰਬੰਧ ਨਾ ਹੋਣ ਅਤੇ ਹੋਰ ਕਈ ਖਾਮੀਆਂ ਦੇ ਗੰਭੀਰ ਦੋਸ਼ ਲਾਏ ਹਨ। ਵਾਇਰਲ ਆਡੀਓ ਵਿਚ ਭਾਈ ਦਰਸ਼ਨ ਸਿੰਘ ਕਹਿ ਰਹੇ ਹਨ ਕਿ ਇਸ ਵਾਰਡ ਵਿਚ ਉਨ੍ਹਾਂ ਦਾ ਕੋਈ ਧਿਆਨ ਨਹੀਂ ਰੱਖ ਰਿਹਾ ਹੈ। ਡਾਕਟਰ ਨਹੀਂ ਆ ਰਹੇ। ਸਿਰਫ ਨਰਸਾਂ ਹੀ ਸਵੇਰੇ-ਸ਼ਾਮ ਆਉਂਦੀਆਂ ਹਨ ਅਤੇ 2-3 ਗੋਲੀਆਂ ਦੋ ਟਾਈਮ ਦੇ ਕੇ ਚਲੀਆਂ ਜਾਂਦੀਆਂ ਹਨ।

ਕੋਈ ਵੀ ਮੁੱਖ ਡਾਕਟਰ ਜਾਂਚ ਲਈ ਨਹੀਂ ਆ ਰਿਹਾ। ਗੀਜ਼ਰ ਦੀ ਪਾਈਪ ਟੁੱਟੀ ਹੋਣ ਕਾਰਨ ਗਰਮ ਪਾਣੀ ਨਹੀਂ ਮਿਲਿਆ ਅਤੇ ਚਾਰ ਦਿਨ ਤੋਂ ਇਸ਼ਨਾਨ ਨਹੀਂ ਕਰ ਸਕੇ। ਉਨ੍ਹਾਂ ਅਪੀਲ ਕੀਤੀ ਹੈ ਕਿ ਇਸ ਵਾਰਡ ਵਿਚੋਂ ਤਬਦੀਲ ਕੀਤਾ ਜਾਵੇ ਅਤੇ ਘਰ ਵਿਚ ਰੱਖ ਕੇ ਹੀ ਇਲਾਜ ਕੀਤਾ ਜਾਵੇ। ਆਡੀਓ ਵਾਇਰਲ ਹੋਣ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਖਲ ਮਗਰੋਂ ਭਾਈ ਦਰਸ਼ਨ ਸਿੰਘ ਸਮੇਤ ਉਨ੍ਹਾਂ ਦੇ ਪਰਿਵਾਰ ਦੇ ਚਾਰ ਜੀਆਂ ਨੂੰ ਸਰਕਾਰੀ ਹਸਪਤਾਲ ਦੀ ਆਈਸੋਲੇਸ਼ਨ ਵਾਰਡ ‘ਚੋਂ ਫੋਰਟਿਸ ਹਸਪਤਾਲ ਵਿਚ ਇਲਾਜ ਲਈ ਤਬਦੀਲ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਭਾਈ ਨਿਰਮਲ ਸਿੰਘ ਖਾਲਸਾ ਦੀ ਆਡੀਓ ਵਾਇਰਲ ਹੋਈ ਸੀ, ਜਿਸ ਵਿਚ ਉਨ੍ਹਾਂ ਗੰਭੀਰ ਦੋਸ਼ ਲਾਏ ਸਨ।

# ਐਨ. ਆਰ. ਆਈ. ਵਿਰੁਧ ਬੋਲਣ ਵਾਲੇ ਗਾਇਕਾਂ ਨੂੰ ਮੂੰਹ ਨਾ ਲਾਇਆ ਜਾਵੇ-ਗਾਖਲ

**ਫਰੀਮਾਂਟ (ਬਿਊਰੋ):** ਉਘੇ ਕਾਰੋਬਾਰੀ ਅਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਮੁੱਖ ਪ੍ਰਬੰਧਕ ਅਮੋਲਕ ਸਿੰਘ ਗਾਖਲ ਨੇ ਮੌਜੂਦਾ ਹਾਲਾਤ ਵਿਚ ਐਨ. ਆਰ. ਆਈ. ਭਰਾਵਾਂ ਵਿਰੁਧ ਕੁਝ ਅਖੌਤੀ ਗਾਇਕਾਂ/ਕਲਾਕਾਰਾਂ ਵਲੋਂ ਉਗਲੀ ਜ਼ਹਿਰ ਦੀ ਨਿੰਦਾ ਕਰਦਿਆਂ ਕਿਹਾ ਕਿ ਬਾਹਰ ਆਉਣ ‘ਤੇ ਇਨ੍ਹਾਂ ਨੂੰ ਮੂੰਹ ਨਾ ਲਾਇਆ ਜਾਵੇ ਤੇ ਵਿਰੋਧ ਕੀਤਾ ਜਾਵੇ।

ਸ. ਗਾਖਲ ਨੇ ਬਿਨਾ ਨਾਂ ਲਏ ਇੱਕ ਵਿਵਾਦਿਤ ਗਾਇਕ ਵਲੋਂ ਕਰੋਨਾ ਬਿਮਾਰੀ ਬਾਰੇ ਐਨ. ਆਰ. ਆਈਜ਼. ‘ਤੇ ਤਨਜ ਕੱਸਦਾ ਗੀਤ ਗਾਉਣ ਕਾਰਨ ਉਸ ਦਾ ਸਮਾਜਿਕ ਬਾਈਕਾਟ ਕਰਨ ਦੀ ਗੱਲ ਵੀ ਕੀਤੀ। ਅਜਿਹੇ ਸਮੇਂ ਉਨ੍ਹਾਂ ਬੱਬੂ ਮਾਨ ਵਲੋਂ ਐਨ. ਆਰ. ਆਈ. ਵੀਰਾਂ ਲਈ ਨਿਭਾਈ ਜ਼ਿਕਰਯੋਗ ਭੂਮਿਕਾ ਦੀ ਪ੍ਰਸ਼ੰਸਾ ਵੀ ਕੀਤੀ। ਉਨ੍ਹਾਂ ਵਾਹਿਗੁਰੂ ਅੱਗੇ ਹਾਲਾਤ ਸੁਧਰਨ ਦੀ ਅਰਦਾਸ ਕੀਤੀ ਅਤੇ ਕਿਹਾ ਕਿ ਪੰਜਾਬ ‘ਚ ਐਨ. ਆਰ. ਆਈ. ਭਰਾਵਾਂ ਵਲੋਂ ਲਾਏ ਜਾਂਦੇ ਖੇਡ ਮੇਲਿਆਂ ਵਿਚ ਵੀ ਇਨ੍ਹਾਂ ਬੇਗੈਰਤ ਗਾਇਕਾਂ ਨੂੰ ਬਿਲਕੁਲ ਨਾ ਬੁਲਾਇਆ ਜਾਵੇ।


## Matrimonials

### ਲੜਕੇ ਦੀ ਲੋੜ ਹੈ

Wanted a suitable match in USA/CANADA for Jatt Sikh Grewal Canadian citizen girl, 34, 5’9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

ਜੱਟ ਸਿੱਖ ਅਮਰੀਕਨ ਸਿਟੀਜ਼ਨ, ਉਮਰ 26 ਸਾਲ, ਨਰਸਿੰਗ ਕਰ ਰਹੀ ਲੜਕੀ ਲਈ ਬਰਾਬਰ ਯੋਗਤਾ, ਡਿਗਰੀ ਹੋਲਡਰ, ਗੁਰ ਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ। ਲੜਕਾ ਇੰਡੀਆ, ਕੈਨੇਡਾ, ਇੰਗਲੈਂਡ ਜਾਂ ਆਸਟਰੇਲੀਆ ਕਿਤੋਂ ਵੀ ਹੋਵੇ। ਯੂ. ਐਸ. ਟਾਈਮ ਕਾਲ ਕਰੋ, ਫੋਨ: 1-216-385-4025, 1-216-937-9054 (ਵਾਟਸਐਪ), +91-98776-26005 (ਇੰਡੀਆ) 8-11

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 34 ਸਾਲ, ਕੱਦ 5’-9”, ਗੈਸ ਸਟੇਸ਼ਨ ‘ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ‘ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 11-

Well educated reputed Jatt-Sikh family seeks professionally qualified U.S. (PR or citizen) girl for their handsome only son, 27 yrs, 5’-10.5”, M.S in Electrical Engineering, working as a Software Engineer in Michigan. Rural/urban property in Ludhiana & Mohali. Cont., Ph: 248-854-0003 6-9


# ਟਰੰਪ ਨੇ ਮੋਦੀ ਨੂੰ ਹਾਈਡਰੋਕਸੀਕਲੋਰੋਕੁਇਨ ਗੋਲੀਆਂ ਤੁਰਤ ਭੇਜਣ ਲਈ ਕਿਹਾ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕਾ ‘ਚ ਕਰੋਨਾ ਵਾਇਰਸ ਦੇ ਮਰੀਜ਼ਾਂ ਦੀ ਵਧਦੀ ਗਿਣਤੀ ਨੂੰ ਦੇਖਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਹੈ ਕਿ ਉਹ ਹਾਈਡਰੋਕਸੀਕਲੋਰੋਕੁਇਨ ਦੀਆਂ ਗੋਲੀਆਂ ਦੀ ਖੇਪ ਤੁਰਤ ਭੇਜਣ। ਜ਼ਿਕਰਯੋਗ ਹੈ ਕਿ ਭਾਰਤ ਨੇ ਇਸ ਦਵਾਈ ਦੀ ਬਰਾਮਦਗੀ ਉਤੇ ਪਾਬੰਦੀ ਲਗਾ ਦਿੱਤੀ ਸੀ। ਇਹ ਦਵਾਈ ਮਲੇਰੀਆ ਦੇ ਇਲਾਜ ਲਈ ਵਰਤੀ ਜਾਂਦੀ ਹੈ। ਉਂਜ ਅਧਿਕਾਰੀਆਂ ਨੇ ਕਿਹਾ ਸੀ ਕਿ ਇਨਸਾਨੀਅਤ ਦੇ ਨਾਤੇ ਇਸ ਦਵਾਈ ਦੀਆਂ ਕੁਝ ਵਿਸ਼ੇਸ਼ ਖੇਪਾਂ ਬਾਹਰ ਭੇਜੀਆਂ ਜਾ ਸਕਦੀਆਂ ਹਨ। ਟਰੰਪ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨਾਲ ਇਸ ਬਾਬਤ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਰਤ ਦਿੱਤੇ ਗਏ ਆਰਡਰ ਮੁਤਾਬਕ ਦਵਾਈ ਭੇਜਦਾ ਹੈ ਤਾਂ ਉਹ ਇਸ ਦੀ ਸ਼ਲਾਘਾ ਕਰਨਗੇ।

ਅਮਰੀਕੀ ਰਾਸ਼ਟਰਪਤੀ ਮੁਤਾਬਕ ਇਸ ਦਵਾਈ ਦੇ ਹਾਂ-ਪੱਖੀ ਨਤੀਜੇ ਸਾਹਮਣੇ ਆਏ ਹਨ ਅਤੇ ਜੇਕਰ ਪ੍ਰਯੋਗ ਸਫਲ ਰਿਹਾ ਤਾਂ ਇਹ ਰੱਬੀ ਦਾਤ ਹੋਵੇਗੀ। ਉਨ੍ਹਾਂ ਕਿਹਾ ਕਿ ਮਲੇਰੀਆ ਪ੍ਰਭਾਵਿਤ ਮੁਲਕਾਂ ‘ਚ ਲੋਕ ਹਾਈਡਰੋਕਸੀਕਲੋਰੋਕੁਇਨ ਦਵਾਈ ਲੈਂਦੇ ਹਨ ਜਿਸ ਕਾਰਨ ਬਹੁਤੇ ਲੋਕਾਂ ਉਤੇ ਕਰੋਨਾ ਵਾਇਰਸ ਦਾ ਕੋਈ ਅਸਰ ਨਹੀਂ ਪਿਆ। ਉਧਰ ਵ੍ਹਾਈਟ ਹਾਊਸ ਨੇ ਕਿਹਾ ਕਿ ਦੋਵੇਂ ਆਗੂਆਂ ਨੇ ਕਰੋਨਾ ਵਾਇਰਸ ਨਾਲ ਨਜਿੱਠਣ ਅਤੇ ਲੋਕਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ‘ਚ ਯੋਗ ਅਤੇ ਆਯੁਰਵੇਦ ਦੀ ਮਹੱਤਤਾ ਬਾਰੇ ਵੀ ਚਰਚਾ ਕੀਤੀ ਹੈ।

# ਕਰੋਨਾ ਪੀੜਤ ਦੀ ਦੇਹ ਦਫਨਾਉਣ ਤੋਂ ਇਨਕਾਰ

**ਮੁੰਬਈ:** ਉਪ ਨਗਰ ਮਲਾਡ ਵਿਚ ਕਰੋਨਾ ਵਾਇਰਸ ਕਾਰਨ ਹੋਈ 65 ਸਾਲਾ ਮੁਸਲਿਮ ਵਿਅਕਤੀ ਦੀ ਮੌਤ ਦੇ ਮਾਮਲੇ ‘ਚ ਪੀੜਤ ਪਰਿਵਾਰ ਨੇ ਦੋਸ਼ ਲਗਾਇਆ ਹੈ ਕਿ ਕਬਰਿਸਤਾਨ ਦੇ ਟਰੱਸਟੀਜ਼ ਨੇ ਮ੍ਰਿਤਕ ਦੀ ਦੇਹ ਦਫਨਾਉਣ ਤੋਂ ਇਨਕਾਰ ਕਰ ਦਿੱਤਾ ਜਿਸ ਕਾਰਨ ਉਨ੍ਹਾਂ ਨੂੰ ਮ੍ਰਿਤਕ ਦਾ ਅੰਤਿਮ ਸੰਸਕਾਰ ਕਰਨਾ ਪਿਆ। ਮਾਲਵਾਨੀ ਦੇ ਰਹਿਣ ਵਾਲੇ ਇਕ ਵਿਅਕਤੀ ਦੀ ਮੌਤ ਜੋਗੇਸ਼ਵਰੀ ਪੂਰਬੀ ਦੇ ਸਰਕਾਰੀ ਹਸਪਤਾਲ ਵਿਚ ਹੋ ਗਈ ਸੀ।




ਮ੍ਰਿਤਕ ਦੇ ਪਰਿਵਾਰ ਦੇ ਇਕ ਮੈਂਬਰ ਨੇ ਦੋਸ਼ ਲਗਾਇਆ ਕਿ ਜਦੋਂ ਮ੍ਰਿਤਕ ਦੀ ਦੇਹ ਨੂੰ ਦਫਨਾਉਣ ਲਈ ਮਲਾਡ ਮਾਲਵਾਨੀ ਕਬਰਿਸਤਾਨ ਵਿਚ ਲਿਜਾਇਆ ਗਿਆ ਤਾਂ ਕਬਰਿਸਤਾਨ ਦੇ ਟਰੱਸਟੀਜ਼ ਨੇ ਦੇਹ ਨੂੰ ਉਥੇ ਦਫਨਾਉਣ ਤੋਂ ਰੋਕ ਦਿੱਤਾ ਕਿਉਂਕਿ ਮ੍ਰਿਤਕ ਕਰੋਨਾ ਵਾਇਰਸ ਤੋਂ ਪੀੜਤ ਸੀ ਜਦੋਂਕਿ ਸਥਾਨਕ ਅਧਿਕਾਰੀਆਂ ਵੱਲੋਂ ਮ੍ਰਿਤਕ ਦੀ ਦੇਹ ਨੂੰ ਸਵੇਰੇ 4 ਵਜੇ ਦਫਨਾਉਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਉਪਰੰਤ, ਕੁਝ ਸਮਾਜ ਸੇਵੀ ਵਰਕਰਾਂ ਦੇ ਦਖਲ ਤੇ ਬੇਨਤੀ ਤੋਂ ਬਾਅਦ ਇਕ ਨੇੜਲੇ ਹਿੰਦੂ ਸ਼ਮਸ਼ਾਨਘਾਟ ਵਿਚ ਦੇਹ ਦਾ ਅੰਤਿਮ ਸੰਸਕਾਰ ਕੀਤਾ ਗਿਆ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

**Michigan Truck Driving School**
6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਰੋਨਾ ਨਾਲ ਮਰਨ ਵਾਲਿਆਂ ਤੋਂ 'ਆਪਣਿਆਂ' ਨੇ ਹੀ ਮੂੰਹ ਮੋੜਿਆ

**ਅੰਮ੍ਰਿਤਸਰ:** ਕਰੋਨਾ ਵਾਇਰਸ ਦੀ ਵਧ ਰਹੀ ਦਹਿਸ਼ਤ ਦਾ ਸਿੱਟਾ ਹੈ ਕਿ ਲੋਕਾਂ ਨੇ ਇਸ ਬਿਮਾਰੀ ਨਾਲ ਮਰਨ ਵਾਲੇ ਆਪਣੇ ਸਕੇ ਸਬੰਧੀਆਂ ਤੋਂ ਵੀ ਮੂੰਹ ਮੋੜ ਲਿਆ ਹੈ। ਇਥੇ ਅੰਮ੍ਰਿਤਸਰ ਵਿਚ ਕਰੋਨਾ ਵਾਇਰਸ ਕਾਰਨ ਮਰੇ ਨਗਰ ਨਿਗਮ ਦੇ ਸਾਬਕਾ ਸੁਪਰਡੈਂਟ ਇੰਜੀਨੀਅਰ ਜਸਵਿੰਦਰ ਸਿੰਘ ਦਾ ਸਸਕਾਰ ਕੀਤੇ ਜਾਣ ਤੋਂ ਪਰਿਵਾਰ ਨੇ ਨਾਂਹ ਕਰ ਦਿੱਤੀ। ਇਸ ਮਗਰੋਂ ਜ਼ਿਲ੍ਹਾ ਪ੍ਰਸ਼ਾਸਨ ਨੇ ਸਸਕਾਰ ਕੀਤਾ।

ਜਸਵਿੰਦਰ ਸਿੰਘ (65) ਦੀ ਮੌਤ ਇਥੇ ਪ੍ਰਾਈਵੇਟ ਫੋਰਟਿਸ ਹਸਪਤਾਲ ਵਿਚ ਹੋਈ ਸੀ। ਦੇਰ ਸ਼ਾਮ ਨੂੰ ਸਿਹਤ ਵਿਭਾਗ ਵਲੋਂ ਕਰਵਾਏ ਗਏ ਉਸ ਦੇ ਟੈਸਟ ਦੀ ਰਿਪੋਰਟ ਵੀ ਪਾਜ਼ੇਟਿਵ ਆਈ ਸੀ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਮ੍ਰਿਤਕ ਦੇ ਪਰਿਵਾਰ ਨੂੰ ਦੇਹ ਲੈਣ ਵਾਸਤੇ ਆਖਿਆ ਗਿਆ ਸੀ ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਪ੍ਰਾਈਵੇਟ ਹਸਪਤਾਲ ਵਲੋਂ ਵੀ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ। ਇਸ ਤੋਂ ਬਾਅਦ ਪ੍ਰਸ਼ਾਸਨ ਵਲੋਂ ਗੁਰਦੁਆਰਾ ਸ਼ਹੀਦਾਂ ਨੇੜਲੇ ਸ਼ਮਸ਼ਾਨਘਾਟ ਵਿਚ ਧਾਰਮਿਕ ਰਸਮਾਂ ਨੂੰ ਪੂਰਾ ਕਰਦਿਆਂ ਜਸਵਿੰਦਰ ਸਿੰਘ ਦਾ ਸਸਕਾਰ ਕਰ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਪਰਿਵਾਰ ਦੇ ਮਨ੍ਹਾਂ ਕਰਨ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਸਕਾਰ ਦੀਆਂ ਰਸਮਾਂ ਨੂੰ ਪੂਰਾ ਕੀਤਾ ਹੈ। ਇਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਹੀ ਅਰਥੀ ਨੂੰ ਮੋਢਾ ਦਿੱਤਾ ਤੇ ਲਾਂਬੂ ਲਾਇਆ। ਇਸ ਤੋਂ ਪਹਿਲਾਂ ਨੇੜਲੇ ਗੁਰਦੁਆਰੇ ਤੋਂ ਗ੍ਰੰਥੀ ਸਿੰਘ ਨੂੰ ਸੱਦ ਕੇ ਅਰਦਾਸ ਕਰਾਈ ਗਈ।

# ਕਾਬੁਲ ਵਿਚ ਗੁਰਦੁਆਰੇ 'ਤੇ ਹਮਲੇ ਦਾ ਸਾਜ਼ਿਸ਼ੀ ਗ੍ਰਿਫਤਾਰ

**ਕਾਬੁਲ:** ਅਫਗਾਨਿਸਤਾਨ ਦੀ ਖੁਫੀਆ ਏਜੰਸੀ ਨੇ ਆਈ.ਐਸ.ਆਈ. ਨਾਲ ਜੁੜੇ ਪਾਕਿਸਤਾਨ ਦੇ ਆਈ.ਐਸ.ਆਈ.ਐਸ. ਅਤਿਵਾਦੀ ਨੂੰ ਗ੍ਰਿਫਤਾਰ ਕੀਤਾ ਹੈ ਜੋ ਪਿਛਲੇ ਮਹੀਨੇ ਕਾਬੁਲ ਵਿਚ ਹੋਏ ਅਤਿਵਾਦੀ ਹਮਲੇ ਦਾ ਮਾਸਟਰਮਾਈਂਡ ਸੀ। ਇਸ ਹਮਲੇ ਵਿਚ ਇਕ ਭਾਰਤੀ ਨਾਗਰਿਕ ਸਣੇ 27 ਵਿਅਕਤੀਆਂ ਦੀ ਮੌਤ ਹੋ ਗਈ ਸੀ।

ਟੋਲੋ ਨਿਊਜ਼ ਦੀ ਰਿਪੋਰਟ ਅਨੁਸਾਰ ਕੌਮੀ ਸੁਰੱਖਿਆ ਡਾਇਰੈਕਟੋਰੇਟ (ਐਨ.ਡੀ.ਐਸ.) ਦੀ ਇਕ ਮੁਸ਼ਕਿਲ ਕਾਰਵਾਈ ਦੌਰਾਨ ਆਈ.ਐਸ.ਆਈ.ਐਸ. ਦੇ ਪ੍ਰਮੁੱਖ ਆਗੂ ਅਬਦੁੱਲਾ ਓਰਕਜ਼ਈ ਨੂੰ ਉਸ ਦੇ 19 ਸਾਥੀਆਂ ਸਣੇ ਦੇਸ਼ ਦੇ ਦੱਖਣੀ ਸੂਬੇ ਕੰਧਾਰ ਵਿਚੋਂ ਗ੍ਰਿਫਤਾਰ ਕੀਤਾ ਗਿਆ। ਓਰਕਜ਼ਈ ਆਈ. ਐਸ. ਆਈ. ਐਸ. ਦੀ ਖੋਰਾਸਾਨ ਸ਼ਾਖਾ ਦਾ ਪ੍ਰਮੁੱਖ ਆਗੂ ਸੀ। ਐਨ.ਡੀ.ਐਸ. ਨੇ ਬਿਆਨ ਜਾਰੀ ਕਰ ਕੇ ਦੱਸਿਆ ਕਿ ਅਬਦੁੱਲਾ ਓਰਕਜ਼ਈ ਉਰਫ ਅਸਲਮ ਫਾਰੂਕੀ ਪਾਕਿਸਤਾਨ ਦੇ ਅਸ਼ਾਂਤ ਉਤਰ-ਪੱਛਮੀ ਏਜੰਸੀ ਓਰਕਜ਼ਈ ਦਾ ਵਸਨੀਕ ਹੈ। ਉਸ ਦੇ ਪਾਕਿਸਤਾਨ ਆਧਾਰਤ ਅਤਿਵਾਦੀ ਸੰਗਠਨਾਂ ਜਿਵੇਂ ਕਿ ਹੱਕਾਨੀ ਨੈੱਟਵਰਕ ਤੇ ਲਸ਼ਕਰ-ਏ-ਤੋਇਬਾ ਨਾਲ ਗੂੜ੍ਹੇ ਸਬੰਧ ਸਨ। ਅਬੂ ਸਈਦ ਬਜਾਵਰੀ ਦੀ ਹੱਤਿਆ ਤੋਂ ਬਾਅਦ ਉਸ ਨੂੰ ਅਫਗਾਨਿਸਤਾਨ ਵਿਚ ਆਈ.ਐਸ.ਆਈ.ਐਸ. ਦਾ ਆਰਜ਼ੀ ਗਵਰਨਰ ਨਿਯੁਕਤ ਕੀਤਾ ਗਿਆ ਸੀ। ਉਹ ਪੇਸ਼ਾਵਰ ਵਿਚ ਆਈ.ਐਸ.ਆਈ.ਐਸ. ਦੇ ਮਿਲਟਰੀ ਵਿੰਗ ਦੇ ਕਮਾਂਡਰ ਵਜੋਂ ਕੰਮ ਕਰ ਰਿਹਾ ਸੀ। ਨਾਮ ਨਾ ਛਾਪਣ ਦੀ ਸ਼ਰਤ ਉਤੇ ਐਨ. ਡੀ. ਐਸ. ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪਿਛਲੇ ਮਹੀਨੇ ਕਾਬੁਲ ਵਿਚ ਗੁਰਦੁਆਰੇ ਉਤੇ ਹੋਏ ਹਮਲੇ ਦਾ ਮਾਸਟਰਮਾਈਂਡ ਓਰਕਜ਼ਈ ਹੀ ਸੀ।

# ਮੁਹਾਲੀ ਦੀਆਂ ਤਿੰਨ ਬਿਰਧ ਔਰਤਾਂ ਨੇ ਜਿੱਤੀ ਕਰੋਨਾ ਖਿਲਾਫ ਜੰਗ

**ਮੁਹਾਲੀ:** ਫੇਜ਼-5 ਦੀ ਵਸਨੀਕ ਕੁਲਵੰਤ ਕੌਰ ਨਿਰਹਾਲ (80), ਫੇਜ਼-3ਏ ਦੀ ਵਸਨੀਕ ਗੁਰਦੇਵ ਕੌਰ (69) ਅਤੇ ਉਸ ਦੀ ਵੱਡੀ ਭੈਣ ਰੇਸ਼ਮ ਕੌਰ (74) ਨੇ ਕਰੋਨਾ ਵਾਇਰਸ ਖਿਲਾਫ ਜੰਗ ਜਿੱਤ ਲਈ ਹੈ।

ਮੁਹਾਲੀ ਵਾਸੀਆਂ ਲਈ ਰਾਹਤ ਭਰੀ ਖਬਰ ਇਹ ਹੈ ਕਿ ਪਿਛਲੇ ਤਿੰਨ ਦਿਨਾਂ 'ਚ ਚਾਰ ਕਰੋਨਾ ਪੀੜਤ ਮਰੀਜ਼ ਠੀਕ ਹੋ ਕੇ ਘਰ ਪਰਤ ਚੁੱਕੇ ਹਨ। ਇਸ ਤੋਂ ਪਹਿਲਾਂ ਸੈਕਟਰ-69 ਦੇ ਅਮਨਦੀਪ ਸਿੰਘ (42) ਨੇ ਕਰੋਨਾ ਖਿਲਾਫ ਜੰਗ ਜਿੱਤੀ ਸੀ। ਉਹ ਸੈਕਟਰ-16, ਚੰਡੀਗੜ੍ਹ ਦੇ ਹਸਪਤਾਲ 'ਚ ਦਾਖਲ ਸੀ, ਜਿਸ ਨੂੰ ਬੀਤੀ 4 ਅਪਰੈਲ ਨੂੰ ਛੁੱਟੀ ਦੇ ਕੇ ਘਰ ਭੇਜ ਦਿੱਤਾ ਗਿਆ ਸੀ। ਉਂਜ ਅਮਨਦੀਪ ਦੀ ਪਤਨੀ ਆਰਤੀ ਸ਼ਰਮਾ (36) ਅਤੇ ਫੇਜ਼-5 ਵਿਚ ਕੁਲਵੰਤ ਕੌਰ ਦੇ ਪੀਜੀ ਵਿਚ ਰਹਿੰਦੀ ਰੰਜਨਾ ਹਾਲੇ ਇਲਾਜ ਅਧੀਨ ਹਨ। ਰੰਜਨਾ ਦੀ ਇਕ ਰਿਪੋਰਟ ਨੈਗੇਟਿਵ ਆ ਚੁੱਕੀ ਹੈ ਅਤੇ ਦੂਜੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ।

# ਮੋਦੀ ਨੇ ਕਰੋਨਾ ਦੇ ਬਹਾਨੇ ਸ਼ਿਕੰਜਾ ਹੋਰ ਕੱਸਿਆ

*(ਸਫਾ ਇਕ ਦੀ ਬਾਕੀ)*

ਹਰ ਹਸਪਤਾਲ ਵਿਚ ਹਨ ਪਰ ਇਸ ਪਾਸੇ ਧਿਆਨ ਦੇਣ ਦੀ ਬਜਾਏ ਮੋਦੀ ਸਰਕਾਰ ਵਲੋਂ ਅਪਣਾਈ ਜਾ ਰਹੀ ਜੁਮਲੇਬਾਜ਼ੀ ਵਾਲੀ ਰਣਨੀਤੀ ਖਿਲਾਫ ਲੋਕਾਂ ਵਿਚ ਰੋਹ ਹੈ।

ਇਹ ਕੋਈ ਪਹਿਲਾ ਮੌਕਾ ਨਹੀਂ, ਇਸ ਤੋਂ ਪਹਿਲਾਂ ਜਨਤਕ ਕਰਫਿਊ ਲਗਾਉਣ ਵਾਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਲੋਕਾਂ ਨੂੰ ਸ਼ਾਮ ਦੇ 5 ਵਜੇ ਆਪਣੇ ਘਰਾਂ ਦੀਆਂ ਬਾਲਕੋਨੀਆਂ ਅਤੇ ਵਿਹੜਿਆਂ ਵਿਚ ਆ ਕੇ ਤਾਲੀਆਂ ਤੇ ਥਾਲੀਆਂ ਵਜਾ ਕੇ ਉਨ੍ਹਾਂ ਲੋਕਾਂ ਦਾ ਹੌਸਲਾ ਵਧਾਉਣ ਲਈ ਕਿਹਾ ਸੀ ਜਿਹੜੇ ਮੂਹਰਲੀਆਂ ਸਫਾਂ ਵਿਚ ਕਰੋਨਾ ਵਾਇਰਸ ਦੇ ਵਿਰੁਧ ਲੜ ਰਹੇ ਹਨ। ਉਨ੍ਹਾਂ ਵਿਚ ਡਾਕਟਰ, ਨਰਸਾਂ, ਪੈਰਾ-ਮੈਡੀਕਲ ਸਟਾਫ, ਸਿਹਤ ਖੇਤਰਾਂ ਦੇ ਹੋਰ ਕਾਮੇ ਸ਼ਾਮਲ ਹਨ। ਇਸ ਸਮੇਂ ਡਾਕਟਰਾਂ ਤੇ ਆਮ ਲੋਕਾਂ ਵਲੋਂ ਮੋਦੀ ਦੀ ਤਾਰੀਫ ਵੀ ਕੀਤੀ ਪਰ ਦੂਜੀ ਵਾਰ ਫਿਰ ਪ੍ਰਧਾਨ ਮੰਤਰੀ ਇਸ ਵਾਇਰਸ ਨਾਲ ਟਾਕਰੇ ਲਈ ਤਿਆਰੀਆਂ ਦੀ ਥਾਂ ਮੋਮਬੱਤੀਆਂ ਵਾਲਾ ਫਾਰਮੂਲਾ ਲੈ ਕੇ ਆਣ ਖੜ੍ਹੇ।

ਦੱਸ ਦਈਏ ਕਿ ਬਹੁਤ ਸਾਰੇ ਹਸਪਤਾਲਾਂ, ਡਾਕਟਰਾਂ ਅਤੇ ਹੋਰ ਸਟਾਫ ਕੋਲ ਨਾ ਤਾਂ ਆਪਣੀ ਸੁਰੱਖਿਆ ਲਈ ਸਾਜ਼ੋ-ਸਾਮਾਨ ਹੈ ਅਤੇ ਨਾ ਹੀ ਮਰੀਜ਼ ਦੀ ਸਾਂਭ-ਸੰਭਾਲ ਲਈ। ਦੂਸਰੇ ਪਾਸੇ ਸਰਕਾਰੀ ਅੰਕੜੇ ਖੁਦ ਦੱਸਦੇ ਹਨ ਕਿ 2018-19 ਵਿਚ ਸਿਹਤ ਦੇ ਖੇਤਰ 'ਤੇ ਕੇਂਦਰੀ ਤੇ ਸੂਬਾ ਸਰਕਾਰਾਂ ਦੁਆਰਾ ਕੀਤਾ ਗਿਆ ਖਰਚ ਕੁੱਲ ਘਰੇਲੂ ਉਤਪਾਦਨ ਦਾ 1.28 ਫੀਸਦੀ ਸੀ। ਇਹੋ ਜਿਹੇ ਖਰਚ ਨਾਲ ਸਰਕਾਰੀ ਹਸਪਤਾਲਾਂ ਦੇ ਹਾਲਾਤ ਕਿਹੋ ਜਿਹੇ ਹੋ ਸਕਦੇ ਹਨ, ਇਸ ਦਾ ਅਨੁਮਾਨ ਲਗਾਉਣਾ ਮੁਸ਼ਕਲ ਨਹੀਂ।

ਅਸਲ ਵਿਚ ਭਾਜਪਾ ਕਰੋਨਾ ਸੰਕਟ ਦਾ ਬਹਾਨੇ ਸਿਆਸਤ ਚਮਕਾਉਣ ਦੀਆਂ ਕੋਸ਼ਿਸ਼ਾਂ ਵਿਚ ਜੁਟੀ ਹੋਈ ਹੈ। ਇਸ ਦੇ ਸਮਰਥਕਾਂ ਵਲੋਂ ਸੋਸ਼ਲ ਮੀਡੀਆ ਤੇ ਚੀਨੀ ਲੋਕਾਂ ਨੂੰ ਚੂਹੇ, ਚਮਗਿੱਦੜ ਅਤੇ ਸੱਪ ਖਾਣਿਆਂ ਦੇ ਤੌਰ ਤੇ ਪੇਸ਼ ਕੀਤਾ ਜਾ ਰਿਹਾ ਹੈ ਅਤੇ ਕਰੋਨਾ ਦੇ ਇਲਾਜ ਲਈ ਗਊ ਮੂਤਰ, ਹਵਨ, ਯੋਗ, ਰਾਮ ਪੂਜਾ ਆਦਿ ਦਾ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਲਾਕਡਾਊਨ ਦੌਰਾਨ ਟੀਵੀ ਰਾਹੀਂ 'ਰਮਾਇਣ' ਅਤੇ 'ਮਹਾਭਾਰਤ' ਵਰਗੇ ਲੜੀਵਾਰ ਲੋਕਾਂ ਅੱਗੇ ਪਰੋਸ ਕੇ ਆਪਣੀ ਹਿੰਦੂਤਵੀ ਸਿਆਸਤ ਨੂੰ ਅੱਗੇ ਵਧਾ ਰਹੀ ਹੈ। ਵਾਇਰਸ ਫੈਲਾਉਣ ਦੇ ਦੋਸ਼ ਇਕ ਧਰਮ ਉਤੇ ਮੜ੍ਹਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦਿੱਲੀ ਦੇ ਨਿਜ਼ਾਮੂਦੀਨ 'ਚ ਤਬਲੀਗੀ ਜਮਾਤ ਦੇ ਇਕੱਠ ਨੂੰ ਇਸ ਵਾਇਰਸ ਦੇ ਫੈਲਾਅ ਲਈ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਭਾਜਪਾ ਆਗੂ ਜਮਾਤ ਦੇ ਲੋਕਾਂ ਨੂੰ ਗੋਲੀਆਂ ਨਾਲ ਭੁੰਨਣ ਦੀ ਸਲਾਹ ਦੇ ਰਹੇ ਹਨ। ਜੇ ਪਰਵਾਸੀ ਮਜ਼ਦੂਰਾਂ ਦੇ ਆਪਣੇ ਘਰਾਂ ਨੂੰ ਪਰਤਣ ਲਈ ਲੱਗੀਆਂ ਭੀੜਾਂ ਦੀ ਜ਼ਿੰਮੇਵਾਰੀ ਦੀ ਗੱਲ ਤੁਰਦੀ ਹੈ ਤਾਂ ਇਸ ਦਾ ਸਾਰਾ ਦੋਸ਼ ਮੀਡੀਆ ਉਤੇ ਮੜ੍ਹਿਆ ਜਾ ਰਿਹਾ ਹੈ। ਐਡੀਟਰਜ਼ ਗਿਲਡ ਆਫ ਇੰਡੀਆ ਵਲੋਂ ਕੇਂਦਰੀ ਸਰਕਾਰ ਦੀ ਅਜਿਹੀ ਕੋਸ਼ਿਸ਼ ਉਥੇ ਡੂੰਘੀ ਚਿੰਤਾ ਵੀ ਪ੍ਰਗਟਾਈ ਗਈ ਹੈ।

ਅਸਲ ਵਿਚ ਸਰਕਾਰ ਕੋਲ ਨਾ ਡਾਕਟਰ ਹਨ, ਨਾ ਟੈਸਟ ਕਿੱਟਾਂ; ਨਾ ਹਸਪਤਾਲ ਹਨ, ਨਾ ਦਵਾਈਆਂ ਹਨ ਅਤੇ ਨਾ ਹੀ ਖੋਜ ਸੰਸਥਾਵਾਂ ਹਨ। 133 ਕਰੋੜ ਵਸੋਂ ਵਾਲੇ ਭਾਰਤ ਕੋਲ ਕੇਵਲ 40 ਹਜ਼ਾਰ ਵੈਂਟੀਲੇਟਰ ਹਨ। ਦੱਖਣੀ ਕੋਰੀਆ ਵਿਚ ਪ੍ਰਤੀ 10 ਲੱਖ ਵਿਅਕਤੀਆਂ ਪਿਛੇ 4631, ਚੀਨ ਵਿਚ 2820, ਨਾਰਵੇ ਵਿਚ 1515, ਇਟਲੀ ਵਿਚ 1421, ਰੂਸ ਵਿਚ 1421 ਵਿਅਕਤੀਆਂ ਦੇ ਟੈਸਟ ਕੀਤੇ ਗਏ ਹਨ, ਭਾਰਤ ਵਰਗੀ 'ਵੱਡੀ ਆਰਥਿਕ ਸ਼ਕਤੀ' ਕੋਲ ਕੇਵਲ 0.8 ਜਣਿਆਂ ਦੇ ਟੈਸਟ ਕਰਾਏ ਜਾਂਦੇ ਹਨ। ਸੰਸਾਰ ਸਿਹਤ ਸੰਸਥਾ ਦੀਆਂ ਹਦਾਇਤਾਂ ਅਨੁਸਾਰ ਏਕਾਂਤਵਾਸ ਕਰੋਨਾ ਦਾ ਇਲਾਜ ਨਹੀਂ। ਅਜਿਹਾ ਕਰਨ ਲਈ ਦਵਾਈਆਂ ਅਤੇ ਫਾਰਮਾਸਿਊਟੀਕਲ ਸਾਜ਼ੋ-ਸਮਾਨ ਦੀ ਪੂਰਤੀ ਨਹਾਇਤ ਜ਼ਰੂਰੀ ਹੈ ਪਰ ਭਾਰਤ ਦੇ ਮੈਡੀਕਲ ਸਟਾਫ ਕੋਲ ਨਾ ਲੋੜੀਂਦੇ ਸੈਨੇਟਾਈਜ਼ਰ, ਨਾ ਮਾਸਕ, ਨਾ ਪੀ.ਪੀ.ਈ. (ਜਾਤੀ ਸੁਰੱਖਿਆ ਉਪਕਰਨ), ਨਾ ਦਵਾਈਆਂ, ਨਾ ਲੋੜੀਂਦੀ ਮਾਤਰਾ 'ਚ ਵੈਂਟੀਲੇਟਰ ਤੇ ਨਾ ਲੋੜੀਂਦਾ ਸਿਹਤ ਬਜਟ ਹੈ।

ਕਰੋਨਾ ਵਾਇਰਸ ਦੀ ਸਮੱਸਿਆ ਨਾਲ ਨਜਿੱਠਣ ਲਈ ਸਾਰੇ ਦੇਸ਼ ਵਿਚ 21 ਦਿਨਾਂ ਦਾ ਲਾਕਡਾਊਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਬੰਦ/ਲਾਕਡਾਊਨ ਨੂੰ ਕਰਫਿਊ ਹੀ ਸਮਝਣਾ ਚਾਹੀਦਾ ਹੈ। ਲਗਭਗ ਸਾਰੇ ਸੂਬਿਆਂ ਨੇ ਪ੍ਰਧਾਨ ਮੰਤਰੀ ਦੇ ਭਾਸ਼ਣ ਵਿਚਲੀ ਦ੍ਰਿਸ਼ਟੀ 'ਤੇ ਅਮਲ ਕਰਦਿਆਂ ਇਸ ਬਿਮਾਰੀ ਨਾਲ ਲੜਨ ਲਈ ਅਜਿਹੀ ਪਹੁੰਚ ਅਪਣਾਈ ਜਿਹੜੀ ਦੰਗਿਆਂ ਅਤੇ ਹਿੰਸਾ ਉਤੇ ਕਾਬੂ ਪਾਉਣ ਲਈ ਅਪਣਾਈ ਜਾਂਦੀ ਹੈ। ਪੁਲਿਸ ਅਤੇ ਕੇਂਦਰੀ ਸੁਰੱਖਿਆ ਦਲਾਂ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਉਹ ਲੋਕਾਂ ਨੂੰ ਘਰਾਂ ਤੋਂ ਬਾਹਰ ਆਉਣ ਤੋਂ ਰੋਕਣ। ਪੁਲਿਸ ਨੇ ਕਈ ਥਾਵਾਂ ਉਤੇ ਲੋਕਾਂ ਨਾਲ ਅਣਮਨੁੱਖੀ ਵਿਹਾਰ ਵੀ ਕੀਤਾ ਹੈ। ਸਭ ਤੋਂ ਵੱਡਾ ਸਵਾਲ ਸਰਕਾਰਾਂ ਦੁਆਰਾ ਅਪਣਾਈ ਗਈ ਪਹੁੰਚ ਬਾਰੇ ਹੈ ਜਿਸ ਕਾਰਨ ਸਰਕਾਰਾਂ ਨੇ ਡਾਕਟਰਾਂ, ਨਰਸਾਂ, ਪੈਰਾ-ਮੈਡੀਕਲ ਸਟਾਫ ਅਤੇ ਸਿਹਤ ਖੇਤਰ ਦੇ ਕਾਮਿਆਂ ਦੇ ਨਾਲ ਨਾਲ ਬਹੁਤਾ ਕੰਮ ਪੁਲਿਸ ਤੇ ਸੁਰੱਖਿਆ ਦਲਾਂ ਉਤੇ ਛੱਡ ਦਿੱਤਾ ਗਿਆ ਹੈ। ਅਨਾਜ, ਸਬਜ਼ੀਆਂ ਤੇ ਦਵਾਈਆਂ ਦੀ ਘਾਟ ਕਾਰਨ ਲੋਕਾਂ ਦਾ ਘਰੋਂ ਬਾਹਰ ਆਉਣਾ ਨਿਸ਼ਚਿਤ ਹੈ। ਪਰਵਾਸੀ ਮਜ਼ਦੂਰਾਂ ਦੇ ਘਰਾਂ ਨੂੰ ਪਰਤਣ ਦੀਆਂ ਔਕੜਾਂ ਇਹ ਦਰਸਾਉਂਦੀਆਂ ਹਨ ਕਿ ਕੇਂਦਰੀ ਅਤੇ ਸੂਬਾ ਸਰਕਾਰਾਂ ਨੇ ਸਾਰੀਆਂ ਸਮੱਸਿਆਵਾਂ ਨੂੰ ਸਮੁੱਚਤਾ ਵਿਚ ਨਹੀਂ ਸੋਚਿਆ। ਅਸਲ ਵਿਚ ਸ਼ੁਰੂਆਤੀ ਸਮੇਂ ਵਿਚ ਕਰੋਨਾ ਵਾਇਰਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਜਦੋਂ ਇਸ ਨੇ ਬਹੁਤ ਸਾਰੇ ਦੇਸ਼ਾਂ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ ਤਾਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਨੇ ਤੇਜ਼ੀ ਨਾਲ ਹੁਕਮ ਜਾਰੀ ਕਰਨੇ ਸ਼ੁਰੂ ਕਰ ਦਿੱਤੇ। ਪ੍ਰਧਾਨ ਮੰਤਰੀ ਵਲੋਂ 22 ਮਾਰਚ ਨੂੰ ਜਨਤਾ ਕਰਫਿਊ ਅਤੇ ਉਸ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਨੇ 31 ਮਾਰਚ ਤੱਕ ਕਰਫਿਊ ਦਾ ਐਲਾਨ ਕਰ ਦਿੱਤਾ। ਹੁਣ ਇਹ 14 ਅਪਰੈਲ ਤੱਕ ਵਧਾ ਦਿੱਤਾ ਗਿਆ ਹੈ।

# ਅਮਰੀਕਾ 'ਚ 9/11 ਅਤੇ ਪਰਲ ਹਾਰਬਰ ਧਮਾਕਿਆਂ ਤੋਂ ਵੱਧ ਲੋਕ ਮਰਨ ਦਾ ਖਦਸ਼ਾ

**ਵਾਸ਼ਿੰਗਟਨ:** ਅਮਰੀਕਾ ਦੇ ਮੋਹਰੀ ਡਾਕਟਰਾਂ ਵਿਚੋਂ ਇਕ ਸਰਜਨ ਜਨਰਲ ਵਾਈਸ ਐਡਮਿਰਲ ਜੀਰੋਮ ਐਡਮਸ ਨੇ ਦਾਅਵਾ ਕੀਤਾ ਹੈ ਕਿ ਕਰੋਨਾ ਵਾਇਰਸ ਕਰਕੇ ਮੁਲਕ 'ਚ 9/11 ਦੇ ਹਮਲੇ ਅਤੇ ਪਰਲ ਹਾਰਬਰ ਧਮਾਕੇ ਤੋਂ ਵੀ ਵੱਧ ਹਾਲਾਤ ਖਰਾਬ ਹੋਣ ਵਾਲੇ ਹਨ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਅਗਲਾ ਹਫਤਾ ਮੁਲਕ ਲਈ ਬਹੁਤ ਮੁਸ਼ਕਲਾਂ ਭਰਿਆ ਸਮਾਂ ਹੈ। ਐਡਮਜ਼ ਨੇ ਇਕ ਪ੍ਰੋਗਰਾਮ ਦੌਰਾਨ ਕਿਹਾ ਕਿ ਅਗਲਾ ਹਫਤਾ ਅਮਰੀਕੀਆਂ ਲਈ ਔਖਾ ਹੈ। ਜਪਾਨ ਵਲੋਂ ਪਰਲ ਹਾਰਬਰ ਉਤੇ ਕੀਤੇ ਗਏ ਹਮਲੇ ਅਤੇ 11 ਸਤੰਬਰ ਨੂੰ ਦਹਿਸ਼ਤੀ ਹਮਲੇ ਵਾਂਗ ਕਈ ਜਾਨਾਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਜੇ ਵਾਇਰਸ ਦਾ ਰੁਝਾਨ ਬਦਲਣਾ ਹੈ ਤਾਂ ਹਰੇਕ ਵਿਅਕਤੀ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਪਵੇਗਾ।

# ਚੀਨ ਵਿਚ ਕਰੋਨਾ ਮਹਾਮਾਰੀ ਦਾ ਦੂਜਾ ਦੌਰ ਸ਼ੁਰੂ ਹੋਣ ਦਾ ਖਦਸ਼ਾ

**ਪੇਈਚਿੰਗ:** ਚੀਨ ਵਿਚ ਕੋਵਿਡ-19 ਦੇ ਨਵੇਂ ਕੇਸ ਸਾਹਮਣੇ ਆਉਣ ਮਗਰੋਂ ਉਥੇ ਮਹਾਮਾਰੀ ਦਾ ਦੂਜਾ ਦੌਰ ਸ਼ੁਰੂ ਹੋਣ ਦਾ ਖਦਸ਼ਾ ਪੈਦਾ ਹੋ ਗਿਆ ਹੈ। ਜਿਹੜੇ ਚੀਨੀ ਵਿਦੇਸ਼ ਤੋਂ ਪਰਤ ਰਹੇ ਹਨ, ਉਹ ਮੁਲਕ ਲਈ ਵੱਡਾ ਖਤਰਾ ਬਣ ਸਕਦੇ ਹਨ। ਅਜਿਹੇ ਕੇਸਾਂ ਦੀ ਗਿਣਤੀ ਤੇਜ਼ੀ ਨਾਲ ਵਧ ਕੇ 951 ਹੋ ਗਈ ਹੈ।

ਇਸ ਮਗਰੋਂ ਚੀਨ ਨੇ ਸਰਹੱਦ ਉਤੇ ਚੌਕਸੀ ਵਧਾ ਦਿੱਤੀ ਹੈ। ਅਜਿਹੇ ਕੇਸਾਂ ਦੀ ਗਿਣਤੀ ਵੀ ਵਧ ਰਹੀ ਹੈ ਜਿਨ੍ਹਾਂ 'ਚ ਵਾਇਰਸ ਦੇ ਲੱਛਣ ਸਾਹਮਣੇ ਨਹੀਂ ਆ ਰਹੇ ਹਨ। ਪੇਈਚਿੰਗ ਦੇ ਸਿਹਤ ਅਧਿਕਾਰੀ ਨੇ ਚਿਤਾਵਨੀ ਦਿੱਤੀ ਹੈ ਕਿ ਚੀਨ ਦੀ ਰਾਜਧਾਨੀ ਲੰਬੇ ਸਮੇਂ ਲਈ ਮਹਾਮਾਰੀ ਦੀ ਮਾਰ ਹੇਠ ਰਹਿ ਸਕਦੀ ਹੈ। ਚੀਨ ਦੇ ਕੌਮੀ ਸਿਹਤ ਕਮਿਸ਼ਨ ਦੇ ਤਰਜਮਾਨ ਮੀ ਫੇਂਗ ਨੇ ਮੀਡੀਆ ਨੂੰ ਦੱਸਿਆ ਕਿ ਵੱਖ-ਵੱਖ ਮੁਲਕਾਂ ਤੋਂ ਆਪਣੇ ਨਾਗਰਿਕਾਂ ਨੂੰ ਉਡਾਣਾਂ ਰਾਹੀਂ ਲਿਆਉਣ ਮਗਰੋਂ ਬਾਹਰੋਂ ਆਏ ਕੇਸਾਂ ਦੀ ਗਿਣਤੀ 951 ਹੋ ਗਈ ਹੈ। ਉਨ੍ਹਾਂ ਕਿਹਾ ਕਿ ਖਾਸ ਕਰਕੇ ਗੁਆਂਢੀ ਮੁਲਕਾਂ ਤੋਂ ਆਏ ਕੇਸਾਂ ਨਾਲ ਦਬਾਅ ਜ਼ਿਆਦਾ ਵਧ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਰੋਨਾ: ਆਲਮੀ ਅਰਥਚਾਰਾ ਇਕ ਫੀਸਦੀ ਘਟਣ ਦਾ ਅਨੁਮਾਨ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ (ਯੂਐਨ) ਦਾ ਕਹਿਣਾ ਹੈ ਕਿ ਕਰੋਨਾ ਵਾਇਰਸ ਮਹਾਮਾਰੀ ਕਰਕੇ ਆਲਮੀ ਅਰਥਚਾਰਾ ਸਾਲ 2020 ਵਿਚ ਕਰੀਬ ਇਕ ਫੀਸਦ ਤੱਕ ਘੱਟ ਸਕਦਾ ਹੈ, ਜਦੋਂਕਿ ਪਹਿਲਾਂ ਇਸ ਵਿਚ 2.5 ਫੀਸਦ ਵਾਧੇ ਦਾ ਅਨੁਮਾਨ ਸੀ।

ਸੰਯੁਕਤ ਰਾਸ਼ਟਰ ਨੇ ਚਿਤਾਵਨੀ ਦਿੰਦਿਆਂ ਸਾਫ ਕਰ ਦਿੱਤਾ ਹੈ ਕਿ ਜੇਕਰ ਉਚਿਤ ਵਿੱਤੀ ਰਾਹਤ ਦਾ ਇੰਤਜ਼ਾਮ ਕੀਤੇ ਬਿਨਾਂ ਆਰਥਿਕ ਸਰਗਰਮੀਆਂ 'ਤੇ ਪਾਬੰਦੀਆਂ ਵਧਾਈਆਂ ਜਾਂਦੀਆਂ ਹਨ, ਤਾਂ ਇਹ ਨਿਘਾਰ ਹੋਰ ਵੀ ਵੱਧ ਸਕਦਾ ਹੈ।

ਸੰਯੁਕਤ ਰਾਸ਼ਟਰ ਦੇ ਆਰਥਿਕ ਤੇ ਸਮਾਜਿਕ ਮਾਮਲਿਆਂ ਬਾਰੇ ਵਿਭਾਗ (ਡੀ. ਈ. ਐਸ. ਏ.) ਦੀ ਇਕ ਸਮੀਖਿਆ ਵਿਚ ਕਿਹਾ ਗਿਆ ਹੈ ਕਿ ਕੋਵਿਡ-19 ਮਹਾਮਾਰੀ ਆਲਮੀ ਸਪਲਾਈ ਲੜੀਆਂ ਤੇ ਕੌਮਾਂਤਰੀ ਵਣਜ ਵਿਚ ਅੜਿੱਕਾ ਬਣ ਰਹੀ ਹੈ। ਪਿਛਲੇ ਮਹੀਨੇ ਦੌਰਾਨ ਲਗਭਗ ਸੌ ਮੁਲਕਾਂ ਦੀਆਂ ਕੌਮਾਂਤਰੀ ਸਰਹੱਦਾਂ ਨੂੰ ਬੰਦ ਕਰਨ ਨਾਲ ਲੋਕਾਂ ਦੀ ਆਮਦੋਰਫਤ ਤੇ ਸੈਰ-ਸਪਾਟੇ ਵਿਚ ਖੌਫਨਾਕ ਠਹਿਰਾਅ ਆਇਆ ਹੈ। ਡੀ.ਈ.ਐਸ.ਏ. ਨੇ ਕਿਹਾ, 'ਇਨ੍ਹਾਂ ਮੁਲਕਾਂ ਵਿਚ ਲੱਖਾਂ ਕਿਰਤੀਆਂ ਨੂੰ ਆਪਣਾ ਰੁਜ਼ਗਾਰ ਖੁੱਸਣ ਦੇ ਖਦਸ਼ੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਰਕਾਰਾਂ ਆਪਣੇ ਅਰਥਚਾਰੇ ਨੂੰ ਮੰਦੀ ਦੇ ਰਾਹ ਪੈਣ ਤੋਂ ਰੋਕਣ ਲਈ ਵੱਡੇ ਰਾਹਤ ਪੈਕੇਜ ਦੇਣ ਉਤੇ ਵਿਚਾਰ ਕਰ ਰਹੀਆਂ ਹਨ। ਸਭ ਤੋਂ ਮਾੜੇ ਹਾਲਾਤ ਵਿਚ ਅਰਥਚਾਰਾ 2020 ਵਿਚ 0.9 ਫੀਸਦ ਤਕ ਦਾ ਨਿਘਾਰ ਆ ਸਕਦਾ ਹੈ।' ਡੀ.ਈ.ਐਸ.ਈ. ਨੇ ਹਾਲਾਂਕਿ ਇਹ ਪੇਸ਼ੀਨਗੋਈ ਵੀ ਕੀਤੀ ਕਿ ਜੇਕਰ ਹਾਲਾਤ ਸੰਭਲ ਗਏ ਤਾਂ ਇਸ ਸਾਲ ਆਲਮੀ ਅਰਥਚਾਰਾ 1.2 ਫੀਸਦ ਤਕ ਦਾ ਵਾਧਾ ਦਰਜ ਕਰ ਸਕਦਾ ਹੈ।

## ਫਿੱਚ ਨੇ ਭਾਰਤ ਦੀ ਜੀ. ਡੀ. ਪੀ. ਦੋ ਫੀਸਦੀ ਤੱਕ ਘਟਾਈ

**ਨਵੀਂ ਦਿੱਲੀ:** ਦਰਜਾਬੰਦੀ ਏਜੰਸੀ ਫਿੱਚ ਨੇ ਕਿਹਾ ਕਿ ਉਸ ਨੇ ਭਾਰਤ ਦੀ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਦੇ ਅਨੁਮਾਨਾਂ ਨੂੰ ਘਟਾ ਕੇ ਦੋ ਫੀਸਦ ਕਰ ਦਿੱਤਾ ਹੈ। ਇਹ ਪਿਛਲੇ ਤਿੰਨ ਦਹਾਕਿਆਂ ਦਾ ਸਭ ਤੋਂ ਹੇਠਲਾ ਪੱਧਰ ਹੈ। ਪਹਿਲਾਂ ਇਸ ਦਰਜਾਬੰਦੀ ਏਜੰਸੀ ਨੇ ਜੀਡੀਪੀ ਅਨੁਮਾਨਾਂ ਨੂੰ ਘਟਾ ਕੇ 5.1 ਫੀਸਦ ਕੀਤਾ ਸੀ। ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ ਕੀਤੇ ਲੌਕਡਾਊਨ ਕਰਕੇ ਆਲਮੀ ਅਰਥਚਾਰਾ ਮੰਦੀ ਦੀ ਮਾਰ ਹੇਠ ਆ ਗਿਆ ਹੈ, ਜਿਸ ਦੇ ਅਸਰ ਤੋਂ ਭਾਰਤ ਵੀ ਨਹੀਂ ਬਚ ਸਕਿਆ। ਏਜੰਸੀ ਨੇ ਕਿਹਾ ਕਿ ਉਹ ਉਨ੍ਹਾਂ ਕੌਮਾਂਤਰੀ ਏਜੰਸੀਆਂ ਦੇ ਸਮੂਹ ਦਾ ਹਿੱਸਾ ਬਣੀ ਹੈ, ਜਿਸ ਨੇ ਕੋਵਿਡ-19 ਮਹਾਮਾਰੀ ਕਰਕੇ ਵਿਕਾਸ ਅਨੁਮਾਨਾਂ ਵਿਚ ਕਟੌਤੀ ਦੀ ਪੇਸ਼ੀਨਗੋਈ ਕੀਤੀ ਹੈ। ਏਸ਼ੀਅਨ ਡਿਵੈਲਪਮੈਂਟ ਬੈਂਕ (ਏਡੀਬੀ) ਨੇ ਭਾਰਤ ਦੀ ਆਰਥਿਕ ਵਿਕਾਸ ਦਰ ਮੌਜੂਦਾ ਵਿੱਤੀ ਸਾਲ (ਅਪਰੈਲ 2020 ਤੋਂ ਮਾਰਚ 2021) ਵਿਚ ਘੱਟ ਕੇ 4 ਫੀਸਦ ਰਹਿਣ ਦਾ ਅਨੁਮਾਨ ਲਾਇਆ ਹੈ।

## ਦੁਨੀਆਂ ਭਰ 'ਚ ਖੜ੍ਹਾ ਹੋ ਸਕਦਾ ਹੈ ਖੁਰਾਕੀ ਵਸਤਾਂ ਦਾ ਸੰਕਟ

**ਪੈਰਿਸ:** ਤਿੰਨ ਆਲਮੀ ਸੰਸਥਾਵਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਵੱਖ-ਵੱਖ ਮੁਲਕਾਂ ਦੀਆਂ ਅਥਾਰਿਟੀਆਂ ਕਰੋਨਾ ਵਾਇਰਸ ਦੇ ਸੰਕਟ ਨੂੰ ਕਾਬੂ ਕਰਨ 'ਚ ਨਾਕਾਮ ਰਹੀਆਂ ਤਾਂ ਦੁਨੀਆਂ ਭਰ ਵਿਚ ਖੁਰਾਕੀ ਵਸਤਾਂ ਦਾ ਸੰਕਟ ਖੜ੍ਹਾ ਹੋ ਸਕਦਾ ਹੈ। ਬਹੁਤ ਸਾਰੇ ਮੁਲਕਾਂ ਦੀਆਂ ਸਰਕਾਰਾਂ ਨੇ ਕੌਮਾਂਤਰੀ ਕਾਰੋਬਾਰ ਤੇ ਖੁਰਾਕੀ ਵਸਤਾਂ ਦੀ ਸਪਲਾਈ ਘਟਣ ਕਾਰਨ ਆਪਣੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਲਈ ਕਹਿ ਦਿੱਤਾ ਹੈ। ਲੋਕਾਂ ਵੱਲੋਂ ਦਹਿਸ਼ਤ ਦੇ ਮਾਰੇ ਧੜਾਧੜ ਕੀਤੀ ਗਈ ਖਰੀਦੋ ਫਰੋਖਤ ਕਾਰਨ ਵੀ ਸੰਕਟ ਖੜ੍ਹਾ ਹੋਇਆ ਹੈ ਤੇ ਬਹੁਤੀਆਂ ਸੁਪਰ ਮਾਰਕੀਟਾਂ ਖਾਲੀ ਪਈਆਂ ਹਨ। ਸੰਯੁਕਤ ਰਾਸ਼ਟਰ ਦੀ ਖੁਰਾਕ ਤੇ ਖੇਤੀਬਾੜੀ ਸੰਸਥਾ (ਐਫ.ਏ.ਕਿਊ.) ਤੇ ਮੁਖੀ ਕਿਊ ਡੌਂਗਿਊ, ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਦੇ ਡਾਇਰੈਕਟਰ ਜਨਰਲ ਟੈਡਰੋਸ ਅਧੈਨੋਮ ਗੇਬ੍ਰੇਯੇਸਸ ਅਤੇ ਵਿਸ਼ਵ ਕਾਰੋਬਾਰ ਸੰਸਥਾ (ਡਬਲਿਊ.ਟੀ.ਓ.) ਦੇ ਡਾਇਰੈਕਟਰ ਰੌਬਰਟੋ ਅਜ਼ੇਵੇਡੋ ਵੱਲੋਂ ਜਾਰੀ ਸਾਂਝੀ ਰਿਪੋਰਟ ਅਨੁਸਾਰ ਬਰਾਮਦ ਸਬੰਧੀ ਲੱਗੀਆਂ ਪਾਬੰਦੀਆਂ ਕਾਰਨ ਦੁਨੀਆਂ ਭਰ ਦੀਆਂ ਮੰਡੀਆਂ 'ਚ ਖੁਰਾਕੀ ਵਸਤਾਂ ਦਾ ਸੰਕਟ ਖੜ੍ਹਾ ਹੋ ਸਕਦਾ ਹੈ।

## ਦੂਜੇ ਵਿਸ਼ਵ ਯੁੱਧ ਪਿਛੋਂ ਸਭ ਤੋਂ ਵੱਡੀ ਚੁਣੌਤੀ: ਗੁਟੇਰੇਜ਼

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਨੇ ਕਰੋਨਾ ਵਾਇਰਸ ਨੂੰ ਦੂਜੀ ਸੰਸਾਰ ਜੰਗ ਤੋਂ ਬਾਅਦ ਸਭ ਤੋਂ ਵੱਡੀ ਚੁਣੌਤੀ ਕਰਾਰ ਦਿੰਦਿਆਂ ਕਿਹਾ ਹੈ ਕਿ ਇਹ ਮਹਾਮਾਰੀ ਨਾ ਸਿਰਫ ਲੋਕਾਂ ਦੀ ਜਾਨ ਲੈ ਰਹੀ ਹੈ ਸਗੋਂ ਆਰਥਿਕ ਮੰਦੀ ਵੱਲ ਵੀ ਲੈ ਕੇ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਇਤਿਹਾਸ 'ਚ ਅਜਿਹਾ ਭਿਆਨਕ ਸੰਕਟ ਪਹਿਲਾਂ ਪੈਦਾ ਨਹੀਂ ਹੋਇਆ ਸੀ। ਗੁਟੇਰੇਜ਼ ਨੇ 'ਸਾਂਝੀ ਜ਼ਿੰਮੇਵਾਰੀ, ਆਲਮੀ ਇਕਜੁੱਟਤਾ: ਸਮਾਜਿਕ ਆਰਥਿਕ ਦ੍ਰਿਸ਼' ਵਿਸ਼ੇ ਉਤੇ ਰਿਪੋਰਟ ਸਾਂਝਾ ਕਰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਪਿਛਲੇ 75 ਸਾਲਾਂ ਦੇ ਇਤਿਹਾਸ 'ਚ ਅਜਿਹਾ ਸੰਕਟ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਅਸੀਂ ਅਜਿਹੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ ਜੋ ਲੋਕਾਂ ਦੀ ਜਾਨ ਲੈ ਰਿਹਾ ਹੈ। ਇਨਸਾਨਾਂ ਨੂੰ ਦੁੱਖ ਦੇ ਰਿਹਾ ਹੈ ਅਤੇ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਰਿਹਾ ਹੈ।

# ਯੂਰਪ: ਮ੍ਰਿਤਕਾਂ 'ਚ 95 ਫੀਸਦੀ 60 ਸਾਲ ਤੋਂ ਵੱਧ ਉਮਰ ਦੇ

**ਜਨੇਵਾ:** ਯੂਰਪ ਵਿਚ ਵਿਸ਼ਵ ਸਿਹਤ ਸੰਸਥਾ ਦੇ ਦਫਤਰ ਦੇ ਮੁਖੀ ਨੇ ਕਿਹਾ ਹੈ ਕਿ ਅੰਕੜੇ ਦਰਸਾਉਂਦੇ ਹਨ ਕਿ ਕਰੋਨਾ ਵਾਇਰਸ ਕਾਰਨ ਯੂਰਪ ਵਿਚ ਮਰਨ ਵਾਲੇ ਲੋਕਾਂ ਵਿਚੋਂ 95 ਫੀਸਦ ਲੋਕ 60 ਸਾਲ ਤੋਂ ਵੱਧ ਉਮਰ ਦੇ ਸਨ ਪਰ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਇਸ ਖਤਰਨਾਕ ਬਿਮਾਰੀ ਲਈ ਸਿਰਫ ਉਮਰ ਹੀ ਇਕ ਮਾਤਰ ਖਤਰਾ ਨਹੀਂ ਹੈ।

ਵਿਸ਼ਵ ਸਿਹਤ ਸੰਸਥਾ ਦੇ ਯੂਰਪ ਦਫਤਰ ਦੇ ਮੁਖੀ ਡਾ. ਹਾਂਸ ਕਲੁਗੇ ਨੇ ਕਿਹਾ, "ਇਹ ਧਾਰਨਾ ਕਿ ਕੋਵਿਡ-19 ਸਿਰਫ ਬਜ਼ੁਰਗ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ, ਅਸਲ ਵਿਚ ਗਲਤ ਹੈ।" ਕੋਪਨਹੈਗਨ ਵਿਚ ਇਕ ਆਨਲਾਈਨ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਕਲੁਗੇ ਨੇ ਕਿਹਾ, "ਨੌਜਵਾਨ ਲੋਕ ਵੀ ਇਸ ਤੋਂ ਅਜਿੱਤ ਨਹੀਂ ਹਨ। ਇਸ ਤੋਂ ਪਹਿਲਾਂ ਹਾਲ ਹੀ ਵਿਚ ਵਿਸ਼ਵ ਸਿਹਤ ਸੰਸਥਾ ਦੇ ਡਾਇਰੈਕਟਰ ਜਨਰਲ ਟੈਡਰੋਜ਼ ਅਧਾਨੌਮ ਗੈਬ੍ਰਸੱਸ ਵੀ ਇਹੀ ਗੱਲ ਕਹਿ ਚੁੱਕੇ ਹਨ। ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਦਾ ਕਹਿਣਾ ਹੈ ਕਿ ਕਰੋਨਾ ਵਾਇਰਸ ਤੋਂ ਪੀੜਤ 50 ਸਾਲ ਤੋਂ ਘੱਟ ਉਮਰ ਦੇ 10 ਤੋਂ 15 ਫੀਸਦੀ ਲੋਕਾਂ ਵਿਚ ਮੱਧਮ ਜਾਂ ਗੰਭੀਰ ਲਾਗ ਹੁੰਦੀ ਹੈ।

ਸ੍ਰੀ ਕਲੁਗੇ ਨੇ ਕਿਹਾ, "ਕਿਸ਼ੋਰ ਅਵਸਥਾ ਵਾਲੇ ਜਾਂ 20 ਸਾਲ ਤੋਂ ਘੱਟ ਉਮਰ ਵਾਲੇ ਕਈ ਲੋਕਾਂ ਵਿਚ ਬਿਮਾਰੀ ਦੇ ਗੰਭੀਰ ਰੂਪ ਦੇ ਕਈ ਮਾਮਲੇ ਸਾਹਮਣੇ ਆਏ ਹਨ ਜਿਥੇ ਇਨ੍ਹਾਂ ਨੌਜਵਾਨ ਮਰੀਜ਼ਾਂ ਨੂੰ ਆਈਸੀਯੂ ਵਿਚ ਰੱਖਣ ਦੀ ਲੋੜ ਪਈ ਜਦੋਂਕਿ ਕਈਆਂ ਦੀ ਮੌਤ ਵੀ ਹੋ ਗਈ।" ਉਨ੍ਹਾਂ ਕਿਹਾ, "ਅਸੀਂ ਜਾਣਦੇ ਹਾਂ ਕਿ ਮਰਨ ਵਾਲਿਆਂ ਵਿਚ 95 ਫੀਸਦੀ ਲੋਕਾਂ ਦੀ ਉਮਰ 60 ਸਾਲ ਤੋਂ ਵੱਧ ਸੀ। ਇਨ੍ਹਾਂ ਵਿਚੋਂ ਵੀ ਅੱਧੇ ਨਾਲੋਂ ਵੱਧ ਲੋਕਾਂ ਦੀ ਉਮਰ 80 ਸਾਲ ਤੋਂ ਵੱਧ ਸੀ। ਉਨ੍ਹਾਂ ਕਿਹਾ ਕਿ ਮਰਨ ਵਾਲੇ ਪੰਜ ਲੋਕਾਂ 'ਚੋਂ ਚਾਰ ਸ਼ੂਗਰ, ਦਿਲ ਦੀ ਬਿਮਾਰੀ ਜਾਂ ਹਾਈ ਬਲੱਡ ਪ੍ਰੈੱਸ਼ਰ ਵਿਚੋਂ ਕਿਸੇ ਇਕ ਬਿਮਾਰੀ ਨਾਲ ਪੀੜਤ ਜ਼ਰੂਰ ਸਨ। ਉਨ੍ਹਾਂ ਕਿਹਾ ਕਿ ਅਜਿਹੀਆਂ ਰਿਪੋਰਟਾਂ ਵੀ ਆਈਆਂ ਹਨ ਕਿ 100 ਸਾਲ ਤੋਂ ਵੱਧ ਉਮਰ ਦੇ ਲੋਕ ਵੀ ਇਸ ਬਿਮਾਰੀ ਤੋਂ ਉੱਭਰ ਰਹੇ ਹਨ।

# ਤਬਲੀਗੀ ਜਮਾਤ ਦੇ 960 ਵਿਦੇਸ਼ੀ ਮੈਂਬਰ ਕਾਲੀ ਸੂਚੀ 'ਚ ਪਾਏ

**ਨਵੀਂ ਦਿੱਲੀ:** ਕੇਂਦਰ ਨੇ ਕਰੋਨਾ ਵਾਇਰਸ ਖਿਲਾਫ ਜੰਗ ਵਿਚ ਸਖਤੀ ਦਿਖਾਉਂਦਿਆਂ ਤਬਲੀਗੀ ਜਮਾਤ ਦੇ 960 ਵਿਦੇਸ਼ੀ ਮੈਂਬਰਾਂ ਨੂੰ ਕਾਲੀ ਸੂਚੀ ਵਿਚ ਰੱਖਦਿਆਂ ਉਨ੍ਹਾਂ ਦੇ ਟੂਰਿਸਟ ਵੀਜ਼ੇ ਰੱਦ ਕਰ ਦਿੱਤੇ ਹਨ। ਇਨ੍ਹਾਂ 'ਚ ਚਾਰ ਅਮਰੀਕੀ, 9 ਬ੍ਰਿਟਿਸ਼, ਛੇ ਚੀਨੀ, 379 ਇੰਡੋਨੇਸ਼ਿਆਈ, 110 ਬੰਗਲਾਦੇਸ਼ੀ, 63 ਮਿਆਂਮਾਰ ਅਤੇ 33 ਸ੍ਰੀਲੰਕਾ ਦੇ ਨਾਗਰਿਕ ਸ਼ਾਮਲ ਹਨ। ਇਹ ਵਿਦੇਸ਼ੀ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਹਨ ਅਤੇ ਇਨ੍ਹਾਂ 'ਚੋਂ ਕੁਝ ਕਰੋਨਾ ਦੇ ਪਾਜ਼ੇਟਿਵ ਕੇਸ ਵੀ ਹਨ।

ਸਰਕਾਰੀ ਅਧਿਕਾਰੀ ਨੇ ਕਿਹਾ ਕਿ ਕਿਰਗਿਜ਼ਸਤਾਨ ਦੇ 77, ਮਲੇਸ਼ੀਆ ਦੇ 75, ਥਾਈਲੈਂਡ ਦੇ 65, ਵੀਅਤਨਾਮ ਦੇ 12, ਸਾਊਦੀ ਅਰਬ ਦੇ 9 ਅਤੇ ਫਰਾਂਸ ਦੇ ਤਿੰਨ ਨਾਗਰਿਕਾਂ ਨੂੰ ਵੀ ਕਾਲੀ ਸੂਚੀ 'ਚ ਪਾ ਕੇ ਉਨ੍ਹਾਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ।

ਤਬਲੀਗੀ ਜਮਾਤ ਦੇ ਵਿਦੇਸ਼ੀ ਮੈਂਬਰਾਂ ਖਿਲਾਫ ਇਹ ਕਾਰਵਾਈ ਉਸ ਸਮੇਂ ਹੋਈ ਹੈ ਜਦੋਂ ਇਸਲਾਮਿਕ ਜਥੇਬੰਦੀ ਦੇ 250 ਵਿਦੇਸ਼ੀਆਂ ਸਮੇਤ 2300 ਤੋਂ ਵੱਧ ਕਾਰਕੁਨ 21 ਦਿਨ ਦੇ ਲੌਕਡਾਊਨ ਦੇ ਬਾਵਜੂਦ ਦਿੱਲੀ ਦੇ ਨਿਜ਼ਾਮੁਦੀਨ ਸਥਿਤ ਹੈੱਡਕੁਆਰਟਰ 'ਚ ਇਕੱਠੇ ਹੋਏ ਸਨ।

ਤਬਲੀਗੀ ਜਮਾਤ ਦੇ 300 ਤੋਂ ਵੱਧ ਕਾਰਕੁਨ ਕੋਵਿਡ-19 ਤੋਂ ਪੀੜਤ ਹਨ ਜਦਕਿ ਹੋਰਾਂ ਨੂੰ ਵੱਖ-ਵੱਖ ਇਕਾਂਤਵਾਸ ਕੇਂਦਰਾਂ ਵਿਚ ਰੱਖਿਆ ਗਿਆ ਹੈ। ਨਿਜ਼ਾਮੁਦੀਨ ਮਰਕਜ਼ 'ਚ ਪਿਛਲੇ ਮਹੀਨੇ ਹੋਏ ਸਮਾਗਮ ਦੌਰਾਨ 9 ਹਜ਼ਾਰ ਵਿਅਕਤੀਆਂ ਨੇ ਸ਼ਿਰਕਤ ਕੀਤੀ ਸੀ ਜਿਸ ਮਗਰੋਂ ਕਈ ਮੁਲਕ ਦੇ ਵੱਖ-ਵੱਖ ਹਿੱਸਿਆਂ ਦੇ ਦੌਰੇ ਉਤੇ ਚਲੇ ਗਏ ਸਨ।

# ਖੰਘ ਜਾਂ ਛਿੱਕਣ ਨਾਲ 8 ਮੀਟਰ ਤੱਕ ਜਾ ਸਕਦੈ ਕਰੋਨਾ ਵਾਇਰਸ

**ਨਵੀਂ ਦਿੱਲੀ:** ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਵਿਸ਼ਵ ਸਿਹਤ ਸੰਗਠਨ (ਡਬਲਿਊ.ਟੀ.ਓ.) ਅਤੇ ਅਮਰੀਕਾ ਰੋਗ ਕੰਟਰੋਲ ਤੇ ਰੋਕਥਾਮ ਕੇਂਦਰ (ਸੀ.ਡੀ.ਸੀ.) ਦੇ ਸਮਾਜਿਕ ਦੂਰੀ ਬਣਾ ਕੇ ਰੱਖਣ ਦੇ ਮੌਜੂਦਾ ਦਿਸ਼ਾ-ਨਿਰਦੇਸ਼ ਕਾਫੀ ਨਹੀਂ ਹਨ ਅਤੇ ਖੰਘ ਜਾਂ ਛਿੱਕਣ ਨਾਲ ਇਹ ਵਾਇਰਸ ਅੱਠ ਮੀਟਰ ਦੂਰ ਤਕ ਜਾ ਸਕਦਾ ਹੈ। ਜਰਨਲ ਆਫ ਦਿ ਅਮਰੀਕਨ ਮੈਡੀਕਲ ਐਸੋਸੀਏਸ਼ਨ ਵਿਚ ਪ੍ਰਕਾਸ਼ਿਤ ਖੋਜ ਮੁਤਾਬਕ ਡਬਲਿਊ. ਐਚ. ਓ. ਅਤੇ ਸੀ. ਡੀ.ਸੀ. ਨੇ ਇਸ ਸਮੇਂ ਜਿਹੜੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਉਹ ਖੰਘ, ਛਿੱਕ ਜਾਂ ਸਾਹ ਪ੍ਰਕਿਰਿਆ ਤੋਂ ਬਣਨ ਵਾਲੇ 'ਗੈਸ ਕਲਾਉਡ' ਦੇ 1930 ਦੇ ਦਹਾਕੇ ਦੇ ਪੁਰਾਣੇ ਪੈ ਚੁੱਕੇ ਮਾਡਲਾਂ ਉਤੇ ਆਧਾਰਿਤ ਹਨ।

ਅਧਿਐਨਕਰਤਾ ਐਮ.ਆਈ.ਟੀ. ਦੀ ਐਸੋਸੀਏਟ ਪ੍ਰੋਫੈਸਰ ਲੀਡੀਆ ਬੋਰੂਬੀਆ ਨੇ ਖਬਰਦਾਰ ਕੀਤਾ ਕਿ ਖੰਘ ਜਾਂ ਛਿੱਕ ਤੋਂ ਨਿਕਲਣ ਵਾਲੀਆਂ ਸੂਖਮ ਬੂੰਦਾਂ 23 ਤੋਂ 27 ਫੁੱਟ ਜਾਂ 7-8 ਮੀਟਰ ਤੱਕ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਦਿਸ਼ਾ-ਨਿਰਦੇਸ਼ ਬੂੰਦਾਂ ਦੇ ਆਕਾਰ ਉਤੇ ਆਧਾਰਿਤ ਹਨ ਅਤੇ ਇਸ ਘਾਤਕ ਰੋਗ ਖਿਲਾਫ ਪ੍ਰਸਤਾਵਿਤ ਕਦਮਾਂ ਦੇ ਅਸਰ ਨੂੰ ਸੀਮਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਪੁਰਾਣੇ ਦਿਸ਼ਾ-ਨਿਰਦੇਸ਼ਾਂ ਵਿਚ ਬੂੰਦਾਂ ਦੋ ਵਰਗਾਂ 'ਚੋਂ ਇਕ ਵਰਗ ਦੀਆਂ ਛੋਟੀਆਂ ਜਾਂ ਵੱਡੀਆਂ ਹੁੰਦੀਆਂ ਹਨ ਅਤੇ ਇਹ ਥੋੜ੍ਹੀ ਦੂਰੀ ਤੱਕ ਮਾਰ ਕਰ ਸਕਦੀਆਂ ਹਨ।

ਐਮ. ਆਈ. ਟੀ. ਦੀ ਵਿਗਿਆਨੀ ਨੇ ਕਿਹਾ ਕਿ ਖੰਘ ਜਾਂ ਛਿੱਕਣ ਉਤੇ ਬੱਦਲਾਂ ਵਰਗਾ ਘੇਰਾ ਬਣ ਜਾਂਦਾ ਹੈ ਜੋ ਹਵਾ 'ਚ ਤੈਰਦਾ ਹੈ ਅਤੇ ਨਮੀ ਤੇ ਗਰਮੀ ਕਾਰਨ ਬਾਹਰੀ ਵਾਤਾਵਰਨ 'ਚ ਖਤਮ ਨਹੀਂ ਹੁੰਦਾ ਹੈ। ਇਸ ਵਿਗਿਆਨੀ ਨੇ ਖੰਘ ਅਤੇ ਛਿੱਕਣ ਬਾਰੇ ਕਈ ਸਾਲਾਂ ਤੱਕ ਖੋਜ ਕੀਤੀ ਹੈ। ਉਸ ਨੇ ਕਿਹਾ ਕਿ ਖੰਘਣ ਜਾਂ ਛਿੱਕਣ ਮਗਰੋਂ ਇਸ ਦੀਆਂ ਬੂੰਦਾਂ ਸਤਹਿ ਉਤੇ ਵੀ ਆ ਜਾਂਦੀਆਂ ਹਨ ਅਤੇ ਇਹ ਕਈ ਘੰਟਿਆਂ ਤਕ ਹਵਾ 'ਚ ਤੈਰਦੀਆਂ ਰਹਿੰਦੀਆਂ ਹਨ।

## ਕੇਰਲਾ: ਲੋਕਾਂ ਨੂੰ ਘਰਾਂ ਵਿਚ ਹੀ ਮਿਲੇਗੀ ਨਗਦੀ

**ਤਿਰੂਵਨੰਤਪੁਰਮ:** ਕੇਰਲਾ ਵਿਚ ਲੌਕਡਾਊਨ ਦੌਰਾਨ ਹੁਣ ਲੋਕਾਂ ਨੂੰ ਨਗਦੀ ਲਈ ਏ. ਟੀ. ਐਮ. ਜਾਣ ਦੀ ਲੋੜ ਨਹੀਂ ਪਵੇਗੀ। ਸਰਕਾਰ ਨੇ ਨਗਦੀ ਘਰ-ਘਰ ਪਹੁੰਚਾਉਣ ਲਈ ਡਾਕ ਵਿਭਾਗ ਨਾਲ ਸਾਂਝ ਪਾਈ ਹੈ। ਸੂਬੇ ਦੇ ਵਿੱਤ ਮੰਤਰੀ ਡਾ. ਟੀ. ਐਮ. ਇਸਾਕ ਨੇ ਕਿਹਾ ਕਿ ਡਾਕੀਏ ਰਾਹੀਂ ਨਗਦੀ ਲੋਕਾਂ ਨੂੰ ਘਰਾਂ 'ਚ ਮਿਲੇਗੀ।

ਡਾਕੀਆ ਬਾਇਓਮੈਟ੍ਰਿਕ ਉਪਕਰਨ ਲੈ ਕੇ ਤੁਹਾਡੇ ਘਰ ਪਹੁੰਚੇਗਾ। ਇਹ ਸਹੂਲਤ 93 ਬੈਂਕਾਂ ਲਈ ਮਿਲੇਗੀ, ਜਿਹੜੇ ਖਾਤੇ ਆਧਾਰ ਨਾਲ ਲਿੰਕ ਹਨ। ਆਧਾਰ ਅਦਾਇਗੀ ਢਾਂਚੇ ਰਾਹੀਂ ਲੋਕ ਇਸ ਸਹੂਲਤ ਦਾ ਲਾਹਾ ਲੈ ਸਕਣਗੇ। ਆਧਾਰ ਸਕੈਨ ਕਰ ਕੇ ਬਾਕੀ ਜਾਣਕਾਰੀ-ਬੈਂਕ ਦਾ ਨਾਂ, ਜਿੰਨੀ ਨਗਦੀ ਚਾਹੀਦੀ ਹੈ, ਭਰੀ ਜਾਵੇਗੀ। ਇਕ ਦਿਨ 'ਚ ਦਸ ਹਜ਼ਾਰ ਰੁਪਏ ਕਢਵਾਏ ਜਾ ਸਕਣਗੇ। ਮਸ਼ੀਨ ਨੂੰ ਸੈਨੇਟਾਈਜ਼ ਕੀਤਾ ਜਾਵੇਗਾ। ਲਾਭਪਾਤਰੀ ਵੀ ਹੱਥ ਸੈਨੇਟਾਈਜ਼ ਕਰੇਗਾ।

## 'ਮੋਦੀ ਸਰਕਾਰ ਦਾ ਲੌਕਡਾਊਨ ਬੇਤਰਤੀਬਾ'

**ਨਵੀਂ ਦਿੱਲੀ:** ਕਾਂਗਰਸ ਦੇ ਸਿਖਰਲੇ ਆਗੂਆਂ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨਾਲ ਕਰੋਨਾ ਵਾਇਰਸ ਮਹਾਮਾਰੀ ਕਰਕੇ ਬਣੇ ਦੇਸ਼ ਦੇ ਮੌਜੂਦਾ ਹਾਲਾਤ ਉਤੇ ਚਰਚਾ ਕਰਦਿਆਂ 'ਬੇਤਰਤੀਬ' ਢੰਗ ਨਾਲ ਲੌਕਡਾਊਨ ਕਰਨ ਲਈ ਮੋਦੀ ਸਰਕਾਰ ਨੂੰ ਭੰਡਿਆ। ਆਗੂਆਂ ਨੇ ਮਹਾਮਾਰੀ ਕਰਕੇ ਦਰਪੇਸ਼ ਚੁਣੌਤੀ ਦੇ ਟਾਕਰੇ ਲਈ 'ਇਕਜੁੱਟਤਾ' ਦਾ ਸੱਦਾ ਦਿੱਤਾ।

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਮਹਾਮਾਰੀ ਦੇ ਟਾਕਰੇ ਲਈ ਕਾਂਗਰਸ ਪਾਰਟੀ ਪੂਰੇ ਮੁਲਕ ਨਾਲ ਇਕ ਹੋ ਕੇ ਖੜ੍ਹੀ ਹੈ। ਰਾਹੁਲ ਗਾਂਧੀ ਨੇ ਚਿਤਾਵਨੀ ਦਿੱਤੀ ਕਿ ਦੇਸ਼ ਆਰਥਿਕ ਤਬਾਹੀ ਲਈ ਤਿਆਰ ਰਹਿਣਾ ਹੋਵੇਗਾ। ਪ੍ਰਿਅੰਕਾ ਗਾਂਧੀ ਨੇ ਯੂਪੀ ਵਿਚ ਪਰਵਾਸੀ ਕਾਮਿਆਂ ਨਾਲ ਕੀਤੇ ਅਣਮਨੁੱਖੀ ਵਿਹਾਰ ਦੀ ਨਿਖੇਧੀ ਕੀਤੀ।

# ਚੀਨ ਵਲੋਂ ਲੱਛਣ-ਮੁਕਤ 1541 ਕੇਸਾਂ ਬਾਰੇ ਹੈਰਾਨੀਜਨਕ ਖੁਲਾਸਾ

**ਪੇਈਚਿੰਗ:** ਚੀਨ ਨੇ ਪਹਿਲੀ ਵਾਰ ਜਾਨਲੇਵਾ ਕਰੋਨਾ ਵਾਇਰਸ ਦੇ 1541 ਅਜਿਹੇ ਕੇਸਾਂ ਦਾ ਖੁਲਾਸਾ ਕੀਤਾ ਹੈ ਜਿਨ੍ਹਾਂ ਵਿਚ ਰੋਗੀ ਅੰਦਰ ਵਾਇਰਸ ਦੇ ਲੱਛਣ ਦਿਖਾਈ ਹੀ ਨਹੀਂ ਸ਼ਾਮਲ ਸਨ। ਇਨ੍ਹਾਂ ਕੇਸਾਂ ਤੋਂ ਇਲਾਵਾ 35 ਨਵੇਂ ਕੇਸ ਬਾਹਰ ਤੋਂ ਆਏ ਵਿਅਕਤੀਆਂ ਦੇ ਹਨ ਜਦਕਿ ਮੁਲਕ ਵਿਚ ਇਕ ਵਿਅਕਤੀ ਕਰੋਨਾ ਵਾਇਰਸ ਤੋਂ ਪੀੜਤ ਹੈ।



ਦਿੱਤੇ ਹਨ। ਇਸ ਨਾਲ ਮੁਲਕ 'ਚ ਕਰੋਨਾ ਵਾਇਰਸ ਫੈਲਣ ਦਾ ਨਵਾਂ ਦੌਰ ਸ਼ੁਰੂ ਹੋਣ ਨੂੰ ਲੈ ਕੇ ਚਿੰਤਾ ਵਧ ਗਈ ਹੈ।

ਚੀਨ ਦੇ ਕੌਮੀ ਸਿਹਤ ਕਮਿਸ਼ਨ (ਐਨ. ਐਚ. ਸੀ.) ਨੇ ਅਚਾਨਕ ਐਲਾਨ ਕੀਤਾ ਕਿ ਉਹ ਅਜਿਹੇ ਮਰੀਜ਼ਾਂ ਦੀ ਜਾਣਕਾਰੀ ਜਾਰੀ ਕਰੇਗਾ ਜਿਨ੍ਹਾਂ 'ਚ ਵਾਇਰਸ ਦੇ ਲੱਛਣ ਦਿਖਾਈ ਨਹੀਂ ਦਿੱਤੇ ਹਨ। ਚੀਨ ਦੀ ਸਰਕਾਰੀ ਖਬਰ ਏਜੰਸੀ ਸ਼ਿਨਹੂਆ ਨੇ ਐਨ.ਐਚ.ਸੀ. ਦੇ ਹਵਾਲੇ ਨਾਲ ਬਿਆਨ 'ਚ ਕਿਹਾ ਕਿ ਚੀਨ ਨੇ ਅਜਿਹੇ 1541 ਰੋਗੀਆਂ ਨੂੰ ਡਾਕਟਰਾਂ ਦੀ ਨਿਗਰਾਨੀ 'ਚ ਰੱਖਿਆ ਸੀ। ਇਨ੍ਹਾਂ 'ਚੋਂ ਵਿਦੇਸ਼ ਤੋਂ ਆਏ 205 ਵਿਅਕਤੀ ਬਾਹਰ ਤੋਂ ਆਏ ਵਿਅਕਤੀਆਂ 'ਚ ਕੇਸਾਂ ਦੀ ਗਿਣਤੀ 806 ਹੋ ਗਈ ਹੈ। ਕਰੋਨਾ ਕਰਕੇ ਸੱਤ ਹੋਰ ਵਿਅਕਤੀ ਮਾਰੇ ਗਏ ਹਨ ਜਿਸ ਨਾਲ ਮ੍ਰਿਤਕਾਂ ਦੀ ਕੁੱਲ ਗਿਣਤੀ ਵਧ ਕੇ 3312 ਹੋ ਗਈ ਹੈ। ਐਨ.ਐਚ.ਸੀ. ਦੇ ਰੋਗ ਕੰਟਰੋਲ ਬਿਊਰੋ ਦੇ ਮੁਖੀ ਚੈਂਗ ਜਾਈਲ ਨੇ ਕਿਹਾ ਕਿ ਚੀਨ ਅਜਿਹੇ ਮਰੀਜ਼ਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਹਾਲਤ ਬਾਰੇ ਜਾਣਕਾਰੀ ਪ੍ਰਕਾਸ਼ਿਤ ਕਰੇਗਾ। ਬਿਆਨ 'ਚ ਕਿਹਾ ਗਿਆ ਹੈ ਕਿ ਕੋਵਿਡ-19 ਦੇ ਲੱਛਣ-ਮੁਕਤ ਰੋਗੀਆਂ ਕਾਰਨ ਵਾਇਰਸ ਹੋਰ ਫੈਲ ਸਕਦਾ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਅਜਿਹੇ ਕੇਸਾਂ ਨੂੰ ਅਹਿਮੀਅਤ ਦਿੱਤੀ ਹੈ।

# ਚੀਨ ਦੇ ਸ਼ਹਿਰ ਸ਼ੇਨਜ਼ੇਨ 'ਚ ਕੁੱਤੇ ਤੇ ਬਿੱਲੀਆਂ ਖਾਣ ਉਤੇ ਪਾਬੰਦੀ

**ਪੇਈਚਿੰਗ:** ਚੀਨ ਦੇ ਸ਼ਹਿਰ ਸ਼ੇਨਜ਼ੇਨ ਵਿਚ ਕੁੱਤੇ ਤੇ ਬਿੱਲੀਆਂ ਦੀ ਵਿਕਰੀ ਅਤੇ ਖਾਣ ਉਤੇ ਪਾਬੰਦੀ ਲਗਾ ਦਿੱਤੀ ਗਈ ਹੈ। ਕਰੋਨਾ ਵਾਇਰਸ ਨੂੰ ਜੰਗਲੀ ਜਾਨਵਰਾਂ ਦਾ ਮੀਟ ਖਾਣ ਕਾਰਨ ਉਪਜੀ ਮਹਾਮਾਰੀ ਮੰਨਦਿਆਂ ਸ਼ੇਨਜ਼ੇਨ ਇਹ ਪਾਬੰਦੀ ਲਾਉਣ ਵਾਲਾ ਚੀਨ ਦਾ ਪਹਿਲਾ ਸ਼ਹਿਰ ਬਣ ਗਿਆ ਹੈ।

ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਜੰਗਲੀ ਜਾਨਵਰਾਂ ਦੇ ਵੇਚ-ਖਰੀਦ ਅਤੇ ਖਾਣ ਉਤੇ ਪਾਬੰਦੀ ਲਗਾਈ ਗਈ ਹੈ। ਬੀ.ਬੀ.ਸੀ. ਦੀ ਰਿਪੋਰਟ ਅਨੁਸਾਰ ਇਹ ਕਾਨੂੰਨ ਪਹਿਲੀ ਮਈ ਤੋਂ ਲਾਗੂ ਹੋਵੇਗਾ। ਸ਼ੇਨਜ਼ੇਨ 'ਚ ਵਿਚ ਅਧਿਕਾਰੀਆਂ ਵਲੋਂ ਜਾਰੀ ਬਿਆਨ ਅਨੁਸਾਰ, 'ਕੁੱਤੇ ਅਤੇ ਬਿੱਲੀਆਂ ਦਾ ਪਾਲਤੂ ਜਾਨਵਰ ਹੋਰਨਾਂ ਜਾਨਵਰਾਂ ਦੇ ਮੁਕਾਬਲੇ ਇਨਸਾਨ ਬਹੁਤ ਗੂੜ੍ਹਾ ਸਬੰਧ ਹੈ। ਮੰਗ ਅਤੇ ਮਨੁੱਖੀ ਸੱਭਿਅਤਾ ਦੇ ਮੱਦੇਨਜ਼ਰ ਇਹ ਪਾਬੰਦੀ ਲਾਈ ਗਈ ਹੈ।' ਜ਼ਿਕਰਯੋਗ ਹੈ ਕਿ ਫਰਵਰੀ ਮਹੀਨੇ ਚੀਨੀ ਅਧਿਕਾਰੀਆਂ ਵਲੋਂ ਜੰਗਲੀ ਜਾਨਵਰਾਂ ਦੇ ਵਪਾਰ ਅਤੇ ਖਾਣ ਵਜੋਂ ਵਰਤੋਂ ਉਤੇ ਪਾਬੰਦੀ ਲਗਾਈ ਗਈ ਸੀ।

# ਉਤਰ-ਕਰੋਨਾ ਯੁਗ ਦੇ ਨਿਰਮਾਣ ਨੂੰ ਸਮਝਦਿਆਂ

ਇਕ ਵੱਡੇ ਵਿਦਵਾਨ ਤੋਂ ਲੈ ਕੇ ਆਮ ਰਿਕਸ਼ਾ ਚਾਲਕ ਤੱਕ ਸਾਰੇ ਲੋਕ ਇਕੋ ਸਵਾਲ ਕਰ ਰਹੇ ਹਨ ਕਿ ਕਰੋਨਾ ਵਾਇਰਸ ਦੀ ਮਹਾਮਾਰੀ ਕਦੋਂ ਰੁਕੇਗੀ? ਲੋਕ ਆਪਣੇ ਕੰਮਾਂ 'ਤੇ ਕਦੋਂ ਵਾਪਿਸ ਜਾਣਗੇ? ਕੀ ਕਰੋਨਾ ਵਾਇਰਸ ਤੋਂ ਪਹਿਲਾਂ ਵਾਲੇ ਹਾਲਾਤ ਵਾਪਿਸ ਪਰਤਣਗੇ ਵੀ ਕਿ ਨਹੀਂ? ਮਹਾਮਾਰੀ ਜ਼ਰੂਰ ਰੁਕੇਗੀ, ਲੋਕ ਕੰਮਾਂ-ਕਾਰਾਂ 'ਤੇ ਵੀ ਜਾਣਗੇ; ਪਰ ਦੁਨੀਆਂ ਉਹ ਨਹੀਂ ਰਹੇਗੀ, ਜੋ ਇਸ ਸੰਕਟ ਤੋਂ ਪਹਿਲਾਂ ਹੁੰਦੀ ਸੀ। ਆਰਥਕ, ਰਾਜਨੀਤਕ ਅਤੇ ਸਮਾਜਕ ਢਾਂਚਾ-ਤਿੰਨੋ ਬਦਲ ਜਾਣਗੇ। ਇਸ ਲੇਖ ਰਾਹੀਂ ਆਪਾਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਦੁਨੀਆਂ ਦੇ ਜਿਸ ਢਾਂਚੇ ਨੂੰ 2008 ਦਾ ਆਰਥਕ ਸੰਕਟ ਨਾ ਬਦਲ ਸਕਿਆ, ਉਸ ਨੂੰ ਇਹ ਵਾਇਰਲ ਇਨਫੈਕਸ਼ਨ ਕਿਵੇਂ ਬਦਲ ਦੇਵੇਗੀ?

ਪਹਿਲੀ ਗੱਲ ਤਾਂ ਇਹ ਕਿ ਕਰੋਨਾ ਵਾਇਰਸ ਰਾਹੀਂ ਫੈਲਾਈ ਜਾ ਰਹੀ ਬਿਮਾਰੀ ਅਤੇ ਉਸ ਵਿਚੋਂ

ਅਮਰਜੀਤ ਸਿੰਘ ਗਰੇਵਾਲ

ਪੈਦਾ ਹੋਣ ਵਾਲਾ ਆਰਥਕ ਸੰਕਟ, ਦੋਵੇਂ ਵਿਸ਼ਵ ਪੱਧਰੀ ਸੰਕਟ ਹਨ। ਇਸ ਲਈ ਇਨ੍ਹਾਂ ਦੇ ਹੱਲ ਵੀ ਵਿਸ਼ਵ ਪੱਧਰੀ ਸਹਿਯੋਗ ਰਾਹੀਂ ਹੀ ਹੋਣਗੇ। ਆਈਸੋਲੇਸ਼ਨ ਵੀ ਜ਼ਰੂਰੀ ਹੈ, ਪਰ ਉਸ ਤੋਂ ਵੀ ਵੱਧ ਜਰੂਰੀ ਹੈ, ਮੁਲਕਾਂ ਦਾ ਆਪਸੀ ਵਿਸ਼ਵਾਸ। ਸਾਡੇ ਸਾਹਮਣੇ ਮੌਸਮੀ ਤਬਦੀਲੀ ਅਤੇ ਬੇਰੁਜ਼ਗਾਰੀ ਜਿਹੇ ਹੋਰ ਵੀ ਅਨੇਕਾਂ ਮਸਲੇ ਹਨ, ਜੋ ਸਿਰਫ ਮੁਲਕਾਂ ਦੇ ਆਪਸੀ ਸਹਿਯੋਗ ਅਤੇ ਸਾਂਝੀ ਐਕਸ਼ਨ ਪਲੈਨ ਰਾਹੀਂ ਹੀ ਹੱਲ ਹੋ ਸਕਦੇ ਹਨ, ਉਨ੍ਹਾਂ ਦੀ ਹਉਮੈ ਤੇ ਹਵਸ ਰਾਹੀਂ ਨਹੀਂ।

ਇਹ ਗੱਲ ਬਿਲਕੁਲ ਦਰੁਸਤ ਹੈ ਕਿ ਮਾਨਵਜਾਤੀ ਨੂੰ ਦਰਪੇਸ਼ ਵਿਸ਼ਵ ਪੱਧਰੀ ਸਮੱਸਿਆਵਾਂ ਨੂੰ ਇਕੱਲੇ ਰਾਸ਼ਟਰਵਾਦ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ। ਫਿਰ ਵਿਸ਼ਵ ਪੱਧਰੀ ਸਮੱਸਿਆਵਾਂ ਦੇ ਹੱਲ ਲਈ ਵੱਖ ਵੱਖ ਮੁਲਕਾਂ ਦੇ ਸਹਿਯੋਗ 'ਤੇ ਆਧਾਰਿਤ ਵਿਸ਼ਵ ਢਾਂਚਾ ਕਿਹੋ ਜਿਹਾ ਹੋਵੇ? ਇਸ ਬਾਰੇ ਚਰਚਾ ਕਰਨੀ ਜ਼ਰੂਰੀ ਹੈ। ਜੇ ਗਲੋਬਲ ਸਿਆਸਤ ਦਾ ਅਰਥ ਗਲੋਬਲ ਸਰਕਾਰ ਨਹੀਂ ਹੈ ਅਤੇ ਨਾ ਹੀ ਗਲੋਬਲ ਤਕਨਾਲੋਜੀ ਦੀ ਸਰਦਾਰੀ ਹੈ, ਤਾਂ ਫੇਰ ਕੌਮੀ ਸਰਕਾਰਾਂ ਨੂੰ, ਬਿਨਾ ਕਿਸੇ ਇਕ, ਦੋ ਜਾਂ ਤਿੰਨ ਧਿਰਾਂ ਦੀ ਚੌਧਰ ਦੇ, ਕਿਵੇਂ ਗਲੋਬਲਾਈਜ਼ ਕੀਤਾ ਜਾਵੇ? ਇਹ ਸਾਡੇ ਸਮਿਆਂ ਦਾ ਵੱਡਾ ਸਵਾਲ ਹੈ।

ਫੈਸਲੇ ਲੈਣ ਦੇ ਅਮਲ ਨੂੰ ਬਨਾਵਟੀ ਗਿਆਨ, ਬਿਗਡੈਟਾ ਐਨਾਲਿਟਿਕਸ, ਬਹੁ-ਕੌਮੀ ਕਾਰਪੋਰੇਸ਼ਨਾਂ, ਸ਼ਕਤੀਸ਼ਾਲੀ ਮੁਲਕਾਂ ਦੀ ਚੌਧਰ ਅਤੇ ਕੌਮੀ-ਰਾਜਾਂ ਦੇ ਸ਼ਕਤੀਸ਼ਾਲੀ ਕੇਂਦਰਾਂ ਦੀ ਸਰਦਾਰੀ (ਚੌਧਰ) ਤੋਂ ਬਚਾਉਂਦਿਆ ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਇਸ ਭੀੜ ਨੂੰ ਕਿਵੇਂ ਇਕਜੁੱਟ ਕਰਨਾ ਹੈ ਜਾਂ ਫਿਰ ਕਿ ਬੰਦੇ ਨੂੰ ਮਨਫੀ ਹੋਣ ਤੋਂ ਕਿਵੇਂ ਬਚਾਉਣਾ ਹੈ? ਇਹ ਬਹੁਤ ਵੱਡਾ ਸਵਾਲ ਹੈ। ਬੰਦਿਆਂ, ਪਰਿਵਾਰਾਂ, ਭਾਈਚਾਰਿਆਂ ਅਤੇ ਰਾਜਾਂ ਨੂੰ ਭਰੋਸੇ ਵਿਚ ਲਏ ਬਿਨਾ ਸ਼ਕਤੀਸਾਲੀ ਕੇਂਦਰ ਰਾਹੀਂ ਲਏ ਫੈਸਲਿਆਂ ਦਾ ਨਤੀਜਾ ਅਸੀਂ ਲੱਖਾਂ ਦੀ ਗਿਣਤੀ ਵਿਚ ਪੈਦਲ ਹੀ ਆਪਣੇ ਘਰਾਂ ਨੂੰ ਵਾਪਿਸ ਪਰਤ ਰਹੇ ਪਰਵਾਸੀ ਮਜ਼ਦੂਰਾਂ ਦੀ ਦੁਰਦਸ਼ਾ ਅਤੇ ਇਨਫੈਕਸ਼ਨ ਦੀ ਵਧੀ ਹੋਈ ਸੰਭਾਵਨਾ ਤੋਂ ਲਾ ਸਕਦੇ ਹਾਂ। ਇਸ ਵਰਤਾਰੇ ਨੇ 1947 ਦੀ ਯਾਦ ਤਾਜ਼ਾ ਕਰਵਾ ਦਿੱਤੀ।

ਭੀੜ ਨੂੰ ਕਿਵੇਂ ਇਕਜੁੱਟ ਕਰਨਾ ਹੈ? ਇਸ ਸਵਾਲ ਦਾ ਜਵਾਬ ਵੀ ਸਾਨੂੰ ਇਸ ਮਹਾਮਾਰੀ ਦੀ ਪਰਖ-ਪੜਚੋਲ ਵਿਚੋਂ ਹੀ ਪ੍ਰਾਪਤ ਹੋਵੇਗਾ। ਇਹ ਮਹਾਮਾਰੀ ਹੀ ਨਵੇਂ ਸੰਸਾਰ ਦੇ ਲੱਛਣਾਂ ਦੀ ਨਿਸ਼ਾਨਦੇਹੀ ਕਰੇਗੀ। ਇਸ ਦਿਸ਼ਾ ਵਿਚ ਪਹਿਲੀ ਦੇਖਣ ਵਾਲੀ ਗੱਲ ਇਹ ਹੈ ਕਿ ਅਮਰੀਕਾ ਅਤੇ ਚੀਨ ਵਿਚਾਲੇ ਚੱਲਿਆ ਤਜਾਰਤੀ ਯੁੱਧ ਹੁਣ ਦੁਸ਼ਣਬਾਜੀ ਵਿਚ ਬਦਲ ਗਿਆ ਹੈ, ਜਿਸ ਨੇ ਦੁਨੀਆਂ ਅੰਦਰ ਬੇਭਰੋਸਗੀ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਭਾਵੇਂ ਅਮਰੀਕਾ ਦੇ ਵਿਸ਼ਵ ਸੱਤਾ ਦੀ ਲੀਡਰਸ਼ਿਪ ਤੋਂ ਲਾਂਭੇ ਹੋ ਜਾਣ ਨਾਲ ਚੀਨ ਦਾ ਪ੍ਰਭਾਵ ਵਧ ਰਿਹਾ ਹੈ।

ਹੁਣ ਇਕ ਪਾਸੇ ਤਾਂ ਅਮਰੀਕਾ ਦੀ ਕਰੋਨਾ ਵਾਇਰਸ ਨਾਲ ਲੜਾਈ ਆਪਣੀ ਸਿਖਰ 'ਤੇ ਹੈ, ਦੂਜੇ ਪਾਸੇ ਚੀਨ ਇਸ ਸੰਕਟ 'ਤੇ ਕਾਬੂ ਪਾ ਕੇ ਆਪਣੀ ਆਰਥਕ ਵਿਵਸਥਾ ਨੂੰ ਸੰਭਾਲਣ ਵਿਚ ਲੱਗਾ ਹੋਇਆ ਹੈ। ਚੀਨ ਦਾ ਪਲੜਾ ਭਾਰੀ ਹੈ, ਪਰ ਚੀਨ ਨੇ ਸ਼ੁਰੂ ਸ਼ੁਰੂ ਵਿਚ ਇਸ ਬਿਮਾਰੀ ਦੀ ਅਸਲੀਅਤ ਨੂੰ ਛੁਪਾ ਕੇ ਜਿਵੇਂ ਦੁਨੀਆਂ ਵਿਚ ਫੈਲਣ ਦਿੱਤਾ, ਉਸ ਨੇ ਚੀਨ ਦੇ ਅਕਸ ਨੂੰ ਵੱਡੀ ਠੇਸ ਪਹੁੰਚਾਈ ਹੈ। ਇਸੇ ਤਰ੍ਹਾਂ ਟਰੰਪ ਪ੍ਰਸ਼ਾਸਨ ਨੇ ਵੀ ਯੂਰਪੀਅਨ ਯੂਨੀਅਨ ਨੂੰ ਦੱਸੇ ਬਿਨਾ ਹੀ ਉਥੋਂ ਆਉਣ ਵਾਲੀਆਂ ਫਲਾਈਟਾਂ ਬੰਦ ਕਰ ਦਿੱਤੀਆਂ ਸਨ, ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਮੁਲਕਾਂ ਦੇ ਆਪਸੀ ਸਹਿਯੋਗ ਬਿਨਾ ਕਰੋਨਾ ਵਾਇਰਸ ਦੀ ਮਹਾਮਾਰੀ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਇਸ ਵਾਸਤੇ ਸੰਕਟ ਦੇ ਇਨ੍ਹਾਂ ਵਕਤਾਂ ਵਿਚ, ਇਸ ਸੰਸਾਰ ਕੋਲ ਆਪਣੇ ਆਪ ਨੂੰ ਇਕ ਨਾਨ-ਸਾਵਰਨ ਅਤੇ ਨਾਨ-ਹੈਜਮੌਨਿਕ ਬਹੁ-ਧਰੁਵੀ ਵਰਲਡ-ਆਰਡਰ ਦੇ ਰੂਪ ਵਿਚ ਕਲਪਿਤ ਕਰਨ ਤੋਂ ਬਿਨਾ ਹੋਰ ਕੋਈ ਪਰਿਭਾਸ਼ਾ ਹੀ ਨਹੀਂ ਰਹਿ ਜਾਂਦੀ।

ਇਹ ਨਹੀਂ ਕਿ ਦੁਨੀਆਂ ਨੂੰ ਇਸ ਮਹਾਮਾਰੀ ਦੀ ਕੋਈ ਭਿਣਕ ਨਹੀਂ ਸੀ। ਬਿਲ ਗੇਟਸ ਨੇ 2015 ਵਿਚ ਹੀ ਇਹ ਚਿਤਾਵਨੀ ਦੇ ਦਿੱਤੀ ਸੀ, "ਸ਼ੁਕਰ ਕਰੋ ਕਿ ਇਬੋਲਾ ਪੱਛਮੀ ਅਫਰੀਕਾ ਜਿਹੇ ਉਨ੍ਹਾਂ ਮੁਲਕਾਂ ਵਿਚ ਹੀ ਫੈਲਿਆ, ਜੋ ਦੁਨੀਆਂ ਦੀ ਘਣੀ ਆਬਾਦੀ ਵਾਲੇ ਇਲਾਕਿਆਂ ਤੋਂ ਕੱਟੇ ਹੋਏ ਸਨ। ਦੂਜੇ ਇਹ ਹਵਾ ਰਾਹੀਂ ਨਹੀਂ, ਤਰਲ (ਫਲਿਊਡਜ਼) ਰਾਹੀਂ ਫੈਲਣ ਵਾਲੀ ਬਿਮਾਰੀ ਸੀ। ਇਸ ਲਈ ਛੇਤੀ ਸੰਭਾਲੀ ਗਈ। ਅਗਲੀ ਵਾਰ ਜੇ ਕੋਈ ਹਵਾ ਰਾਹੀਂ ਫੈਲਣ ਵਾਲੀ ਬਿਮਾਰੀ ਆ ਗਈ, ਜਿਸ ਦੇ ਲੱਛਣ ਵੀ ਪਛੜ ਕੇ ਉਦੋਂ ਤੱਕ ਦਿਖਾਈ ਨਾ ਦੇਣ, ਜਦੋਂ ਤੱਕ ਉਸ ਬਿਮਾਰੀ ਦੇ ਮਰੀਜ਼ ਰੇਲ ਗੱਡੀਆਂ ਅਤੇ ਜਹਾਜਾਂ ਰਾਹੀਂ ਦੁਨੀਆਂ ਦੇ ਕਈ ਸ਼ਹਿਰ ਘੁੰਮ ਨਾ ਆਏ ਹੋਣ, ਤਾਂ ਸੋਚੋ ਕੀ ਹੋਵੇਗਾ?"

ਬਿਲ ਗੇਟਸ ਦਾ ਡਰ ਠੀਕ ਨਿਕਲਿਆ। ਕਰੋਨਾ ਵਾਇਰਸ ਨੇ ਇਹ ਕਹਿਰ ਹੁਣ ਸਾਰੀ ਦੁਨੀਆਂ ਵਿਚ ਫੈਲਾਇਆ ਹੋਇਆ ਹੈ। ਅਮਰੀਕਾ ਦੀ ਖੁਫੀਆ ਏਜੰਸੀ ਸੀ. ਆਈ. ਏ. ਨੇ ਤਾਂ ਇਸ ਤੋਂ ਵੀ ਪਹਿਲਾਂ 2006 ਵਿਚ ਛਪੀ ਆਪਣੀ ਇਕ ਰਿਪੋਰਟ ਰਾਹੀਂ ਸਪਸ਼ਟ ਕਰ ਦਿੱਤਾ ਸੀ ਕਿ ਇਸ ਤਰ੍ਹਾਂ ਦੀ ਮਹਾਮਾਰੀ ਚੀਨ ਅਤੇ ਦੱਖਣ-ਪੂਰਬੀ ਏਸ਼ੀਆ ਤੋਂ ਸ਼ੁਰੂ ਹੋ ਕੇ ਸਾਰੀ ਦੁਨੀਆਂ ਵਿਚ ਫੈਲ ਸਕਦੀ ਹੈ। ਵਿਸ਼ਵ ਬੈਂਕ ਵੀ ਅਜਿਹੀਆਂ ਚਿਤਾਵਨੀਆਂ ਕਈ ਵਾਰ ਦੇ ਚੁਕਾ ਹੈ।

ਸਪਸ਼ਟ ਹੈ ਕਿ ਦੁਨੀਆਂ ਕੋਲ ਜਾਣਕਾਰੀ ਤਾਂ ਸੀ, ਪਰ ਇਸ ਮਹਾਮਾਰੀ ਨੂੰ ਰੋਕਣ ਲਈ ਮੁਲਕਾਂ ਕੋਲ ਲੋੜੀਂਦੇ ਸਾਧਨ ਮੌਜੂਦ ਨਹੀਂ ਸਨ। ਅਮਰੀਕਾ ਜਿਹੇ ਵਿਕਸਿਤ ਮੁਲਕਾਂ ਕੋਲ ਵੀ ਨਹੀਂ। ਭਾਵ ਮੁਲਕਾਂ ਨੇ ਆਪਣੇ ਸਿਹਤ ਪ੍ਰਬੰਧ/ਇਨਫਰਾਸਟ੍ਰਕਚਰ ਵੱਲ ਬਣਦਾ ਧਿਆਨ ਨਹੀਂ ਦਿੱਤਾ। ਇਸ ਵਿਸ਼ਵ ਪੱਧਰ ਦੀ ਚੁਣੌਤੀ ਦਾ ਟਾਕਰਾ ਕਰਨ ਲਈ ਜਿਸ ਪੱਧਰ ਦੀ ਰਣਨੀਤੀ ਦੀ ਲੋੜ ਸੀ, ਉਸ ਦੇ ਨਿਰਮਾਣ ਲਈ ਵੱਖ ਵੱਖ ਮੁਲਕਾਂ ਦਾ ਆਪਸੀ ਅਤੇ ਵਿਸ਼ਵ ਸੰਸਥਾਵਾਂ ਨਾਲ ਸਹਿਯੋਗ ਗੈਰਹਾਜ਼ਰ ਸੀ। ਡਬਲਿਊ. ਐਚ. ਓ. ਜਿਹੀਆਂ ਵਿਸ਼ਵ ਸੰਸਥਾਵਾਂ ਆਪਣੀਆਂ ਕਮਜ਼ੋਰੀਆਂ ਕਾਰਨ ਕੇਂਦਰੀ ਰੋਲ ਨਿਭਾਉਣ ਵਿਚ ਅਸਮਰੱਥ ਸਨ। ਦਰਅਸਲ ਜਿਸ ਕਿਸਮ ਦੀ ਵਿਸ਼ਵ ਸਿਹਤ ਵਿਵਸਥਾ ਦੇ ਨਿਰਮਾਣ ਦੀ ਲੋੜ ਸੀ, ਉਸ ਵੱਲ ਕਿਸੇ ਦਾ ਧਿਆਨ ਹੀ ਨਾ ਗਿਆ। ਆਪਣੀ ਆਰਥਕ ਅਤੇ ਰਾਜਨੀਤਕ ਸ਼ਕਤੀ ਵਧਾਉਣ ਦੀ ਧੁਨ ਵਿਚ ਅਸੀਂ ਆਪਣੀ ਹੋਂਦ ਹੀ ਖਤਰੇ ਵਿਚ ਪਾ ਲਈ। ਨਤੀਜੇ ਵਜੋਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਕਰੋਨਾ ਵਾਇਰਸ ਦੇ ਫੈਲਣ ਪਿਛੇ ਵਿਸ਼ਵ ਸੱਤਾ ਦੀ ਗੈਰਹਾਜ਼ਰੀ ਪ੍ਰਮੁਖ ਵਜ੍ਹਾ ਗਿਣੀ ਜਾਵੇਗੀ।

ਕਰੋਨਾ ਵਾਇਰਸ ਦੀ ਮਹਾਮਾਰੀ ਇਕ ਜ਼ਬਰਦਸਤ ਚਿਤਾਵਨੀ ਹੈ ਕਿ ਜੇ ਅਸੀਂ ਵਿਸ਼ਵ ਵਿਵਸਥਾ ਦੇ ਨਿਰਮਾਣ ਰਾਹੀਂ ਵਿਸ਼ਵ ਸਹਿਯੋਗ ਦੀਆਂ ਇਮਾਨਦਾਰ ਸੰਭਾਵਨਾਵਾਂ ਨਾ ਜਗਾਈਆਂ ਤਾਂ ਸਾਨੂੰ ਇਸ ਤੋਂ ਵੀ ਵੱਡੇ ਖਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਮਨੁੱਖ ਜਾਤੀ ਦੇ ਬਚਾਓ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਟਰੰਪ, ਸ਼ੀ, ਪੂਤਿਨ ਅਤੇ ਮੋਦੀ ਜਿਹਿਆਂ ਵਲੋਂ ਰਾਸ਼ਟਰਵਾਦੀ ਲੀਹਾ 'ਤੇ ਵਿਕਸਿਤ ਕੀਤੇ ਜਾ ਰਹੇ ਸਾਵਰਨ ਕੌਮੀ-ਰਾਜਾਂ ਦੇ ਸਮਾਨੰਤਰ ਇਕ ਨਾਨ-ਸਾਵਰਨ ਵਿਸ਼ਵ ਸੱਤਾ ਦਾ ਵੀ ਨਿਰਮਾਣ ਕੀਤਾ ਜਾਵੇ। ਕਰੋਨਾ ਵਾਇਰਸ ਨੇ ਇਸ ਲੋੜ ਨੂੰ ਉਭਾਰ ਦਿੱਤਾ ਹੈ।

ਇਸ ਵਿਚ ਕੋਈ ਸੱਕ ਨਹੀਂ ਕਿ ਦੁਨੀਆਂ ਆਰਥਕ ਮੰਦੀ ਦਾ ਸ਼ਿਕਾਰ ਹੋਣ ਜਾ ਰਹੀ ਹੈ। 2008 ਦੀ ਮੰਦੀ ਦੌਰਾਨ ਏ. ਟੀ. ਐਮ. ਮਸ਼ੀਨਾਂ ਵਿਚੋਂ ਪੈਸੇ ਨਿਕਲਣੇ ਬੰਦ ਹੋ ਗਏ ਸਨ। ਸਰਕਾਰ ਨੇ ਬੈਂਕਾਂ ਦੀ ਮਦਦ ਕੀਤੀ ਤਾਂ ਮਸ਼ੀਨਾਂ ਵੀ ਚੱਲ ਪਈਆਂ, ਪਰ ਹੁਣ ਤਾਂ ਕਰੋਨਾ ਵਾਇਰਸ ਨੇ ਸਰਕਾਰਾਂ ਦੀ ਮਦਦ ਨਾਲ ਲੋਕਾਂ ਨੂੰ ਘਰਾਂ ਵਿਚ ਹੀ ਕੈਦ ਕਰ ਦਿੱਤਾ ਹੈ। ਉਹ ਆਪਣੇ ਕੰਮ 'ਤੇ ਨਹੀਂ ਜਾ ਸਕਦੇ। ਸਾਰਾ ਕਾਰੋਬਾਰ ਠੱਪ ਪਿਆ ਹੈ। ਸਕੂਲ, ਕਾਲਜ, ਯੂਨੀਵਰਸਿਟੀਆਂ-ਸਭ ਬੰਦ ਹਨ। ਮਲਟੀਪਲੈਕਸ, ਜਿਮ, ਸਿਨੇਮਾ ਹਾਲ ਆਦਿ ਮਨਪ੍ਰਚਾਵੇ ਵਾਲੀਆਂ ਥਾਂਵਾਂ ਵੀ ਨਹੀਂ ਖੁਲ੍ਹ ਰਹੀਆਂ। ਕੋਈ ਆਵਾਜਾਈ ਨਹੀਂ। ਹੋਟਲਾਂ, ਢਾਬਿਆਂ, ਰੇੜ੍ਹੀਆਂ, ਦੁਕਾਨਦਾਰਾਂ, ਠੇਕੇਦਾਰਾਂ-ਸਭ ਦਾ ਕਾਰੋਬਾਰ ਰੁਕ ਗਿਆ ਹੈ। ਬੇਰੁਜ਼ਗਾਰੀ ਨੇ ਬਿਜਲੀ ਦੀ ਸਪੀਡ ਫੜ ਲਈ ਹੈ। ਲਗਦਾ ਹੈ ਕਿ ਮਹਾਮਾਰੀ ਨੇ ਬੇਰੁਜ਼ਗਾਰੀ ਅਤੇ ਭੁੱਖਮਰੀ ਨਾਲ ਯਾਰੀ ਪਾ ਲਈ ਹੈ।

ਪਰ ਇਸ ਵਧ ਰਹੀ ਬੇਰੁਜ਼ਗਾਰੀ ਦੇ ਬਾਵਜੂਦ ਸੰਪੂਰਨ ਬੰਦੀ ਦੇ ਮਾਹੌਲ ਵਿਚ ਅਮਾਜ਼ੋਨ ਵਲੋਂ ਮੇਰੇ ਨਾਲ ਇਕ ਬੜੀ ਦਿਲਚਸਪ ਘਟਨਾ ਵਾਪਰੀ। ਘੰਟੀ ਵੱਜੀ ਤਾਂ ਮੈਂ ਗੇਟ 'ਤੇ ਜਾ ਕੇ ਦੇਖਿਆ ਕਿ ਕੁਝ ਦਿਨ ਪਹਿਲਾਂ ਅਮਾਜ਼ੋਨ ਨੇ ਅਮਰੀਕਾ ਵਿਚ ਇਕ ਲੱਖ ਨਵੀਆਂ ਨੌਕਰੀਆਂ ਵਾਸਤੇ ਇਸ਼ਤਿਹਾਰ ਦਿੱਤਾ ਹੈ। ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਇਸ ਤਾਲਾਬੰਦੀ ਨੇ ਅਮਾਜ਼ੋਨ ਦਾ ਆਨਲਾਈਨ ਤਜਾਰਤ ਦਾ ਕੰਮ ਬਹੁਤ ਵਧਾ ਦਿੱਤਾ ਹੈ। ਬਹੁਤ ਸਾਰੇ ਲੋਕ ਤਾਂ ਪਹਿਲਾਂ ਵੀ ਅਮਾਜ਼ੋਨ 'ਤੇ ਹੀ ਖਰੀਦੋ-ਫਰੋਖਤ ਕਰਦੇ ਸਨ, ਪਰ ਹੁਣ ਇਸ ਤਾਲਾਬੰਦੀ ਪਿਛੋਂ ਲਗਦਾ ਹੈ ਕਿ ਜਿਵੇਂ ਵਾਲਮਾਰਟ ਨੇ ਸੀਅਰਜ਼ ਦਾ ਦੀਵਾਲਾ ਕੱਢ ਦਿੱਤਾ ਸੀ, ਉਸੇ ਤਰ੍ਹਾਂ ਹੁਣ ਅਮਾਜ਼ੋਨ ਦਾ ਆਨਲਾਈਨ ਬਾਜ਼ਾਰ ਵਾਲਮਾਰਟ ਦੇ ਸਟੋਰਾਂ ਦਾ ਦਿਵਾਲਾ ਕੱਢਣ ਦੇ ਮੂਡ ਵਿਚ ਹੈ।

ਇਕੱਲੇ ਭਾਰਤ ਵਿਚ ਹੀ ਜਦੋਂ ਤੋਂ ਕਰੋਨਾ ਵਾਇਰਸ ਦਾ ਕਹਿਰ ਸ਼ੁਰੂ ਹੋਇਆ ਹੈ, ਉਦੋਂ ਤੋਂ ਲੈ ਕੇ ਹੋਣ ਤੱਕ ਸ਼ੋਸ਼ਲ ਮੀਡੀਆ ਦੇ ਟਰੈਫਿਕ ਵਿਚ ਪੰਜਾਹ ਗੁਣਾ ਵਾਧਾ ਹੋ ਚੁਕਾ ਹੈ। ਮੂਕ ਕੋਰਸਾਂ ਵਿਚ ਵਧ ਰਹੇ ਦਾਖਲਿਆਂ ਤੋਂ ਪਤਾ ਚੱਲਦਾ ਹੈ ਕਿ ਆਨਲਾਈਨ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਐਮ. ਆਈ. ਟੀ., ਹਾਰਵਰਡ, ਸਟੈਨਫੋਰਡ, ਪ੍ਰਿੰਸਟਨ ਜਿਹੀਆਂ ਕੁਝ ਵੱਡੀਆਂ ਯੂਨੀਵਰਸਿਟੀਆਂ ਛੇਤੀ ਹੀ ਇੱਟਾਂ-ਸੀਮੈਂਟ ਦੇ ਵਿਦਿਅਕ ਅਦਾਰਿਆਂ ਨੂੰ ਜਿੰਦਰੇ ਮਰਵਾ ਕੇ, ਸਿੱਖਿਆ ਦਾ ਸਾਰਾ ਬਿਜਨਸ ਆਪਣੇ ਹੱਥਾਂ ਵਿਚ ਕੇਂਦ੍ਰਿਤ ਕਰ ਲੈਣਗੀਆਂ। ਉਵੇਂ, ਜਿਵੇਂ ਨੈਟਫਲਿਕਸ, ਆਨਲਾਈਨ ਕਲਾਊਡ ਰਾਹੀਂ ਸਾਰੀ ਐਂਟਰਟੇਨਮੈਂਟ ਇੰਡਸਟਰੀ ਕਾਬੂ ਕਰਨ ਦੇ ਆਹਰ ਵਿਚ ਲੱਗਾ ਹੋਇਆ ਹੈ। ਇਸ ਕਰੋਨਾ ਵਾਇਰਸ ਦੀ ਮਹਾਮਾਰੀ ਪਿਛੋਂ ਹੈਲਥ ਕੇਅਰ ਇੰਡਸਟਰੀ ਦਾ ਆਨਲਈਨ ਹੋ ਜਾਣਾ ਤਾਂ ਲਗਭਗ ਤੈਅ ਹੀ ਹੈ। ਆਈ. ਬੀ. ਐਮ. ਵੈਟਸਨ ਤੋਂ ਇਲਾਵਾ ਹੋਰ ਵੀ ਕਈ ਕੰਪਨੀਆਂ ਇਸ ਮੁਕਾਬਲੇਬਾਜ਼ੀ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ।

ਬਹੁਤੇ ਅਰਥ ਸ਼ਾਸਤਰੀਆਂ ਨੂੰ ਡਰ ਹੈ ਕਿ ਇਸ ਬਿਪਤਾ ਦੇ ਆਉਣ ਨਾਲ ਵਿਸ਼ਵੀਕਰਣ ਦੇ ਪ੍ਰਾਜੈਕਟ ਨੂੰ ਧੱਕਾ ਵੱਜੇਗਾ ਤੇ ਇਮੀਗਰੇਸ਼ਨ 'ਤੇ ਪਾਬੰਦੀਆਂ ਲੱਗਣ ਦੀ ਸੰਭਾਵਨਾ ਵਧੇਗੀ, ਪਰ ਸਮਝਣ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਮੁਲਕਾਂ ਨੂੰ ਸਕਿਲਡ (ਹੁਨਰ) ਮੈਨਪਾਵਰ ਚਾਹੀਦੀ ਹੈ, ਜੇ ਉਨ੍ਹਾਂ ਨੂੰ ਉਹ ਨਹੀਂ ਮਿਲੇਗੀ, ਤਾਂ ਉਨ੍ਹਾਂ ਦੇ ਅਰਥਚਾਰਿਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਸ ਲਈ ਜਿਸ ਰਫਤਾਰ ਨਾਲ ਮਾਈਗਰੇਸ਼ਨ ਘਟੇਗੀ, ਉਸੇ ਰਫਤਾਰ ਨਾਲ ਟੈਲੀਮਾਈਗਰੇਸ਼ਨ ਵਧੇਗੀ। ਟੈਲੀਮਾਈਗਰੇਸ਼ਨ ਨਾਲ ਸਿਰਫ ਇਨ੍ਹਾਂ ਮੁਲਕਾਂ ਲਈ ਹੁਨਰ ਵਾਲੇ ਕਾਮਿਆਂ ਦੀ ਵਿਸ਼ਵ ਮੰਡੀ ਹੀ ਨਹੀਂ ਖੁੱਲ੍ਹੇਗੀ, ਸਗੋਂ ਆਪੋ ਆਪਣੇ ਮੁਲਕਾਂ/ਘਰਾਂ ਤੋਂ ਆਨਲਾਈਨ ਕੰਮ ਕਰ ਰਹੀ ਇਹ ਕੁਸ਼ਲ ਕਿਰਤ ਸਸਤੇ ਭਾਅ ਵੀ ਮਿਲੇਗੀ। ਰੋਬੋਟਾਂ ਅਤੇ ਰੀਮੋਟ ਵਰਕਰਾਂ ਦਾ ਯੁਗ ਆਉਣ ਵਾਲਾ ਹੈ। ਲੇਬਰ ਵੈਲਫੇਅਰ ਦੀਆਂ ਸਾਰੀਆਂ ਜਿੰਮੇਵਾਰੀਆਂ ਵੀ ਖਤਮ। ਇਸ ਤਬਦੀਲੀ ਲਈ ਲੋੜੀਂਦੇ ਪਲੈਟਫਾਰਮ ਤਾਂ ਕਦੋਂ ਦੇ ਤਿਆਰ ਹੋ ਕੇ ਵਿਸ਼ਵ ਪੱਧਰ 'ਤੇ ਕਾਮਯਾਬੀ ਨਾਲ ਟੈਸਟ ਵੀ ਹੋ ਚੁਕੇ ਹਨ। ਬੱਸ ਇਕ ਸਹੀ ਮੌਕੇ ਦੀ ਤਲਾਸ਼ ਸੀ। ਕਰੋਨਾ ਵਾਇਰਸ ਨੇ ਹੁਣ ਉਹ ਮੌਕਾ ਵੀ ਮੁਹੱਈਆ ਕਰ ਦਿਤਾ ਹੈ। ਮਸ਼ੀਨ ਲਰਨਿੰਗ, ਟੈਲੀਮਾਈਗਰੇਸ਼ਨ, 3-ਡੀ ਪ੍ਰਿੰਟਿੰਗ, ਆਈ. ਓ. ਟੀ. ਅਤੇ ਬਲੌਕ ਚੇਨ ਦੀਆਂ ਤਕਨੀਕਾਂ ਰਲ ਕੇ ਜਿਸ ਚੌਥੀ ਸਨਅਤੀ ਕ੍ਰਾਂਤੀ ਨੂੰ ਅਮਲ ਵਿਚ ਲਿਆ ਰਹੀਆਂ ਹਨ, ਉਸ ਲਈ ਮਾਈਗਰੇਸ਼ਨ ਨਾਲੋਂ ਟੈਲੀਮਾਈਗਰੇਸ਼ਨ ਵੱਧ ਉਪਯੋਗੀ ਹੈ।

ਨਤੀਜੇ ਵਜੋਂ ਕਲਾਸ ਰੂਮ ਸਿੱਖਿਆ ਨੂੰ ਆਨਲਾਈਨ ਲਰਨਿੰਗ, ਸਿਹਤ ਸੁਰੱਖਿਆ ਨੂੰ ਟੈਲੀਮੈਡੀਸਨ, ਪਰਵਾਸ ਨੂੰ ਰੀਮੋਟ ਵਰਕ ਅਤੇ ਮਨਪ੍ਰਚਾਵੇ ਦੇ ਆਧਾਰ ਢਾਂਚੇ ਨੂੰ 'ਕਲਾਊਡ' ਸਹਿਜੇ ਹੀ ਸੰਭਾਲ ਲੈਣਗੇ। ਇਹ ਸਾਰਾ ਕੁਝ ਅਮਲੀ ਤੌਰ 'ਤੇ ਸਿਰਫ ਸਥਾਪਤ ਹੀ ਨਹੀਂ ਹੋ ਚੁਕਾ, ਸਗੋਂ ਵੱਡੇ ਪੱਧਰ 'ਤੇ ਪੁਰਾਣੇ ਢਾਂਚੇ ਨੂੰ ਤਬਦੀਲ ਵੀ ਕਰ ਰਿਹਾ ਹੈ। ਕਰੋਨਾ ਵਾਇਰਸ ਦੀ ਮਹਾਮਾਰੀ ਤਾਂ ਸਿਰਫ ਉਹ ਆਖਰੀ ਪੜਾਅ ਹੈ, ਜਿਸ ਨੇ ਡਿਜ਼ੀਟਲ ਕ੍ਰਾਂਤੀ ਜਾਂ ਆਨਲਾਈਨ ਮੋੜ ਨੂੰ ਉਤਰ-ਕਰੋਨਾ ਵਾਇਰਸ ਯੁਗ ਦੀ ਨਵੀਂ ਦੁਨੀਆਂ ਵਿਚ ਰੁਪਾਂਤ੍ਰਿਤ ਕਰਨਾ ਹੈ। ਇਸ ਦਾ ਇਹ ਮਤਲਬ ਨਹੀਂ ਕੱਢ ਲੈਣਾ ਚਾਹੀਦਾ ਕਿ ਇਸ

*(ਬਾਕੀ ਅਗਲੇ ਸਫੇ 'ਤੇ)*



ਡੋਨਲਡ ਟਰੰਪ



ਸ਼ੀ ਜਿਨਪਿੰਗ




ਪੂਤਿਨ




ਨਰਿੰਦਰ ਮੋਦੀ

***ਕਰੋਨਾ ਵਾਇਰਸ ਦੀ ਮਹਾਮਾਰੀ ਇਕ ਜ਼ਬਰਦਸਤ ਚਿਤਾਵਨੀ ਹੈ ਕਿ ਜੇ ਅਸੀਂ ਵਿਸ਼ਵ ਵਿਵਸਥਾ ਦੇ ਨਿਰਮਾਣ ਰਾਹੀਂ ਵਿਸ਼ਵ ਸਹਿਯੋਗ ਦੀਆਂ ਇਮਾਨਦਾਰ ਸੰਭਾਵਨਾਵਾ ਨਾ ਜਗਾਈਆਂ ਤਾਂ ਸਾਨੂੰ ਇਸ ਤੋਂ ਵੀ ਵੱਡੇ ਖਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਮਨੁੱਖ ਜਾਤੀ ਦੇ ਬਚਾਓ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਟਰੰਪ, ਸ਼ੀ, ਪੂਤਿਨ ਅਤੇ ਮੋਦੀ ਜਿਹਿਆਂ ਵਲੋਂ ਰਾਸ਼ਟਰਵਾਦੀ ਲੀਹਾ 'ਤੇ ਵਿਕਸਿਤ ਕੀਤੇ ਜਾ ਰਹੇ ਸਾਵਰਨ ਕੌਮੀ-ਰਾਜਾਂ ਦੇ ਸਮਾਨੰਤਰ ਇਕ ਨਾਨ-ਸਾਵਰਨ ਵਿਸ਼ਵ ਸੱਤਾ ਦਾ ਵੀ ਨਿਰਮਾਣ ਕੀਤਾ ਜਾਵੇ। ਕਰੋਨਾ ਵਾਇਰਸ ਨੇ ਇਸ ਲੋੜ ਨੂੰ ਉਭਾਰ ਦਿੱਤਾ ਹੈ।***



# ਸਿਰ ਪਈ ਨਾਲ ਨਜਿੱਠਣ ਲਈ ਸਹਿਯੋਗ ਤਾਂ ਕਰਨਾ ਪਊ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਲ 2020 ਚੜ੍ਹਦੇ ਸਾਰ ਜਿਸ ਬਿਮਾਰੀ ਨੂੰ ਚੀਨ ਦੇ ਸਿਰ ਪਈ ਮੁਸੀਬਤ ਸਮਝ ਕੇ ਦੁਨੀਆਂ ਦੇ ਕਈ ਮੁਲਕਾਂ ਦੀਆਂ ਸਰਕਾਰਾਂ ਨੇ ਇਸ ਤੋਂ ਵਪਾਰਕ ਜਾਂ ਡਿਪਲੋਮੈਟਿਕ ਲਾਭ ਲੈਣ ਦਾ ਯਤਨ ਕੀਤਾ ਸੀ, ਆਖਰ ਨੂੰ ਇਹ ਔਕੜ ਉਨ੍ਹਾਂ ਦੇ ਆਪਣੇ ਘਰਾਂ ਤੱਕ ਜਾ ਪਹੁੰਚੀ। ਦੁਨੀਆਂ ਦੇ ਗਿਣੇ-ਚੁਣੇ ਦੇਸ਼ ਇਸ ਮੁਸੀਬਤ ਤੋਂ ਅਜੇ ਤੱਕ ਬਚੇ ਹੋਏ ਮੰਨੇ ਜਾ ਸਕਦੇ ਹਨ, ਬਾਕੀ ਸਭ ਦੇਸ਼ਾਂ ਵਿਚ ਇਸ ਦੀ ਮਾਰ ਜਾਂ ਲਾਗ ਜਾ ਚੁੱਕੀ ਹੋਣ ਕਾਰਨ ਇਹ ਦੱਸ ਸਕਣਾ ਕਿਸੇ ਵੀ ਮਾਹਰ ਲਈ ਔਖਾ ਹੈ ਕਿ ਮੁਸੀਬਤ ਮੁੱਕਣ ਵਿਚ ਐਨਾ ਕੁ ਸਮਾਂ ਲਾਵੇਗੀ। ਹਕੀਕਤ ਇਹ ਹੈ ਕਿ ਕੋਈ ਮਾਹਰ ਇਹ ਗੱਲ ਕਹਿਣ ਵਾਲਾ ਵੀ ਨਹੀਂ ਲੱਭਦਾ ਕਿ ਇਹ ਬਿਮਾਰੀ ਆਖਰ ਨੂੰ ਕਾਬੂ ਆ ਹੀ ਜਾਵੇਗੀ, ਇਸ ਦੀ ਮਾਰ ਵਧਣ ਜਾਂ ਸਮੱਸਿਆ ਦੇ ਲਟਕਦੇ ਜਾਣ ਦੇ ਕਿਆਫੇ ਹੀ ਸੁਣਨ ਨੂੰ ਮਿਲਦੇ ਹਨ। ਹਾਹਾਕਾਰ ਮਚਾਉਣ ਵਾਲੀ ਇਸ ਬਿਮਾਰੀ ਨਾਲ ਦਿਨੋ-ਦਿਨ ਮੌਤਾਂ ਦੀ ਸਿਰਫ ਗਿਣਤੀ ਹੀ ਨਹੀਂ ਵਧਦੀ, ਹਰ ਨਵੇਂ ਦਿਨ ਇਸ ਨਾਲ ਮੌਤਾਂ ਤੇ ਕੇਸਾਂ ਦੇ ਵਧਣ ਦੀ ਰਫਤਾਰ ਵੀ ਵਧੀ ਜਾਂਦੀ ਹੈ। ਸੰਸਾਰ ਦੀ ਮਹਾਂਸ਼ਕਤੀ ਕਿਹਾ ਜਾਂਦਾ ਅਮਰੀਕਾ ਇਸ ਦੀ ਮਾਰ ਹੇਠ ਬੇਸ਼ੱਕ ਹੋਰਨਾਂ ਤੋਂ ਪਿੱਛੋਂ ਆਇਆ, ਪਰ ਜਦੋਂ ਉਥੇ ਇਸ ਦੀ ਮਾਰ ਪਈ ਤਾਂ ਏਨੀ ਤੇਜ਼ੀ ਨਾਲ ਵਧੀ ਹੈ ਕਿ ਉਸ ਨੂੰ ਸੰਭਲਣ ਦਾ ਮੌਕਾ ਨਹੀਂ ਮਿਲਿਆ।

ਅਸੀਂ ਸਿਹਤ ਦੇ ਮਾਮਲਿਆਂ ਦੇ ਜਾਣਕਾਰ ਨਹੀਂ ਅਤੇ ਇਸੇ ਲਈ ਇਸ ਬਿਮਾਰੀ ਦੇ ਕਾਰਨਾਂ ਅਤੇ ਇਲਾਜ ਜਿਹੇ ਵੱਡੇ ਮੁੱਦਿਆਂ ਦੀ ਗੱਲ ਨਹੀਂ ਕਰ ਰਹੇ, ਸਗੋਂ ਇਸ ਦੀ ਥਾਂ ਇਸ ਗੱਲ ਨੂੰ ਵੇਖਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਸੰਸਾਰ ਦੇ ਕਈ ਦੇਸ਼ ਅਜੇ ਤੱਕ ਵੀ ਇਸ ਤੋਂ ਅਵੇਸਲੇ ਜਾਪਦੇ ਹਨ। ਪਿਛਲੇ ਸਾਰੇ ਸਮੇਂ ਦੌਰਾਨ ਇਹ ਵਾਪਰਦਾ ਰਿਹਾ ਹੈ ਕਿ ਜਦੋਂ ਵੀ ਕੋਈ ਮਹਾਮਾਰੀ ਚੱਲੀ, ਉਸ ਦੀ ਮਾਰ ਇੱਕ ਹੱਦ ਤੱਕ ਸੀਮਤ ਰਹਿੰਦੀ ਸੀ, ਅੱਜ ਤੱਕ ਕਿਸੇ ਇੱਕ ਵੀ ਰੋਗ ਦੀ ਮਾਰ ਇਸ ਤਰ੍ਹਾਂ ਸਾਰੇ ਸੰਸਾਰ ਵਿਚ ਨਹੀਂ ਸੀ ਹੋਈ। ਕਿਉਂਕਿ ਸੰਸਾਰ ਨੂੰ ਏਦਾਂ ਦੀ ਖਿਲਾਰੇ ਵਾਲੀ ਮੁਸ਼ਕਿਲ ਨਾਲ ਪਹਿਲੀ ਵਾਰ ਮੱਥਾ ਲਾਉਣਾ ਪਿਆ ਹੈ, ਇਸ ਲਈ ਸਾਰੇ ਦੇਸ਼ਾਂ ਨੂੰ ਮਿਲ ਕੇ ਚੱਲਣਾ ਵੀ ਪੈਣਾ ਹੈ। ਮੁਸ਼ਕਿਲ ਦਾ ਮੁਕਾਬਲਾ ਕਰਨ ਦੇ ਰਾਹ ਵਿਚ ਵੱਡੀ ਮੁਸ਼ਕਿਲ ਇਹੀ ਹੈ ਕਿ ਇਸ ਦੇ ਟਾਕਰੇ ਲਈ ਅਜੇ ਵੀ ਸਮੁੱਚੇ ਸੰਸਾਰ ਦੇ ਦੇਸ਼ਾਂ ਦੀ ਇੱਕਸੁਰਤਾ ਨਹੀਂ ਦਿਖਾਈ ਦੇ ਰਹੀ। ਲੋੜੀਂਦੀ ਇੱਕਸੁਰਤਾ ਵੇਲੇ ਸਿਰ ਬਣ ਜਾਂਦੀ ਤਾਂ ਬਿਮਾਰੀ ਮੁੱਢ ਵਿਚ ਹੀ ਨੱਪੀ ਜਾ ਸਕਦੀ ਸੀ।

ਜਦੋਂ ਇਸ ਦੀ ਮਾਰ ਚੀਨ ਵਿਚ ਸ਼ੁਰੂ ਹੋਈ, ਉਦੋਂ ਅਮਰੀਕਾ ਅਤੇ ਚੀਨ ਦਾ ਵਪਾਰਕ ਆਢਾ ਲੱਗਾ ਹੋਇਆ ਸੀ ਤੇ ਦੋਹਾਂ ਦਾ ਤਾਲਮੇਲ ਹੋ ਨਹੀਂ ਸੀ ਸਕਦਾ। ਫਿਰ ਵੀ ਇਹ ਆਸ ਰੱਖੀ ਜਾਂਦੀ ਸੀ ਕਿ ਸੰਕਟ ਵੱਡਾ ਹੈ, ਇਸ ਲਈ ਅਮਰੀਕਾ ਦੀ ਸਰਕਾਰ ਹੰਗਾਮੀ ਹਾਲਾਤ ਵਿਚ ਵਿਰੋਧ ਦੇ ਕੁਝ ਨੁਕਤੇ ਲਾਂਭੇ ਰੱਖ ਕੇ ਮਦਦ ਦੇ ਸਕਦੀ ਹੈ। ਏਦਾਂ ਦੀ ਕੋਈ ਗੱਲ ਉਸ ਵੇਲੇ ਨਹੀਂ ਸੀ ਹੋਈ, ਉਲਟਾ ਚੀਨ ਦੇ ਖਿਲਾਫ ਭੰਡੀ-ਪ੍ਰਚਾਰ ਦਾ ਚੱਕਰ ਚੱਲਦਾ ਰਿਹਾ। ਵਪਾਰ 'ਤੇ ਨਜ਼ਰ ਰੱਖਦੀਆਂ ਏਜੰਸੀਆਂ ਇਹ ਕਹਿੰਦੀਆਂ ਹਨ ਕਿ ਉਸ ਵਕਤ ਅਮਰੀਕਾ ਵਿਚੋਂ ਮੂੰਹ ਢਕਣ ਵਾਲੇ ਮਾਸਕ ਅਤੇ ਸਰਜੀਕਲ ਜੰਤਰ ਹੀ ਨਹੀਂ, ਵੈਂਟੀਲੇਟਰ ਵੀ ਚੀਨ ਨੂੰ ਵੇਚੇ ਜਾਂਦੇ ਰਹੇ ਸਨ। ਬਾਅਦ ਵਿਚ ਜਦੋਂ ਆਪਣੇ ਘਰ ਵਿਚ ਇਹੋ ਜਿਹੇ ਰੋਗ ਦਾ ਸਾਹਮਣਾ ਕਰਨ ਦੀ ਨੌਬਤ ਆਈ ਤਾਂ ਉਨ੍ਹਾਂ ਕੋਲ ਲੋੜੀਂਦਾ ਸਾਮਾਨ ਨਹੀਂ ਸੀ ਬਚਿਆ। ਖਬਰਾਂ ਦੱਸ ਰਹੀਆਂ ਹਨ ਕਿ ਉਸ ਵਕਤ ਵੀ ਮਾਹਰਾਂ ਨੇ ਕਿਹਾ ਸੀ ਕਿ ਐਸ ਵੇਲੇ ਇਹ ਕੰਮ ਨਾ ਕੀਤਾ ਜਾਵੇ, ਪਰ ਉਨ੍ਹਾਂ ਦੀ ਗੱਲ ਕਿਸੇ ਨੇ ਸੁਣੀ ਨਹੀਂ ਸੀ।

ਰਾਸ਼ਟਰਪਤੀ ਡੋਨਲਡ ਟਰੰਪ ਦਾ ਹਾਲ 'ਹੱਥ ਕਾਰ ਵੱਲ, ਚਿੱਤ ਯਾਰ ਵੱਲ' ਵਾਂਗ ਬਣਿਆ ਸੀ। ਉਸ ਦੀ ਅਹੁਦੇ ਦੀ ਮਿਆਦ ਪੁੱਗਣ ਵਾਲੀ ਹੈ ਤੇ ਇਹ ਸਾਲ ਮੁੱਕਣ ਤੱਕ ਆਮ ਹਾਲਾਤ ਮੁਤਾਬਿਕ ਇਸ ਅਹੁਦੇ ਦੀ ਅਗਲੀ ਚੋਣ ਹੋਣੀ ਜ਼ਰੂਰੀ ਹੈ। ਉਹ ਆਪਣੇ ਘਰ ਵਿਚ ਮਹਾਂਮਾਰੀ ਦਾ ਮੁਕਾਬਲਾ ਕਰਨ ਵੱਲ ਧਿਆਨ ਦੇਣ ਦੀ ਥਾਂ ਆਪਣੀ ਚੋਣ ਲਈ ਪਾਰਟੀ ਮੀਟਿੰਗਾਂ ਵਿਚ ਹੀ ਰੁੱਝਾ ਰਿਹਾ ਸੀ। ਉਸ ਦੀ ਹਾਲਤ ਇਹ ਹੈ ਕਿ ਜਦੋਂ ਕਰੋਨਾ ਦੇ ਕੇਸਾਂ ਦੀ ਗਿਣਤੀ ਦੋ-ਤਿੰਨ ਲੱਖ ਨੇੜੇ ਚਲੀ ਗਈ ਤੇ ਮੌਤਾਂ ਦਾ ਅੰਕੜਾ ਸਾਢੇ ਸੱਤ ਹਜ਼ਾਰ ਨੂੰ ਛੂਹ ਗਿਆ ਸੀ, ਉਸ ਨੇ ਅਲੋਕਾਰ ਬਿਆਨ ਦਾਗ ਦਿੱਤਾ ਕਿ ਰਾਸ਼ਟਰਪਤੀ ਚੋਣ ਮਿਥੇ ਸਮੇਂ 'ਤੇ ਹੀ ਕੀਤੀ ਜਾਵੇਗੀ। ਸੰਸਾਰ ਭਰ ਦੀਆਂ ਓਲੰਪਿਕਸ ਖੇਡਾਂ ਅਗਲੇ ਸਾਲ ਲਈ ਮੁਲਤਵੀ ਹੋ ਚੁਕੀਆਂ ਹਨ ਤੇ ਹਾਲਾਤ ਵਿਗੜ ਗਏ ਤਾਂ ਅਮਰੀਕਾ ਦੀ ਰਾਸ਼ਟਰਪਤੀ ਚੋਣ ਵੀ ਸ਼ਾਇਦ ਕਰਵਾਉਣੀ ਬਹੁਤ ਔਖੀ ਹੋ ਜਾਣੀ ਹੈ, ਪਰ ਡੋਨਲਡ ਟਰੰਪ ਆਪਣੇ ਚੋਣਾਂ ਦੇ ਮੁਕਾਬਲੇ ਲਈ ਸਰਪੱਟ ਦੌੜਿਆ ਜਾ ਰਿਹਾ ਹੈ।

ਨਤੀਜਾ ਇਸ ਦਾ ਇਹ ਹੋਇਆ ਕਿ ਚੀਨ ਨੇ ਸੰਸਾਰ ਰਾਜਨੀਤੀ ਦੀ ਬਿਆਨਬਾਜ਼ੀ ਵਿਚ ਫਸਣ ਦੀ ਥਾਂ ਔਕੜ ਦੇ ਟਾਕਰੇ ਲਈ ਸਾਰਾ ਧਿਆਨ ਲਾਇਆ ਤੇ ਕਾਬੂ ਪਾ ਲਿਆ। ਉਥੇ ਹੋਈਆਂ ਮੌਤਾਂ ਦੀ ਗਿਣਤੀ ਸਾਢੇ ਤਿੰਨ ਹਜ਼ਾਰ ਤੀਕ ਆ ਕੇ ਰੁਕ ਗਈ ਹੈ, ਪਰ ਪਿੱਛੋਂ ਇਸ ਰੋਗ ਦੀ ਮਾਰ ਦਾ ਸ਼ਿਕਾਰ ਹੋਣ ਵਾਲੇ ਇਟਲੀ ਵਿਚ ਉਸ ਤੋਂ ਚਾਰ ਗੁਣਾਂ ਤੇ ਨਾਲ ਲੱਗਦੇ ਸਪੇਨ ਵਿਚ ਵੀ ਲਗਭਗ ਏਨੀਆਂ ਹੋ ਚੁਕੀਆਂ ਹਨ। ਮਰਜ਼ ਦੀ ਮਾਰ ਹੇਠ ਆਉਣ 'ਤੇ ਇਰਾਨ ਲਈ ਅਮਰੀਕਾ ਨੇ ਮਦਦ ਦੀ ਪੇਸ਼ਕਸ਼ ਚੋਭ ਲਾਉਣ ਵਾਂਗ ਕੀਤੀ ਸੀ, ਉਸ ਦੇਸ਼ ਨੇ ਬਿਮਾਰੀ ਨੂੰ ਠੱਲ੍ਹ ਪਾ ਲਈ ਅਤੇ ਸਵਾ ਤਿੰਨ ਹਜ਼ਾਰ ਮੌਤਾਂ 'ਤੇ ਰੁਕ ਗਿਆ ਹੈ, ਪਰ ਉਸ ਤੋਂ ਪਿੱਛੋਂ ਇਸ ਰਾਹੇ ਪਿਆ ਅਮਰੀਕਾ ਉਸ ਤੋਂ ਢਾਈ ਗੁਣਾਂ ਆਪਣੇ ਲੋਕ ਬਿਮਾਰੀ ਦੇ ਕਾਰਨ ਗੁਆ ਚੁਕਾ ਹੈ।

ਬਿਮਾਰੀ ਦੀ ਸ਼ੁਰੂਆਤ ਦਾ ਫਰਕ ਵੀ ਨੋਟ ਕਰਨ ਵਾਲਾ ਹੈ। ਅਮਰੀਕਾ ਵਿਚ ਮੌਤਾਂ ਹੋਣ ਵਾਲਾ ਸਿਲਸਿਲਾ 29 ਫਰਵਰੀ ਨੂੰ ਸ਼ੁਰੂ ਹੋਇਆ ਸੀ, ਇਰਾਨ ਵਿਚ ਪਹਿਲੀ ਮੌਤ 19 ਫਰਵਰੀ ਨੂੰ ਹੋਈ ਸੀ ਤੇ ਇਟਲੀ ਤੋਂ ਪਹਿਲੀ ਮਾੜੀ ਖਬਰ 21 ਫਰਵਰੀ ਨੂੰ ਆਈ ਸੀ, ਜਦ ਕਿ ਫਰਾਂਸ ਵਿਚ ਮੌਤਾਂ ਦਾ ਚੱਕਰ 15 ਫਰਵਰੀ ਨੂੰ ਸ਼ੁਰੂ ਹੋਇਆ ਸੀ। ਚੀਨ ਵਿਚ ਇਹ ਮਾਰ ਬਹੁਤ ਪਹਿਲਾਂ ਸ਼ੁਰੂ ਹੋ ਚੁਕੀ ਸੀ ਅਤੇ 22 ਜਨਵਰੀ ਤੋਂ ਪਹਿਲਾਂ ਸਤਾਰਾਂ ਮੌਤਾਂ ਹੋ ਚੁਕੀਆਂ ਸਨ।

ਉਸ ਪਿੱਛੋਂ ਕਈ ਦਿਨ ਗਰਾਫ ਚੜ੍ਹਦਾ ਗਿਆ। ਉਸ ਨੇ ਰੋਕਣ ਵਿਚ ਸਫਲਤਾ ਇਸ ਕਰ ਕੇ ਹਾਸਲ ਕਰ ਲਈ ਕਿ ਉਸ ਦੇਸ਼ ਦੇ ਲੋਕ ਆਪਣੀ ਸਰਕਾਰ ਦੇ ਲਾਗੂ ਕੀਤੇ ਲਾਕਡਾਊਨ ਦੀ ਉਲੰਘਣਾ ਕਰਨ ਦੀ ਹਿੰਮਤ ਕਰਨ ਵਾਲੇ ਨਹੀਂ, ਦੂਜੇ ਪਾਸੇ ਅਮਰੀਕਾ ਦਾ ਰਾਸ਼ਟਰਪਤੀ ਖੁਦ ਹੀ ਕਿਸੇ ਲਾਕਡਾਊਨ ਦੀ ਲੋੜ ਨਹੀਂ ਸੀ ਸਮਝਦਾ। ਜਾਪਾਨ, ਦੱਖਣੀ ਕੋਰੀਆ ਜਾਂ ਸਿੰਗਾਪੁਰ ਨੇ ਵੀ ਲੋਕਾਂ ਦੇ ਇਸੇ ਸਹਿਯੋਗ ਨਾਲ ਬਿਮਾਰੀ ਕੰਟਰੋਲ ਕੀਤੀ ਸੀ, ਪਰ ਇਟਲੀ, ਫਰਾਂਸ ਤੇ ਹੋਰ ਦੇਸ਼ ਇਸ ਤਰ੍ਹਾਂ ਦਾ ਬੰਧੇਜ ਬੱਧ ਲਾਕਡਾਊਨ ਕਰਨ ਵਿਚ ਸਫਲ ਨਹੀਂ ਸੀ ਹੋ ਸਕੇ। ਪਹਿਲਾਂ ਇਹ ਕੰਮ ਬੇਦਿਲੀ ਨਾਲ ਤੇ ਬਹੁਤ ਨਰਮੀ ਨਾਲ ਕੀਤਾ ਜਾਂਦਾ ਰਿਹਾ, ਜਿਸ ਕਾਰਨ ਇਹ ਬਿਮਾਰੀ ਵਧ ਗਈ ਹੋ ਸਕਦੀ ਹੈ।

ਅਕਲਮੰਦੀ ਇਸ ਗੱਲ ਵਿਚ ਹੁੰਦੀ ਹੈ ਕਿ ਕਿਸੇ ਦੂਜੇ ਦਾ ਹੱਥ ਸੜਿਆ ਵੇਖ ਕੇ ਸੜਨ ਤੋਂ ਬਚਣ ਦਾ ਕੁਝ ਢੰਗ ਸੋਚਿਆ ਜਾਵੇ, ਪਰ ਇਥੇ ਅਜਿਹੀ ਗੱਲ ਸਿੱਖਣ ਦੀ ਥਾਂ ਕੁਝ ਕਾਰੋਬਾਰ, ਕੁਝ ਰਾਜਨੀਤੀ ਅਤੇ ਦੋਹਾਂ ਨਾਲੋਂ ਵੱਧ ਸੰਸਾਰ ਕੂਟਨੀਤੀ ਵੱਲ ਧਿਆਨ ਦੇਣ ਕਰ ਕੇ ਨੁਕਸਾਨ ਹੋਇਆ ਹੈ। ਨੁਕਸਾਨ ਸਿਰਫ ਇਟਲੀ, ਇਰਾਨ, ਫਰਾਂਸ ਜਾਂ ਅਮਰੀਕਾ ਦਾ ਨਹੀਂ ਸਮਝਣਾ ਚਾਹੀਦਾ, ਇਹ ਮਨੁੱਖਤਾ ਦਾ ਨੁਕਸਾਨ ਹੈ ਅਤੇ ਅਗਲੀ ਗੱਲ ਇਹ ਕਿ ਜੇ ਇਸ ਗਲਤੀ ਤੋਂ ਅਜੇ ਤੱਕ ਵੀ ਨਾ ਸਿੱਖਿਆ ਗਿਆ ਤਾਂ ਹੋਰ ਦੇਸ਼ਾਂ ਦੇ ਲੋਕਾਂ ਨੂੰ ਵੀ ਇਹ ਨੁਕਸਾਨ ਭੁਗਤਣਾ ਪੈ ਸਕਦਾ ਹੈ।

ਭਾਰਤ ਵਿਚ ਅਜੇ ਬਚਾਅ ਦੀ ਹਾਲਤ ਜਾਪਦੀ ਹੈ। ਅਸੀਂ ਸੁੱਖ ਮੰਗਾਂਗੇ ਕਿ ਸਾਡਾ ਦੇਸ਼ ਇਸ ਮਾਰ ਤੋਂ ਬਚਿਆ ਰਹੇ, ਪਰ ਇਸ ਲਈ ਕਿਸੇ ਸਰਕਾਰ ਦੇ ਸਿਰ ਸਾਰੀ ਜ਼ਿਮੇਵਾਰੀ ਛੱਡ ਕੇ ਨਹੀਂ ਬਚਿਆ ਜਾ ਸਕਦਾ। ਲੋਕਾਂ ਨੂੰ ਵੀ ਇਸ ਦਾ ਸਹਿਯੋਗ ਕਰਨਾ ਪਵੇਗਾ ਤੇ ਇਹ ਸੋਚ ਕੇ ਕਰਨਾ ਪਵੇਗਾ ਕਿ ਜੀਣ-ਮਰਨ ਇਸ ਵਕਤ ਸਭ ਦਾ ਦਾਅ 'ਤੇ ਲੱਗ ਚੁਕਾ ਹੈ। ਵੇਲਾ ਕਾਫੀ ਨਾਜ਼ੁਕ ਹੈ!

# ਉਤਰ-ਕਰੋਨਾ ਯੁਗ ਦੇ ਨਿਰਮਾਣ ਨੂੰ ਸਮਝਦਿਆਂ

*(ਪਿਛਲੇ ਸਫੇ ਦੀ ਬਾਕੀ)*

ਆਨਲਾਈਨ ਕ੍ਰਾਂਤੀ ਨੂੰ ਪ੍ਰੋਮੋਟ ਕਰਨ ਲਈ ਅਮਾਜ਼ੋਨ, ਗੂਗਲ, ਐਪਲ ਅਤੇ ਫੇਸਬੁਕ ਜਿਹੀਆਂ ਵੱਡੀਆਂ ਕੰਪਨੀਆਂ ਕਰੋਨਾ ਵਾਇਰਸ ਦੇ ਸੰਕਟ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਰਹੀਆਂ ਹਨ। ਇਹੋ ਕਹਿਣਾ ਚਾਹੀਦਾ ਹੈ ਕਿ ਇਸ ਕ੍ਰਾਂਤੀਕਾਰੀ ਤਬਦੀਲੀ ਦਾ ਸਮਾਂ ਆ ਗਿਆ ਹੈ, ਰੋਕਿਆ ਨਹੀਂ ਜਾ ਸਕਦਾ। ਇਸ ਦੇ ਨਫੇ ਨੁਕਸਾਨਾਂ ਬਾਰੇ ਸੋਚਣਾ ਬਾਅਦ ਦਾ ਕੰਮ ਹੈ।

ਪ੍ਰੋਫੈਸਰ ਹਰਾਰੀ ਜਿਹੇ ਬਹੁਤ ਸਾਰੇ ਵਿਦਵਾਨਾਂ ਨੂੰ ਚਿੰਤਾ ਹੈ ਕਿ ਚੀਨ ਅਤੇ ਹੋਰ ਕਈ ਮੁਲਕਾਂ ਨੇ ਕਰੋਨਾ ਵਾਇਰਸ ਨੂੰ ਕੰਟਰੋਲ ਕਰਨ ਵਾਸਤੇ ਜੋ ਸਰਵੇਲੈਂਸ ਤਕਨਾਲੋਜੀ ਦਾ ਇਸਤੇਮਾਲ ਕੀਤਾ ਹੈ, ਉਹ ਆਮ ਤੌਰ 'ਤੇ ਅਤਿਵਾਦੀਆਂ ਦੀ ਸੂਹ ਕੱਢਣ ਲਈ ਵਰਤੀ ਜਾਂਦੀ ਹੈ, ਇਸ ਲਈ ਖਤਰਨਾਕ ਸਾਬਤ ਹੋ ਸਕਦੀ ਹੈ। ਇਹ ਵਿਦਵਾਨ ਬਾਖੂਬੀ ਜਾਣਦੇ ਹਨ ਕਿ ਇਹ ਉਹੋ ਤਕਨਾਲੋਜੀ ਹੈ, ਜਿਸ ਰਾਹੀਂ ਲਰਨਿੰਗ ਐਨਾਲਿਟਿਕਸ ਦੇ ਨਾਂ ਹੇਠ ਹਰ ਵਿਦਿਆਰਥੀ ਲਈ ਵਿਅਕਤੀਗਤ ਪੱਧਰ 'ਤੇ ਉਸ ਦੀ ਸਿੱਖਿਆ ਪ੍ਰਾਪਤ ਕਰਨ ਦੀ ਸਮਰੱਥਾ ਅਤੇ ਸੰਭਾਵਨਾ ਅਨੁਸਾਰ ਉਸ ਵਾਸਤੇ ਸਬਕ ਤਿਆਰ ਕੀਤੇ ਜਾਂਦੇ ਹਨ। ਬਿਜਨਸ ਐਨਾਲਿਟਿਕਸ ਦੇ ਨਾਂ ਹੇਠ, ਉਸ ਦੀ ਮਦਦ ਨਾਲ ਕਾਰਖਾਨੇਦਾਰ ਆਪਣਾ ਮਾਲ ਤਿਆਰ ਕਰਦੇ ਹਨ ਅਤੇ ਵਪਾਰੀ ਉਸ ਨੂੰ ਵੇਚਦੇ ਹਨ। ਇਸੇ ਤਰ੍ਹਾਂ ਡਾਕਟਰ ਕਿਸੇ ਵੀ ਮਨੁੱਖ ਨੂੰ ਲੱਗਣ ਵਾਲੀ ਬਿਮਾਰੀ ਦਾ ਅਗਾਊਂ ਪਤਾ ਲਾ ਲੈਂਦੇ ਹਨ। ਇਹ ਸੈਂਸਰਜ਼, ਬਿਗ ਡੈਟਾ ਐਨਾਲਿਟਿਕਸ ਅਤੇ ਮਸ਼ੀਨ ਲਰਨਿੰਗ ਦੇ ਅਭੇਦ (ਕਨਵਰਜੈਂਸ) ਦਾ ਚਮਤਕਾਰ ਹੈ।

ਇਹ ਤਕਨਾਲੋਜੀ ਸਿਰਫ ਮਨੁੱਖਾਂ ਅਤੇ ਮਨੁੱਖੀ ਸਮਾਜਾਂ ਦੀ ਜਾਸੂਸੀ ਲਈ ਹੀ ਨਹੀਂ ਵਰਤੀ ਜਾਂਦੀ, ਉਨ੍ਹਾਂ ਦੇ ਵਿਹਾਰ ਨੂੰ ਮੋੜਾ ਦੇਣ ਲਈ ਵੀ ਵਰਤੀ ਜਾਂਦੀ ਹੈ। ਜਦੋਂ ਮਾਨਵ ਵਿਗਿਆਨੀ ਅਤੇ ਸਮਾਜ ਸ਼ਾਸਤਰੀ ਮਨੁੱਖੀ ਤੇ ਸਮਾਜਕ ਵਿਹਾਰ ਨੂੰ ਸਮਝਣ ਲਈ ਇਹੋ ਕੰਮ ਪਰੰਪਰਾਗਤ ਢੰਗਾਂ ਨਾਲ ਕਰਦੇ ਸਨ ਤਾਂ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਸੀ। ਨਾ ਹੀ ਇਨ੍ਹਾਂ ਲੋਕਾਂ ਨੂੰ ਸਾਹਿਤਕਾਰਾਂ ਅਤੇ ਕਲਾਕਾਰਾਂ ਤੋਂ ਕੋਈ ਸ਼ਿਕਾਇਤ ਸੀ, ਜੋ ਆਪੋ ਆਪਣੇ ਤਰੀਕਿਆਂ ਨਾਲ ਮਨੁੱਖਾਂ ਅਤੇ ਸਮਾਜਾਂ ਨੂੰ ਢਾਲਣ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ। ਕਿਤੇ ਇਸ ਲਈ ਤਾਂ ਨਹੀਂ ਕਿ ਨਵੇਂ ਟੂਲਜ਼ ਨਾਲ ਇਹ ਕੰਮ ਬਹੁਤ ਕਾਮਯਾਬੀ ਨਾਲ ਹੋਣ ਲੱਗ ਪਵੇਗਾ? ਗੱਲ ਬੜੀ ਸਪਸ਼ਟ ਹੈ ਕਿ ਤਕਨਾਲੋਜੀ ਆਪਣੇ ਆਪ ਵਿਚ ਚੇਤੰਨ ਫੈਸਲੇ ਲੈਣ ਦੇ ਸਮਰੱਥ ਨਹੀਂ ਹੈ। ਇਸ ਦੇ ਫੈਸਲੇ ਤਾਂ ਹਰ ਤਰ੍ਹਾਂ ਚੇਤੰਨ ਮਨੁੱਖ ਦੇ ਟੀਚਿਆਂ ਅਤੇ ਚਾਹਤਾਂ 'ਤੇ ਨਿਰਭਰ ਕਰਨਗੇ। ਫਿਲਮ ਮੇਕਰ ਨੇ ਆਪਣੇ ਸਿਨੇਮਾ ਰਾਹੀਂ ਹਿੰਸਾ ਪ੍ਰੋਮੋਟ ਕਰਨੀ ਹੈ ਜਾਂ ਮੁਹੱਬਤ, ਇਹ ਗੱਲ ਫਿਲਮ ਮੇਕਿੰਗ ਦੀ ਤਕਨਾਲੋਜੀ 'ਤੇ ਨਹੀਂ, ਫਿਲਮ ਮੇਕਰ 'ਤੇ ਨਿਰਭਰ ਕਰਦੀ ਹੈ। ਖੈਰ! ਇਹ ਪੁਰਾਣੀ ਬਹਿਸ ਹੈ। ਆਪਾਂ ਆਪਣੇ ਵਿਸ਼ੇ ਵੱਲ ਪਰਤਦਿਆਂ ਗੱਲ ਸਮੇਟਦੇ ਹਾਂ।

ਸੋ ਉਤਰ-ਕਰੋਨਾ ਯੁਗ ਦੇ ਨਿਰਮਾਣ ਵੱਲ ਵਧਦਿਆਂ ਸਾਡਾ ਪਹਿਲਾ ਕਦਮ ਤਾਂ ਆਪਣੇ ਸਿਹਤ ਸੁਰੱਖਿਆ ਸਿਸਟਮ ਨੂੰ ਮਜ਼ਬੂਤ ਕਰਨਾ ਹੀ ਹੋਵੇਗਾ। ਇਸ ਸਬੰਧੀ ਅਸੀਂ ਹੇਠ ਲਿਖੇ ਨੁਕਤਿਆਂ ਦੀ ਪਛਾਣ ਕੀਤੀ ਹੈ,

1. ਕੌਮਾਂਤਰੀ ਸਿਹਤ ਸੰਸਥਾ ਨੂੰ ਮਜ਼ਬੂਤ ਕਰਕੇ ਵਿਭਿੰਨ ਮੁਲਕਾਂ ਦੇ ਆਪਸੀ ਸਹਿਯੋਗ ਨੂੰ ਯਕੀਨੀ ਬਣਾਉਣਾ। ਅਜਿਹੇ ਅਤੇ ਕੁਝ ਹੋਰ ਸਮਾਜਕ-ਸਭਿਆਚਾਰਕ ਉਪਰਾਲਿਆਂ, ਜਿਨ੍ਹਾਂ ਦੀ ਆਪਾਂ ਬਾਅਦ ਵਿਚ ਗੱਲ ਕਰਾਂਗੇ, ਰਾਹੀਂ ਨਾਨ-ਸਾਵਰਨ ਵਿਸ਼ਵ ਸੱਤਾ ਦੇ ਨਿਰਮਾਣ ਦੀ ਦਿਸ਼ਾ ਵਿਚ ਅੱਗੇ ਵਧਣਾ।

2. ਜਿਨ੍ਹਾਂ ਮੁਲਕਾਂ ਵਿਚ ਆਪਣੇ ਸਿਹਤ ਸੁਰੱਖਿਆ ਸਿਸਟਮ ਨੂੰ ਮਜ਼ਬੂਤ ਕਰਨ ਲਈ ਲੋੜੀਂਦੀ ਆਰਥਕ ਸਮਰੱਥਾ ਮੌਜੂਦ ਨਹੀਂ ਹੈ, ਉਨ੍ਹਾਂ ਦੀ ਵਿਸ਼ਵ ਸਿਹਤ ਸੰਸਥਾ (ਡਬਲਿਊ. ਐਚ. ਓ.) ਰਾਹੀਂ ਮਦਦ ਕਰਨਾ ਅਮੀਰ ਮੁਲਕਾਂ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ, ਕਿਉਂਕਿ ਕਰੋਨਾ ਵਾਇਰਸ ਨੇ ਸਾਨੂੰ ਸਿਖਾ ਦਿੱਤਾ ਹੈ ਕਿ ਕੋਈ ਵੀ ਮੁਲਕ ਅਜਿਹੀ ਲੜਾਈ ਇਕੱਲਿਆਂ ਨਹੀਂ ਲੜ ਸਕਦਾ। ਸਭ ਨੂੰ ਰਲ ਕੇ ਹੀ ਹਿੰਮਤ ਕਰਨੀ ਪੈਣੀ ਹੈ।

3. ਵੱਖ ਵੱਖ ਮੁਲਕਾਂ ਦੇ ਸਿਹਤ ਸੁਰੱਖਿਆ ਵਸੀਲਿਆਂ ਦੀ ਵਿਸ਼ਵ ਪੱਧਰ 'ਤੇ ਤਾਲਮੇਲ ਢੰਗ ਨਾਲ ਇਮਾਨਦਾਰਾਨਾ ਵਰਤੋਂ ਕਿਵੇਂ ਕਰਨੀ ਹੈ? ਇਸ ਸਬੰਧੀ ਚੀਨ ਦੇ ਤਜ਼ਰਬੇ ਤੋਂ ਸਿੱਖਣ ਦੀ ਲੋੜ ਹੈ। ਅਜਿਹਾ ਕਰਨ ਲਈ ਵਿਸ਼ਵ ਸੰਸਥਾ ਨੂੰ ਹੇਠ ਲਿਖੀਆਂ ਤਿੰਨ ਤਹਿਆਂ ਵਾਲੇ ਕੌਮਾਂਤਰੀ ਟੈਲੀਮੈਡੀਸਨ ਸੈਂਟਰ ਦੀ ਸਥਾਪਨਾ ਕਰਨੀ ਹੋਵੇਗੀ: (ਉ) ਟੈਲੀਮੈਡੀਸਨ ਪਲੈਟਫਾਰਮ ਦੀ ਪਹਿਲੀ ਤਹਿ, (ਅ) ਟੈਲੀਮੈਡੀਸਨ ਕਲਾਊਡ ਦੀ ਦੂਜੀ ਤਹਿ ਅਤੇ (ੲ) ਟੈਲੀਮੈਡੀਸਨ ਸਰਵਿਸ ਐਪਲੀਕੇਸ਼ਨ ਦੀ ਤੀਜੀ ਤਹਿ। ਇਸ ਕੌਮਾਂਤਰੀ ਸੈਂਟਰ ਦੀ ਸਫਲਤਾ ਲਈ ਵੱਖ ਵੱਖ ਮੁਲਕਾਂ, ਸੂਬਿਆਂ ਅਤੇ ਸਥਾਨਕ ਸਰਕਾਰਾਂ ਦੀਆਂ ਸਰਕਾਰੀ ਤੇ ਗੈਰਸਰਕਾਰੀ ਸੰਸਥਾਵਾਂ ਨੂੰ ਕੌਮਾਂਤਰੀ ਸੰਸਥਾਵਾਂ ਅਤੇ ਕਾਰਪੋਰੇਸ਼ਨਾਂ ਨਾਲ ਰਲ ਕੇ ਕੰਮ ਕਰਨਾ ਪੈਣਾ ਹੈ। ਇਹ ਕੋਈ ਮੁਸ਼ਕਿਲ ਕੰਮ ਨਹੀਂ ਹੈ, ਕਿਉਂਕਿ ਇਹ ਕੰਮ ਚੀਨ ਨੇ ਮਹੀਨਿਆਂ ਵਿਚ ਨਹੀਂ, ਹਫਤਿਆਂ ਵਿਚ ਹੀ ਕਰ ਲਿਆ ਸੀ।

4. ਜਿੰਨੀ ਦੇਰ ਤੱਕ ਦੁਨੀਆਂ ਦੇ ਹਰ ਵਿਅਕਤੀ ਕੋਲ ਜੀਣ ਥੀਣ ਲਈ ਘਰ, ਸ਼ੁੱਧ ਭੋਜਨ ਤੇ ਸਾਫ ਪਾਣੀ ਨਹੀਂ ਹੋਵੇਗਾ, ਉਸ ਦੀ ਜੇਬ ਵਿਚ ਪੈਸੇ ਨਹੀਂ ਹੋਣਗੇ ਅਤੇ ਉਸ ਦਾ ਧਿਆਨ ਰੱਖਣ ਲਈ ਜ਼ਿੰਮੇਵਾਰ ਸਰਕਾਰਾਂ ਤੇ ਕਾਨੂੰਨ ਨਹੀਂ ਹੋਣਗੇ, ਓਨੀ ਦੇਰ ਤੱਕ ਇਸ ਧਰਤੀ 'ਤੇ ਵੱਸਣ ਵਾਲਾ ਕੋਈ ਵੀ ਵਿਅਕਤੀ ਅਤੇ ਉਸ ਦਾ ਪਰਿਵਾਰ, ਭਾਵੇਂ ਉਹ ਕਿੰਨਾ ਵੀ ਸਾਧਨ ਸੰਪੰਨ ਕਿਉਂ ਨਾ ਹੋਵੇ, ਸੁਰੱਖਿਅਤ ਨਹੀਂ ਹੈ। ਇਕ ਸਲਾਹ ਹੈ ਕਿ ਅੱਜ ਹਾਈਡਰੋਪੌਨਿਕ2 ਐਰੋਪੌਨਿਕ, ਸੋਲਰ ਐਨਰਜੀ ਅਤੇ ਮੀਂਹ ਦੇ ਪਾਣੀ ਨੂੰ ਸੰਭਾਲਣ ਦੀਆਂ ਤਕਨੀਕਾਂ ਏਨੀਆਂ ਵਿਕਸਿਤ ਹੋ ਚੁਕੀਆਂ ਹਨ, ਜਿਨ੍ਹਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਿਹੀਆਂ ਸੰਸਥਾਵਾਂ ਨੇ ਮਾਨਕੀਕਰਣ (ਸਟੈਂਡਰਡਾਈਜ਼) ਵੀ ਕਰ ਲਿਆ ਹੈ। ਇਕ ਘਰ ਵਿਚ ਅਜਿਹੀ ਵਿਵਸਥਾ ਕਰਨ 'ਤੇ ਇਕ ਲੱਖ ਤੋਂ ਘੱਟ ਖਰਚਾ ਆਉਂਦਾ ਹੈ। ਜੇ ਸਰਕਾਰੀ ਮਦਦ ਮਿਲ ਜਾਵੇ ਤਾਂ ਹਰ ਘਰ ਆਪਣੇ ਰੋਟੀ-ਪਾਣੀ ਦਾ ਘਰ ਵਿਚ ਹੀ ਪ੍ਰਬੰਧ ਕਰ ਸਕਦਾ ਹੈ।

5. ਅਮਰੀਕੀ ਰਾਸ਼ਟਰਪਤੀ ਟਰੰਪ ਨੇ ਜੂਨ 2017 ਵਿਚ ਮੌਸਮੀ ਤਬਦੀਲੀ ਦੀ ਪੈਰਿਸ ਸਮਝੌਤੇ ਵਿਚੋਂ ਆਪਣੇ ਮੁਲਕ ਨੂੰ ਬਾਹਰ ਕੱਢ ਕੇ ਦੁਨੀਆਂ ਨੂੰ ਜੋ ਸੁਨੇਹਾ ਦੇਣ ਦੀ ਕੋਸ਼ਿਸ ਕੀਤੀ ਸੀ ਕਿ ਸਰਬੱਤ ਦੀ ਭਲਾਈ ਨਾਲ ਸਾਡਾ ਕੋਈ ਲੈਣਾ ਦੇਣਾ ਨਹੀਂ, ਸਾਡੀ ਦਿਲਚਸਪੀ ਤਾਂ ਸਿਰਫ ਆਪਣੇ ਆਪ ਦੀ ਭਲਾਈ ਵਿਚ ਹੈ, ਉਹ ਸੋਚ ਉਤਰ-ਕਰੋਨਾ ਯੁਗ ਦੀ ਸੋਚ ਨਹੀਂ ਹੋ ਸਕਦੀ। ਜੇ ਅਮਰੀਕਾ ਨੇ ਆਪਣੀ ਇਹ ਸੋਚ ਨਾ ਬਦਲੀ ਤਾਂ ਉਹ ਅਲੱਗ-ਥਲੱਗ ਹੋ ਕੇ ਕਿਤੇ ਦਾ ਵੀ ਨਹੀਂ ਰਹੇਗਾ। ਇਹ ਸੋਚ ਨਾ ਤਾਂ ਸਾਨੂੰ ਮੌਸਮੀ ਤਬਦੀਲੀ ਦੇ ਦੁਰਪ੍ਰਭਾਵਾਂ ਤੋਂ ਬਚਾ ਸਕਦੀ ਹੈ ਅਤੇ ਨਾ ਹੀ ਕਰੋਨਾ ਵਾਇਰਸ ਦੀ ਮਹਾਮਾਰੀ ਤੋਂ। ਸਾਨੂੰ ਰਾਸ਼ਟਰਵਾਦ ਦੀ ਸੌੜੀ ਪਰਿਭਾਸ਼ਾ ਤੋਂ ਉਪਰ ਉਠਣਾ ਪਵੇਗਾ।

6. ਦੂਜੇ ਵਿਸ਼ਵ ਯੁੱਧ ਦੇ ਵਿਨਾਸ਼ ਪਿਛੋਂ ਜਦੋਂ ਦੁਨੀਆਂ ਦੀ ਪੁਨਰ ਉਸਾਰੀ ਦਾ ਸਵਾਲ ਸਾਹਮਣੇ ਆਇਆ ਤਾਂ ਸਭ ਦੀ ਸਾਂਝੀ ਸੋਚ ਵਿਚੋਂ ਯੂ. ਐਨ. ਓ. ਨੇ ਜਨਮ ਲਿਆ। ਇਸ ਸੰਸਥਾ ਦਾ ਮੁਖ ਉਦੇਸ਼ ਆਉਣ ਵਾਲੇ ਸਮਿਆਂ ਵਿਚ ਕੌਮਾਂਤਰੀ ਝਗੜਿਆਂ (ਕਨਫਲਿਕਟਸ) ਨੂੰ ਰੋਕਣਾ ਸੀ। ਯੂ. ਐਨ. ਓ. ਨੇ ਆਪਣਾ ਰੋਲ ਨਿਭਾਇਆ। ਕੀ ਇਹ ਸੰਸਥਾ ਹੁਣ ਦੁਨੀਆਂ ਨੂੰ ਕਰੋਨਾ ਵਾਇਰਸ, ਮੌਸਮੀ ਤਬਦੀਲੀ, ਬੇਰੁਜ਼ਗਾਰੀ ਅਤੇ ਨਾਬਰਾਬਰੀ ਜਿਹੀਆਂ ਨਾਮੁਰਾਦ ਆਫਤਾਂ ਤੋਂ ਬਚਾ ਸਕਦੀ ਹੈ? ਜੇ ਨਹੀਂ, ਤਾਂ ਸਾਨੂੰ ਇਸ ਸੰਸਥਾ ਦੇ ਪੁਨਰ ਨਿਰਮਾਣ ਬਾਰੇ ਸੋਚਣਾ ਚਾਹੀਦਾ ਹੈ। ਦੁਨੀਆਂ ਸੋਚੇਗੀ ਵੀ ਜਰੂਰ, ਪਰ ਮੈਂ ਇਨ੍ਹਾਂ ਨਵੀਆਂ ਚੁਣੌਤੀਆਂ ਦੇ ਪਰਿਪੇਖ ਵਿਚ ਯੂ. ਐਨ. ਓ. ਦੇ ਵਿਸਤਾਰ ਲਈ ਇਕ ਛੋਟੀ ਜਿਹੀ ਸਲਾਹ ਦੇਣੀ ਚਾਹਾਂਗਾ। ਪਾਰਰਾਸ਼ਟਰੀ ਬਿਜ਼ਨਸ ਕਾਰਪੋਰੇਸ਼ਨਾਂ ਪਿਛੋਂ ਪਾਰਰਾਸ਼ਟਰੀ ਭਾਈਚਾਰਿਆਂ, ਜਿਨ੍ਹਾਂ ਨੂੰ ਅੱਜ ਕਲ੍ਹ ਕਾਸਮੋਨੇਸ਼ਨਜ਼ (ਬ੍ਰਹਿਮੰਡਾਂ) ਦੇ ਰੂਪ ਵਿਚ ਸਮਝਿਆ ਜਾ ਰਿਹਾ ਹੈ, ਦੀ ਸੁਘੜ (ਡੀਸੈਂਟਰਡ), ਗਤੀਸ਼ੀਲ (ਡਾਈਨੇਮਿਕ) ਅਤੇ ਈਵੋਲਵਿੰਗ (ਵਿਕਸਿਤ) ਗਲੋਬਲ ਨੈਟਵਰਕਿੰਗ ਨੂੰ ਵਿਸ਼ਵੀਕਰਣ ਦੇ ਅਗਲੇ ਪੜਾਅ ਦੇ ਰੂਪ ਵਿਚ ਦੇਖਣ ਦੀ ਲੋੜ ਹੈ।

ਇਹ ਵਿਸ਼ਵ ਭਾਈਚਾਰੇ ਜਿਥੇ ਆਪਣੀ ਜਨਮ ਭੂਮੀ ਨਾਲ ਜੁੜੇ ਹੁੰਦੇ ਹਨ, ਉਥੇ ਆਪਣੀਆਂ ਕਰਮ ਭੂਮੀਆਂ ਨਾਲ ਵੀ ਬਰਾਬਰ ਹੀ ਜੁੜੇ ਹੁੰਦੇ ਹਨ। ਇਨ੍ਹਾਂ ਦੀ ਸੰਰਚਨਾ ਵਿਚ ਹੀ ਸਰਬੱਤ ਦਾ ਭਲਾ, ਸਰਬ ਸਾਂਝੀਵਾਲਤਾ ਅਤੇ ਵਿਸ਼ਵ ਸਹਿਯੋਗ ਅੰਕਿਤ ਹੋਏ ਹੁੰਦੇ ਹਨ। ਇਹ ਵੀ ਸੱਚ ਹੈ ਕਿ ਅੱਜ ਹਰ ਭਾਈਚਾਰਾ ਪਾਰਰਾਸ਼ਟਰੀ ਭਾਈਚਾਰਾ ਹੈ ਅਤੇ ਹਰ ਸਥਾਨ ਬਹੁ-ਭਾਈਚਾਰਕ ਸਥਾਨ। ਕੀ ਇਨ੍ਹਾਂ ਬ੍ਰਹਿਮੰਡਾਂ ਨੂੰ ਮਾਨਤਾ ਪ੍ਰਦਾਨ ਕਰਕੇ ਯੂ. ਐਨ. ਓ. ਸਿਸਟਮ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ? ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਮੁੱਦੇ ਹੋਣਗੇ, ਜਿਥੋਂ ਇਹ ਚਰਚਾ ਅਰੰਭ ਹੋ ਸਕਦੀ ਹੈ।

# ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਸੰਸਦ ਮੈਂਬਰਾਂ ਦੀ ਤਨਖਾਹ 'ਚ ਕਟੌਤੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਉਨ੍ਹਾਂ ਦੇ ਕੈਬਨਿਟ ਸਾਥੀਆਂ ਅਤੇ ਸੰਸਦ ਦੇ 750 ਤੋਂ ਵੱਧ ਮੈਂਬਰ ਇਕ ਸਾਲ ਤੱਕ 30 ਫੀਸਦੀ ਘੱਟ ਤਨਖਾਹ ਲੈਣਗੇ। ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਐਲਾਨ ਕੀਤਾ ਕਿ ਕਰੋਨਾ ਵਾਇਰਸ ਮਹਾਮਾਰੀ ਨਾਲ ਲੜਨ 'ਚ ਇਸ ਰਾਸ਼ੀ ਨੂੰ ਵਰਤਿਆ ਜਾਵੇਗਾ।

ਰਾਸ਼ਟਰਪਤੀ, ਉਪ ਰਾਸ਼ਟਰਪਤੀ, ਲੋਕ ਸਭਾ ਦੇ ਸਪੀਕਰ ਅਤੇ ਸੂਬਿਆਂ ਦੇ ਰਾਜਪਾਲਾਂ ਨੇ ਵੀ ਸਮਾਜਿਕ ਜ਼ਿੰਮੇਵਾਰੀ ਸਮਝਦਿਆਂ ਆਪਣੀ ਇੱਛਾ ਨਾਲ ਤਨਖਾਹ ਵਿਚ ਕਟੌਤੀ ਦਾ ਫੈਸਲਾ ਲਿਆ ਹੈ। ਕੇਂਦਰੀ ਕੈਬਨਿਟ ਨੇ ਵਿੱਤੀ ਵਰ੍ਹੇ 2020-21 ਅਤੇ 2021-22 ਦੇ ਸੰਸਦ ਮੈਂਬਰ ਸਥਾਨਕ ਏਰੀਆ ਵਿਕਾਸ ਫੰਡ (ਐਮ.ਪੀ.ਲੈਡ.) ਨੂੰ ਵੀ ਆਰਜ਼ੀ ਤੌਰ ਉਤੇ ਮੁਅੱਤਲ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ। ਭਾਜਪਾ ਆਗੂ ਅਮਿਤ ਸ਼ਾਹ ਅਤੇ ਕਾਂਗਰਸ ਆਗੂਆਂ ਰਣਦੀਪ ਸਿੰਘ ਸੁਰਜੇਵਾਲਾ ਤੇ ਅਹਿਮਦ ਪਟੇਲ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਨੇ ਸੰਕਟ ਦੀ ਇਸ ਘੜੀ 'ਚ ਇਕਜੁੱਟ ਹੋਣ ਦਾ ਸੁਨੇਹਾ ਦਿੱਤਾ ਹੈ।

ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਤਨਖਾਹ ਵਿਚ ਕਟੌਤੀ ਦਾ ਸਵਾਗਤ ਕਰਦਿਆਂ ਕਿਹਾ ਕਿ ਐਮਪੀਲੈਡ ਫੰਡ ਨੂੰ ਬਹਾਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਦਾ ਨੁਕਸਾਨ ਗਰੀਬਾਂ ਨੂੰ ਹੋਵੇਗਾ। ਕੇਂਦਰੀ ਮੰਤਰੀ ਮੰਡਲ ਨੇ ਸੰਸਦ ਮੈਂਬਰਾਂ ਦੇ ਤਨਖਾਹਾਂ, ਭੱਤਿਆਂ ਅਤੇ ਪੈਨਸ਼ਨ ਬਾਰੇ ਐਕਟ 1954 'ਚ ਤਰਮੀਮ ਦੇ ਆਰਡੀਨੈਂਸ ਨੂੰ ਪ੍ਰਵਾਨਗੀ ਦਿੱਤੀ। ਤਨਖਾਹਾਂ 'ਚ 30 ਫੀਸਦੀ ਕਟੌਤੀ ਪਹਿਲੀ ਅਪਰੈਲ ਤੋਂ ਲਾਗੂ ਹੋ ਗਈ ਹੈ। ਬਾਅਦ 'ਚ ਸਰਕਾਰੀ ਤਰਜਮਾਨ ਨੇ ਸਪੱਸ਼ਟ ਕੀਤਾ ਕਿ ਸੰਸਦ ਮੈਂਬਰਾਂ ਦੀ ਸਿਰਫ ਤਨਖਾਹ 'ਚ ਕਟੌਤੀ ਕੀਤੀ ਜਾਵੇਗੀ ਅਤੇ ਉਨ੍ਹਾਂ ਦੀ ਪੈਨਸ਼ਨ ਅਤੇ ਭੱਤੇ ਨਹੀਂ ਕੱਟੇ ਜਾਣਗੇ।

*To Advertise with Punjab Times*
***Call: 847-359-0746***

ਪੰਜਾਬ ਟਾਈਮਜ਼

*ਸਨਿਚਰਵਾਰ, 11 ਅਪਰੈਲ 2020*

# ਕਰੋਨਾ ਵਾਇਰਸ ਨਾਲ ਜੂਝਦਿਆਂ

ਇਸ ਸਮੇਂ ਸੰਸਾਰ ਭਰ ਉਤੇ ਕਰੋਨਾ ਵਾਇਰਸ ਦਾ ਖਤਰਾ ਮੰਡਰਾ ਰਿਹਾ ਹੈ, ਸਗੋਂ ਨਿਤ ਦਿਨ ਵਧ ਹੀ ਰਿਹਾ ਹੈ। ਬਹੁਤ ਸਾਰੇ ਮੁਲਕਾਂ 'ਚ ਤਾਲਾਬੰਦੀ ਤਕ ਕੀਤੀ ਗਈ ਹੈ। ਅਮਰੀਕਾ ਵਿਚ ਇਸ ਤੋਂ ਪੀੜਤ ਮਰੀਜ਼ਾਂ ਅਤੇ ਮੌਤਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਲੋਕਾਂ 'ਚ ਇਸ ਵਾਇਰਸ ਕਾਰਨ ਦਹਿਸ਼ਤ ਹੈ, ਹਾਲਾਂਕਿ ਮਾਹਿਰ ਵਾਰ-ਵਾਰ ਕਹਿ ਰਹੇ ਹਨ ਕਿ ਇਹ ਵਾਇਰਸ ਬਹੁਤਾ ਘਾਤਕ ਨਹੀਂ, ਬੱਸ ਇਹ ਫੈਲਦਾ ਬਹੁਤ ਤੇਜ਼ੀ ਨਾਲ ਹੈ। ਥੋੜ੍ਹੀ ਜਿਹੀ ਸਾਵਧਾਨੀ ਨਾਲ ਇਸ ਤੋਂ ਬਚਾਅ ਸੰਭਵ ਹੈ। ਉਂਜ, ਇਕ ਗੱਲ ਸਪਸ਼ਟ ਹੈ ਕਿ ਇਸ ਵਾਇਰਸ ਨੇ ਜ਼ਿੰਦਗੀ ਦੇ ਵੱਖ-ਵੱਖ ਪੱਖਾਂ 'ਤੇ ਸਿੱਧਾ ਅਸਰ ਪਾਇਆ ਹੈ। ਇਸ ਨਾਲ ਆਰਥਕ, ਸਮਾਜਕ ਆਦਿ ਖੇਤਰ ਕੰਬ ਉਠੇ ਹਨ। ਮਾਹਿਰਾਂ ਨੇ ਤਾਂ ਹੁਣ ਇਸ ਪਿਛੋਂ ਵੱਖ-ਵੱਖ ਖੇਤਰਾਂ ਉਤੇ ਪੈਣ ਵਾਲੇ ਅਸਰਾਂ ਬਾਰੇ ਕਿਆਫੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਹੋਰ ਮੁਲਕਾਂ ਅਤੇ ਖਿੱਤਿਆਂ ਵਾਂਗ ਭਾਰਤ ਤੇ ਪੰਜਾਬ ਵੀ ਇਸ ਤੋਂ ਅਛੂਤੇ ਨਹੀਂ ਰਹੇ ਹਨ। ਸਮੁੱਚੇ ਭਾਰਤ ਵਿਚ 22 ਮਾਰਚ ਪਿਛੋਂ ਲਗਾਤਾਰ ਲੌਕਡਾਊਨ ਚੱਲ ਰਿਹਾ ਹੈ ਅਤੇ ਪੰਜਾਬ ਸਰਕਾਰ ਨੇ ਕਰਫਿਊ ਲਾਇਆ ਹੋਇਆ ਹੈ ਤਾਂ ਕਿ ਇਸ ਵਾਇਰਸ ਨੂੰ ਅਗਾਂਹ ਫੈਲਣ ਤੋਂ ਰੋਕਿਆ ਜਾ ਸਕੇ। ਅਸਲ ਵਿਚ ਭਾਰਤ ਦਾ ਸਿਹਤ ਸਿਸਟਮ ਇੰਨਾ ਕਮਜ਼ੋਰ ਹੈ ਕਿ ਮਾਹਿਰਾਂ ਨੂੰ ਖਦਸ਼ਾ ਹੈ, ਜੇ ਕਿਤੇ ਭਾਰਤ ਵਿਚ ਕੇਸਾਂ ਦੀ ਗਿਣਤੀ ਇਸੇ ਹਿਸਾਬ ਵਧਦੀ ਰਹੀ ਤਾਂ ਸੰਕਟ ਹੋਰ ਵੀ ਭਿਆਨਕ ਹੋ ਸਕਦਾ ਹੈ।

ਪੰਜਾਬ ਵਿਚ ਵੀ ਸਿਹਤ ਸਹੂਲਤਾਂ ਬਾਰੇ ਜੋ ਖੁਲਾਸੇ ਹੋ ਰਹੇ ਹਨ, ਉਹ ਪ੍ਰੇਸ਼ਾਨ ਕਰਨ ਵਾਲੇ ਹਨ। ਸਗੋਂ ਇਸ ਵਾਇਰਸ ਕਾਰਨ ਫੌਤ ਹੋਏ ਪ੍ਰਸਿੱਧ ਕੀਰਤਨੀਏ ਨਿਰਮਲ ਸਿੰਘ ਖਾਲਸਾ ਬਾਰੇ ਜੋ ਜਾਣਕਾਰੀ ਸਾਹਮਣੇ ਆ ਰਹੀ ਹੈ, ਉਸ ਤੋਂ ਸਾਫ ਪਤਾ ਲਗਦਾ ਹੈ ਕਿ ਇਸ ਮਾਮਲੇ ਨੂੰ ਕਿੰਨੀ ਗੈਰ ਸੰਜੀਦਗੀ ਨਾਲ ਲਿਆ ਗਿਆ। ਇਸ ਤੋਂ ਵੀ ਅਗਾਂਹ, ਵੇਰਕਾ ਵਿਚ ਉਨ੍ਹਾਂ ਦੇ ਸਸਕਾਰ ਬਾਰੇ ਜਿਹੜੇ ਤੱਥ ਮੀਡੀਆ ਵਿਚ ਉਜਾਗਰ ਹੋਏ ਹਨ, ਉਸ ਨੇ ਸਮਾਜਕ ਤਾਣੇ-ਬਾਣੇ ਉਤੇ ਵੀ ਵੱਡਾ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਵੇਰਕਾ ਦੇ ਕੁਝ ਲੋਕਾਂ ਨੇ ਉਨ੍ਹਾਂ ਦਾ ਸਸਕਾਰ ਉਥੇ ਹੋਣ ਤੋਂ ਰੁਕਵਾ ਦਿੱਤਾ। ਇਹ ਭਾਵੇਂ ਕਰੋਨਾ ਵਾਇਰਸ ਕਾਰਨ ਚਾਰੇ ਪਾਸੇ ਭੈਅ ਕਾਰਨ ਵੀ ਸੀ, ਪਰ ਇਸ ਪ੍ਰਸੰਗ ਵਿਚ ਜਾਤ ਦਾ ਮਸਲਾ ਵੀ ਪਿਛਾਂਹ ਨਹੀਂ ਸੁੱਟਿਆ ਜਾ ਸਕਦਾ। ਇਹ ਉਹ ਮਸਲਾ ਹੈ, ਜੋ ਨਿਰਮਲ ਸਿੰਘ ਖਾਲਸਾ ਖੁਦ ਸਾਰੀ ਉਮਰ ਉਠਾਉਂਦੇ ਰਹੇ ਹਨ। ਪਹਿਲੇ ਪਾਤਿਸ਼ਾਹ ਦਾ 550ਵਾਂ ਜਨਮ ਦਿਹਾੜਾ ਉਨ੍ਹਾਂ ਨੇ ਇਸ ਪ੍ਰਸੰਗ ਵਿਚ ਹੀ ਮਨਾਉਣ ਦਾ ਹੋਕਾ ਦਿੱਤਾ ਸੀ। ਉਂਜ ਵੀ ਸਿੱਖੀ ਅੰਦਰ ਜਾਤ-ਪਾਤ ਲਈ ਕੋਈ ਥਾਂ ਨਹੀਂ ਹੈ, ਪਰ ਸਿਆਸੀ, ਸਮਾਜਕ, ਧਾਰਮਿਕ ਆਦਿ ਕਈ ਕਾਰਨਾਂ ਕਰਕੇ ਜਾਤ-ਪਾਤ ਦਾ ਸਿਲਸਿਲਾ ਪਿਛਲੇ ਸਮੇਂ ਦੌਰਾਨ ਘਟਿਆ ਜ਼ਰੂਰ ਹੈ, ਟੁੱਟ ਨਹੀਂ ਸਕਿਆ। ਸਿਤਮਜ਼ਰੀਫੀ ਇਹ ਵੀ ਹੋਈ ਹੈ ਕਿ ਜਿਨ੍ਹਾਂ ਸਿੱਖ ਸੰਸਥਾਵਾਂ ਨੇ ਜਾਤ-ਪਾਤ ਦੇ ਕੋਹੜ ਨੂੰ ਖਤਮ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਣੀ ਸੀ, ਉਨ੍ਹਾਂ ਨੇ ਵੀ 'ਯਥਾ ਸਥਿਤੀ' ਵਾਲੀ ਹਾਲਤ ਬਣਾਈ ਰੱਖੀ ਅਤੇ ਇਹ ਪਹੁੰਚ ਅੱਜ ਵੀ ਬਰਕਰਾਰ ਹੈ।

ਕਰੋਨਾ ਵਾਇਰਸ ਕਾਰਨ ਸਮਾਜਕ ਤਾਣੇ-ਬਾਣੇ ਦਾ ਜੋ ਸੱਚ ਉਜਾਗਰ ਹੋ ਰਿਹਾ ਹੈ, ਉਹ ਸੱਚਮੁੱਚ ਹੈਰਾਨ ਕਰਨ ਵਾਲਾ ਹੈ। ਪਰਿਵਾਰ ਦੇ ਜੀਅ ਆਪਣੇ ਰੋਗੀ ਦੇ ਸਸਕਾਰ ਲਈ ਦੇਹ ਲੈਣ ਤੋਂ ਇਨਕਾਰ ਤਕ ਕਰਨ ਲੱਗੇ ਹਨ। ਇਸ ਤੋਂ ਪਹਿਲਾਂ, ਲੌਕਡਾਊਨ ਦੀ ਸ਼ੁਰੂਆਤ ਮੌਕੇ ਪੁਲਿਸ ਦਾ ਜੋ ਵਿਹਾਰ ਸਾਹਮਣੇ ਆਇਆ ਸੀ, ਉਹ ਕਿਸੇ ਸਦਮੇ ਤੋਂ ਘੱਟ ਨਹੀਂ ਸੀ। ਇਹ ਵਿਹਾਰ ਅਸਲ ਵਿਚ ਪੁਲਿਸ ਦੀ ਇਸ ਮਾਨਕਿਸਤਾ ਵਿਚੋਂ ਹੀ ਸਾਹਮਣੇ ਆਇਆ, ਜੋ ਨਾਂਹ ਸੁਣਨ ਦੀ ਆਦੀ ਨਹੀਂ। 1980ਵਿਆਂ ਦੇ ਸ਼ੁਰੂ ਵਿਚ ਸੂਬੇ ਉਤੇ ਪਏ ਸੰਕਟ ਦੌਰਾਨ ਪੰਜਾਬ ਪੁਲਿਸ ਨੂੰ ਜਿਸ ਤਰ੍ਹਾਂ ਦੀਆਂ ਮਾਰੂ ਤਾਕਤਾਂ ਨਾਲ ਲੈਸ ਕੀਤਾ ਗਿਆ ਸੀ, ਉਹ ਮਗਰੋਂ ਵਾਪਸ ਨਹੀਂ ਲਈਆਂ ਗਈਆਂ। ਵੱਖ-ਵੱਖ ਸਿਆਸੀ ਪਾਰਟੀਆਂ ਵੀ ਆਪਣਾ ਰਾਜਭਾਗ ਚਲਾਉਣ ਲਈ ਇਸੇ ਪੁਲਿਸ ਦੀ ਵਰਤੋਂ-ਦੁਰਵਰਤੋਂ ਕਰਦੀਆਂ ਰਹੀਆਂ ਹਨ। ਇਸੇ ਕਰਕੇ ਹੁਣ ਹੋਈਆਂ ਵਧੀਕੀਆਂ ਪਿਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਬਾਰੇ ਵੱਖਰੇ ਦਿਸ਼ਾ-ਨਿਰਦੇਸ਼ ਜਾਰੀ ਕਰਨੇ ਪਏ। ਸਿਹਤ ਸਿਸਟਮ ਦਾ ਮਸਲਾ ਇਸ ਤੋਂ ਵੱਖਰਾ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿਚ ਹੀ ਨਹੀਂ, ਸਮੁੱਚੇ ਭਾਰਤ ਅੰਦਰ ਸਰਕਾਰੀ ਸਿਹਤ ਸਿਸਟਮ ਇਕ ਤਰ੍ਹਾਂ ਨਾਲ ਰੀਂਗਣ ਲਾ ਦਿੱਤਾ ਗਿਆ ਹੈ। ਇਕ ਖਾਸ ਨੀਤੀ ਤਹਿਤ ਪਹਿਲਾਂ ਸਰਕਾਰੀ ਸਿਹਤ ਸਿਸਟਮ ਨੂੰ ਜਾਣ-ਬੁੱਝ ਕੇ ਬਦਨਾਮ ਕੀਤਾ ਗਿਆ ਅਤੇ ਇਸੇ ਦੇ ਨਾਲ-ਨਾਲ ਪ੍ਰਾਈਵੇਟ ਹਸਪਤਾਲਾਂ ਨੂੰ ਹੱਲਾਸ਼ੇਰੀ ਦਿੱਤੀ ਗਈ। ਹੁਣ ਕਰੋਨਾ ਸੰਕਟ ਨੇ ਪ੍ਰਾਈਵੇਟ ਹਸਪਤਾਲ ਵਾਲਿਆਂ ਦਾ ਜੋ ਵਿਹਾਰ ਸਾਹਮਣੇ ਲਿਆਂਦਾ ਹੈ, ਉਸ ਨੇ ਸਰਕਾਰਾਂ ਨੂੰ ਵੀ ਸੋਚਣ ਲਾ ਦਿੱਤਾ ਹੈ।

ਜਾਹਰ ਹੈ ਕਿ ਕਰੋਨਾ ਵਾਇਰਸ ਨੇ ਸਾਡੇ ਸਮੁੱਚੇ ਤਾਣੇ-ਬਾਣੇ ਦੇ ਵੱਖ-ਵੱਖ ਮਸਲਿਆਂ ਦੇ ਵੱਖ-ਵੱਖ ਪੱਖਾਂ ਦੀਆਂ ਕਮਜ਼ੋਰੀਆਂ ਸਾਹਮਣੇ ਲਿਆਂਦੀਆਂ ਹਨ। ਚਾਹੀਦਾ ਤਾਂ ਇਹ ਸੀ ਕਿ ਇਨ੍ਹਾਂ ਕਮਜ਼ੋਰੀਆਂ ਬਾਰੇ ਨਿੱਠ ਕੇ ਵਿਚਾਰ ਕਰਕੇ ਨੀਤੀਆਂ ਦੀ ਰੂਪ-ਰੇਖਾ ਤਿਆਰ ਕਰਨ ਵਲ ਧਿਆਨ ਧਰਿਆ ਜਾਂਦਾ, ਪਰ ਅਜੇ ਤਕ ਇਸ ਤਰ੍ਹਾਂ ਦੀ ਕੋਈ ਕਵਾਇਦ ਸਾਹਮਣੇ ਨਹੀਂ ਆਈ ਹੈ। ਆਪੋ-ਆਪਣੇ ਢੰਗ ਨਾਲ ਖਾਨਾਪੂਰਤੀ ਹੀ ਕੀਤੀ ਜਾ ਰਹੀ ਜਾਪਦੀ ਹੈ। ਸਰਕਾਰਾਂ ਦਾ ਧਿਆਨ ਨਾ ਤਾਂ ਸਿਹਤ ਸਿਸਟਮ ਵਿਚ ਸੁਧਾਰ ਦਾ ਹੈ ਅਤੇ ਨਾ ਹੀ ਖੇਰੂੰ-ਖੇਰੂੰ ਹੋਏ ਪਏ ਸਮਾਜਕ ਤਾਣੇ-ਬਾਣੇ ਦਾ ਠੁੱਕ ਬੰਨ੍ਹਣ ਵਿਚ ਹੈ। ਪੁਲਿਸ ਸੁਧਾਰਾਂ ਦੀ ਗੱਲ ਤਾਂ ਕਿੰਨੇ ਚਿਰ ਤੋਂ ਕੀਤੀ ਜਾ ਰਹੀ ਹੈ, ਪਰ ਇਸ ਮਾਮਲੇ ਵਿਚ ਸਰਕਾਰਾਂ ਨੇ ਕੋਈ ਇੱਛਾ ਸ਼ਕਤੀ ਨਹੀਂ ਦਿਖਾਈ ਹੈ। ਮਾਹਿਰ ਕਹਿ ਰਹੇ ਹਨ ਕਿ ਕਰੋਨਾ ਸੰਕਟ ਗੁਜ਼ਰ ਜਾਣ ਪਿਛੋਂ ਇਹ ਦੁਨੀਆਂ ਪਹਿਲਾਂ ਵਰਗੀ ਨਹੀਂ ਰਹੇਗੀ, ਪਰ ਭਾਰਤ ਅਤੇ ਪੰਜਾਬ ਵਿਚ ਇਸ ਅੰਦਰ ਕਿੰਨੀ ਕੁ ਸਿਫਤੀ ਤਬਦੀਲੀ ਹੋਵੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਉਂਜ ਹੁਣ ਸਰਕਾਰਾਂ ਕੋਲ ਇਕ ਵਧੀਆ ਮੌਕਾ ਹੈ ਕਿ ਲੋਕਾਂ ਦੀਆਂ ਔਕੜਾਂ ਨੂੰ ਧਿਆਨ ਵਿਚ ਰੱਖ ਕੇ ਅਗਲੀਆਂ ਨੀਤੀਆਂ ਘੜੀਆਂ ਜਾਣ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਅੰਗ ਹੋਏ ਗਾਇਬ?*

ਮਾਰੇ ਦੁਸ਼ਮਣ ਡਰੋਨਾਂ ਦੇ ਨਾਲ ਜਿਸ ਨੇ, ਉਹ ਵੀ ਕਰੋਨਾ ਦੇ ਅੱਗੇ ਬੇਵੱਸ ਹੋਇਆ।
ਸਾਇੰਸਦਾਨ ਸਿਰ ਸੁੱਟ ਕੇ ਡਟੇ ਹੋਏ, ਕੋਈ ਇਲਾਜ ਨਾ ਉਨ੍ਹਾਂ ਤੋਂ ਦੱਸ ਹੋਇਆ।
ਪਾਜ਼ੇਟਿਵ ਰਿਪੋਰਟ ਆ ਜਾਏ ਜਿਹਦੀ, ਰੋਣ ਨਿਕਲਦਾ, ਉਹਤੋਂ ਨਾ ਹੱਸ ਹੋਇਆ।
'ਲੌਕਡਾਊਨ' ਨੇ ਬੰਨ'ਤੇ ਲੋਕ ਸਾਰੇ, ਅੰਦਰ ਵੜੇ ਨੇ, ਬਾਹਰ ਨਹੀਂ ਨੱਸ ਹੋਇਆ।
ਇਕ-ਦੂਜੇ ਨੂੰ ਪੁੱਛਦੇ ਲੋਕ ਭੋਲੇ, ਮਹਾਮਾਰੀ ਤੋਂ ਬਚਣ ਦਾ ਢੰਗ ਕਿੱਦਾਂ?
ਦੁਨੀਆਂ ਵਿਚ ਕਰੋਨਾ ਨੇ ਕਹਿਰ ਢਾਹਿਆ, ਫੁਰਨ ਸ਼ਾਇਰ ਨੂੰ ਦੱਸੋ ਵਿਅੰਗ ਕਿੱਦਾਂ?

# ਕਰੋਨਾ ਵਾਇਰਸ ਦੇ ਸਮਿਆਂ ਵਿਚ ਕੈਨੇਡਾ

*ਕਰੋਨਾ ਵਾਇਰਸ ਦਾ ਸੰਕਟ ਸਮੁੱਚੀ ਦੁਨੀਆਂ ਉਤੇ ਛਾਇਆ ਹੋਇਆ ਹੈ। ਇਸ ਨੇ ਸਮੁੱਚੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਆਰਥਕਤਾ ਉਤੇ ਪੈ ਰਹੇ ਇਸ ਦੇ ਅਸਰਾਂ ਬਾਰੇ ਅੰਦਾਜ਼ੇ ਲਾਏ ਜਾਣ ਲੱਗੇ ਹਨ। ਚੀਨ ਤੋਂ ਅਰੰਭ ਹੋਏ ਇਸ ਵਾਇਰਸ ਨੇ ਹੁਣ ਤਕ ਚੀਨ, ਇਟਲੀ ਅਤੇ ਸਪੇਨ ਵਿਚ ਬਹੁਤ ਨੁਕਸਾਨ ਕੀਤਾ ਹੈ। ਇੰਗਲੈਂਡ ਵਰਗੇ ਮੁਲਕ ਵਿਚ ਇਸ ਦੇ ਰੋਗੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਕੈਨੇਡਾ ਵਿਚ ਵੀ ਇਸ ਵਾਇਰਸ ਨੇ ਡਾਢਾ ਅਸਰ ਪਾਇਆ ਹੈ। ਇਸ ਬਾਰੇ ਚਰਚਾ ਕੈਨੇਡਾ ਵੱਸਦੇ ਉਘੇ ਕਹਾਣੀਕਾਰ ਤੇ ਲੇਖਕ ਹਰਪ੍ਰੀਤ ਸੇਖਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਦੁਨੀਆਂ ਭਰ ਵਿਚ ਕਰੋਨਾ ਵਾਇਰਸ ਤੋਂ ਪ੍ਰਭਾਵਿਤ ਹੋਣ ਵਾਲਿਆਂ ਦੀ ਗਿਣਤੀ ਮੰਗਲਵਾਰ ਤਕ ਸਵਾ 14 ਲੱਖ ਨੂੰ ਜਾ ਅੱਪੜੀ ਹੈ। ਇਹ ਸੰਖਿਆ ਸਿਰਫ ਉਨ੍ਹਾਂ ਦੀ ਹੈ ਜਿਨ੍ਹਾਂ ਨੂੰ ਟੈਸਟ ਕੀਤਾ ਗਿਆ ਹੈ; ਕਰੋਨਾ ਤੋਂ ਪ੍ਰਭਾਵਿਤ ਪਰ ਟੈਸਟ ਤੋਂ ਖੁੰਝਿਆਂ ਦੀ ਗਿਣਤੀ ਇਸ ਤੋਂ ਵੱਖਰੀ ਹੋਵੇਗੀ। ਇਸ ਮਹਾਂਮਾਰੀ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਦਿਨੋਂ-ਦਿਨ ਵਧ ਰਹੀ ਹੈ। ਹੁਣ ਤੱਕ ਸਭ ਤੋਂ ਵੱਧ ਮਾਰ ਅਮਰੀਕਾ, ਚੀਨ, ਇਟਲੀ ਅਤੇ ਸਪੇਨ 'ਤੇ ਪਈ ਹੈ। ਇਹ ਵਾਇਰਸ ਇੱਕ ਤੋਂ ਦੂਜੇ ਤੱਕ ਪਹੁੰਚਦਾ ਹੈ। ਇਸ ਦੀ ਲੜੀ ਨੂੰ ਤੋੜਨ ਲਈ ਸਰਕਾਰਾਂ ਇੱਕ ਦੂਜੇ ਤੋਂ ਛੇ ਫੁੱਟ ਦੀ ਦੂਰੀ 'ਤੇ ਰਹਿਣ ਲਈ ਆਖ ਰਹੀਆਂ ਹਨ।



ਹਰਪ੍ਰੀਤ ਸੇਖਾ
ਫੋਨ: 1-778-231-1189

ਲੋਕਾਂ ਨੂੰ ਘਰਾਂ ਅੰਦਰ ਰਹਿਣ ਦੇ ਆਦੇਸ਼ ਹਨ। ਕੈਨੇਡਾ ਵਿਚ ਸਕੂਲ ਬੰਦ ਹਨ। ਬੱਚੇ ਘਰਾਂ ਅੰਦਰ ਤੜੇ ਅੱਕਲਕਾਨ ਹੋਏ ਪਏ ਹਨ। ਕਾਲਜ-ਯੂਨੀਵਰਸਿਟੀਆਂ ਦੇ ਵਿਦਿਆਰਥੀ ਘਰ ਬੈਠੇ ਹੀ ਆਨਲਾਈਨ ਪੜ੍ਹਾਈ ਕਰ ਰਹੇ ਹਨ। ਬਹੁਤ ਸਾਰੇ ਕੰਮ ਬੰਦ ਹੋ ਗਏ ਹਨ; ਲਾਇਬਰੇਰੀਆਂ, ਜਿੰਮ, ਪੱਬ। ਕੌਮਾਂਤਰੀ ਆਵਾਜਾਈ ਤਕਰੀਬਨ ਠੱਪ ਹੀ ਹੈ। ਸਟਾਕ ਮਾਰਕੀਟ ਨੂੰ ਜ਼ਬਰਦਸਤ ਝਟਕੇ ਲੱਗੇ ਹਨ। ਲੋਕਾਂ ਦੀ ਜਮ੍ਹਾਂ ਪੂੰਜੀ ਸੁੰਘੜ ਗਈ ਹੈ। ਕਈ ਥਾਵੀਂ ਮੁਕੰਮਲ ਬੰਦ ਹੈ। ਸਾਡੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਪੂਰੀ ਤਰ੍ਹਾਂ ਬੰਦ ਨਹੀਂ ਹੈ। ਅੱਧ-ਪਚੱਧੇ ਕੰਮ ਚੱਲ ਰਹੇ ਹਨ। ਕਈ ਲੋਕ ਘਰਾਂ ਤੋਂ ਹੀ ਕੰਮ ਕਰ ਰਹੇ ਹਨ। ਸੜਕਾਂ ਉਪਰ ਵਿਰਲੀ-ਟਾਵੀਂ ਕਾਰ ਦਿਸਦੀ ਹੈ।

ਕੈਨੇਡਾ ਦੀ ਕੇਂਦਰ ਸਰਕਾਰ ਨੇ ਇਸ ਵਾਇਰਸ ਕਾਰਨ ਘਰ ਬੈਠੇ ਵਾਸੀਆਂ ਨੂੰ ਦੋ ਹਜ਼ਾਰ ਡਾਲਰ ਤੱਕ ਦਾ ਭੱਤਾ ਦੇਣ ਦਾ ਐਲਾਨ ਕੀਤਾ ਹੈ। ਕਾਰੋਬਾਰਾਂ ਨੂੰ ਚੱਲਦੇ ਰੱਖਣ ਲਈ ਕਾਮਿਆਂ ਨੂੰ 75 ਪ੍ਰਤੀਸ਼ਤ ਤੱਕ ਦੀਆਂ ਤਨਖਾਹਾਂ ਸਰਕਾਰੀ ਖਜ਼ਾਨੇ 'ਚੋ ਦੇਣ ਦਾ ਐਲਾਨ ਕੀਤਾ ਹੈ। ਸੂਬੇ ਦੀ ਸਰਕਾਰ ਨੇ ਪ੍ਰਭਾਵਤ ਕਿਰਾਏਦਾਰਾਂ ਨੂੰ ਮਕਾਨ ਦਾ ਕਰਾਇਆ ਦੇਣ ਲਈ ਪੰਜ ਸੌ ਡਾਲਰ ਤੱਕ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਇਸ ਸਮੇਂ ਦੌਰਾਨ ਕਿਰਾਇਆ ਨਾ ਮਿਲਣ ਦੀ ਸੂਰਤ ਵਿਚ ਮਕਾਨ ਮਾਲਕ ਕਿਰਾਏਦਾਰ ਨੂੰ ਕੱਢ ਨਹੀਂ ਸਕੇਗਾ। ਵਿਆਜ ਦੀ ਦਰ ਘਟਾ ਦਿੱਤੀ ਗਈ ਹੈ। ਹੋਰ ਬਹੁਤ ਸਾਰੀਆਂ ਛੋਟਾਂ ਦੇ ਐਲਾਨ ਹੋਏ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹਰ ਰੋਜ਼ ਦੇਸ਼ ਵਾਸੀਆਂ ਨੂੰ ਸੰਬੋਧਨ ਕਰਕੇ ਭਰੋਸਾ ਦਿੰਦਾ ਹੈ ਕਿ ਇਸ ਸਮੇਂ ਦੌਰਾਨ ਸਰਕਾਰ ਕਿਸੇ ਨੂੰ ਭੁੱਖਾ ਨਹੀਂ ਮਰਨ ਦੇਵੇਗੀ, ਨਾ ਕਿਸੇ ਨੂੰ ਬੇਘਰ ਹੋਣ ਦੇਵੇਗੀ।

ਉਧਰ, ਸੂਬੇ ਦਾ ਸਿਹਤ ਮੰਤਰੀ ਅਤੇ ਸਿਹਤ ਅਫਸਰ ਨਾਗਰਿਕਾਂ ਨੂੰ ਇਸ ਵਾਇਰਸ ਤੋਂ ਪ੍ਰਭਾਵਿਤ ਲੋਕਾਂ ਦੇ ਅੰਕੜੇ ਦੱਸਦੇ ਹਨ ਤੇ ਸਾਵਧਾਨੀ ਵਰਤਣ ਦੇ ਆਦੇਸ਼ ਦਿੰਦੇ ਹਨ। ਕਿਸੇ ਸੰਭਾਵੀ ਐਮਰਜੈਂਸੀ ਲਈ ਵੈਨਕੂਵਰ ਕਨਵੈਨਸ਼ਨ ਸੈਂਟਰ ਵਿਚ ਆਰਜ਼ੀ ਹਸਪਤਾਲ ਤਿਆਰ ਕਰ ਲਿਆ ਹੈ। ਬੱਸਾਂ ਦੇ ਕਿਰਾਏ ਮੁਆਫ ਕਰ ਦਿੱਤੇ ਹਨ। ਬੱਸ ਡਰਾਈਵਰਾਂ ਦੇ ਬਚਾਅ ਲਈ ਪਿਛਲੇ ਦਰਵਾਜ਼ੇ ਰਾਹੀਂ ਹੀ ਬੱਸ ਵਿਚ ਚੜ੍ਹਨ-ਉਤਰਨ ਦੇ ਆਦੇਸ਼ ਹਨ। ਕਰੋਨਾ ਦੀ ਆਮਦ ਦੇ ਪਹਿਲੇ ਕੁਝ ਦਿਨਾਂ ਦੌਰਾਨ ਲੋਕਾਂ ਵਿਚ ਚੀਜ਼ਾਂ ਇਕੱਠੀਆਂ ਕਰਨ ਲਈ ਆਪੋ-ਧਾਪੀ ਪੈ ਗਈ ਸੀ। ਸਟੋਰਾਂ ਵਿਚ ਸ਼ੈਲਫਾਂ ਖਾਲੀ ਹੋ ਗਈਆਂ ਸਨ ਤੇ ਘਰਾਂ ਦੀਆਂ ਤੂਸੀਆਂ ਗਈਆਂ। ਸਰਕਾਰ ਦੇ ਵਾਰ-ਵਾਰ ਦੁਹਾਈ ਦੇਣ ਕਿ ਖਾਣ-ਪੀਣ ਦੀਆਂ ਵਸਤਾਂ ਵਿਚ ਕਮੀ ਨਹੀਂ ਆਵੇਗੀ, ਲੋਕਾਂ ਵਿਚ ਅਫਰਾ-ਤਫਰੀ ਮੱਚ ਗਈ ਸੀ। ਖਾਣ-ਪੀਣ ਦੀਆਂ ਵਸਤਾਂ ਤੋਂ ਇਲਾਵਾ ਟਾਇਲਟ ਪੇਪਰ, ਹੈਂਡ ਸੈਨੇਟਾਈਜ਼ਰ ਤੇ ਲਾਈਸੋਲ ਡਿਸਇਨਫੈਕਟਿੰਗ ਵਾਈਪਸ 'ਤੇ ਸਟੋਰਾਂ ਵਿਚ ਹੂੰਝਾ ਫਿਰ ਗਿਆ। ਕੈਨੇਡਾ ਦੇ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਇੱਕ ਕਾਰੋਬਾਰੀ ਜੋੜੇ ਦੀ ਚਰਚਾ ਸੀ ਜਿਨ੍ਹਾਂ ਨੇ ਇਹ ਵਸਤਾਂ ਖਰੀਦ ਕੇ ਅੱਗੇ ਆਨਲਾਈਨ ਮਹਿੰਗੇ ਭਾਅ ਵੇਚਣ ਦਾ ਕਾਰੋਬਾਰ ਆਰੰਭ ਲਿਆ। ਕੁਝ ਲੋਕ ਮਾਸਕ ਖਰੀਦ ਕੇ ਮਹਿੰਗੇ ਭਾਅ ਵੇਚਣ ਲੱਗੇ। ਇਸ ਤਰ੍ਹਾਂ ਕਰਦੇ ਕੁਝ ਪੱਤਰਕਾਰਾਂ ਦੇ ਅੜਿੱਕੇ ਆ ਗਏ ਤੇ ਫਿਰ ਪੁਲਿਸ ਦੇ। ਸਰਕਾਰ ਨੇ ਅਜਿਹੀਆਂ ਚੀਜ਼ਾਂ ਤੋਂ ਮੁਨਾਫਾਂ ਕਮਾਉਣ ਵਾਲਿਆਂ ਨੂੰ ਇਸ ਤਰ੍ਹਾਂ ਨਾ ਕਰਨ ਦੀ ਚਿਤਾਵਨੀ ਦਿੱਤੀ। ਲੋਕਾਂ ਨੇ ਸੋਸ਼ਲ ਮੀਡੀਆ ਉਤੇ ਲਾਹਨਤਾਂ ਪਾਈਆਂ। ਓਨਟੇਰੀਓ ਸੂਬੇ ਦੇ ਪ੍ਰੀਮੀਅਰ ਨੇ ਅਜਿਹੇ ਮੁਨਾਫਾਖੋਰਾਂ ਨੂੰ ਕਰੜੇ ਹੱਥੀਂ ਲੈਣ ਦੀ ਸਖਤ ਤਾੜਨਾ ਕੀਤੀ। ਇਸ ਤਰ੍ਹਾਂ ਦੀਆਂ ਖਬਰਾਂ ਵੀ ਆਈਆਂ ਕਿ ਸੁੰਨ-ਸਰਾਂ ਦਾ ਫਾਇਦਾ ਲੈਂਦਿਆਂ ਚੋਰਾਂ ਨੇ ਕੁਝ ਬੰਦ ਪਏ ਸਟੋਰਾਂ ਨੂੰ ਸੰਨ੍ਹਾਂ ਲਾ ਲਈਆਂ। ਡੈਲਟਾ ਸ਼ਹਿਰ ਵਿਚ ਕਿਸੇ ਨੇ ਅਜਿਹੀ ਮਹਾਂਮਾਰੀ ਦੌਰਾਨ ਐਂਬੂਲੈਂਸ ਦੀ ਮਹਤੱਤਾ ਦੀ ਪਰਵਾਹ ਨਾ ਕਰਦਿਆਂ ਤਿੰਨ ਖੜ੍ਹੀਆਂ ਐਂਬੂਲੈਂਸਾਂ ਵਿਚੋਂ ਕਬਾੜੀਆਂ ਨੂੰ ਵੇਚਣ ਲਈ ਕੈਟਾਲਿਟਿਕ ਕਨਵਰਟਰ ਲਾਹ ਲਏ।

'ਟਰਾਂਟੋ ਸਨ' ਅਖਬਾਰ ਵਿਚ ਮਹਾਂਮਾਰੀ ਦੌਰਾਨ ਕੈਨੇਡਾ ਵਿਚ ਨਵੇਂ ਪਰਵਾਸੀਆਂ ਦੀ ਆਮਦ 'ਤੇ ਵਿਰਾਮ ਲੱਗਣ ਬਾਰੇ ਇਕ ਲੇਖ ਛਪਿਆ। ਇਸ ਦੇ ਪ੍ਰਤੀਕਰਮ ਵਿਚ ਬਹੁਤ ਸਾਰੇ ਲੋਕਾਂ ਵਲੋਂ ਨਵੇਂ ਪਰਵਾਸੀਆਂ ਦੀ ਆਮਦ 'ਤੇ ਪੱਕਾ ਵਿਰਾਮ ਲਾਉਣ ਦੀ ਮੰਗ ਕੀਤੀ ਗਈ। ਕੁਝ ਨੇ ਪੂਰਬ ਵਲੋਂ ਆਉਣ ਵਾਲੇ ਪਰਵਾਸੀਆਂ ਨੂੰ ਬਿਮਾਰੀਆਂ ਫੈਲਾਉਣ ਵਾਲੇ ਅਤੇ ਕੈਨੇਡਾ ਦੇ ਵੈਲਫੇਅਰ ਦਾ ਨਾਜਾਇਜ਼ ਫਾਇਦਾ ਲੈਣ ਵਾਲੇ ਗਰਦਾਨਿਆਂ। ਆਮ ਦਿਨਾਂ ਦੌਰਾਨ ਅਜੇਹੇ ਪ੍ਰਤੀਕਰਮ ਦੇਣ ਵਾਲਿਆਂ ਨੂੰ 'ਰੇਸਿਸਟ' (ਨਸਲਪ੍ਰਸਤ) ਆਖ ਕੇ ਬਹੁਤ ਸਾਰੇ ਉਨ੍ਹਾਂ ਵਿਰੁਧ ਨਿੱਤਰ ਆਉਂਦੇ ਹਨ ਪਰ ਇਸ ਲੇਖ ਦੇ ਪ੍ਰਤੀਕਰਮ ਦੇਣ ਵਾਲਿਆਂ ਵਿਰੁਧ ਇੱਕ-ਅੱਧ ਆਵਾਜ਼ ਹੀ ਉਭਰੀ। ਸਰਕਾਰ ਦੇ ਇਕੱਠ ਕਰਨ ਦੀ ਮਨਾਹੀ ਦੇ ਆਦੇਸ਼ ਦੇ ਬਾਵਜੂਦ ਕੁਝ ਲੋਕ ਇਕੱਠੇ ਹੋ ਕੇ ਵਿਆਹ ਦੇ ਜਸ਼ਨ ਮਨਾਉਂਦੇ ਫੜੇ ਗਏ। ਡੈਲਟਾ ਸ਼ਹਿਰ ਵਿਚ ਹੌਟ ਯੋਗਾ ਸਟੂਡੀਓ ਦੇ ਮਾਲਕ ਨੇ ਸਰਕਾਰ ਦੇ ਹੁਕਮਾਂ ਦੀ ਪਰਵਾਹ ਨਾ ਕਰਦੇ ਹੋਏ ਕਲਾਸਾਂ ਜਾਰੀ ਰੱਖੀਆਂ। ਉਸ ਦਾ ਦਾਅਵਾ ਸੀ ਕਿ ਗਰਮੀ ਕਰੋਨਾ ਵਾਇਰਸ ਨੂੰ ਮਾਰ ਦਿੰਦੀ ਹੈ। ਉਸ ਦੇ ਇਨ੍ਹਾਂ ਝੂਠੇ ਦਾਅਵਿਆਂ ਕਰ ਕੇ ਉਸ ਦੇ ਕਾਰੋਬਾਰ ਦਾ ਲਾਈਸੈਂਸ ਰੱਦ ਹੋ ਗਿਆ।

ਫੂਡ ਬੈਂਕ, ਮੀਲਜ਼ ਆਨ ਵੀਲ੍ਹਜ਼, ਗੁਰੂ ਨਾਨਕ'ਜ਼ ਫਰੀ ਕਿਚਨ ਤੇ ਹੋਰ ਬਹੁਤ ਸਾਰੀਆਂ ਸਮਾਜਸੇਵੀ ਸੰਸਥਾਵਾਂ ਲੋੜਵੰਦਾਂ ਦੀ ਸਹਾਇਤਾ ਲਈ ਹੋਰ ਸਰਗਰਮ ਹੋਈਆਂ ਹਨ। ਕੈਲਗਿਰੀ ਦੀ ਸੰਸਥਾ, ਲਿਫਟਓਵਰਜ਼ ਲੋਕਾਂ ਦੀਆਂ ਨਜ਼ਰਾਂ ਵਿਚ ਆਈ, ਜਿਹੜੀ ਰੈਸਟੋਰੈਂਟਾਂ ਤੋਂ ਬਚਿਆ ਭੋਜਨ ਇਕੱਠਾ ਕਰਦੇ ਹਨ ਅਤੇ ਲੋੜਵੰਦਾਂ ਨੂੰ ਪਹੁੰਚਾਉਂਦੇ ਹਨ। ਉਨ੍ਹਾਂ ਨੇ ਕੁਇੰਟਲਾਂ ਦੇ ਹਿਸਾਬ ਭੋਜਨ ਇਕੱਠਾ ਕਰਕੇ ਲੋੜਵੰਦਾਂ ਤੱਕ ਪਹੁੰਚਾਇਆ। ਕੈਲਗਿਰੀ ਸਥਿਤ ਇਕ ਸਰਵੇਖਣ ਕੰਪਨੀ ਦੇ ਸਰਵੇਖਣ ਅਨੁਸਾਰ ਇਸ ਮਹਾਂਮਾਰੀ ਤੋਂ ਬਾਅਦ ਕੈਨੇਡੀਅਨ ਲੋਕ ਇਕ-ਦੂਜੇ ਪ੍ਰਤੀ ਹੋਰ ਦਿਆਲੂ ਬਣਨਗੇ। ਇਸੇ ਸਰਵੇਖਣ ਮੁਤਾਬਕ ਇਸ ਮਹਾਂਮਾਰੀ ਦੇ ਪ੍ਰਭਾਵ ਨਾਲ ਨਿਜੱਠਣ ਲਈ ਜੈਨਰੇਸ਼ਨ ਜ਼ੈੱਡ (1997 ਤੋਂ 2012 ਦੇ ਵਿਚਕਾਰ ਜਨਮਿਆਂ) ਵਿਚੋਂ ਸਤਾਈ ਪ੍ਰਤੀਸ਼ਤ ਦਾ ਝੁਕਾਅ ਧਾਰਮਿਕ ਹੋਣ ਵਲ ਹੋਇਆ ਹੈ ਅਤੇ ਅਠੱਤੀ ਪ੍ਰਤੀਸ਼ਤ ਨੇ ਮਹਿਸੂਸ ਕੀਤਾ ਕਿ ਉਹ ਅਜਨਬੀਆਂ ਦੀ ਹੋਰ ਸਹਾਇਤਾ ਕਰਨ ਵਲ ਝੁਕੇ ਹਨ।

ਡਾਕਟਰ, ਨਰਸਾਂ ਅਤੇ ਸਿਹਤ ਖੇਤਰ ਵਿਚ ਕੰਮ ਕਰਨ ਵਾਲੇ ਹੋਰ ਕਾਮਿਆਂ, ਗਰੋਸਰੀ ਸਟੋਰਾਂ ਵਿਚ ਕੰਮ ਕਰਨ ਵਾਲਿਆਂ ਉਪਰ ਨੌਕਰੀ ਦੀ ਜ਼ਿੰਮੇਵਾਰੀ ਵਧ ਗਈ ਹੈ। ਉਨ੍ਹਾਂ ਨੂੰ ਓਵਰ ਟਾਈਮ ਕਰਨਾ ਪੈ ਰਿਹਾ ਹੈ। ਉਨ੍ਹਾਂ ਦੀ ਹੌਸਲਾ ਅਫਜ਼ਾਈ ਲਈ ਸ਼ਾਮ ਨੂੰ ਸੱਤ ਵਜੇ ਲੋਕ ਬਰਤਨ ਖੜਕਾਉਂਦੇ ਹਨ। ਵੈਨਕੂਵਰ ਦੀ ਇਤਿਹਾਸਕ ਨਾਈਨ-ਓ-ਕਲਾਕ ਗੰਨ ਨੌਂ ਵਜੇ ਦੀ ਥਾਂ ਸੱਤ ਵਜੇ ਫਾਇਰ ਕਰਨ ਲੱਗੀ ਹੈ।

ਜਿਹੜੇ ਲੋਕਾਂ ਨੂੰ ਕੰਮ ਦੇ ਰੁਝੇਵਿਆਂ ਵਿਚ ਆਪਣੇ ਬੱਚਿਆਂ ਨਾਲ ਸਮਾਂ ਬਿਤਾਉਣ ਦਾ ਮੌਕਾ ਨਹੀਂ ਸੀ ਮਿਲਦਾ, ਉਨ੍ਹਾਂ ਅੰਦਰਲਾ ਬਚਪਨ ਜਾਗ ਪਿਆ ਹੈ। ਉਹ ਬੱਚਿਆਂ ਨਾਲ ਖੇਡਦੇ ਹਨ। ਮੇਰੇ ਇੱਕ ਦੋਸਤ ਨੂੰ ਕੈਨੇਡਾ ਆਇਆਂ ਪੱਚੀ ਸਾਲ ਹੋ ਗਏ ਹਨ। ਉਹ ਆਖਦਾ ਹੈ, "ਪਹਿਲਾਂ ਕਦੇ ਸਿਹਤ ਵਲ ਧਿਆਨ ਹੀ ਨਹੀਂ ਸੀ ਗਿਆ। ਹੁਣ ਸਵੇਰੇ ਸੱਤ ਕਿਲੋਮੀਟਰ ਸੈਰ ਕਰਦਾ ਹਾਂ। ਦਸ ਕਿਲੋ ਵਜ਼ਨ ਘਟਾ ਲਿਆ ਹੈ। ਆਵਦੇ ਟਾਈਮ ਨਾਲ ਸੌਂਈਂਦੈ, ਮਰਜ਼ੀ ਨਾਲ ਉਠੀਦੈ। ਕਈ ਕਿਤਾਬਾਂ ਪੜ੍ਹੀਆਂ। ਇਹੋ ਜਿਹੀ ਬੇਫਿਕਰੀ ਤਾਂ ਕਾਲਜ ਪੜ੍ਹਦਿਆਂ ਹੁੰਦੀ ਸੀ।"




ਅੰਗਰੇਜ਼ੀ ਸ਼ਬਦ ਵਰਚੂਅਲ ਦੀ ਵਰਤੋਂ ਵਧ ਗਈ ਹੈ। ਲੋਕ ਆਪਣੇ ਪਿਆਰਿਆਂ ਦੀ ਹੋਂਦ ਮਹਿਸੂਸ ਕਰਨ ਲਈ ਵਿਰਚੂਅਲ ਲੰਚ/ਡਿਨਰ (ਆਪੋ-ਆਪਣੇ ਟਿਕਾਣੇ 'ਤੇ ਬੈਠੇ ਇੱਕੋ ਵੇਲੇ ਭੋਜਨ ਖਾਂਦੇ ਹਨ), ਵਰਚੂਅਲ ਹਗ, ਵਰਚੂਅਲ ਸੰਗਤ ਕਰਨ ਲੱਗੇ ਹਨ। ਮੇਰੇ ਭਾਣਜੇ ਦੀ ਸੱਤ ਸਾਲਾ ਬੇਟੀ ਫੋਨ ਰਾਹੀਂ ਮੈਨੂੰ ਅੰਗਰੇਜ਼ੀ ਵਿਚ ਆਖਦੀ ਹੈ, "ਬਾਬਾ ਜੀ, ਜਦੋਂ ਇਹ ਕਰੋਨਾ ਮੁੱਕ ਗਿਆ, ਮੈਂ ਤੁਹਾਨੂੰ ਸੱਚੀਮੁੱਚੀ ਜੱਫੀ ਪਾਊਂਗੀ, ਉਦੋਂ ਤੱਕ ਆਹ ਲਵੋ ਐਵੇਂ ਮੁੱਚੀ ਦੀ।" ਉਹ ਬਾਹਾਂ ਆਪਣੇ ਦੁਆਲੇ ਵਲ ਲੈਂਦੀ ਹੈ। ਉਸ ਦੇ ਕਹਿਣ ਵਿਚ ਇੰਨਾ ਜ਼ਿਆਦਾ ਪਿਆਰ ਹੈ ਕਿ ਮੈਨੂੰ ਉਸ ਦਾ 'ਵਰਚੂਅਲ ਹਗ 'ਸੱਚੀਮੁੱਚ ਦੀ ਜੱਫੀ ਨਾਲੋਂ ਵੀ ਜ਼ਿਆਦਾ ਚੰਗਾ ਲਗਦਾ ਹੈ।

# ਮਹਾਮਾਰੀ, ਸਮੂਹਿਕ ਸਦਮਾ ਅਤੇ ਬੇਖਬਰ ਲੋਕ

2007 ਵਿਚ ਲੇਖਕਾ ਨੇਓਮੀ ਕਲਾਈਨ ਨੇ ਖੋਜ ਭਰਪੂਰ ਕਿਤਾਬ ਲਿਖੀ ਸੀ - 'ਦਿ ਸ਼ੌਕ ਡਾਕਟਰਿਨ'। ਦੁਨੀਆਂ ਦੀਆਂ 30 ਤੋਂ ਵਧੇਰੇ ਜ਼ੁਬਾਨਾਂ ਵਿਚ ਅਨੁਵਾਦ ਹੋ ਚੁੱਕੀ ਇਸ ਕਿਤਾਬ ਨੇ ਦੁਨੀਆ ਨੂੰ 'ਸਦਮਾ ਮੱਤ' ਦੇ ਪੈਰੋਕਾਰ ਯੋਜਨਾਘਾੜਿਆਂ ਅਤੇ 'ਸ਼ਿਕਾਗੋ ਸਕੂਲ ਆਫ ਇਕਨਾਮਿਕਸ' ਦੀ ਵਿਚਾਰਧਾਰਕ ਰਾਹਨੁਮਾਈ ਹੇਠ ਕੰਮ ਕਰਦੇ ਕਾਰਪੋਰੇਟ ਸਰਮਾਏਦਾਰੀ ਪੱਖੀ ਨਿਜ਼ਾਮਾਂ ਦੇ ਲੁਕਵੇਂ ਪੱਖ ਤੋਂ ਜਾਣੂ ਕਰਾਇਆ। ਲੇਖਕਾ ਨੇ ਖੁਲਾਸਾ ਕੀਤਾ ਕਿ ਘੋਰ ਸੱਜੇਪੱਖੀ ਤਾਕਤਾਂ ਸੱਚਮੁੱਚ ਦੀਆਂ ਜਾਂ ਨਕਲੀ ਆਫਤਾਂ ਦੇ ਬਹਾਨੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਨੂੰ ਕਿਵੇਂ ਸਹਿਜੇ ਹੀ ਥੋਪਣ ਵਿਚ ਕਾਮਯਾਬ ਹੋ ਜਾਂਦੀਆਂ ਹਨ। ਹਾਲ ਹੀ ਵਿਚ ਭਾਰਤ ਵਿਚ ਆਰ. ਐਸ. ਐਸ.-ਭਾਜਪਾ ਦੀ ਸਰਕਾਰ ਕਰੋਨਾ ਵਾਇਰਸ ਦੇ ਖੌਫ ਨੂੰ ਪੂਰੇ ਮੁਲਕ ਨੂੰ ਸਮਾਜਿਕ ਸਦਮਾ ਦੇਣ ਲਈ ਅਮਲ ਵਿਚ ਲਿਆ ਕੇ ਇਸ ਦੌਰਾਨ ਆਪਣਾ

**ਬੂਟਾ ਸਿੰਘ**
ਫੋਨ: +91-94634-74342

ਫਿਰਕੂ ਏਜੰਡਾ ਲਾਗੂ ਕਰ ਰਹੀ ਹੈ। ਬੈਂਕਾਂ ਦਾ ਰਲੇਵਾਂ ਕਰਕੇ ਵਿੱਤ ਵਿਵਸਥਾ ਦਾ ਹੋਰ ਜ਼ਿਆਦਾ ਕੇਂਦਰੀਕਰਨ ਕਰ ਲਿਆ ਗਿਆ ਹੈ। ਜੰਮੂ ਕਸ਼ਮੀਰ ਵਿਚ ਡੋਮੀਸਾਈਲ ਦੀ ਨੀਤੀ ਚੁੱਪ-ਚੁਪੀਤੇ ਲਾਗੂ ਕੀਤੀ ਜਾ ਰਹੀ ਹੈ। ਸੀ. ਏ. ਏ. - ਐਨ. ਪੀ. ਆਰ. -ਐਨ. ਆਰ. ਸੀ. ਖਿਲਾਫ ਵਿਸ਼ਾਲ ਲੋਕ ਵਿਰੋਧ ਨੂੰ ਲੌਕਡਾਊਨ ਦੇ ਬਹਾਨੇ ਬੇਕਿਰਕੀ ਨਾਲ ਦਬਾ ਦਿੱਤਾ ਗਿਆ ਹੈ। ਮਹਾਮਾਰੀ ਨੂੰ ਮੁਸਲਿਮ ਘੱਟਗਿਣਤੀ ਵਿਰੁੱਧ ਨਫਰਤ ਫੈਲਾਉਣ ਦਾ ਸਾਧਨ ਬਣਾ ਲਿਆ ਗਿਆ ਹੈ। ਇਸ ਦੀ ਮੁੱਖ ਮਿਸਾਲ ਨਿਜ਼ਾਮੂਦੀਨ ਮਰਕਜ਼ ਦਾ ਦਾਨਵੀਕਰਨ ਹੈ। ਮੋਦੀ ਪੱਖੀ ਚੈਨਲ 'ਕਰੋਨਾ ਸੇ ਜੰਗ ਵਿਚ 'ਜਮਾਤ' ਕਾ ਆਘਾਤ?', 'ਕਰੋਨਾ ਜਹਾਦ ਸੇ ਦੇਸ਼ ਬਚਾਓ', 'ਨਿਜ਼ਾਮੂਦੀਨ ਕਾ ਵਿਲੇਨ ਕੌਨ?', 'ਧਰਮ ਕੇ ਨਾਮ ਪਰ ਜਾਨਲੇਵਾ 'ਅਧਰਮ' ਵਰਗੇ ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਤ ਕਰਦੇ ਦੇਖੇ ਗਏ। ਸੋਸ਼ਲ ਮੀਡੀਆ ਉਪਰ ਮੁਸਲਮਾਨਾਂ ਵਿਰੁਧ ਜ਼ਹਿਰੀਲੀਆਂ ਪੋਸਟਾਂ ਦੀ ਭਰਮਾਰ ਹੈ। ਅਗਨੀਪੋਸਟ. ਕਾਮ ਵਰਗੀਆਂ ਵੈੱਬਸਾਈਟਾਂ ਸ਼ਰੇਆਮ ਜ਼ਹਿਰ ਫੈਲਾ ਰਹੀਆਂ ਹਨ।

ਦਿੱਲੀ ਦੇ ਹਜ਼ਰਤ ਨਿਜ਼ਾਮੂਦੀਨ ਮਰਕਜ਼ ਨੂੰ ਤਬਲੀਗੀ ਜਮਾਤ ਦਾ ਦੁਨੀਆ ਦਾ ਸਭ ਤੋਂ ਬੜਾ ਮਰਕਜ਼ (ਕੇਂਦਰ) ਮੰਨਿਆ ਜਾਂਦਾ ਹੈ। ਇਸ ਦੀ ਸਥਾਪਨਾ ਮੌਲਾਨਾ ਇਲਿਆਸ ਕਾਂਧਲਵੀ ਨੇ 1927-28 ਵਿਚ ਸੁੰਨੀ ਮੁਸਲਮਾਨਾਂ ਦੀ ਜਥੇਬੰਦੀ 'ਤਬਲੀਗੀ ਜਮਾਤ' ਵਜੋਂ ਕੀਤੀ ਸੀ। ਜਮਾਤ ਦੇ ਇਸ ਸਦਰ-ਮੁਕਾਮ ਵਿਖੇ ਪੂਰਾ ਸਾਲ ਦੇਸ਼-ਵਿਦੇਸ਼ ਤੋਂ ਲੋਕ ਇਸਲਾਮੀ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਲਈ ਆਉਂਦੇ-ਜਾਂਦੇ ਰਹਿੰਦੇ ਸਨ। ਸਾਲ ਵਿਚ ਇੱਥੇ ਕਈ ਵਾਰ ਜਮਾਤਾਂ ਲੱਗਦੀਆਂ ਹਨ ਜਿਸ ਵਿਚ ਸ਼ਾਮਲ ਹੋ ਕੇ ਲੋਕ ਕੁਰਾਨ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਦੇ ਹਨ।

ਇਸੇ ਤਰ੍ਹਾਂ ਦਾ ਇਕ ਇਕੱਠ ਨਿਜ਼ਾਮੂਦੀਨ ਮਰਕਜ਼ ਵਿਖੇ ਇਸ ਵਾਰ 13 ਤੋਂ 15 ਮਾਰਚ ਤਕ ਹੋਇਆ ਸੀ ਜਿਸ ਵਿਚ ਭਾਰਤ ਦੇ 14 ਰਾਜਾਂ ਤੋਂ ਲੋਕ ਅਤੇ ਇਸੇ ਤਰ੍ਹਾਂ ਮਲੇਸ਼ੀਆ, ਇੰਡੋਨੇਸ਼ੀਆ, ਸਾਊਦੀ ਅਰਬ ਤੇ ਕਿਰਗਿਜ਼ਸਤਾਨ ਅਤੇ ਹੋਰ ਕਈ ਮੁਲਕਾਂ ਦੇ 5000 ਤੋਂ ਵਧੇਰੇ ਨੁਮਾਇੰਦੇ ਸ਼ਾਮਲ ਹੋਏ। ਪਹਿਲਾਂ ਦਿੱਲੀ ਪੁਲਿਸ-ਪ੍ਰਸ਼ਾਸਨ ਅੱਖਾਂ ਮੀਟ ਕੇ ਬੈਠਾ ਰਿਹਾ। ਜਦ ਇਸ ਸਮਾਗਮ ਵਿਚ ਸ਼ਾਮਲ ਹੋਏ ਤੇਲੰਗਾਨਾ ਦੇ ਛੇ ਵਿਅਕਤੀਆਂ ਦੀ ਮੌਤ ਦੀ ਖਬਰ ਆ ਗਈ ਤਾਂ ਕੇਂਦਰ ਸਰਕਾਰ ਅਤੇ ਦਿੱਲੀ ਪੁਲਿਸ ਇਕਦਮ ਸਰਗਰਮ ਹੋ ਗਈ। ਮਰਕਜ਼ ਨੂੰ ਖਾਲੀ ਕਰਵਾ ਕੇ ਇੱਥੇ ਮੌਜੂਦ 2361 ਲੋਕਾਂ ਦੀ ਸਕ੍ਰੀਨਿੰਗ ਕਰਨ ਤੋਂ ਬਾਅਦ ਮਰਕਜ਼ ਨੂੰ 'ਕਰੋਨਾ ਹੌਟਸਪੌਟ' ਕਰਾਰ ਦੇ ਦਿੱਤਾ ਗਿਆ। ਸਰਕਾਰੀ ਰਿਪੋਰਟ ਕਹਿੰਦੀ ਹੈ ਕਿ ਇੱਥੇ ਮੌਜੂਦ ਲੋਕਾਂ ਵਿਚੋਂ ਵੱਡੀ ਤਾਦਾਦ 'ਚ ਲੋਕਾਂ ਦੇ ਟੈਸਟ ਪਾਜ਼ੇਟਿਵ ਹਨ ਜਿਸ ਕਾਰਨ 617 ਨੂੰ ਹਸਪਤਾਲਾਂ ਵਿਚ ਅਤੇ ਬਾਕੀਆਂ ਨੂੰ ਕੁਆਰਨਟੀਨ (ਏਕਾਂਤਵਾਸ) ਵਿਚ ਰੱਖਿਆ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤਬਲੀਗੀ ਜਮਾਤ ਦੇ ਪ੍ਰਬੰਧਕਾਂ ਨੂੰ ਹਾਲਾਤ ਦੇ ਮੱਦੇਨਜ਼ਰ ਇਹ ਪ੍ਰੋਗਰਾਮ ਰੱਦ ਕਰ ਦੇਣਾ ਚਾਹੀਦਾ ਸੀ। ਉਨ੍ਹਾਂ ਨੇ ਅਜਿਹਾ ਨਾ ਕਰਕੇ ਬਹੁਤ ਘਾਤਕ ਗਲਤੀ ਕੀਤੀ ਹੈ ਕਿਉਂਕਿ ਬਾਹਰੋਂ ਆਉਣ ਵਾਲੇ ਅਣਜਾਣੇ ਹੀ ਕੋਵਿਡ-19 ਦੇ 'ਕੈਰੀਅਰ' ਬਣ ਗਏ ਅਤੇ ਉਨ੍ਹਾਂ ਜ਼ਰੀਏ ਸਥਾਨਕ ਲੋਕ ਇਸ ਇਨਫੈਕਸ਼ਨ ਦੀ ਲਪੇਟ ਵਿਚ ਆ ਗਏ; ਲੇਕਿਨ ਕੀ ਇਸ ਲਈ ਸਿਰਫ ਤਬਲੀਗੀ ਪ੍ਰਬੰਧਕ ਹੀ ਜ਼ਿੰਮੇਵਾਰ ਹਨ? ਭਾਰਤ ਸਰਕਾਰ ਉਨ੍ਹਾਂ ਦੇ ਵੀਜ਼ੇ ਰੱਦ ਕਰ ਸਕਦੀ ਸੀ, ਜਾਂ ਫਿਰ ਏਅਰਪੋਰਟਾਂ ਉਪਰ ਉਨ੍ਹਾਂ ਦੀ ਵਿਸ਼ੇਸ਼ ਸਕ੍ਰੀਨਿੰਗ ਕਰਨ ਤੋਂ ਬਾਅਦ ਤਬਲੀਗੀ ਮਰਕਜ਼ ਅੰਦਰ ਇਨਫੈਕਸ਼ਨ ਤੋਂ ਬਚਾਓ ਲਈ ਵਿਸ਼ੇਸ਼ ਇੰਤਜ਼ਾਮ ਕਰਵਾਏ ਜਾਂਦੇ। ਮਹਾਮਾਰੀ ਦੇ ਮੱਦੇਨਜ਼ਰ 15 ਮਾਰਚ ਨੂੰ ਸਮਾਗਮ ਖਤਮ ਤੋਂ ਤੁਰੰਤ ਬਾਅਦ ਵੀ ਸਰਕਾਰੀ ਏਜੰਸੀਆਂ ਅਤੇ ਦਿੱਲੀ ਪੁਲਿਸ ਵਲੋਂ ਪੂਰੀ ਜਾਣਕਾਰੀ ਹੋਣ ਦੇ ਬਾਵਜੂਦ ਮਰਕਜ਼ ਖਾਲੀ ਕਰਵਾ ਕੇ ਵਿਦੇਸ਼ੀਆਂ ਨੂੰ ਕੁਆਰਨਟੀਨ ਕਰਨ ਲਈ ਕੋਈ ਕਦਮ ਨਹੀਂ ਚੁੱਕੇ ਗਏ।

ਇਹ ਤੱਥ ਕੇਂਦਰ ਸਰਕਾਰ, ਦਿੱਲੀ ਸਰਕਾਰ ਅਤੇ ਪੁਲਿਸ-ਪ੍ਰਸ਼ਾਸਨ ਦੀ ਭੂਮਿਕਾ ਉਪਰ ਗੰਭੀਰ ਖੜ੍ਹੇ ਕਰਦੇ ਹਨ। 12 ਮਾਰਚ ਨੂੰ ਦਿੱਲੀ ਸਰਕਾਰ ਵਲੋਂ ਐਡਵਾਇਜ਼ਰੀ ਜਾਰੀ ਕਰ ਦਿੱਤੀ ਗਈ ਸੀ ਕਿ 50 ਤੋਂ ਜ਼ਿਆਦਾ ਲੋਕਾਂ ਨੂੰ ਇਕੱਠੇ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਫਿਰ ਵੀ 13 ਤੋਂ 15 ਮਾਰਚ ਤੱਕ ਐਨੀ ਵੱਡੀ ਤਾਦਾਦ 'ਚ ਲੋਕ ਉਥੇ ਇਕੱਠੇ ਹੋਏ। 23 ਮਾਰਚ ਨੂੰ ਪੂਰੇ ਮੁਲਕ ਵਿਚ ਲੌਕਡਾਊਨ ਲਾਗੂ ਕੀਤੇ ਜਾਣ ਤੋਂ ਬਾਅਦ ਵੀ ਮਰਕਜ਼ ਦੇ ਅੰਦਰ 2361 ਲੋਕ ਰਹਿਣ ਦਿੱਤੇ ਗਏ ਜਿਹਨਾਂ ਨੂੰ ਉਥੋਂ ਕੱਢਣ ਦੀ ਕਾਰਵਾਈ 31 ਮਾਰਚ ਨੂੰ ਸ਼ੁਰੂ ਕੀਤੀ ਗਈ। ਪ੍ਰਬੰਧਕਾਂ ਦਾ ਇਲਜ਼ਾਮ ਹੈ ਕਿ ਪ੍ਰਸ਼ਾਸਨ ਨੇ ਉਨ੍ਹਾਂ ਦੀ ਵਿਦੇਸ਼ੀਆਂ ਨੂੰ ਉਥੋਂ ਕੱਢਣ ਲਈ ਵਾਹਨਾਂ ਦੇ ਪਾਸ ਜਾਰੀ ਕਰਨ ਦੀ ਬੇਨਤੀ ਪ੍ਰਵਾਨ ਨਹੀਂ ਕੀਤੀ। ਪਿਛੋਂ ਇਸ ਇਕੱਠ ਨੂੰ ਮੁਸਲਮਾਨਾਂ ਨੂੰ ਭੰਡਣ ਦਾ ਹਥਿਆਰ ਬਣਾ ਲਿਆ ਗਿਆ। ਖੁਦ ਸਿਹਤ ਅਤੇ ਪਰਿਵਾਰ ਮੰਤਰਾਲੇ ਦੇ ਜੁਆਇੰਟ ਸੈਕਟਰੀ ਲਵ ਅਗਰਵਾਲ ਦੀ ਰੋਜ਼ਾਨਾ ਪ੍ਰੈਸ ਬਰੀਫਿੰਗ ਇਸ ਦਾ ਸਾਖਿਆਤ ਨਮੂਨਾ ਹੈ। ਉਸ ਨੇ ਪੂਰੇ ਮਾਮਲੇ ਨੂੰ ਫਿਰਕੂ ਰੰਗਤ ਦਿੰਦਿਆਂ ਕਿਹਾ ਕਿ ਸਰਕਾਰ ਦੇ ਉਪਾਅ ਸਫਲ ਹੋ ਰਹੇ ਸਨ, ਤਬਲੀਗੀ ਜਮਾਤ ਦੇ ਬਿਮਾਰਾਂ ਦੀ ਲਾਗ ਨਾਲ ਮਾਮਲਿਆਂ 'ਚ ਵਾਧਾ ਹੋਣਾ ਸ਼ੁਰੂ ਹੋਇਆ ਹੈ। ਉਤਰਾਖੰਡ ਦੇ ਡੀ. ਜੀ. ਪੀ. ਨੇ ਧਮਕੀ ਦਿੱਤੀ ਹੈ ਕਿ ਜੇ 6 ਅਪਰੈਲ ਤੱਕ ਤਬਲੀਗੀ ਜਮਾਤ 'ਚ ਹਿੱਸਾ ਲੈਣ ਵਾਲਿਆਂ ਨੇ ਆਪੋ ਆਪਣੇ ਪ੍ਰਸ਼ਾਸਨ ਨੂੰ ਰਿਪੋਰਟ ਨਾ ਕੀਤੀ ਤਾਂ ਉਨ੍ਹਾਂ ਵਿਰੁਧ ਇਰਾਦਾ ਕਤਲ ਦੇ ਕੇਸ ਦਰਜ ਕੀਤੇ ਜਾਣਗੇ।

ਇਸ ਦੌਰਾਨ ਜੋ ਹਿੰਦੂ ਇਕੱਠ ਜਾਂ ਸਮਾਗਮ ਹੋਏ ਉਨ੍ਹਾਂ ਦੀ ਜਾਣਕਾਰੀ ਦਬਾ ਲਈ ਗਈ। ਮਿਸਾਲ ਵਜੋਂ 1800 ਗੁਜਰਾਤੀ ਲੋਕਾਂ ਦਾ ਮਾਮਲਾ ਹੈ, ਜੋ ਹਰਦਵਾਰ ਵਿਚ ਫਸੇ ਹੋਏ ਸਨ। ਗੁਜਰਾਤ ਦੇ ਮੁੱਖ ਮੰਤਰੀ ਰੂਪਾਨੀ ਨੇ ਉਤਰਾਖੰਡ ਦੇ ਮੁੱਖ ਮੰਤਰੀ ਨਾਲ ਗਿੱਟਮਿੱਟ ਕਰਕੇ ਉਨ੍ਹਾਂ ਨੂੰ ਉਤਰਾਖੰਡ ਦੀਆਂ ਸਰਕਾਰੀ ਲਗਜ਼ਰੀ ਬੱਸਾਂ ਵਿਚ ਬਿਠਾ ਕੇ ਸਿੱਧੇ ਘਰ ਪਹੁੰਚਾ ਦਿੱਤਾ। ਗੋਦੀ ਮੀਡੀਆ ਨੇ ਇਸ ਦੀ ਧੂੰਅ ਤਕ ਨਹੀਂ ਨਿਕਲਣ ਦਿੱਤੀ। ਰਾਮ ਨੌਮੀ 'ਤੇ ਕਈ ਜਗ੍ਹਾ ਹਿੰਦੂ ਫਿਰਕੂ ਨੇ ਇਕੱਠ ਕੀਤੇ। ਮਹਾਂਰਾਸ਼ਟਰ ਦੇ ਸੋਲਾਪੁਰ ਵਿਚ ਇਕ ਰਥ ਯਾਤਰਾ ਕਈ ਸਾਲਾਂ ਤੋਂ ਕੀਤੀ ਜਾਂਦੀ ਹੈ। ਇਸ ਵਾਰ ਵੀ ਸ਼ਰਧਾਲੂਆਂ ਨੇ ਲੌਕਡਾਊਨ ਦੀਆਂ ਧੱਜੀਆਂ ਉਡਾ ਕੇ ਰਥ ਯਾਤਰਾ ਕੱਢੀ। ਪੁਲਿਸ ਵਲੋਂ ਰੋਕੇ ਜਾਣ 'ਤੇ ਪੱਥਰਬਾਜ਼ੀ ਕੀਤੀ ਗਈ ਜਿਸ ਵਿਚ ਕਈ ਪੁਲਿਸ ਵਾਲੇ ਜ਼ਖਮੀ ਹੋਏ। ਮਸ਼ਹੂਰ ਸ਼ਿਰਡੀ ਮੰਦਿਰ ਦੇ ਸੀ. ਈ. ਓ. ਤੇ ਉਸ ਦੇ ਪਰਿਵਾਰ ਨੇ ਸੋਸ਼ਲ ਡਿਸਟੈਂਸਿੰਗ ਦੀਆਂ ਹਦਾਇਤਾਂ ਦਾ ਉਲੰਘਣ ਕਰਕੇ ਰਾਮ ਨੌਵੀਂ ਦੀ ਪੂਜਾ ਕੀਤੀ।

ਮੱਧ ਪ੍ਰਦੇਸ਼ ਦੇ ਮੁਰੈਨਾ ਜ਼ਿਲ੍ਹੇ ਦੇ ਮਹਾਰਾਜਪੁਰ ਵਿਚ ਇਕ ਸ਼ਖਸ ਸੁਰੇਸ਼ ਨੇ ਆਪਣੀ ਮਾਂ ਦੀ ਤੇਹਰਵੀਂ ਦਾ ਭੋਜ ਕੀਤਾ। ਉਸ ਦੇ 23 ਰਿਸ਼ਤੇਦਾਰਾਂ ਵਿਚੋਂ 10 ਦੀ ਰਿਪੋਰਟ ਪਾਜ਼ਟਿਵ ਹੈ। ਇਸ ਪਿੱਛੋਂ 3000 ਘਰਾਂ ਦੇ ਇਸ ਪੂਰੇ ਇਲਾਕੇ ਨੂੰ ਸੀਲ ਕਰਕੇ 26000 ਲੋਕਾਂ ਨੂੰ ਹੋਮ ਕੁਆਰਨਟੀਨ ਕੀਤਾ ਗਿਆ ਹੈ। ਯੂ. ਪੀ. ਦੇ ਮੁਜ਼ੱਫਰਨਗਰ ਜ਼ਿਲ੍ਹੇ ਦੇ ਪਿੰਡ ਮੋਰਨਾ ਵਿਚ ਜਦੋਂ ਪੁਲਿਸ ਨੇ ਪਿੰਡ ਦੇ ਮੁਖੀ ਨਾਹਰ ਸਿੰਘ ਦੇ ਪਰਿਵਾਰ ਨੂੰ ਲੌਕਡਾਊਨ ਦਾ ਉਲੰਘਣ ਕਰਨ ਤੋਂ ਰੋਕਿਆ ਤਾਂ ਉਨ੍ਹਾਂ ਨੇ ਪੁਲਿਸ ਉਪਰ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਸਾਰੇ ਮਾਮਲੇ ਹਿੰਦੂ ਫਿਰਕੇ ਨਾਲ ਸਬੰਧਤ ਹੋਣ ਕਾਰਨ ਸੰਘ ਦੀ ਟਰੋਲ ਆਰਮੀ, ਗੋਦੀ ਮੀਡੀਆ ਅਤੇ ਮੋਦੀ ਭਗਤਾਂ ਨੇ ਇਹ ਦਬਾ ਲਏ। ਸਿਰਫ ਤਬਲੀਗੀ ਜਮਾਤ ਦੇ ਇਕੱਠ ਨੂੰ ਕਰੋਨਾ ਜਹਾਦ ਦੱਸਿਆ ਜਾ ਰਿਹਾ ਹੈ। ਰਾਜ ਠਾਕਰੇ ਨੇ ਤਾਂ ਪੁਲਿਸ ਨੂੰ ਤਬਲੀਗੀਆਂ ਨੂੰ ਗੋਲੀ ਨਾਲ ਉਡਾ ਦੇਣ ਦੀ ਖੁੱਲ੍ਹ ਦੇਣ ਦੀ ਮੰਗ ਕੀਤੀ ਹੈ।

ਸੰਘ ਦੇ ਟਰੋਲ ਅਤੇ ਮੋਦੀ ਦੇ ਭਗਤ ਮੁਸਲਮਾਨਾਂ ਖਿਲਾਫ ਨਿਹਾਇਤ ਜ਼ਹਿਰੀਲਾ ਪ੍ਰਚਾਰ ਕਰ ਰਹੇ ਹਨ। ਇਕ ਡਿਜੀਟਲ ਹਿਊਮੈਨ ਰਾਈਟਸ ਗਰੁੱਪ, ਇਕੁਐਲਿਟੀ ਲੈਬ, ਵਲੋਂ ਸ਼ੇਅਰ ਕੀਤੇ ਡੇਟਾ ਅਨੁਸਾਰ 28 ਮਾਰਚ ਤੋਂ ਲੈ ਕੇ ਹੈਸ਼ਟੈਗ ਕਰੋਨਾਜਹਾਦ ਲਗਭਗ 3 ਲੱਖ ਵਾਰ ਟਵੀਟ ਕੀਤਾ ਗਿਆ ਜਿਸ ਨੂੰ ਟਵਿਟਰ ਉਪਰ 16. 50 ਕਰੋੜ ਲਕਾਂ ਵੱਲੋਂ ਦੇਖੇ ਜਾਣ ਦਾ ਅਨੁਮਾਨ ਹੈ। ਮੋਦੀ ਭਗਤਾਂ ਦੇ ਸੋਸ਼ਲ ਮੀਡੀਆ ਪ੍ਰਚਾਰ ਦੀਆਂ ਕੁਝ ਮਿਸਾਲਾਂ ਪੇਸ਼ ਹਨ: ਪ੍ਰਧਾਨ ਮੰਤਰੀ ਦੀ ਫੈਨ ਬਬੀਤਾ ਫੋਗਟ ਦਾ ਟਵੀਟ: "ਫੈਲਾ ਹੋਗਾ ਚਮਗਾਦੜ ਸੇ ਤੁਮਹਾਰੇ ਵਹਾਂ, ਹਮਾਰੇ ਯਹਾਂ ਤੋ ਜਾਹਿਲ ਸੂਰੋਂ ਸੇ ਫੈਲ ਰਹਾ ਹੈ।" ਇਸ ਅਕਾਊਂਟ ਨੂੰ ਪ੍ਰਧਾਨ ਮੰਤਰੀ ਫਾਲੋ ਕਰ ਰਿਹਾ ਹੈ। ਇਸੇ ਤਰ੍ਹਾਂ, ਸਮਾਚਾਰ ਏਜੰਸੀਆਂ ਦੀ ਰਿਪੋਰਟ ਆਈ ਕਿ ਜਿਹਨਾਂ ਤਬਲੀਗੀ ਜਮਾਤ ਵਿਚ ਹਿੱਸਾ ਲੈਣ ਵਾਲੇ 167 ਵਿਅਕਤੀਆਂ ਨੂੰ ਤੁਗਲਕਾਬਾਦ ਸਥਿਤ ਰੇਲਵੇ ਦੇ ਕੁਆਰਨਟੀਨ ਸੈਂਟਰ ਵਿਚ ਰੱਖਿਆ ਗਿਆ, ਉਨ੍ਹਾਂ ਨੇ ਡਾਕਟਰਾਂ ਸਮੇਤ ਮੈਡੀਕਲ ਅਮਲੇ ਨਾਲ ਬਦਸਲੂਕੀ ਕਰਨ ਤੋਂ ਇਲਾਵਾ ਉਨ੍ਹਾਂ ਉਪਰ ਥੁੱਕਿਆ। ਇਸ ਖਬਰ ਨਾਲ ਜੋੜ ਕੇ ਮੋਦੀ ਭਗਤਾਂ ਨੇ ਇਕ ਵੀਡੀਓ ਵੱਡੇ ਪੈਮਾਨੇ 'ਤੇ ਵਾਇਰਲ ਕੀਤੀ। ਰਿਧੀਮਾ ਪਾਂਡੇ ਨਾਂ ਦੀ ਟਰੋਲ ਨੇ ਵੀਡੀਓ ਪੋਸਟ ਕਰਕੇ ਲਿਖਿਆ: 'ਜਿਨਕੋ ਸਬੂਤ ਚਾਹੀਏ ਵੋਹ ਯੇ ਦੇਖ ਲੇਂ।' ਇਸ ਵੀਡੀਓ ਨੂੰ ਟਵਿਟਰ ਉਪਰ 81 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੇ ਦੇਖਿਆ ਹੈ ਅਤੇ ਚਾਰ ਹਜ਼ਾਰ ਦੇ ਕਰੀਬ ਲੋਕਾਂ ਨੇ ਰੀ-ਟਵੀਟ ਕੀਤਾ ਹੈ। ਫੇਸਬੁੱਕ ਉਪਰ ਮੇਘਰਾਜ ਚੌਧਰੀ ਵਲੋਂ ਸ਼ੇਅਰ ਕੀਤੇ ਇਸੇ ਵੀਡੀਓ ਨੂੰ ਦੋ ਲੱਖ ਲੋਕਾਂ ਨੇ ਦੇਖਿਆ। ਇਸ ਵੀਡੀਓ ਕਲਿੱਪ ਵਿਚ ਇਕ ਸ਼ਖਸ ਅਤੇ ਉਸ ਦੇ ਆਲੇ-ਦੁਆਲੇ ਪੁਲਿਸ ਵਾਲੇ ਬੈਠੇ ਹਨ। ਉਹ ਪੁਲਿਸ ਵਾਲਿਆਂ ਉਪਰ ਥੁੱਕਦਾ ਹੈ, ਪੁਲਿਸ ਵਾਲੇ ਉਸ ਦੀ ਕੁੱਟਮਾਰ ਕਰਦੇ ਹਨ। ਇਸ ਵੀਡੀਓ ਕਲਿੱਪ ਨੂੰ ਤਬਲੀਗੀ ਜਮਾਤ ਨਾਲ ਜੋੜ ਦਿੱਤਾ ਗਿਆ। ਬੀ. ਬੀ. ਸੀ. ਸਰਵਿਸ ਵਲੋਂ ਜਾਂਚ ਕੀਤੇ ਜਾਣ 'ਤੇ ਸਾਹਮਣੇ ਆਇਆ ਕਿ ਇਹ ਵੀਡੀਓ ਕਲਿੱਪ ਮੌਲਿਕ ਰੂਪ ਵਿਚ ਮੁੰਬਈ ਮਿਰਰ ਅਤੇ ਟਾਈਮਜ਼ ਆਫ ਇੰਡੀਆ ਅਖਬਾਰਾਂ ਦੀ ਵੈੱਬਸਾਈਟਾਂ ਉਪਰ 29 ਫਰਵਰੀ ਅਤੇ 2 ਮਾਰਚ ਨੂੰ ਸ਼ੇਅਰ ਕੀਤਾ ਗਿਆ ਸੀ। ਅਖਬਾਰ ਦੀ ਰਿਪੋਰਟ ਮੁਤਾਬਿਕ ਇਹ ਵੀਡੀਓ ਮੁਹੰਮਦ ਸੁਹੇਲ ਸ਼ੌਕਤ ਅਲੀ ਦੀ ਹੈ ਜਿਸ ਨੂੰ ਮੁੰਬਈ ਕੋਰਟ ਵਿਚ ਪੇਸ਼ੀ 'ਤੇ ਲਿਜਾਇਆ ਜਾ ਰਿਹਾ ਸੀ। ਪੁਲਿਸ ਨੇ ਉਸ ਨੂੰ ਉਸ ਦੇ ਪਰਿਵਾਰ ਵਲੋਂ ਲਿਆਂਦਾ ਖਾਣਾ ਨਹੀਂ ਖਾਣ ਦਿੱਤਾ। ਗੁੱਸੇ ਵਿਚ ਆ ਕੇ ਉਸ ਨੇ ਪੁਲਿਸ ਉਪਰ ਥੁੱਕ ਦਿੱਤਾ ਅਤੇ ਪੁਲਿਸ ਨੇ ਉਸ ਦੀ ਕੁੱਟਮਾਰ ਕੀਤੀ।

ਇਸੇ ਤਰ੍ਹਾਂ ਥਾਈਲੈਂਡ ਦੀ ਵੀਡੀਓ, ਤਬਲੀਗ ਵਿਚ ਹਿੱਸਾ ਲੈਣ ਵਾਲਿਆਂ ਦੇ ਖਾਤੇ ਪਾ ਦਿੱਤੀ ਗਈ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਮੁਸਲਿਮ ਫਿਰਕੇ ਨੂੰ ਦੇਸ਼ਧ੍ਰੋਹੀ ਸਾਬਤ ਕਰਨ ਲਈ ਮੋਦੀ ਭਗਤ ਕਿਵੇਂ ਕਿਸੇ ਵੀ ਪੁਰਾਣੇ ਵੀਡੀਓ ਕਲਿਪ ਜਾਂ ਤਸਵੀਰ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਰੇਹੜੀ ਉਪਰ ਸੰਤਰੇ ਟਿਕਾਉਂਦਿਆਂ ਹਰ ਸੰਤਰੇ ਉਪਰ ਮੂੰਹ ਤੋਂ ਥੁੱਕ ਲਾਉਂਦੇ, ਝੂਠੇ ਭਾਂਡਿਆਂ ਤੋਂ ਜੂਠ ਚੱਟਦੇ ਜਾਂ ਸਬਜ਼ੀਆਂ ਉਪਰ ਕੁਰਲੀ ਵਾਲਾ ਪਾਣੀ ਸੁੱਟਦੇ ਮੁਸਲਮਾਨਾਂ ਦੀਆਂ ਵੀਡੀਓ ਕਲਿਪ ਵਾਇਰਲ ਕੀਤੇ ਗਏ ਹਨ। ਆਲਟਨਿਊਜ਼ ਅਨੁਸਾਰ ਇਹ ਪੁਰਾਣੇ ਕਲਿਪ ਹਨ। ਯਾਦ ਰਹੇ, ਮੁਸਲਮਾਨਾਂ ਦੇ ਕਾਰੋਬਾਰਾਂ ਦੇ ਬਾਈਕਾਟ ਦੇ ਸੱਦੇ ਦਿੰਦੇ ਹੋਏ ਇਹ ਸੰਦੇਸ਼ਾਂ ਨਾਲ ਸ਼ੇਅਰ ਕੀਤੇ ਗਏ ਹਨ: 'ਖਾਣੇ ਪੀਣੇ ਕੀ ਬਾਜ਼ਾਰੀ ਚੀਜ਼ੋਂ ਸੇ ਪਰਹੇਜ਼ ਕਰੋਂ ਔਰ ਟੋਪੀ ਵਾਲੀ ਬਿਮਾਰੀ ਕੀ ਨੀਚਤਾ ਦੇਖੋ।' ਇਹ ਇਕ ਭਾਈਚਾਰੇ ਪ੍ਰਤੀ ਬੇਵਿਸ਼ਵਾਸੀ, ਨਫਰਤ ਪੈਦਾ ਕਰਨ ਤੇ ਸਰਕਾਰ ਦੀ ਨਲਾਇਕੀ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਸਿਲਸਿਲੇਵਾਰ ਤਰੀਕੇ ਨਾਲ ਕੀਤਾ ਜਾ ਰਿਹਾ ਹੈ।

ਇਹ ਨਸਲਵਾਦੀਆਂ, ਨਾਜ਼ੀਵਾਦੀਆਂ ਦਾ ਅਜ਼ਮਾਏ ਜਾਂ ਘੱਟਗਿਣਤੀ ਲੋਕਾਂ ਵਿਰੁਧ ਪਹਿਲਾਂ ਝੂਠੇ ਇਲਜ਼ਾਮ ਲਗਾਉਣ ਅਤੇ ਫਿਰ ਇਸ ਬਹਾਨੇ ਉਨ੍ਹਾਂ ਉਪਰ ਜ਼ੁਲਮਾਂ ਨੂੰ ਜਾਇਜ਼ ਠਹਿਰਾਉਣ ਦਾ ਆਜ਼ਮਾਇਆ ਹੋਇਆ ਤਰੀਕਾ ਹੈ। ਅਮਰੀਕਾ, ਜਰਮਨ ਆਦਿ ਦਾ ਇਤਿਹਾਸ ਐਸੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਇਸੇ ਲਈ ਤਾਂ ਇਕ ਆਗੂ ਦੀ ਸ਼ਖਸੀ-ਪੂਜਾ ਉਪਰ ਐਨਾ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਸੰਮੋਹਨ ਜ਼ਰੀਏ ਢੁੱਕਵਾਂ ਮਾਹੌਲ ਤਿਆਰ ਕਰਨ ਲਈ ਕਦੇ ਥਾਲੀਆਂ ਖੜਕਾਉਣ ਅਤੇ ਕਦੇ ਬੱਤੀਆਂ ਬੁਝਾ ਕੇ ਮੋਮਬੱਤੀਆਂ, ਦੀਵੇ ਬਾਲਣ ਦੇ ਸੱਦੇ ਦਿੱਤੇ ਜਾ ਰਹੇ ਹਨ ਤਾਂ ਜੁ ਸ਼ਖਸੀ ਹਰਮਨਪਿਆਰਤਾ ਰਾਹੀਂ ਸੱਤਾਧਾਰੀ ਧਿਰ ਦੇ ਵਿਚਾਰਧਾਰਕ-ਰਾਜਨੀਤਕ ਏਜੰਡੇ ਨੂੰ ਲਾਗੂ ਕੀਤਾ ਜਾ ਸਕੇ। ਗੈਰਵਿਗਿਆਨਕ ਸੱਦਿਆਂ ਨੂੰ ਕਰੋਨਾ ਮਹਾਮਾਰੀ ਦਾ ਹੱਲ ਸਮਝ ਕੇ ਜਸ਼ਨੀ ਆਤਿਸ਼ਬਾਜ਼ੀ ਕਰਨ ਵਾਲੀ ਗਿਆਨ ਵਿਹੂਣੀ ਖਲਕਤ ਅਸਲ ਏਜੰਡੇ ਤੋਂ ਬੇਖਬਰ ਹੈ।

# ਕਰੋਨਾ ਕਾਰਨ ਚੀਨ ਤੇ ਅਮਰੀਕਾ 'ਚ ਤਲਖੀ

ਕਰੋਨਾ ਵਾਇਰਸ ਨੇ ਚੀਨੀ ਸ਼ਹਿਰ ਵੂਹਾਨ ਨੂੰ ਕੌਮਾਂਤਰੀ ਤਵੱਜੋ ਦਾ ਕੇਂਦਰ ਬਣਾ ਦਿੱਤਾ ਹੈ। ਅਜਿਹਾ ਉਦੋਂ ਹੋਇਆ ਜਦੋਂ ਵੂਹਾਨ ਦੇ 80 ਹਜ਼ਾਰ ਤੋਂ ਉਪਰ ਲੋਕਾਂ ਨੂੰ ਹਸਪਤਾਲਾਂ ਵਿਚ ਦਾਖਲ ਕਰਵਾਉਣਾ ਪਿਆ ਅਤੇ ਉਨ੍ਹਾਂ ਵਿਚੋਂ 33 ਸੌ ਤੋਂ ਵੱਧ ਜਣਿਆਂ ਦੀ 'ਵੂਹਾਨ ਕਰੋਨਾ ਵਾਇਰਸ' ਕਾਰਨ ਜਾਨ ਜਾਂਦੀ ਰਹੀ। ਰਿਪੋਰਟਾਂ ਮੁਤਾਬਕ ਕਰੋਨਾ ਵਾਇਰਸ ਦੀ ਇਹ ਲਾਗ ਇਨਸਾਨਾਂ ਨੂੰ ਚਮਗਿੱਦੜਾਂ, ਰੀਂਗਣ ਵਾਲੇ ਜਾਨਵਰਾਂ ਜਿਵੇਂ ਸੱਪਾਂ, ਚੂਹਿਆਂ, ਉਠਾਂ, ਸੂਰਾਂ, ਸੇਹਾਂ ਆਦਿ ਤੋਂ ਲੱਗੀ ਹੈ। ਅਜਿਹੇ ਜੀਵ ਵੂਹਾਨ ਸਥਿਤ ਹੂਨਾਨ ਥੋਕ ਮੱਛੀ ਬਾਜ਼ਾਰ ਵਿਚ ਇਨਸਾਨਾਂ ਦੇ ਖਾਣ ਲਈ ਆਮ

**ਜੀ. ਪਾਰਥਾਸਾਰਥੀ**

ਮਿਲਦੇ ਹਨ। ਵੂਹਾਨ ਵਿਚ ਮੌਤ ਦੇ ਇਸ ਤਾਂਡਵ ਦੌਰਾਨ ਜੇ ਚੀਨ ਨੇ ਵਧੇਰੇ ਫੁਰਤੀ ਤੇ ਪਾਰਦਰਸ਼ੀ ਢੰਗ ਨਾਲ ਕਾਰਵਾਈ ਕੀਤੀ ਹੁੰਦੀ ਤਾਂ ਸ਼ਾਇਦ ਬਾਕੀ ਸੰਸਾਰ ਇਸ ਸੰਕਟ ਨਾਲ ਸਿੱਝਣ ਲਈ ਹੋਰ ਬਿਹਤਰ ਢੰਗ ਨਾਲ ਤਿਆਰੀ ਕਰ ਲੈਂਦਾ। ਚੀਨ ਵਲੋਂ ਕਰੋਨਾ ਵਾਇਰਸ ਨੂੰ ਵੂਹਾਨ ਤੱਕ ਮਹਿਦੂਦ ਕਰ ਦੇਣ ਅਤੇ ਫਿਰ ਇਸ ਤੋਂ ਦਰਪੇਸ਼ ਚੁਣੌਤੀਆਂ ਖਤਮ ਕਰਨ ਵਿਚ ਹਾਸਲ ਕੀਤੀ ਸਫਲਤਾ ਯਕੀਨਨ ਸ਼ਲਾਘਾਯੋਗ ਹੈ। ਇਸ ਦੌਰਾਨ ਸਮੱਸਿਆ ਦੇ ਬੁਨਿਆਦੀ ਕਾਰਨਾਂ ਨੂੰ ਤਸਲੀਮ ਕਰਨ ਦੇ ਬਾਵਜੂਦ ਚੀਨ ਨੇ ਅਸੰਵੇਦਨਸ਼ੀਲਤਾ ਨਾਲ ਵੂਹਾਨ ਤ੍ਰਾਸਦੀ ਨੂੰ ਉਥੇ ਆਮ ਵਰਗੇ ਹਾਲਾਤ ਕਾਇਮ ਕਰਨ ਲਈ ਆਪਣੀਆਂ ਕੋਸ਼ਿਸ਼ਾਂ ਦੀ ਸਫਲਤਾ ਦੇ ਪ੍ਰਚਾਰ ਵਾਸਤੇ ਵਰਤਿਆ, ਹਾਲਾਂਕਿ ਉਸੇ ਵਕਤ ਇਸ ਸਮੱਸਿਆ ਪ੍ਰਤੀ ਕੌਮਾਂਤਰੀ ਚਿੰਤਾਵਾਂ ਜ਼ਾਹਰਾ ਤੌਰ 'ਤੇ ਵਧ ਰਹੀਆਂ ਸਨ।

ਇਸ ਕਾਰਨ ਵਿਗੜਦੇ ਅਮਰੀਕੀ-ਚੀਨੀ ਰਿਸ਼ਤਿਆਂ ਦੌਰਾਨ, ਅਮਰੀਕੀ ਸਦਰ ਡੋਨਲਡ ਟਰੰਪ ਨੇ ਟਵੀਟ ਕੀਤਾ ਕਿ ਅਮਰੀਕਾ ਵਲੋਂ ਦੁਨੀਆਂ ਭਰ ਵਿਚ ਉਨ੍ਹਾਂ ਦੀ 'ਭਰਪੂਰ ਮਦਦ' ਕੀਤੀ ਜਾਵੇਗੀ ਜੋ 'ਚੀਨੀ ਵਾਇਰਸ' ਤੋਂ ਪੀੜਤ ਹਨ। ਰਿਪਬਲਿਕਨ ਸੈਨੇਟਰ ਟੌਮ ਕੌਟਨ ਨੇ ਇਸ ਨੂੰ 'ਚੀਨੀ ਕਰੋਨਾ ਵਾਇਰਸ' ਕਰਾਰ ਦਿੰਦਿਆਂ ਕਿਹਾ ਕਿ 'ਜਿਨ੍ਹਾਂ ਨੇ ਇਹ (ਵਾਇਰਸ) ਸੰਸਾਰ ਦੇ ਗਲ ਪਾਇਆ ਹੈ, ਅਮਰੀਕਾ ਉਨ੍ਹਾਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਏਗਾ।' ਅਮਰੀਕਾ ਵਲੋਂ ਲਾਏ ਜਾ ਰਹੇ ਜ਼ੋਰਦਾਰ ਇਲਜ਼ਾਮਾਂ ਦੇ ਜਵਾਬ ਵਿਚ ਉਲਟਾ ਚੀਨ ਨੇ ਕਿਹਾ ਕਿ ਇਹ ਸੰਕਟ 'ਅਮਰੀਕਾ ਤੋਂ ਆਇਆ' ਹੋ ਸਕਦਾ ਹੈ। ਇਹ ਵਾਇਰਲ ਲਾਗ ਅਮਰੀਕਾ ਦੇ ਇਕ ਤੋਂ ਦੂਜੇ ਸ਼ਹਿਰ ਵਿਚ ਫੈਲਦੀ ਜਾਣ ਕਾਰਨ ਅਮਰੀਕਾ ਵਿਚ ਲੋਕਾਂ ਨੂੰ ਸਖਤ 'ਤਾਲਾਬੰਦੀਆਂ' ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਚੀਨ ਵਲੋਂ ਇਸ ਸੰਕਟ ਬਾਰੇ ਮਹੀਨੇ ਤੋਂ ਵੀ ਵੱਧ ਸਮਾਂ ਬਾਕੀ ਦੁਨੀਆਂ ਨੂੰ ਕੁਝ ਵੀ ਨਹੀਂ ਦੱਸਿਆ ਗਿਆ। ਵੂਹਾਨ ਵਿਚ ਵਰਤ ਰਹੇ ਭਾਣੇ ਦਾ ਖੁਲਾਸਾ ਕਰਨ ਵਿਚ ਹੋਈ ਦੇਰ ਲਈ ਜਦੋਂ ਟਰੰਪ ਪ੍ਰਸ਼ਾਸਨ ਨੇ ਪੇਈਚਿੰਗ ਦੀ ਆਲੋਚਨਾ ਕੀਤੀ ਤਾਂ ਚੀਨ ਨੇ ਅਮਰੀਕਾ ਨਾਲ ਟਕਰਾਅ ਪੈਦਾ ਕਰਨ ਤੋਂ ਇਲਾਵਾ ਹੈਰਾਨੀਜਨਕ ਢੰਗ ਨਾਲ ਆਪਣੇ ਵਲੋਂ ਵੂਹਾਨ ਸੰਕਟ ਨਾਲ ਨਜਿੱਠ ਲੈਣ ਲਈ ਆਲਮੀ ਮਾਨਤਾ ਤੇ ਸ਼ਾਬਾਸ਼ ਲੈਣ ਦੀ ਕੋਸ਼ਿਸ਼ ਵੀ ਕੀਤੀ। ਇਹ ਅਜੀਬੋ-ਗਰੀਬ ਕੋਸ਼ਿਸ਼ ਚੀਨੀ ਸਦਰ ਸ਼ੀ ਜਿਨਪਿੰਗ ਦੀ ਅਗਵਾਈ ਹੇਠ ਹੋਈ ਜਿਨ੍ਹਾਂ ਇਸ ਮੁਤਲਕ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨਾਲ ਗੱਲਬਾਤ ਕੀਤੀ। ਪ੍ਰਸੰਸਾ ਦੇ ਅਲਾਪੇ ਜਾ ਰਹੇ ਇਸ ਰਾਗ ਵਿਚ ਚੀਨੀ ਮੀਡੀਆ ਵੀ ਸਰਗਰਮ ਰਿਹਾ ਤੇ ਦਾਅਵਾ ਕੀਤਾ ਗਿਆ ਕਿ ਮੁਲਕ ਨੇ ਹਾਲਾਤ ਨਾਲ ਬਹੁਤ ਵਧੀਆ ਢੰਗ ਨਾਲ ਸਿੱਝਿਆ ਹੈ, ਹਾਲਾਂਕਿ ਉਸੇ ਵਕਤ ਦੁਨੀਆਂ ਭਰ ਵਿਚ ਇਸ ਦਾ ਮਾੜਾ ਅਸਰ ਸਾਹਮਣੇ ਆ ਰਿਹਾ ਸੀ। ਸੰਕਟ ਨੂੰ ਕਾਬੂ ਪਾਉਣ ਵਿਚ ਚੀਨ ਦੀ ਕਾਮਯਾਬੀ ਭਾਵੇਂ ਸ਼ਲਾਘਾਯੋਗ ਹੈ ਪਰ ਪੇਈਚਿੰਗ ਨੂੰ ਇਹ ਯਕੀਨੀ ਬਣਾਉਣ ਲਈ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਹ ਕੋਈ ਹੋਰ ਸੰਕਟ ਨਾ ਪੈਦਾ ਕਰੇ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰੋਨਾ ਵਾਇਰਸ ਸੰਕਟ ਪ੍ਰਤੀ ਸਿਆਣਪ ਭਰੀ ਪਹੁੰਚ ਅਪਣਾਈ। ਦੂਜੇ ਪਾਸੇ ਇਮਰਾਨ ਖਾਨ ਕਿਉਂਕਿ ਆਪਣੇ ਤੋਂ ਪਹਿਲੇ ਸਾਰੇ ਪਾਕਿਸਤਾਨੀ ਆਗੂਆਂ ਨਾਲੋਂ ਭਾਰਤ ਪ੍ਰਤੀ ਵੱਧ ਨਾਂਹਪੱਖੀ ਸੋਚ ਰੱਖਦੇ ਹਨ, ਇਸ ਕਾਰਨ ਉਨ੍ਹਾਂ ਕਾਨਫਰੰਸ ਵਿਚ ਪਾਕਿਸਤਾਨ ਦੀ ਨੁਮਾਇੰਦਗੀ ਦੀ ਜ਼ਿੰਮੇਵਾਰੀ ਆਪਣੇ ਦਫਤਰ ਵਿਚਲੇ ਅਧਿਕਾਰੀ ਡਾ. ਜ਼ਫਰ ਮਿਰਜ਼ਾ ਨੂੰ ਸੌਂਪੀ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਇਸ ਮੌਕੇ ਡਾ. ਮਿਰਜ਼ਾ ਕੋਲ ਇਸ ਮੁਤੱਲਕ ਕੁਝ ਵੀ ਕਹਿਣ ਨੂੰ ਨਹੀਂ ਸੀ ਕਿ ਕਰੋਨਾ ਵਾਇਰਸ ਸੰਕਟ ਦੇ ਟਾਕਰੇ ਲਈ ਸਾਰਕ ਮੁਲਕਾਂ ਦਰਮਿਆਨ ਖੇਤਰੀ ਸਹਿਯੋਗ ਵਾਸਤੇ ਪਾਕਿਸਤਾਨ ਕੀ ਯੋਗਦਾਨ ਪਾਵੇਗਾ। ਉਸ ਨੇ ਇਸ ਦੀ ਥਾਂ ਜੰਮੂ ਕਸ਼ਮੀਰ ਵਿਚ ਸਾਹਮਣੇ ਆਏ ਕਰੋਨਾ ਵਾਇਰਸ ਦੇ ਕੁਝ ਕੇਸਾਂ ਦੀ ਗੱਲ ਕਰਨੀ ਬਿਹਤਰ ਸਮਝੀ ਅਤੇ ਦਾਅਵਾ ਕੀਤਾ ਕਿ ਅਜਿਹਾ ਇਸ ਕੇਂਦਰੀ ਖਿੱਤੇ 'ਚ ਸੰਚਾਰ ਤੇ ਲੋਕਾਂ ਦੇ ਤੋਰੇ ਫੇਰੇ ਉਤੇ ਲੱਗੀਆਂ ਪਾਬੰਦੀਆਂ ਦਾ ਸਿੱਟਾ ਹੈ।

ਇਸ ਦੌਰਾਨ ਅਫਗਾਨਿਸਤਾਨ ਨੂੰ ਸੰਭਵ ਤੌਰ ਤੇ ਇਰਾਨ ਤੋਂ ਕਰੋਨਾ ਦਾ ਸ਼ਿਕਾਰ ਲੋਕਾਂ ਦੇ ਸਰਹੱਦ ਟੱਪ ਕੇ ਉਸ ਦੇ ਇਲਾਕੇ ਵਿਚ ਆਉਣ ਦੀ ਸਮੱਸਿਆ ਪੇਸ਼ ਆ ਰਹੀ ਹੈ, ਜਦੋਂਕਿ ਮਾਲਦੀਵ ਤੇ ਸ੍ਰੀਲੰਕਾ ਨੂੰ ਫੌਰੀ ਇਮਦਾਦ ਦੀ ਲੋੜ ਹੈ। ਕਰੋਨਾ ਵਾਇਰਸ ਮਹਾਂਮਾਰੀ ਨੇ ਮਾਲਦੀਵ ਦੀ ਸੈਰ-ਸਪਾਟਾ ਸਨਅਤ ਤਬਾਹ ਕਰ ਕੇ ਰੱਖ ਦਿੱਤੀ ਹੈ, ਜਿਸ ਨੂੰ ਜ਼ਰੂਰੀ ਦਵਾਈਆਂ ਭੇਜੀਆਂ ਗਈਆਂ ਹਨ। ਇਉਂ ਸਾਰਕ ਮੁਲਕਾਂ ਨੂੰ ਲੋੜੀਂਦਾ ਮੈਡੀਕਲ ਸਾਜ਼ੋ-ਸਾਮਾਨ ਤੇ ਹੋਰ ਸਹਾਇਤਾ ਵੀ ਭੇਜੀ ਜਾ ਰਹੀ ਹੈ। ਨੇਪਾਲ, ਭੂਟਾਨ, ਮਾਲਦੀਵ, ਸ੍ਰੀਲੰਕਾ ਤੇ ਅਫਗਾਨਿਸਤਾਨ ਨੂੰ ਸਰਜੀਕਲ ਮਾਸਕ, ਡਿਜੀਟਲ ਥਰਮਾਮੀਟਰ, ਸਰਜੀਕਲ ਸਾਜ਼ੋ-ਸਾਮਾਨ ਅਤੇ ਮੈਡੀਕਲ ਮਾਹਰ ਟੀਮਾਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਇਕ ਪਾਸੇ ਜਿਥੇ ਅਮਰੀਕਾ ਤੇ ਉਸ ਦੇ ਯੂਰਪੀ ਭਾਈਵਾਲਾਂ ਨੂੰ ਕਰੋਨਾ ਵਾਇਰਸ ਨੇ ਮੰਜੇ ਤੇ ਪਾ ਦਿੱਤਾ ਹੈ, ਉਥੇ ਚੀਨ ਤੋਂ ਇਲਾਵਾ ਜਿਹੜੇ ਤਿੰਨ ਹੋਰ ਮੁਲਕ ਇਸ ਸੰਕਟ ਤੋਂ ਫੁਰਤੀ ਨਾਲ ਉਭਰਨ ਵਿਚ ਕਾਮਯਾਬ ਰਹੇ, ਉਹ ਹਨ ਅਮਰੀਕਾ ਦੇ ਏਸ਼ੀਆ-ਪ੍ਰਸ਼ਾਂਤ ਵਿਚ ਭਾਈਵਾਲ - ਜਪਾਨ, ਦੱਖਣੀ ਕੋਰੀਆ ਤੇ ਸਿੰਗਾਪੁਰ। ਪ੍ਰਧਾਨ ਮੰਤਰੀ ਮੋਦੀ ਨੇ ਭਾਵੇਂ ਇਸ ਸੰਕਟ ਤੋਂ ਪਾਰ ਪਾਉਣ ਦਾ ਖਾਕਾ ਉਲੀਕਿਆ ਹੈ, ਤਾਂ ਵੀ ਅਜੇ ਲੰਮਾ ਪੈਂਡਾ ਬਾਕੀ ਹੈ। ਇਸ ਪੱਖੋਂ ਦੇਸ਼ ਦੀਆਂ ਮੈਡੀਕਲ ਸਹੂਲਤਾਂ ਨੂੰ ਮਜ਼ਬੂਤ ਕਰਨ ਦੀ ਬਹੁਤ ਲੋੜ ਹੈ ਜਿਸ ਲਈ ਹਸਪਤਾਲਾਂ ਦੇ ਵਧੇਰੇ ਬਿਸਤਰਿਆਂ ਦਾ ਪ੍ਰਬੰਧ ਤੇ ਮੈਡੀਕਲ ਮਾਹਿਰਾਂ ਨੂੰ ਤਿਆਰ ਕਰਨਾ ਅਤੇ ਨਾਲ ਹੀ ਡਾਕਟਰੀ ਸਾਜ਼ੋ-ਸਾਮਾਨ ਜਿਵੇਂ ਵੈਂਟੀਲੇਟਰਾਂ ਦਾ ਪ੍ਰਬੰਧ ਕਰਨਾ ਮੁੱਖ ਹੈ, ਤਾਂ ਕਿ ਆਉਣ ਵਾਲੀਆਂ ਸਖਤ ਚੁਣੌਤੀਆਂ ਦਾ ਟਾਕਰਾ ਕੀਤਾ ਜਾ ਸਕੇ। ਇਸ ਮਾਮਲੇ ਵਿਚ ਹਾਲਾਤ ਆਮ ਵਰਗੇ ਹੋ ਜਾਣ ਤੋਂ ਬਾਅਦ ਵੀ ਇਸ ਘਟਨਾਕ੍ਰਮ ਦਾ ਅਸਰ ਕੌਮਾਂਤਰੀ ਪੱਧਰ ਤੇ ਮਹਿਸੂਸ ਕੀਤਾ ਜਾਵੇਗਾ ਅਤੇ ਇਹ ਅਸਰ ਨਾ ਸਿਰਫ ਮੌਜੂਦਾ ਪੀੜ੍ਹੀ ਸਗੋਂ ਇਸ ਤੋਂ ਅਗਾਂਹ ਵੀ ਜਾਵੇਗਾ।

# ਸਰਕਾਰੀ ਸਖਤੀਆਂ ਨੇ ਫਿਕਰਾਂ 'ਚ ਪਾਇਆ ਅੰਨਦਾਤਾ

**ਚੰਡੀਗੜ੍ਹ:** ਹਾੜ੍ਹੀ ਦੀ ਫਸਲ ਸਾਂਭਣ ਲਈ ਕਰਫਿਊ ਕਿਸਾਨਾਂ ਲਈ ਅੜਿੱਕਾ ਬਣ ਗਿਆ ਹੈ। ਕਿਸਾਨ ਦੀ ਚਿੰਤਾ ਵਾਢੀ ਤੋਂ ਮੰਡੀਕਰਨ ਦੀ ਹੈ। ਉਸ ਨੂੰ ਵਾਢੀ ਮੌਕੇ ਪਰਵਾਸੀ ਮਜ਼ਦੂਰਾਂ ਦੀ ਘਾਟ ਰੜਕੇਗੀ ਅਤੇ ਵੇਚਣ ਵਕਤ ਸਰਕਾਰੀ ਖਰੀਦ ਪ੍ਰਬੰਧਾਂ ਦੀ ਤੋਟ ਦਾ ਫਿਕਰ ਹੈ। ਪਸ਼ੂ ਪਾਲਕ ਕਿਸਾਨ ਫਸਲ ਦਾ ਇਕ ਹਿੱਸਾ ਤੂੜੀ ਲਈ ਹੱਥੀਂ ਕਟਾਈ ਕਰਦੇ ਹਨ। ਦਾਤੀ ਦੇ ਕੰਮ 'ਚ ਪਰਵਾਸੀ ਮਜ਼ਦੂਰਾਂ ਦਾ ਸਹਾਰਾ ਲਿਆ ਜਾਂਦਾ ਹੈ ਪਰ ਇਸ ਵਾਰ ਕਰੋਨਾ ਸੰਕਟ ਵੱਸ ਪੰਜਾਬ ਸਰਕਾਰ ਨੇ ਅੰਤਰਰਾਜੀ ਹੱਦਾਂ ਸੀਲ ਕਰ ਦਿੱਤੀਆਂ ਹਨ। ਉਂਜ ਵੀ ਦੇਸ਼ ਦੇ ਬਹੁਤੇ ਹਿੱਸਿਆਂ 'ਚ ਤਾਲਾਬੰਦੀ ਹੋਣ ਕਰਕੇ ਬਿਹਾਰ, ਯੂਪੀ ਆਦਿ ਰਾਜਾਂ ਦੇ ਮਜ਼ਦੂਰਾਂ ਦਾ ਆਉਣਾ ਅਸੰਭਵ ਹੈ। ਪਲ-ਪਲ ਰੰਗ ਵਟਾਉਂਦੇ ਮੌਸਮ ਦੀ ਕਰੋਪੀ ਕਿਸਾਨ ਨੂੰ ਵੱਖ ਡਰਾ ਰਹੀ ਹੈ। ਪੱਕੀ ਫਸਲ ਦੀ ਸੰਭਾਲ ਕਿਸਾਨਾਂ ਦੀ ਇਸ ਵੇਲੇ ਮੁੱਖ ਤਰਜੀਹ ਹੈ।

ਕੰਬਾਈਨ ਨਾਲ ਕੱਟੀ ਜਿਣਸ ਵਿਕਰੀ ਲਈ ਖੇਤ ਤੋਂ ਸਿੱਧੀ ਅਨਾਜ ਮੰਡੀ ਲਿਜਾਈ ਜਾਂਦੀ ਹੈ। ਸਰਕਾਰ ਦੇ ਸ਼ੱਕੀ ਖਰੀਦ ਪ੍ਰਬੰਧਾਂ ਦੇ ਡਰੋਂ ਕਿਸਾਨ ਨੂੰ ਇਸ ਵਾਰ ਪਹਿਲਾਂ ਘਰ ਲਿਆ ਕੇ ਰੱਖ-ਰਖਾਓ ਦਾ ਫਿਕਰ ਹੈ। ਉਂਜ ਵੀ ਖਰੀਦ ਏਜੰਸੀਆਂ ਦੇ ਸੂਤਰ ਦੱਸਦੇ ਹਨ ਕਿ ਇਨ੍ਹੀਂ ਦਿਨੀਂ ਨਵੀਂ ਫਸਲ ਸਾਂਭਣ ਲਈ ਗੁਦਾਮਾਂ 'ਚ ਪਿਆ ਪਹਿਲਾ ਅਨਾਜ ਹੋਰਨਾਂ ਰਾਜਾਂ ਨੂੰ ਭੇਜਿਆ ਜਾਂਦਾ ਸੀ। ਇਸ ਵਾਰ ਕਰੋਨਾ ਆਫਤ ਕਾਰਨ ਇਹ ਰੁਝਾਨ ਬੰਦ



ਰਿਹਾ। ਨਤੀਜਨ ਗੁਦਾਮਾਂ 'ਚ ਨਵੀਂ ਫਸਲ ਸਟੋਰ ਕਰਨ ਲਈ ਯੋਗ ਜਗ੍ਹਾ ਦੀ ਕਮੀ ਰਹੇਗੀ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦਾ ਕਹਿਣਾ ਹੈ ਕਿ ਕਰੋਨਾ ਮਹਾਮਾਰੀ ਦੇ ਦ੍ਰਿਸ਼ਟੀਗੋਚਰ ਸਰਕਾਰ ਫਸਲ ਖੇਤਾਂ ਅਤੇ ਘਰਾਂ 'ਚੋਂ ਖੁਦ ਚੁੱਕਣਾ ਯਕੀਨੀ ਬਣਾਵੇ। ਉਨ੍ਹਾਂ ਸਲਾਹ ਦਿੱਤੀ ਕਿ ਪੰਜ ਏਕੜ ਦੀ ਮਾਲਕੀ ਵਾਲੇ ਛੋਟੇ ਕਿਸਾਨਾਂ ਨੂੰ ਮਗਨਰੇਗਾ ਕਾਨੂੰਨ ਤਹਿਤ ਖੇਤੀ ਕੰਮਾਂ 'ਚ ਸ਼ਾਮਲ ਕੀਤਾ ਜਾਵੇ। ਕਿਸਾਨਾਂ ਦੇ ਵਾਧੂ ਖਰਚਿਆਂ ਦੀ ਪੂਰਤੀ ਲਈ ਸਰਕਾਰ ਨੂੰ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੰਮ ਨੂੰ ਲੀਹ ਉਤੇ ਰੱਖਣ ਲਈ ਖੇਤ ਮਜ਼ਦੂਰ ਜਥੇਬੰਦੀਆਂ ਦਾ ਸਹਿਯੋਗ ਵੀ ਸਰਕਾਰ ਲੈ ਸਕਦੀ ਹੈ।

ਕਣਕ ਦੀ ਵਾਢੀ ਨੂੰ ਕਰੋਨਾ ਵਾਇਰਸ ਨੇ ਅਜਿਹਾ ਕਲਾਵੇ ਵਿਚ ਲਿਆ ਹੈ ਕਿ ਕਿਸਾਨਾਂ ਨੂੰ ਮਸ਼ੀਨਰੀ ਦੀ ਤੋਟ ਹੀ ਨਹੀਂ ਖੜ੍ਹੀ ਹੋਈ ਸਗੋਂ ਖੇਤੀ ਨਾਲ ਜੁੜੇ ਉਦਯੋਗ ਵੀ ਪੂਰੀ ਤਰ੍ਹਾਂ ਡਾਵਾਂਡੋਲ ਹੋ ਗਏ ਹਨ। ਕਣਕ ਦੀ ਵਾਢੀ ਲਈ ਵਰਤੀ ਜਾਂਦੀ ਮਸ਼ੀਨਰੀ ਕੰਬਾਈਨ, ਤੂੜੀ ਬਣਾਉਣ ਵਾਲੇ ਰੀਪਰ ਅਤੇ ਥਰੈਸ਼ਰਾਂ ਦੇ ਨਿਰਮਾਣ ਵਿਚ ਪੰਜਾਬ ਦੇ ਕਾਰੀਗਰ ਅਤੇ ਉਦਯੋਗ ਇਸ ਖੇਤੀ ਪ੍ਰਧਾਨ ਸੂਬੇ ਦੇ ਕਿਸਾਨਾਂ ਦੀਆਂ ਲੋੜਾਂ ਹੀ ਪੂਰੀਆਂ ਨਹੀਂ ਕਰਦੇ ਸਗੋਂ ਸਮੁੱਚੇ ਦੇਸ਼ ਵਿਚ ਪੰਜਾਬ ਦੀ ਝੰਡੀ ਮੰਨੀ ਜਾਂਦੀ ਹੈ। ਮਾਰਚ ਦਾ ਮਹੀਨਾ ਕੰਬਾਈਨਾਂ ਸਮੇਤ ਹੋਰ ਮਸ਼ੀਨਰੀ ਖਰੀਦਣ ਵਾਲੇ ਕਿਸਾਨਾਂ ਅਤੇ ਇਸ ਖੇਤਰ ਨਾਲ ਜੁੜੇ ਛੋਟੇ ਵੱਡੇ ਉਦਯੋਗਾਂ ਲਈ ਅਹਿਮ ਹੁੰਦਾ ਹੈ। ਇਸ ਮਹੀਨੇ ਦੌਰਾਨ ਹੀ ਕਰੋਨਾ ਵਾਇਰਸ ਦੀ ਵਿਸ਼ਵ ਵਿਆਪੀ ਮਹਾਮਾਰੀ ਨੇ ਖੇਤੀ ਉਦਯੋਗ ਨੂੰ ਅਜਿਹੀ ਸੱਟ ਮਾਰੀ ਕਿ ਕਿਸਾਨਾਂ ਨੂੰ ਲੋੜੀਂਦੀਆਂ ਮਸ਼ੀਨਾਂ ਨਹੀਂ ਮਿਲੀਆਂ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਕੋਲ ਕਣਕ ਦੀ ਭਰਾਈ ਲਈ 60 ਫੀਸਦੀ ਬਾਰਦਾਨਾ ਹੈ ਜਦਕਿ 40 ਫੀਸਦੀ ਬਾਰਦਾਨਾ ਪੱਛਮੀ ਬੰਗਾਲ ਤੋਂ ਆਉਣਾ ਹੈ ਪਰ ਉਥੇ 21 ਮਾਰਚ ਨੂੰ ਜੂਟ ਮਿੱਲਾਂ ਬੰਦ ਕਰ ਦਿੱਤੀਆਂ ਗਈਆਂ ਸਨ। ਮਿੱਲਾਂ ਬੰਦ ਹੋਣ ਕਰਕੇ ਬੋਰੀਆਂ, ਥੈਲੇ ਬਣਾਉਣ ਦਾ ਕੰਮ ਬੰਦ ਹੋ ਗਿਆ ਹੈ। ਪੰਜਾਬ ਲਈ ਕਾਫੀ ਮਾਲ ਤਿਆਰ ਪਿਆ ਹੈ ਪਰ ਅਜੇ ਆਵਾਜਾਈ ਬੰਦ ਹੈ ਤੇ ਜਦੋਂ ਤੱਕ ਆਵਾਜਾਈ ਨਹੀਂ ਖੁੱਲ੍ਹਦੀ, ਬਾਰਦਾਨਾ ਲਿਆਉਣ ਦੀ ਵੀ ਮੁਸ਼ਕਲ ਹੈ। ਕੇਂਦਰ ਸਰਕਾਰ ਦੇ ਖੁਰਾਕ ਮੰਤਰਾਲੇ ਨੇ ਪੱਛਮੀ ਬੰਗਾਲ ਸਰਕਾਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਜੂਟ ਮਿੱਲਾਂ ਨੂੰ ਚਲਾਉਣ ਦੀ ਆਗਿਆ ਦੇਵੇ ਤਾਂ ਕਿ ਕਣਕ ਦੀ ਸੰਭਾਲ ਵਿਚ ਪਰੇਸ਼ਾਨੀਆਂ ਨਾ ਆਉਣ ਪਰ ਅਜੇ ਤੱਕ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ।

## ਪੰਜਾਬ ਦੀ ਹਵਾ ਹੋਈ ਸਾਫ, ਪ੍ਰਦੂਸ਼ਣ ਘਟਿਆ

**ਚੰਡੀਗੜ੍ਹ:** ਕਰੋਨਾ ਵਾਇਰਸ ਕਰਕੇ ਪੰਜਾਬ 'ਚ ਲੱਗੇ ਕਰਫਿਊ ਕਾਰਨ ਠੱਪ ਹੋਈ ਆਵਾਜਾਈ ਅਤੇ ਬੰਦ ਹੋਈਆਂ ਸਨਅਤੀ ਇਕਾਈਆਂ ਕਾਰਨ ਪੂਰੇ ਸੂਬੇ ਦੀ ਆਬੋ-ਹਵਾ ਪ੍ਰਦੂਸ਼ਣ ਰਹਿਤ ਹੋ ਗਈ ਹੈ। ਪ੍ਰਦੂਸ਼ਣ ਵਿਭਾਗ ਨੇ ਮਾਰਚ ਦੀ ਆਖਰੀ ਹਫਤੇ ਵਿਚ ਹਵਾ ਪ੍ਰਦੂਸ਼ਣ ਘੱਟ ਹੋਣ ਦੀ ਜਾਣਕਾਰੀ ਦਿੱਤੀ ਹੈ।

ਪੰਜਾਬ ਦੇ ਪਲੀਤ ਹੋ ਰਹੇ ਵਾਤਾਵਰਣ ਨੂੰ ਸੁੱਖ ਦਾ ਸਾਹ ਆਇਆ ਜਾਪਦਾ ਹੈ। ਸਨਅਤੀ



ਸ਼ਹਿਰ ਲੁਧਿਆਣਾ ਤੇ ਬਟਾਲਾ ਤੋਂ ਇਲਾਵਾ ਜਲੰਧਰ, ਖੰਨਾ, ਅੰਮ੍ਰਿਤਸਰ ਅਤੇ ਹੋਰ ਸ਼ਹਿਰਾਂ 'ਚ ਏਅਰ ਕਵਾਲਟੀ ਇੰਨਡੈਕਸ ਤੋਂ ਹੇਠਲੀ ਦਰ 38 ਉਤੇ ਰਿਹਾ ਦੱਸਿਆ ਜਾ ਰਿਹਾ ਹੈ। ਏਅਰ ਕਵਾਲਟੀ ਇੰਨਡੈਕਸ ਵਲੋਂ 0 ਤੋਂ 50 ਤੱਕ ਹੋਣ ਉਤੇ ਹਵਾ ਨੂੰ ਸਾਫ ਮੰਨਿਆ ਜਾਂਦਾ ਹੈ। 50 ਤੋਂ 100 ਨੂੰ ਸਹਿਣਯੋਗ, ਜਦਕਿ 101 ਤੋਂ 150 ਤੱਕ ਨੂੰ ਕੁਝ ਲੋਕਾਂ ਲਈ ਨੁਕਸਾਨਦੇਹ ਅਤੇ 151 ਤੋਂ 200 ਤੱਕ ਨੂੰ ਮਨੁੱਖੀ ਸਿਹਤ ਲਈ ਹਾਨੀਕਾਰਕ ਮੰਨਿਆ ਜਾਂਦਾ ਹੈ, ਪ੍ਰੰਤੂ ਵਧਦੀ ਆਬਾਦੀ ਨਾਲ ਦੂਸ਼ਿਤ ਹੋ ਚੁੱਕੇ ਵਾਤਾਵਰਣ 'ਚ ਪ੍ਰਦੂਸ਼ਣ ਔਸਤਨ 300 ਤੋਂ 400 ਦਰਮਿਆਨ ਵੀ ਚਲਾ ਜਾਂਦਾ ਹੈ, ਜਿਸ ਨਾਲ ਲੋਕਾਂ ਨੂੰ ਸਾਹ ਦੀਆਂ ਬਿਮਾਰੀਆਂ ਦਾ ਖਦਸ਼ਾ ਰਹਿੰਦਾ ਹੈ।

# ਸੂਬਾ ਸਰਕਾਰਾਂ ਦੀ ਕਿਸਾਨਾਂ ਬਾਰੇ ਫਿਕਰਮੰਦੀ ਉਤੇ ਕੇਂਦਰ ਨੇ ਵੱਟੀ ਚੁੱਪ

**ਚੰਡੀਗੜ੍ਹ:** ਵੱਖ-ਵੱਖ ਸੂਬਿਆਂ ਨੇ ਕੇਂਦਰ ਸਰਕਾਰ ਕੋਲ ਹਾੜੀ ਦੀਆਂ ਫਸਲਾਂ ਨੂੰ ਲੈ ਕੇ ਪੁਖਤਾ ਪ੍ਰਬੰਧ ਕਰਨ ਲਈ ਪਹੁੰਚ ਕੀਤੀ ਹੈ, ਪਰ ਕੇਂਦਰ ਸਰਕਾਰ ਨੇ ਇਸ ਸਬੰਧੀ ਰਾਜਾਂ ਵੱਲੋਂ ਉਠਾਏ ਜਾ ਰਹੇ ਨੁਕਤਿਆਂ ਉਤੇ ਹਾਲੇ ਚੁੱਪ ਵੱਟੀ ਹੋਈ ਹੈ। ਕਰੋਨਾ ਕਾਰਨ ਸਮਾਜਿਕ ਦੂਰੀ ਲਾਗੂ ਕਰਨਾ, ਮਜ਼ਦੂਰਾਂ ਦੀ ਕਮੀ, ਕਲਕੱਤਾ ਤੋਂ ਆਉਣ ਵਾਲੇ ਬਾਰਦਾਨੇ ਵਿਚ ਲੌਕਡਾਊਨ ਕਾਰਨ ਦੇਰੀ ਅਤੇ ਕਣਕ ਦੀ ਢੋਆ-ਢੁਆਈ, ਸੰਕਟ ਵਿਚੋਂ ਲੰਘ ਰਹੀ ਕੰਬਾਈਨ ਸਨਅਤ ਅਤੇ ਖਰੀਦ ਪ੍ਰਕਿਰਿਆ ਦੌਰਾਨ ਹੋਣ ਵਾਲਾ ਭ੍ਰਿਸ਼ਟਾਚਾਰ ਆਦਿ ਸਮੱਸਿਆਵਾਂ ਨੇ ਕਿਸਾਨਾਂ ਦੀਆਂ ਮੁਸੀਬਤਾਂ ਵਧਾਈਆਂ ਹੋਈਆਂ ਹਨ। ਸਰਕਾਰ ਨੇ ਪੂਰਾ ਪ੍ਰਬੰਧ ਆੜ੍ਹਤੀਆਂ ਅਤੇ ਪੁਲਿਸ ਦੇ ਹਵਾਲੇ ਕਰਨ ਦਾ ਫੈਸਲਾ ਲਿਆ ਹੈ। ਇਸੇ ਕਰਕੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਸਿੱਧੀ ਅਦਾਇਗੀ ਦਾ ਫੈਸਲਾ ਵੀ ਫਿਲਹਾਲ ਮੱਧਮ ਪਾ ਦਿੱਤਾ ਗਿਆ ਹੈ।

ਹਰਿਆਣਾ ਸਰਕਾਰ ਨੇ 26 ਮਾਰਚ ਨੂੰ ਅਤੇ ਪੰਜਾਬ ਦੇ ਵਧੀਕ ਮੁੱਖ ਸਕੱਤਰ (ਵਿਕਾਸ) ਨੇ 27 ਮਾਰਚ ਨੂੰ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਖਰੀਦ ਪ੍ਰਕਿਰਿਆ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ ਸੀ। ਇਸੇ ਤਹਿਤ ਖਰੀਦ ਪਹਿਲੀ ਦੀ ਥਾਂ 15 ਅਪਰੈਲ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਹਰਿਆਣਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ 15 ਤੋਂ 30 ਅਪਰੈਲ ਤੱਕ ਕਣਕ 1925 ਰੁਪਏ ਪ੍ਰਤੀ ਕੁਇੰਟਲ ਭਾਵ ਐਲਾਨੇ ਗਏ ਘੱਟੋ ਘੱਟ ਸਮਰਥਨ ਮੁੱਲ ਉੱਤੇ ਖਰੀਦੀ ਜਾਵੇ। ਇਕ ਮਈ ਤੋਂ 31 ਮਈ ਤੱਕ 1975 ਰੁਪਏ ਅਤੇ 1 ਜੂਨ ਤੋਂ ਬਾਅਦ ਖਰੀਦੀ ਜਾਣ ਵਾਲੀ ਕਣਕ 2025 ਰੁਪਏ ਕੁਇੰਟਲ ਖਰੀਦੀ ਜਾਵੇ। ਪੰਜਾਬ ਨੇ ਮਈ ਮਹੀਨੇ ਵਿਚ 2025 ਅਤੇ ਜੂਨ ਦੇ ਮਹੀਨੇ ਵਿਚ 2125 ਰੁਪਏ ਕੁਇੰਟਲ ਖਰੀਦ ਕਰਨ ਦੀ ਅਪੀਲ ਕੀਤੀ ਹੈ। ਪੰਜਾਬ ਦੇ ਖੁਰਾਕ ਅਤੇ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਕੇਏਪੀ ਸਿਨਹਾ ਨੇ ਇਕ ਹੋਰ ਚਿੱਠੀ ਲਿਖ ਕੇ ਤੁਰੰਤ ਫੈਸਲਾ ਲੈਣ ਦੀ ਮੰਗ ਕੀਤੀ ਹੈ। ਇਸ ਪਿੱਛੇ ਧਾਰਣਾ ਇਹ ਹੈ ਕਿ ਮੰਡੀ ਵਿਚ ਇਕੱਠ ਨਹੀਂ ਹੋਵੇਗਾ ਅਤੇ ਜੋ ਕਿਸਾਨ ਕਣਕ ਘਰ ਰੱਖਣ ਦੀ ਸਥਿਤੀ ਵਿਚ ਹੋਣਗੇ, ਉਹ ਸਟੋਰ ਕਰ ਲੈਣਗੇ ਤਾਂ ਵੱਧ ਪੈਸੇ ਮਿਲਣ ਦੀ ਉਮੀਦ ਵਿਚ ਉਹ ਮਈ ਤੇ ਜੂਨ ਵਿਚ ਮੰਡੀਆਂ ਵਿਚ ਕਣਕ ਲੈ ਆਉਣਗੇ। ਇਸ ਨਾਲ ਸਮਾਜਿਕ ਦੂਰੀ ਬਣਾ ਕੇ ਰੱਖਣ ਦੇ ਨਿਯਮ ਨੂੰ ਲਾਗੂ ਕਰਨ ਵਿਚ ਆਸਾਨੀ ਹੋਵੇਗੀ। ਕੇਂਦਰ ਨੇ ਇਸ ਸਬੰਧੀ ਅਜੇ ਤੱਕ ਕੋਈ ਹੁੰਗਾਰਾ ਨਹੀਂ ਭਰਿਆ ਹੈ।

ਪੰਜਾਬ ਸਰਕਾਰ ਨੇ ਆਪਣੀਆਂ 1820 ਰਵਾਇਤੀ ਮੰਡੀਆਂ ਤੋਂ ਇਲਾਵਾ ਚਾਰ ਹਜ਼ਾਰ ਸ਼ੈਲਰਾਂ ਵਿਚੋਂ ਲਗਭਗ ਤਿੰਨ ਹਜ਼ਾਰ ਨੂੰ ਖਰੀਦ ਕੇਂਦਰ ਐਲਾਨਣ ਦਾ ਫੈਸਲਾ ਲਿਆ ਹੈ। ਆੜ੍ਹਤੀ ਮਾਰਕਿਟ ਕਮੇਟੀ ਦੇ ਸਕੱਤਰ ਰਾਹੀਂ ਲੋੜੀਂਦੇ ਕਰਫਿਊ ਪਾਸ ਲੈ ਲੈਣਗੇ ਤੇ ਅੱਗੋਂ ਆਪੋ ਆਪਣੇ ਗਾਹਕਾਂ ਨੂੰ ਹਰ ਦਿਨ ਲਈ ਪਾਸ ਜਾਰੀ ਕਰਨਗੇ। ਇਸ ਸਭ ਲਈ ਆੜ੍ਹਤੀਆਂ ਵੱਲੋਂ ਮੰਗੇ ਪੁਲਿਸ ਸਹਿਯੋਗ ਕਾਰਨ ਹੀ ਮੁੱਖ ਮੰਤਰੀ ਨੇ ਡੀ.ਜੀ.ਪੀ. ਨੂੰ ਸਾਰੇ ਖਰੀਦ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਨੇ ਮੰਤਰੀ ਮੰਡਲ ਦੀ ਮੀਟਿੰਗ ਵਿਚ ਸਾਰੇ ਮੰਤਰੀਆਂ ਨੂੰ ਕਿਹਾ ਹੈ ਕਿ ਉਹ ਆਪਣੇ ਪੱਧਰ ਉੱਤੇ ਪਾਸ ਜਾਰੀ ਕਰਨ ਲਈ ਸਿਫਾਰਸ਼ਾਂ ਨਾ ਕਰਨ ਪਰ ਮੌਜੂਦਾ ਪ੍ਰਬੰਧ ਵਿਚ ਇਹ ਕਿੰਨਾ ਕੁ ਸੰਭਵ ਹੋਵੇਗਾ, ਇਹ ਸਮਾਂ ਹੀ ਦੱਸੇਗਾ।

## ਤਾਲਾਬੰਦੀ ਕਾਰਨ ਹਜ਼ੂਰ ਸਾਹਿਬ 'ਚ ਫਸੇ ਦੋ ਹਜ਼ਾਰ ਤੋਂ ਵੱਧ ਸ਼ਰਧਾਲੂ

**ਗੁਰਦਾਸਪੁਰ:** ਮਹਾਰਾਸ਼ਟਰ ਦੇ ਹਜ਼ੂਰ ਸਾਹਿਬ (ਨਾਂਦੇੜ) ਵਿਚ ਪੰਜਾਬ ਦੇ ਦੋ ਹਜ਼ਾਰ ਤੋਂ ਵੱਧ ਸ਼ਰਧਾਲੂ ਲੌਕਡਾਊਨ ਕਾਰਨ ਫਸੇ ਹੋਏ ਹਨ। ਇਹ ਸ਼ਰਧਾਲੂ 22 ਮਾਰਚ ਦੇ ਨੇੜੇ ਵੱਖ-ਵੱਖ ਜਥਿਆਂ ਰਾਹੀਂ ਹਜ਼ੂਰ ਸਾਹਿਬ ਪਹੁੰਚੇ ਸਨ ਪਰ ਆਵਾਜਾਈ ਦੇ ਸਾਰੇ ਸਾਧਨਾਂ ਉਤੇ ਪਾਬੰਦੀ ਹੋਣ ਕਰ ਕੇ ਉਥੋਂ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਟਿਕੇ ਰਹਿਣ ਲਈ ਮਜਬੂਰ ਹਨ। ਮਨਜ਼ੂਰੀ ਲੈ ਕੇ ਮੰਤਰੀ ਦੇ 18 ਟਰੱਕ ਪੰਜਾਬ ਲਈ ਰਵਾਨਾ ਕੀਤੇ ਗਏ ਸਨ ਪਰ ਮੱਧ ਪ੍ਰਦੇਸ਼ ਬਾਰਡਰ ਤੋਂ ਅਗਾਂਹ ਜਾਣ ਦੀ ਆਗਿਆ ਨਾ ਮਿਲਣ ਤੇ ਸ਼ਰਧਾਲੂਆਂ ਨਾਲ ਭਰੇ ਇਹ ਟਰੱਕ ਪਰਤ ਆਏ। ਇਸ ਦੀ ਪੁਸ਼ਟੀ ਗੁਰਦੁਆਰੇ ਦੇ ਸੇਵਾਦਾਰ ਰਾਜਵਿੰਦਰ ਸਿੰਘ ਨੇ ਕੀਤੀ ਹੈ।

ਵਧੇਰੇ ਸੰਗਤ ਦੇ ਰਹਿਣ ਦਾ ਪ੍ਰਬੰਧ ਤਖਤ ਸੱਚਖੰਡ ਤੋਂ ਇਲਾਵਾ ਗੁਰਦੁਆਰਾ ਨਿਧਾਨ ਸਿੰਘ ਲੰਗਰ ਸਾਹਿਬ ਵਿਚ ਸਰਾਂਵਾਂ ਵਿਚ ਕੀਤਾ ਗਿਆ ਹੈ। ਪੰਜਾਬ ਤੋਂ ਇਲਾਵਾ ਬਹੁਤ ਸਾਰੇ ਸ਼ਰਧਾਲੂ ਦਿੱਲੀ ਅਤੇ ਹੋਰਨਾਂ ਸੂਬਿਆਂ ਤੋਂ ਵੀ ਹਨ। ਗੁਰਦੁਆਰਾ ਨਿਧਾਨ ਸਿੰਘ ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਿਆਂ ਵਿਚ ਰਹਿਣ ਵਾਲੇ ਸ਼ਰਧਾਲੂਆਂ ਨੂੰ ਪ੍ਰਬੰਧਕਾਂ ਵੱਲੋਂ ਕੋਈ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾ ਰਹੀ ਪਰ ਸ਼ਰਧਾਲੂ ਜਲਦੀ ਤੋਂ ਜਲਦੀ ਵਾਪਸ ਪਰਤਣਾ ਚਾਹੁੰਦੇ ਹਨ। ਦੱਸਣਯੋਗ ਹੈ ਕਿ ਦੋ ਦਿਨ ਪਹਿਲਾਂ ਹੀ ਹਜ਼ੂਰ ਸਾਹਿਬ ਤੋਂ 48 ਸ਼ਰਧਾਲੂਆਂ ਨੂੰ ਲੈ ਕੇ ਇਕ ਟਰੱਕ ਗੁਰਦਾਸਪੁਰ ਪਹੁੰਚਣ ਵਿਚ ਸਫਲ ਰਿਹਾ ਸੀ। ਦੂਜੇ ਪਾਸੇ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਗਗਨਦੀਪ ਸਿੰਘ ਰਿਆੜ ਨੇ ਕੇਂਦਰ ਅਤੇ ਮਹਾਰਾਸ਼ਟਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸ਼ਰਧਾਲੂਆਂ ਦੀ ਘਰ ਵਾਪਸੀ ਲਈ ਜਲਦੀ ਪ੍ਰਬੰਧ ਕੀਤਾ ਜਾਵੇ।

# ਕਰਫਿਊ ਦੌਰਾਨ ਫੀਸ ਮੰਗਣ ਵਾਲੇ 6 ਸਕੂਲਾਂ ਨੂੰ ਨੋਟਿਸ ਭੇਜਿਆ

**ਚੰਡੀਗੜ੍ਹ:** ਪੰਜਾਬ ਦੇ ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਵੱਲੋਂ ਕਰਫਿਊ ਦੌਰਾਨ ਮਾਪਿਆਂ ਤੋਂ ਫੀਸਾਂ ਮੰਗਣ ਵਾਲੇ ਪ੍ਰਾਈਵੇਟ ਸਕੂਲਾਂ ਉਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ



ਨੂੰ ਸਖਤ ਕਾਰਵਾਈ ਕਰਨ ਲਈ ਜਾਰੀ ਕੀਤੀਆਂ ਹਦਾਇਤਾਂ ਤੋਂ ਬਾਅਦ ਵੱਖ-ਵੱਖ ਜ਼ਿਲ੍ਹਿਆਂ ਦੇ 6 ਸਕੂਲਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

ਇਕ ਬਿਆਨ ਰਾਹੀਂ ਸ੍ਰੀ ਸਿੰਗਲਾ ਨੇ ਦੱਸਿਆ ਕਿ ਕਰੋਨਾ ਵਾਇਰਸ ਦੇ ਹਮਲੇ ਤੋਂ ਪੂਰੀ ਦੁਨੀਆਂ ਪ੍ਰਭਾਵਿਤ ਹੋਈ ਹੈ ਜਿਸ ਕਰਕੇ ਹਾਲਾਤ ਆਮ ਵਾਂਗ ਹੋਣ ਤੱਕ ਸੂਬੇ ਦੇ ਸਾਰੇ ਸਕੂਲਾਂ ਨੂੰ ਦਾਖਲਿਆਂ ਅਤੇ ਫੀਸਾਂ ਲੈਣ ਤੋਂ ਮਨਾਹੀ ਦੇ ਹੁਕਮ ਜਾਰੀ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਪਰ ਕੁਝ ਪ੍ਰਾਈਵੇਟ ਸਕੂਲਾਂ ਵੱਲੋਂ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਕੇ ਵੱਖ-ਵੱਖ ਮਾਧਿਅਮਾਂ ਰਾਹੀਂ ਮਾਪਿਆਂ ਨੂੰ ਫੀਸ ਭਰਨ ਲਈ ਸੁਨੇਹੇ ਲਗਾਏ ਜਾ ਰਹੇ ਸਨ। ਉਨ੍ਹਾਂ ਕਿਹਾ ਕਿ ਸੰਗਰੂਰ ਜ਼ਿਲ੍ਹੇ ਦੇ ਲਾਅ ਫਾਊਂਡੇਸ਼ਨ, ਪਟਿਆਲਾ ਜ਼ਿਲ੍ਹੇ ਦੇ ਭੁਪਿੰਦਰਾ ਰੋਡ ਸਥਿਤ ਡੀਏਵੀ ਪਬਲਿਕ ਸਕੂਲ ਤੇ ਭੁਪਿੰਦਰਾ ਇੰਟਰਨੈਸ਼ਨਲ ਸਕੂਲ, ਲੁਧਿਆਣਾ ਸਥਿਤ ਦਿੱਲੀ ਪਬਲਿਕ ਸਕੂਲ, ਏਂਜਲਸ ਪੈਰਾਡਾਈਜ਼ ਸਕੂਲ ਅੰਮ੍ਰਿਤਸਰ ਅਤੇ ਫਰੀਦਕੋਟ ਜ਼ਿਲ੍ਹੇ ਦੇ ਮਾਊਂਟ ਲਿਟਰਾ ਜ਼ੀ ਸਕੂਲ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਮੰਤਰੀ ਨੇ ਦੱਸਿਆ ਕਿ 23 ਮਾਰਚ ਨੂੰ ਸਿੱਖਿਆ ਵਿਭਾਗ ਵੱਲੋਂ ਪੱਤਰ ਜਾਰੀ ਕਰਕੇ ਕਰੋਨਾ ਵਾਇਰਸ ਕਾਰਨ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਸਾਰੀਆਂ ਗੈਰ ਸਰਕਾਰੀ ਵਿੱਦਿਅਕ ਸੰਸਥਾਵਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਸਾਲ 2020-21 ਲਈ ਦਾਖਲਿਆਂ ਦੀ ਅੰਤਿਮ ਮਿਤੀ ਨੂੰ ਦੁਬਾਰਾ ਮਿਥਿਆ ਜਾਵੇ ਅਤੇ ਹਾਲਾਤ ਸੁਧਰਨ ਉਪਰੰਤ ਫੀਸਾਂ ਭਰਨ ਲਈ ਇਕ ਮਹੀਨੇ ਦਾ ਸਮਾਂ ਜ਼ਰੂਰ ਦਿੱਤਾ ਜਾਵੇ।

# ਸੰਕਟ ਦੇ ਦੌਰ 'ਚ ਵੀ ਕਿਸਾਨਾਂ ਦੇ 1050 ਕਰੋੜ ਰੁਪਏ ਬਕਾਇਆ

**ਚੰਡੀਗੜ੍ਹ:** ਪੰਜਾਬ ਦਾ ਕਿਸਾਨ ਗੰਨੇ ਦੀ ਵੇਚੀ ਗਈ ਫਸਲ ਦਾ ਪੈਸਾ ਨਾ ਮਿਲਣ ਕਾਰਨ ਪਰੇਸ਼ਾਨ ਹੈ। ਸਰਕਾਰੀ ਜਾਂ ਮਿੱਲ ਮਾਲਕਾਂ ਦੀ ਸੰਵੇਦਨਸ਼ੀਲਤਾ ਤਾਂ ਉਜਾਗਰ ਨਹੀਂ ਹੋ ਰਹੀ ਪਰ ਕਰੋਨਾ ਵਾਇਰਸ ਕਾਰਨ ਕਿਸਾਨ ਬਕਾਏ ਲਈ ਸੰਘਰਸ਼ ਵੀ ਨਹੀਂ ਕਰ ਸਕਦੇ। ਇਸ ਕਾਰਨ ਉਨ੍ਹਾਂ ਦੀ ਲਾਚਾਰੀ ਅਤੇ ਪਰੇਸ਼ਾਨੀ ਵਧਦੀ ਜਾ ਰਹੀ ਹੈ।

ਸੂਬੇ ਵਿਚ ਹੁਣ ਤੱਕ 1050 ਕਰੋੜ ਰੁਪਏ ਤੋਂ ਵੱਧ ਦਾ ਬਕਾਇਆ ਹੈ। ਕਰੋਨਾ ਵਾਇਰਸ ਕਾਰਨ ਬੰਦ ਹੋਈਆਂ ਦੋ ਸਹਿਕਾਰੀ ਅਤੇ ਦੋ ਨਿੱਜੀ ਮਿੱਲਾਂ ਨੇ ਕਿਸਾਨਾਂ ਦਾ ਖੜ੍ਹਾ ਕੁਝ ਦਿਨਾਂ ਦਾ ਗੰਨਾ ਪੀੜਨ ਵਾਸਤੇ ਮੁੜ ਚਲਾਉਣ ਦਾ ਪ੍ਰਬੰਧ ਤਾਂ ਕੀਤਾ ਹੈ ਪਰ ਬਕਾਏ ਬਾਰੇ ਅਜੇ ਤੱਕ ਕੋਈ ਯਕੀਨ ਨਹੀਂ ਦਿਵਾਇਆ ਗਿਆ ਹੈ।

ਪੰਜਾਬ ਦੇ ਸੂਬਾਈ ਮੁੱਖ ਦਫਤਰ ਨੂੰ 20 ਮਾਰਚ ਤੱਕ ਪਹੁੰਚੀਆਂ ਰਿਪੋਰਟਾਂ ਅਨੁਸਾਰ ਕਿਸਾਨਾਂ ਦਾ 1052 ਕਰੋੜ ਰੁਪਿਆ ਬਕਾਇਆ ਪਿਆ ਹੈ। ਇਸ ਬਕਾਏ ਵਿਚੋਂ 162 ਕਰੋੜ ਰੁਪਏ ਤਾਂ ਸਾਲ 2018-19 ਦੇ ਹਨ ਅਤੇ 890 ਕਰੋੜ ਰੁਪਏ ਚਾਲੂ ਪਿੜਾਈ ਸੀਜ਼ਨ ਦਾ ਬਕਾਇਆ ਹੈ। ਬਹੁਤੀਆਂ ਮਿੱਲਾਂ ਪੂਰਾ ਗੰਨਾ ਪੀੜ ਕੇ ਬੰਦ ਹੋ ਚੁੱਕੀਆਂ ਹਨ। ਕੇਵਲ ਦਸੂਹਾ, ਮੁਕੇਰੀਆਂ ਨਿੱਜੀ ਖੇਤਰ ਅਤੇ ਨਵਾਂਸ਼ਹਿਰ ਤੇ ਗੁਰਦਾਸਪੁਰ ਸਹਿਕਾਰੀ ਖੇਤਰ ਦੀਆਂ ਮਿੱਲਾਂ ਕੁਝ ਦਿਨ ਹੋਰ ਚੱਲ ਕੇ ਬੰਦ ਹੋ ਜਾਣਗੀਆਂ। ਸ਼ੂਗਰ ਕੇਨ ਕੰਟਰੋਲ ਆਰਡਰ 1966 ਦੀ ਧਾਰਾ 3ਏ ਅਨੁਸਾਰ ਜੇਕਰ ਕੋਈ ਮਿੱਲ ਗੰਨਾ ਵੇਚਣ ਤੋਂ 14 ਦਿਨਾਂ ਦੇ ਅੰਦਰ ਪੇਮੈਂਟ ਨਹੀਂ ਕਰਦੀ ਹੈ ਤਾਂ ਉਸ ਨੂੰ ਪੇਮੈਂਟ 15 ਫੀਸਦ ਵਿਆਜ ਦੀ ਦਰ ਨਾਲ ਕਰਨੀ ਪਵੇਗੀ। ਪੰਜਾਬ ਵਿਚ ਵਿਆਜ ਤਾਂ ਦੂਰ ਦੀ ਗੱਲ ਹੈ, ਸਾਲਾਂ ਬਾਅਦ ਵੀ ਪੂਰੀ ਪੇਮੈਂਟ ਮਿਲ ਜਾਵੇ ਤਾਂ ਕਿਸਾਨ ਰਾਹਤ ਮਹਿਸੂਸ ਕਰਦਾ ਹੈ।

ਪ੍ਰਾਈਵੇਟ ਮਿੱਲਾਂ ਦੀ ਸਿਆਸੀ ਪੁਸ਼ਤਪਨਾਹੀ ਕਰਕੇ ਹੀ ਪਿਛਲੇ ਸਾਲ ਦਾ ਬਕਾਇਆ ਖੜ੍ਹਾ ਹੈ। ਮਿਸਾਲ ਦੇ ਤੌਰ ਉਤੇ ਸਾਲ 2018-19 ਦੇ ਕੁੱਲ 162 ਕਰੋੜ ਵਿਚੋਂ 68 ਕਰੋੜ ਰੁਪਏ ਨਿੱਜੀ ਮਿੱਲਾਂ ਵੱਲ ਹੈ। ਇਨ੍ਹਾਂ ਵਿਚੋਂ ਵੀ ਕੀੜੀ ਅਫਗਾਨਾ ਮਿੱਲ ਵੱਲ ਹੀ 63 ਕਰੋੜ ਰੁਪਏ ਹੈ। ਇਹ ਉਹੀ ਕੀੜੀ ਅਫਗਾਨਾ ਮਿਲ ਹੈ ਜਿਸ ਵੱਲੋਂ ਦਰਿਆ ਵਿਚ ਗੈਰ-ਕਾਨੂੰਨੀ ਤੌਰ ਉਤੇ ਸੁੱਟੇ ਗੰਦੇ ਪਾਣੀ ਨਾਲ ਵੱਡੀ ਗਿਣਤੀ ਵਿਚ ਮੱਛੀਆਂ ਵੀ ਮਰ ਗਈਆਂ ਸਨ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜੁਰਮਾਨਾ ਵੀ ਕੀਤਾ ਸੀ। ਫਗਵਾੜਾ ਵੱਲ ਤਿੰਨ ਕਰੋੜ ਅਤੇ ਪਟਰ ਸੇਵੀਆਂ ਵੱਲ 2.5 ਕਰੋੜ ਰੁਪਏ ਹੈ। ਇਹ ਮਿੱਲਾਂ ਸਿਆਸੀ ਤੌਰ ਉਤੇ ਰਸੂਖਵਾਨਾਂ ਦੀਆਂ ਹਨ। ਸ਼ੂਗਰਕੇਨ ਕੰਟਰੋਲ ਆਰਡਰ ਅਨੁਸਾਰ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਕਿਸਾਨਾਂ ਦੀ ਪੇਮੈਂਟ ਸਬੰਧਤ ਮਿੱਲ ਦੀ ਜਾਇਦਾਦ ਜ਼ਬਤ ਕਰਵਾ ਕੇ ਵੀ ਦਿਵਾ ਸਕਦਾ ਹੈ। ਸਿਆਸੀ ਅਸਰ ਰਸੂਖ ਸਾਹਮਣੇ ਸਭ ਨਤਮਸਤਕ ਦਿਖਾਈ ਦਿੰਦੇ ਹਨ।

ਮੌਜੂਦਾ ਸੀਜ਼ਨ 2019-20 ਦੇ 20 ਮਾਰਚ ਤੱਕ ਦੇ ਅੰਕੜਿਆਂ ਅਨੁਸਾਰ ਕੁੱਲ 890 ਕਰੋੜ ਰੁਪਏ ਵਿਚੋਂ 545 ਕਰੋੜ ਰੁਪਏ ਪ੍ਰਾਈਵੇਟ ਮਿੱਲਾਂ ਦੇ ਅਤੇ 345 ਕਰੋੜ ਰੁਪਏ ਸਹਿਕਾਰੀ ਮਿੱਲਾਂ ਵੱਲ ਬਕਾਇਆ ਹੈ। ਭਾਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਹਰਿੰਦਰ ਪਾਲ ਸਿੰਘ ਲੱਖੋਵਾਲ ਨੇ ਕਿਹਾ ਕਿ ਗੰਨੇ ਦੇ ਬਕਾਏ ਲਈ ਕਿਸਾਨਾਂ ਨੂੰ ਹਰ ਸਾਲ ਸੜਕਾਂ ਉਤੇ ਉਤਰਨਾ ਪੈਂਦਾ ਰਿਹਾ ਹੈ। ਇਸ ਸਾਲ ਕਰੋਨਾ ਵਾਇਰਸ ਦੇ ਦੌਰਾਨ ਕਿਸਾਨ ਅੰਦੋਲਨ ਵੀ ਨਹੀਂ ਕਰ ਸਕਦੇ। ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨਾਂ ਨੂੰ ਉਨ੍ਹਾਂ ਵੱਲੋਂ ਵੇਚੀ ਗਈ ਫਸਲ ਦੀ ਪੇਮੈਂਟ ਤਾਂ ਸਮੇਂ ਸਿਰ ਕਰਵਾਏ।

# ਦਰਬਾਰ ਸਾਹਿਬ ਦੇ ਆਲੇ-ਦੁਆਲੇ ਹਵਾ ਤੇ ਸ਼ੋਰ ਪ੍ਰਦੂਸ਼ਣ ਘਟਿਆ

**ਅੰਮ੍ਰਿਤਸਰ:** ਕਰੋਨਾ ਵਾਇਰਸ ਤੋਂ ਬਚਾਅ ਲਈ ਲਾਏ ਗਏ ਕਰਫਿਊ ਕਾਰਨ ਕਾਰੋਬਾਰ ਤੇ ਆਵਾਜਾਈ ਬੰਦ ਹੋਣ ਕਰਕੇ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਹਵਾ ਤੇ ਸ਼ੋਰ ਪ੍ਰਦੂਸ਼ਣ ਵਿਚ ਵੀ ਵੱਡੀ ਕਮੀ ਆਈ ਹੈ ਅਤੇ ਇਸ ਵੇਲੇ ਵਾਤਾਵਰਨ ਦੀ ਸਥਿਤੀ ਬਿਹਤਰ ਹੋ ਗਈ ਹੈ।

ਕਰੋਨਾ ਵਾਇਰਸ ਤੋਂ ਬਚਾਅ ਲਈ ਜਨਤਾ ਕਰਫਿਊ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਕਰਫਿਊ ਲਾ ਦਿੱਤਾ ਗਿਆ ਸੀ। ਇਸ ਦੌਰਾਨ ਜਿਥੇ ਕਾਰੋਬਾਰ ਬੰਦ ਹਨ, ਉਥੇ ਆਵਾਜਾਈ ਵੀ ਬੰਦ ਹੈ। ਇਸ ਦਾ ਅਸਰ ਵਾਤਾਵਰਨ ਉਤੇ ਪਿਆ ਹੈ। ਸ੍ਰੀ ਦਰਬਾਰ ਸਾਹਿਬ ਨੇੜੇ ਪ੍ਰਦੂਸ਼ਣ ਨੂੰ ਮਾਪਣ ਲਈ ਲਾਏ ਗਏ ਉਪਕਰਨ ਵਿਚ ਵੀ ਹਵਾ ਦੀ ਕੁਆਲਿਟੀ ਏਕਿਊਆਈ (ਏਅਰ ਕੁਆਲਿਟੀ ਇੰਡੈਕਸ) 60 ਦਰਜ ਕੀਤੀ ਗਈ ਹੈ, ਜੋ ਕਿ ਕਰਫਿਊ ਤੋਂ ਪਹਿਲਾਂ ਲਗਭਗ 105 ਤੋਂ 120 ਦੇ ਵਿਚਾਲੇ ਦਰਜ ਕੀਤੀ ਗਈ ਸੀ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਇੰਜੀਨੀਅਰ ਹਰਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਦਿਨਾਂ ਵਿਚ ਸ਼ਹਿਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ ਵਿਚ ਵੱਡੀ ਕਮੀ ਆਈ ਹੈ। ਹਵਾ ਵਿਚ ਪ੍ਰਦੂਸ਼ਣ ਘਟਣ ਨਾਲ ਇਸ ਦੀ ਕੁਆਲਿਟੀ ਬਿਹਤਰ ਹੋਈ ਹੈ। ਉਨ੍ਹਾਂ ਆਖਿਆ ਕਿ ਏਕਿਊਆਈ 0 ਤੋਂ 50 ਨੂੰ ਬਿਹਤਰ ਦਰਜਾ ਹਵਾ ਮੰਨਿਆ ਜਾਂਦਾ ਹੈ। ਆਵਾਜਾਈ ਬੰਦ ਹੋਣ ਕਾਰਨ ਸ਼ੋਰ ਪ੍ਰਦੂਸ਼ਣ ਵੀ ਖਤਮ ਹੋ ਗਿਆ ਹੈ, ਜਿਸ ਕਾਰਨ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੁੰਦੇ ਗੁਰਬਾਣੀ ਦੇ ਕੀਰਤਨ ਦੀਆਂ ਧੁਨਾਂ ਨੂੰ ਬਿਨਾਂ ਕਿਸੇ ਰੁਕਾਵਟ ਸੁਣਿਆ ਜਾ ਸਕਦਾ ਹੈ।



ਇਸ ਵੇਲੇ ਕਰਫਿਊ ਅਤੇ ਕਰੋਨਾ ਦੇ ਪ੍ਰਕੋਪ ਕਾਰਨ ਸ੍ਰੀ ਦਰਬਾਰ ਸਾਹਿਬ ਵਿਖੇ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਨਾ ਮਾਤਰ ਰਹਿ ਗਈ ਹੈ। ਵਧੇਰੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਵੀ ਦਿਖਾਈ ਦਿੰਦੇ ਹਨ। ਇਨ੍ਹਾਂ ਦਿਨਾਂ ਦੌਰਾਨ ਸ੍ਰੀ ਦਰਬਾਰ ਸਾਹਿਬ ਦੀ ਅੰਦਰੂਨੀ ਮਰਿਆਦਾ ਨੂੰ ਬਰਕਰਾਰ ਰੱਖਿਆ ਗਿਆ ਹੈ। ਪਿਛਲੇ ਵਰ੍ਹਿਆਂ ਵਿਚ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ ਦੀ ਮਾਤਰਾ ਉਤੇ ਜੇਕਰ ਝਾਤ ਮਾਰੀ ਜਾਵੇ ਤਾਂ 2017 ਵਿਚ ਹਵਾ ਦੀ ਕੁਆਲਿਟੀ ਏਕਿਊਆਈ ਔਸਤਨ 132 ਅਤੇ 2018 ਵਿਚ ਔਸਤਨ 115 ਦਰਜ ਕੀਤੀ ਗਈ ਸੀ। 2019 ਵਿਚ ਹਵਾ ਦੀ ਕੁਆਲਿਟੀ ਵਿਚ ਹੋਰ ਵੀ ਸੁਧਾਰ ਦਰਜ ਕੀਤਾ ਗਿਆ ਸੀ ਪਰ ਇਨ੍ਹਾਂ ਦਿਨਾਂ ਵਿਚ ਵੱਡਾ ਸੁਧਾਰ ਆਇਆ ਹੈ ਅਤੇ ਪ੍ਰਦੂਸ਼ਣ ਖਤਮ ਹੋਇਆ ਹੈ।

ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਹਵਾ ਅਤੇ ਆਵਾਜ਼ ਪ੍ਰਦੂਸ਼ਣ ਵਧੇਰੇ ਹੋਣ ਕਾਰਨ ਪ੍ਰਦੂਸ਼ਣ ਦਾ ਪ੍ਰਭਾਵ ਨਾ ਸਿਰਫ ਇਥੇ ਲੱਗੇ ਸੋਨੇ ਦੇ ਪੱਤਰਿਆਂ ਸਗੋਂ ਸੰਗਮਰਮਰ ਉਤੇ ਵੀ ਹੋ ਰਿਹਾ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਖਲ ਮਗਰੋਂ ਇਥੇ ਪ੍ਰਦੂਸ਼ਣ ਦੀ ਰੋਕਥਾਮ ਲਈ ਯਤਨ ਕੀਤੇ ਗਏ ਸਨ ਅਤੇ ਇਨ੍ਹਾਂ ਯਤਨਾਂ ਤਹਿਤ ਹੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਨੇੜੇ ਇਹ ਪ੍ਰਦੂਸ਼ਣ ਮਾਪਕ ਉਪਕਰਨ ਸਥਾਪਤ ਕੀਤਾ ਗਿਆ ਸੀ, ਜੋ ਰੋਜ਼ਾਨਾ ਹਵਾ ਵਿਚ ਪ੍ਰਦੂਸ਼ਣ ਬਾਰੇ ਜਾਣਕਾਰੀ ਦਿੰਦਾ ਹੈ। ਜ਼ਿਕਰਯੋਗ ਹੈ ਕਿ ਸਮੁੱਚੇ ਪੰਜਾਬ ਵਿਚ ਹੀ ਕਰਫਿਊ ਕਾਰਨ ਆਵਾਜਾਈ ਬੰਦ ਹੋਣ ਅਤੇ ਸਨਅਤਾਂ ਆਦਿ ਬੰਦ ਹੋਣ ਕਾਰਨ ਹਵਾ ਪ੍ਰਦੂਸ਼ਣ ਵਿਚ ਕਮੀ ਆਈ ਹੈ।

# ਕਰੋਨਾ ਵਾਇਰਸ ਕਾਰਨ ਸ਼੍ਰੋਮਣੀ ਕਮੇਟੀ ਦੀ ਆਮਦਨ ਨੂੰ ਵੱਡੀ ਸੱਟ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਡੇ ਆਰਥਿਕ ਸੰਕਟ ਵੱਲ ਨਾਲ ਵਧ ਰਹੀ ਹੈ। 100 ਕਰੋੜ ਦੀ ਮਾਸਿਕ ਆਮਦਨ ਵਾਲੀ ਇਸ ਸੰਸਥਾ ਦੀ ਆਮਦਨ ਵਿਚ 98 ਫੀਸਦ ਤੱਕ ਘਟ ਗਈ ਹੈ। ਸ਼੍ਰੋਮਣੀ ਕਮੇਟੀ ਸਿੱਖਾਂ ਨੂੰ ਇਕਜੁੱਟ ਰੱਖਣ, ਗੁਰੂ ਘਰਾਂ ਦੇ ਪ੍ਰਬੰਧਾਂ ਚਲਾਉਣ ਅਤੇ ਸਿੱਖਾਂ ਦੇ ਕੌਮੀ ਮਸਲਿਆਂ ਦੀ ਤਰਜਮਾਨੀ ਕਰਦੀ ਹੈ। ਪਰ ਬੀਤੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੀ ਆਮਦਨ 'ਚ ਭਾਰੀ ਕਮੀ ਤੇ ਖਰਚਿਆਂ 'ਚ ਵਾਧਾ ਦਰਜ ਕੀਤਾ ਗਿਆ ਹੈ।

ਸੂਤਰਾਂ ਅਨੁਸਾਰ ਹਰ ਸਾਲ ਦੇ ਬਜਟ ਵਿਚ ਪਿਛਲੇ ਸਾਲ ਦੇ ਮੁਕਾਬਲੇ 10 ਫੀਸਦੀ ਵਾਧੇ ਦਾ ਅਨੁਮਾਨ ਲਾਇਆ ਜਾਂਦਾ ਹੈ। ਪਰ ਲੰਘੇ ਵਰ੍ਹੇ ਦੌਰਾਨ ਇਹ ਵਾਧਾ ਦੋ ਫੀਸਦੀ ਤੱਕ ਵੀ ਨਹੀਂ ਪਹੁੰਚ ਸਕਿਆ ਹੈ, ਜਿਸ ਤੋਂ ਬਾਅਦ ਕਰੋਨਾ ਵਾਇਰਸ ਕਾਰਨ ਗੁਰਦੁਆਰਿਆਂ ਵਿਚ ਸੰਗਤ ਦੀ ਆਮਦ ਘੱਟ ਗਈ ਤੇ ਚੜ੍ਹਾਵਾ ਬੰਦ ਹੋ ਗਿਆ ਹੈ। ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਸਮੂਹ ਅਦਾਰਿਆਂ ਦੇ 'ਚ 21 ਹਜ਼ਾਰ ਦੇ ਕਰੀਬ ਮੁਲਾਜ਼ਮ ਹਨ, ਜਿਨ੍ਹਾਂ ਦੀ ਮਾਸਿਕ ਤਨਖਾਹ 20 ਤੋਂ 22 ਕਰੋੜ ਤੱਕ ਬਣਦੀ ਹੈ। ਜੇਕਰ ਸ੍ਰੀ ਦਰਬਾਰ ਸਾਹਿਬ ਦੇ ਔਸਤਨ 25 ਕਰੋੜ ਰੁਪਏ ਮਹੀਨਾ ਦੇ ਚੜ੍ਹਾਵੇ ਉਤੇ ਨਜ਼ਰ ਮਾਰੀ ਜਾਵੇ ਤਾਂ ਕਰੋਨਾ ਦੇ ਪ੍ਰਕੋਪ ਤੋਂ ਬਾਅਦ ਇਹ ਅੰਕੜਾ ਹਜ਼ਾਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ।

ਇਸੇ ਤਰ੍ਹਾਂ ਕੇਸਗੜ੍ਹ ਸਾਹਿਬ ਵਿਖੇ ਮਾਰਚ ਮਹੀਨੇ ਵਿਚ ਹੀ 3 ਕਰੋੜ ਰੁਪਏ ਦਾ ਘਾਟਾ ਪਿਛਲੇ ਸਾਲ ਦੇ ਮੁਕਾਬਲੇ ਦਰਜ ਕੀਤਾ ਗਿਆ ਹੈ। ਜਦਕਿ ਬਾਕੀ ਗੁਰਦੁਆਰਾ ਸਹਿਬਾਨ ਦਾ ਵੀ ਇਹੋ ਹਾਲ ਹੈ। ਗੁਰਦੁਆਰਾ ਸਹਿਬਾਨ ਦੇ ਸਟੋਰਾਂ ਵਿਚ ਪਿਆ ਲੰਗਰ ਦੀ ਰਸਦ ਦਾ ਭੰਡਾਰ ਵੀ ਕੁਝ ਹਫਤਿਆਂ ਦਾ ਹੀ ਰਹਿ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਰਹੇ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੂੰ ਗਲੀ-ਗਲੀ ਭੇਜਣ ਦੀ ਬਜਾਏ ਹਰ ਪਿੰਡ ਵਿਚਲੇ ਗੁਰਦੁਆਰੇ ਵਿਚ ਹੀ ਲੰਗਰ ਤਿਆਰ ਕਰਵਾ ਕੇ ਲੋਕਾਂ ਨੂੰ ਮੁਹੱਈਆ ਕਰਵਾ ਦੇਣਾ ਚਾਹੀਦਾ ਹੈ।

## ਸ਼੍ਰੋਮਣੀ ਕਮੇਟੀ ਨੇ ਹਮੇਸ਼ਾ ਬਿਨਾ ਭੇਦਭਾਵ ਤੋਂ ਮਦਦ ਕੀਤੀ: ਲੌਂਗੋਵਾਲ

ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਜਦ ਵੀ ਮਨੁੱਖਤਾ ਉਤੇ ਕੋਈ ਆਫਤ ਆਈ ਹੈ ਤਾਂ ਸ਼੍ਰੋਮਣੀ ਕਮੇਟੀ ਨੇ ਧਰਮ, ਜਾਤ, ਫਿਰਕੇ ਤੋਂ ਉੱਪਰ ਉਠ ਕੇ ਮਦਦ ਕੀਤੀ ਹੈ। ਉਸੇ ਅਨੁਸਾਰ ਹੁਣ ਵੀ ਸਿੱਖ ਫਲਸਫੇ ਤੇ ਗੁਰੂ ਸਹਿਬਾਨ ਵੱਲੋਂ ਸਰਬੱਤ ਦੇ ਭਲੇ ਦੇ ਸੁਨੇਹੇ ਅਨੁਸਾਰ ਕਰੋਨਾ ਮਹਾਮਾਰੀ ਨਾਲ ਜੂਝ ਰਹੇ ਗਰੀਬ, ਗੁਰਬਿਆਂ ਦੀ ਮਦਦ ਕੀਤੀ ਜਾ ਰਹੀ ਹੈ। ਜਿਥੋਂ ਤੱਕ ਆਰਥਿਕ ਸੰਕਟ ਦੀ ਗੱਲ ਹੈ ਤਾਂ ਸਿੱਖ ਪੰਥ ਦੇ ਵਡੇਰੇ ਹਿੱਤਾਂ ਲਈ ਤੇ ਸ਼੍ਰੋਮਣੀ ਕਮੇਟੀ ਦੀ ਚੜ੍ਹਦੀਕਲਾ ਲਈ ਵਿਦਵਾਨਾਂ ਵੱਲੋਂ ਜੇ ਕੋਈ ਸੁਝਾਅ ਦਿੱਤੇ ਜਾਂਦੇ ਹਨ ਤਾਂ ਉਨ੍ਹਾਂ ਉਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ।

# ਖਾਲਸਾ ਸਾਜਨਾ ਦਿਵਸ ਮੌਕੇ ਨਹੀਂ ਹੋਣਗੇ ਵੱਡੇ ਇਕੱਠ

**ਅੰਮ੍ਰਿਤਸਰ:** ਕਰੋਨਾ ਵਾਇਰਸ ਦੇ ਵਧ ਰਹੇ ਕਹਿਰ ਕਾਰਨ ਇਸ ਵਾਰ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਉਤੇ ਕਿਸੇ ਵੀ ਥਾਂ ਉਤੇ ਵੱਡਾ ਇਕੱਠ ਨਹੀਂ ਹੋਵੇਗਾ। ਸਿਰਫ



ਗੁਰਦੁਆਰਿਆਂ ਵਿਚ ਇਸ ਪੁਰਬ ਨੂੰ ਮਨਾਉਣ ਲਈ ਅਖੰਡ ਪਾਠ ਜਾਂ ਸਹਿਜ ਪਾਠ ਕਰਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਵੇਗੀ। ਇਹ ਫੈਸਲਾ ਪੰਜ ਸਿੰਘ ਸਾਹਿਬਾਨ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਕਰਕੇ ਲਿਆ।

ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਗਈ ਮੀਟਿੰਗ ਵਿਚ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਜੰਟ ਸਿੰਘ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਕਰੋਨਾ ਵਾਇਰਸ ਦੀ ਮਹਾਮਾਰੀ ਫੈਲੀ ਹੋਣ ਕਰਕੇ ਹਾਲਾਤ ਨਾਜ਼ੁਕ ਬਣੇ ਹੋਏ ਹਨ।

ਅਜਿਹੇ ਹਾਲਾਤ ਵਿਚ ਵੱਡੇ ਇਕੱਠ ਸੰਭਵ ਨਹੀਂ ਹਨ। ਉਨ੍ਹਾਂ ਪੰਜ ਸਿੰਘ ਸਾਹਿਬਾਨ ਵੱਲੋਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਨੂੰ ਆਦੇਸ਼ ਦਿੱਤਾ, "ਖਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਵੱਡੇ ਇਕੱਠ ਕਰਨ ਦੀ ਥਾਂ ਉਤੇ ਗੁਰਦੁਆਰਿਆਂ ਵਿਚ ਹੀ ਇਸ ਸਬੰਧੀ ਅਖੰਡ ਪਾਠ ਜਾਂ ਸਹਿਜ ਪਾਠ ਆਰੰਭ ਕੀਤੇ ਜਾਣ, ਜਿਸ ਦੀ ਸਮਾਪਤੀ ਉਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਵੇ। ਹਰ ਸਿੱਖ ਇਸ ਪੁਰਬ ਨੂੰ ਸਮਰਪਿਤ ਆਪਣੇ ਘਰ ਵਿਚ ਸਹਿਜ ਪਾਠ ਕਰੇ, ਸੰਗਤ ਆਪਣੇ ਘਰ ਵਿਚ ਬੈਠ ਕੇ ਟੀਵੀ ਚੈਨਲਾਂ ਅਤੇ ਆਨਲਾਈਨ ਰਾਹੀਂ ਇਤਿਹਾਸਕ ਸਥਾਨਾਂ ਤੋਂ ਲਾਈਵ ਹੋ ਰਹੇ ਕਥਾ-ਕੀਰਤਨ ਦਾ ਆਨੰਦ ਲਵੇ।" ਉਨ੍ਹਾਂ ਆਖਿਆ ਕਿ ਅਗਲੇ ਆਦੇਸ਼ਾਂ ਤਕ ਫਿਲਹਾਲ ਕੋਈ ਵੱਡਾ ਧਾਰਮਿਕ ਸਮਾਗਮ ਨਾ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਕਾਬੁਲ ਦੇ ਗੁਰਦੁਆਰੇ ਵਿਚ ਸਿੱਖਾਂ ਦੇ ਕਤਲੇਆਮ ਨਾਲ ਮਨੁੱਖਤਾ ਸ਼ਰਮਸਾਰ ਹੋਈ ਹੈ। ਉਨ੍ਹਾਂ ਵਿਸ਼ਵ ਭਰ ਦੀਆਂ ਸਿੱਖ ਸੰਸਥਾਵਾਂ ਨੂੰ ਆਦੇਸ਼ ਕੀਤਾ ਕਿ ਅਫਗਾਨਿਸਤਾਨ ਵਿਚ ਰਹਿ ਰਹੇ ਸਿੱਖ ਪਰਿਵਾਰਾਂ ਦੀ ਹਰ ਤਰ੍ਹਾਂ ਲੋੜੀਂਦੀ ਮਦਦ ਕੀਤੀ ਜਾਵੇ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਕਿਹਾ ਕਿ ਉਹ ਸਿੱਖ ਚਿੰਤਕਾਂ ਅਤੇ ਸਿੱਖ ਸੰਸਥਾਵਾਂ ਦੀ ਰਾਏ ਲੈ ਕੇ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਠੋਸ ਨੀਤੀ ਤਿਆਰ ਕਰੇ, ਜਿਸ ਦੀ ਰਿਪੋਰਟ ਅਕਾਲ ਤਖਤ ਨੂੰ ਦਿੱਤੀ ਜਾਵੇ।

ਮੀਟਿੰਗ ਦੌਰਾਨ ਪਦਮਸ੍ਰੀ ਭਾਈ ਨਿਰਮਲ ਸਿੰਘ ਦੇ ਅਕਾਲ ਚਲਾਣੇ ਉਤੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਗਈ। ਪੰਜ ਸਿੰਘ ਸਾਹਿਬਾਨ ਨੇ ਕਰੋਨਾ ਪੀੜਤ ਵਿਅਕਤੀਆਂ ਪ੍ਰਤੀ ਲੋਕਾਂ ਨੂੰ ਸਨਮਾਨਜਨਕ ਵਤੀਰਾ ਅਖਤਿਆਰ ਕਰਨ ਲਈ ਕਿਹਾ। ਉਨ੍ਹਾਂ ਕੇਂਦਰ ਸਰਕਾਰ ਅਤੇ ਪ੍ਰਸ਼ਾਸਨ ਨੂੰ ਵੀ ਪੀੜਤਾਂ ਦਾ ਵਿਸ਼ੇਸ਼ ਧਿਆਨ ਰੱਖਣ ਲਈ ਕਿਹਾ ਹੈ। ਕਰੋਨਾ ਮਹਾਮਾਰੀ ਤੋਂ ਸਮੁੱਚੀ ਮਨੁੱਖਤਾ ਦੇ ਬਚਾਅ ਲਈ ਅਰਦਾਸ ਕੀਤੀ।

## ਨਿਹੰਗ ਸਿੰਘ ਆਪੋ-ਆਪਣੀਆਂ ਛਾਉਣੀਆਂ 'ਚ ਮਨਾਉਣਗੇ ਵਿਸਾਖੀ

**ਅੰਮ੍ਰਿਤਸਰ:** ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਸਮੂਹ ਨਿਹੰਗ ਦਲਾਂ ਨੇ ਵਿਸਾਖੀ ਦਾ ਦਿਹਾੜਾ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ ਦੀ ਬਜਾਏ ਆਪੋ-ਆਪਣੀਆਂ ਮੁੱਖ ਛਾਉਣੀਆਂ ਵਿਚ ਸਾਦੇ ਰੂਪ ਵਿਚ ਮਨਾਉਣ ਦਾ ਫੈਸਲਾ ਲਿਆ ਹੈ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਬਾਬਾ ਬਿਧੀ ਚੰਦ ਤਰਨਾ ਦਲ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਬਾਬਾ ਦੀਪ ਸਿੰਘ ਮਿਸਲ ਬਾਬਾ ਬਕਾਲਾ ਦੇ ਮੁਖੀ ਬਾਬਾ ਗੱਜਣ ਸਿੰਘ ਅਤੇ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਨੇ ਸਾਂਝਾ ਗੁਰਮਤਾ ਕੀਤਾ ਹੈ ਕਿ ਕਰੋਨਾ ਕਾਰਨ ਵਿਸਾਖੀ ਦਿਹਾੜੇ ਨੂੰ ਨਿਹੰਗ ਦਲ ਆਪੋ-ਆਪਣੇ ਹੈੱਡਕੁਆਰਟਰਾਂ ਉਤੇ ਸਾਦੇ ਢੰਗ ਨਾਲ ਮਨਾਉਣ ਅਤੇ ਇਕੱਠ ਨਾ ਕੀਤਾ ਜਾਵੇ।

# ਪ੍ਰੋ. ਭੁੱਲਰ ਨੂੰ ਛੇ ਹਫਤਿਆਂ ਦੀ ਪੈਰੋਲ 'ਤੇ ਘਰ ਭੇਜਿਆ

**ਅੰਮ੍ਰਿਤਸਰ:** ਕਰੋਨਾ ਵਾਇਰਸ ਕਾਰਨ ਜੇਲ੍ਹਾਂ ਵਿਚੋਂ ਕੈਦੀਆਂ ਨੂੰ ਪੈਰੋਲ ਉਤੇ ਰਿਹਾਅ ਕੀਤੇ ਜਾਣ ਦੇ ਫੈਸਲੇ ਤਹਿਤ ਇਥੋਂ ਦੀ ਕੇਂਦਰੀ ਜੇਲ੍ਹ ਵਿਚ ਬੰਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਵੀ ਛੇ ਹਫਤਿਆਂ ਦੀ ਪੈਰੋਲ ਉਤੇ ਘਰ ਭੇਜ ਦਿੱਤਾ ਗਿਆ ਹੈ। ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਚੋਂ ਹੁਣ ਤੱਕ 529 ਕੈਦੀ ਪੈਰੋਲ ਉਤੇ ਘਰ ਭੇਜੇ ਜਾ ਚੁੱਕੇ ਹਨ।

ਪ੍ਰੋ. ਭੁੱਲਰ ਇਸ ਵੇਲੇ ਇਥੇ ਕੇਂਦਰੀ ਜੇਲ੍ਹ ਵਿਚ ਬੰਦ ਹੈ ਅਤੇ ਸਰਕਾਰੀ ਮੈਡੀਕਲ ਕਾਲਜ ਦੀ ਮਨੋਵਿਗਿਆਨ ਵਾਰਡ ਵਿਚ ਇਲਾਜ ਚੱਲ ਰਿਹਾ ਹੈ। ਉਸ ਨੂੰ 2001 ਵਿਚ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਟਾਡਾ ਅਦਾਲਤ ਵੱਲੋਂ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੂੰ ਬਾਅਦ ਵਿਚ 2014 ਵਿਚ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਉਪਰੰਤ ਉਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਤਬਦੀਲ ਕਰ ਕੇ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਭੇਜ ਦਿੱਤਾ ਗਿਆ ਸੀ ਜਿਥੇ ਉਸ ਦਾ ਇਲਾਜ ਚੱਲ ਰਿਹਾ ਹੈ। ਇਥੇ ਦੱਸਣਯੋਗ ਹੈ ਕਿ ਪ੍ਰੋ. ਭੁੱਲਰ ਉਨ੍ਹਾਂ ਅੱਠ ਸਿੱਖ ਕੈਦੀਆਂ ਦੀ ਸੂਚੀ ਵਿਚ ਸ਼ਾਮਲ ਸੀ, ਜਿਨ੍ਹਾਂ ਨੂੰ ਗੁਰੂ ਨਾਨਕ



ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਮਨੁੱਖੀ ਹਮਦਰਦੀ ਵਜੋਂ ਰਿਹਾਅ ਕਰਨ ਲਈ ਆਖਿਆ ਗਿਆ ਸੀ।

ਕੇਂਦਰੀ ਜੇਲ੍ਹ ਦੇ ਸੁਪਰਡੈਂਟ ਅਰਸ਼ਦੀਪ ਸਿੰਘ ਗਿੱਲ ਨੇ ਪੈਰੋਲ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪ੍ਰੋ. ਭੁੱਲਰ ਤੋਂ ਇਲਾਵਾ 59 ਹੋਰ ਕੈਦੀਆਂ ਨੂੰ ਛੇ ਹਫਤੇ ਦੀ ਪੈਰੋਲ ਛੁੱਟੀ ਉਤੇ ਭੇਜਿਆ ਗਿਆ ਹੈ। ਹੁਣ ਤੱਕ ਜੇਲ੍ਹ ਵਿਚੋਂ 529 ਕੈਦੀ ਪੈਰੋਲ ਛੁੱਟੀ ਦੇ ਕੇ ਘਰਾਂ ਨੂੰ ਭੇਜੇ ਗਏ ਹਨ।

ਪ੍ਰੋ. ਭੁੱਲਰ ਨੂੰ ਇਸ ਪੈਰੋਲ ਦੌਰਾਨ ਰਣਜੀਤ ਐਵੇਨਿਊ ਸਥਿਤ ਆਪਣੇ ਘਰ 'ਚ ਹੀ ਰਹਿਣ ਦੀ ਹਦਾਇਤ ਕੀਤੀ ਗਈ ਹੈ। ਇਸ ਦੌਰਾਨ ਉਸ ਨੂੰ ਕਿਸੇ ਹੋਰ ਥਾਂ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਅੰਮ੍ਰਿਤਸਰ ਤੋਂ ਬਾਹਰ ਜਾਣ ਵਾਸਤੇ ਉਸ ਨੂੰ ਅਗਾਊਂ ਪ੍ਰਵਾਨਗੀ ਲੈਣੀ ਹੋਵੇਗੀ। ਇਥੇ ਦੱਸਣਯੋਗ ਹੈ ਕਿ ਜੇਲ੍ਹ ਵਿਭਾਗ ਵੱਲੋਂ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਵਾਸਤੇ ਜੇਲ੍ਹਾਂ ਵਿਚੋਂ ਵਧੇਰੇ ਕੈਦੀਆਂ ਨੂੰ ਪੈਰੋਲ ਉਤੇ ਘਰ ਭੇਜ ਕੇ ਜੇਲ੍ਹਾਂ ਵਿਚ ਕੈਦੀਆਂ ਦੀ ਗਿਣਤੀ ਘਟਾਈ ਜਾ ਰਹੀ ਹੈ।

## ਸ਼੍ਰੋਮਣੀ ਕਮੇਟੀ ਨੇ 300 ਬੈੱਡ ਤੇ 10 ਵੈਂਟੀਲੇਟਰ ਰਾਖਵੇਂ ਰੱਖੇ

**ਅੰਮ੍ਰਿਤਸਰ:** ਕਰੋਨਾ ਮਹਾਮਾਰੀ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਸਿਹਤ ਸੇਵਾਵਾਂ ਲਈ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਪ੍ਰਬੰਧ ਕੀਤਾ ਹੈ। ਸੰਸਥਾ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਇਸ ਹਸਪਤਾਲ ਵਿਚ 300 ਬੈੱਡ ਤੇ 10 ਵੈਂਟੀਲੇਟਰ ਰਾਖਵੇਂ ਰੱਖੇ ਗਏ ਹਨ। ਇਸ ਦੇ ਨਾਲ ਹੀ ਸਰਾਵਾਂ ਵਿਚ ਵੀ ਇਕਾਂਤਵਾਸ ਦਾ ਪ੍ਰਬੰਧ ਕੀਤਾ ਗਿਆ ਹੈ।

ਲੋੜਵੰਦਾਂ ਨੂੰ ਜ਼ੋਨ ਪੱਧਰ ਉਤੇ ਲੰਗਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਮਾਝਾ, ਮਾਲਵਾ ਤੇ ਦੋਆਬਾ ਜ਼ੋਨਾਂ ਵਿਚ ਪੈਂਦੇ ਇਤਿਹਾਸਕ ਗੁਰਦੁਆਰਿਆਂ ਤੋਂ ਰੋਜ਼ਾਨਾ ਵੱਡੀ ਗਿਣਤੀ ਵਿਚ ਲੋੜ ਲੰਗਰ ਛਕ ਰਹੇ ਹਨ। ਮਾਝਾ ਜ਼ੋਨ ਦੀ ਦੇਖ ਰੇਖ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਇਸ ਜ਼ੋਨ ਵਿਚ ਕੁੱਲ 27 ਗੁਰਦੁਆਰੇ ਹਨ, ਜਿਥੋਂ ਲੰਗਰ ਵਰਤਾਉਣ ਲਈ ਸ਼੍ਰੋਮਣੀ ਕਮੇਟੀ ਦੇ ਸੇਵਾਦਾਰ ਖੁਦ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਤੱਕ ਪੁੱਜ ਰਹੇ ਹਨ। ਉਨ੍ਹਾਂ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ 9 ਕੇਂਦਰਾਂ ਤੱਕ ਲੰਗਰ ਭੇਜਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਤੋਂ ਵੀ ਵੱਡੀ ਗਿਣਤੀ ਵਿਚ ਲੰਗਰ ਸੇਵਾ ਦਿੱਤੀ ਜਾ ਰਹੀ ਹੈ।

ਇਕੱਲੇ ਅੰਮ੍ਰਿਤਸਰ ਤੋਂ ਹੀ ਚਾਲੀ ਹਜ਼ਾਰ ਤੋਂ ਵੱਧ ਲੋੜਵੰਦਾਂ ਤੱਕ ਲੰਗਰ ਪਹੁੰਚ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਾਝਾ ਜ਼ੋਨ ਦੇ 27 ਗੁਰਦੁਆਰੇ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ, ਜਲੰਧਰ ਤੇ ਕਪੂਰਥਲਾ ਜ਼ਿਲ੍ਹੇ ਨਾਲ ਸਬੰਧਤ ਹਨ। ਮਾਝਾ ਖੇਤਰ ਦੇ ਬਿਲਕੁਲ ਨਾਲ ਲੱਗਦੇ ਹੋਣ ਕਾਰਨ ਜਲੰਧਰ ਦੇ ਗੁਰਦੁਆਰਾ ਥੰਮ ਜੀ ਸਾਹਿਬ ਕਰਤਾਰਪੁਰ ਤੇ ਕਪੂਰਥਲਾ ਦੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਨੂੰ ਜੋੜਿਆ ਗਿਆ ਹੈ।

# ਕਰੋਨਾ ਵਾਇਰਸ ਦੀ ਜੰਗ 'ਚ ਅਗਲੇ ਕੁਝ ਹਫਤੇ ਅਹਿਮ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰੋਨਾ ਵਾਇਰਸ ਦੀ ਜੰਗ 'ਚ ਅਗਲੇ ਕੁਝ ਹਫਤੇ ਅਹਿਮ ਰਹਿਣ ਦਾ ਦਾਅਵਾ ਕਰਦਿਆਂ ਸਾਰਿਆਂ ਨੂੰ ਧਿਆਨ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਜਾਂਚ, ਪੀੜਤਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਇਕਾਂਤਵਾਸ 'ਚ ਰੱਖਣ ਉਤੇ ਕੇਂਦਰਤ ਕਰਨ ਲਈ ਕਿਹਾ।

ਮੁੱਖ ਮੰਤਰੀਆਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੋਵਿਡ-19 ਦੇ ਮਰੀਜ਼ਾਂ ਲਈ ਵੱਖਰੇ ਅਤੇ ਸਮਰਪਿਤ ਹਸਪਤਾਲ ਤਿਆਰ ਕੀਤੇ ਜਾਣ ਦੀ ਲੋੜ ਹੈ। ਕਰੋਨਾ ਵਾਇਰਸ ਖਿਲਾਫ ਜੰਗ 'ਚ ਸਾਂਝੇ ਯਤਨਾਂ ਦੀ ਲੋੜ ਨੂੰ ਦਰਸਾਉਂਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰ ਉਤੇ ਇਸ ਮਕਸਦ ਲਈ ਆਫਤ ਪ੍ਰਬੰਧਨ ਗਰੁੱਪ ਬਣਾਇਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਜ਼ਿਲ੍ਹਾ ਨਿਗਰਾਨੀ ਅਧਿਕਾਰੀਆਂ ਨੂੰ ਨਿਯੁਕਤ ਕਰਨ ਦੀ ਵੀ ਲੋੜ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪੂਰੇ ਮੁਲਕ ਦਾ ਸਾਂਝਾ ਨਿਸ਼ਾਨਾ ਜ਼ਿੰਦਗੀਆਂ ਦਾ ਘੱਟ ਤੋਂ ਘੱਟ ਨੁਕਸਾਨ ਯਕੀਨੀ ਬਣਾਉਣਾ ਹੈ।

ਉਨ੍ਹਾਂ ਮੁੱਖ ਮੰਤਰੀਆਂ ਨੂੰ ਕਿਹਾ ਕਿ ਕਰੋਨਾ ਸਬੰਧੀ ਅੰਕੜੇ ਮਾਨਤਾ ਪ੍ਰਾਪਤ ਲੈਬੋਰੇਟਰੀਆਂ ਤੋਂ ਹੀ ਲਏ ਜਾਣੇ ਚਾਹੀਦੇ ਹਨ। ਇਸ ਨਾਲ ਜ਼ਿਲ੍ਹੇ, ਸੂਬੇ ਅਤੇ ਕੇਂਦਰੀ ਪੱਧਰ ਉਤੇ ਅੰਕੜਿਆਂ 'ਚ ਸਮਾਨਤਾ ਆਵੇਗੀ। ਸ੍ਰੀ ਮੋਦੀ ਨੇ ਕਿਹਾ ਕਿ ਇਹ ਸਲਾਹੁਣਯੋਗ ਗੱਲ ਹੈ ਕਿ ਸਾਰੇ ਸੂਬਿਆਂ ਨੇ ਮਿਲ ਕੇ ਅਤੇ ਇਕ ਟੀਮ ਦੇ ਰੂਪ 'ਚ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਕੰਮ ਕੀਤਾ।



ਪ੍ਰਧਾਨ ਮੰਤਰੀ ਦਫਤਰ ਵੱਲੋਂ ਜਾਰੀ ਬਿਆਨ ਮੁਤਾਬਕ ਮੁੱਖ ਮੰਤਰੀਆਂ ਨੇ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਨੂੰ ਆਪਣੇ ਆਪਣੇ ਸੂਬਿਆਂ 'ਚ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਸੰਕਟ ਵੇਲੇ ਉਨ੍ਹਾਂ (ਪ੍ਰਧਾਨ ਮੰਤਰੀ) ਦੀ ਅਗਵਾਈ ਦੀ ਸ਼ਲਾਘਾ ਕੀਤੀ। ਮੁੱਖ ਮੰਤਰੀਆਂ ਨੇ ਨਿਜ਼ਾਮੂਦੀਨ ਮਰਕਜ਼ ਦੇ ਸਾਹਮਣੇ ਆਏ ਮਾਮਲਿਆਂ ਨੂੰ ਫੈਲਣ ਤੋਂ ਰੋਕਣ ਲਈ ਉਠਾਏ ਗਏ ਕਦਮਾਂ ਦੀ ਵੀ ਜਾਣਕਾਰੀ ਦਿੱਤੀ। ਸ੍ਰੀ ਮੋਦੀ ਨੇ ਸਾਰੇ ਸੂਬਿਆਂ ਨੂੰ ਕਿਸਾਨਾਂ ਤੋਂ ਅਨਾਜ ਦੀ ਖਰੀਦ ਲਈ ਖੇਤੀ ਉਤਪਾਦ ਮੰਡੀਕਰਨ ਕਮੇਟੀ (ਏ.ਪੀ.ਐਮ.ਸੀ.) ਤੋਂ ਇਲਾਵਾ ਦੂਜੇ ਪ੍ਰਬੰਧਾਂ ਬਾਰੇ ਵੀ ਵਿਚਾਰ ਕਰਨ ਲਈ ਕਿਹਾ।

ਉਨ੍ਹਾਂ ਲੋੜੀਂਦੇ ਮੈਡੀਕਲ ਸਾਮਾਨਾਂ ਦੀ ਸਪਲਾਈ ਬਣਾਈ ਰੱਖਣ, ਦਵਾਈ ਦੇ ਉਤਪਾਦਨ ਲਈ ਕੱਚੇ ਮਾਲ ਅਤੇ ਮੈਡੀਕਲ ਉਪਕਰਨਾਂ ਦੀ ਉਪਲੱਬਧਤਾ ਯਕੀਨੀ ਬਣਾਉਣ ਦੀ ਲੋੜ ਉਤੇ ਵੀ ਜ਼ੋਰ ਦਿੱਤਾ। ਸ੍ਰੀ ਮੋਦੀ ਨੇ ਕਿਹਾ ਕਿ ਮੁਲਕ 'ਚ ਸ਼ਾਂਤੀ ਅਤੇ ਕਾਨੂੰਨ ਦਾ ਸ਼ਾਸਨ ਬਣਾਏ ਰੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਨੇ ਸਾਡੇ ਧਰਮ ਅਤੇ ਵਿਸ਼ਵਾਸ ਉਤੇ ਹਮਲਾ ਕੀਤਾ ਹੈ ਅਤੇ ਇਹ ਸਾਡੇ ਜਿਉਣ ਦੇ ਢੰਗ ਲਈ ਖਤਰਾ ਹੈ।

ਉਨ੍ਹਾਂ ਡਾਕਟਰਾਂ ਦੀ ਕਮੀ ਦੂਰ ਕਰਨ ਲਈ ਸੂਬਿਆਂ ਨੂੰ ਆਯੂਸ਼ ਡਾਕਟਰਾਂ ਦੀ ਸਹਾਇਤਾ ਦੇ ਨਾਲ ਨਾਲ ਪੈਰਾ-ਮੈਡੀਕਲ ਅਮਲੇ ਨੂੰ ਆਨਲਾਈਨ ਸਿਖਲਾਈ ਦੇਣ ਅਤੇ ਐਨ.ਐਨ.ਸੀ. ਤੇ ਐਨ.ਐਸ.ਐਸ. ਦੇ ਵਾਲੰਟੀਅਰਾਂ ਦਾ ਸਹਿਯੋਗ ਲੈਣ ਲਈ ਕਿਹਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਬੈਂਕਾਂ 'ਚ ਭੀੜ ਨਾ ਹੋਵੇ, ਇਸ ਲਈ ਪੀ.ਐਮ. ਗਰੀਬ ਕਲਿਆਣ ਯੋਜਨਾ ਤਹਿਤ ਲਾਭਪਾਤਰੀਆਂ ਲਈ ਵੱਖ ਵੱਖ ਸਮੇਂ ਉਤੇ ਫੰਡ ਦਿੱਤੇ ਜਾਣਗੇ।

# ਆਸਟਰੇਲੀਆ 'ਚ ਲੋੜਵੰਦਾਂ ਨੂੰ ਲੰਗਰ ਮੁਹੱਈਆ ਕਰਵਾ ਰਹੇ ਨੇ ਸਿੱਖ

**ਮੈਲਬਰਨ:** ਆਸਟਰੇਲੀਆ ਵਿਚ ਕਰੋਨਾ ਵਾਇਰਸ ਫੈਲਣ ਮਗਰੋਂ ਸਿੱਖ ਭਾਈਚਾਰੇ ਵੱਲੋਂ ਲੋਕਾਂ ਦੀ ਰੋਜ਼ਾਨਾ ਸਹਾਇਤਾ ਕੀਤੀ ਜਾ ਰਹੀ ਹੈ। ਘਰਾਂ ਅੰਦਰ ਬੰਦ ਲੋਕਾਂ ਨੂੰ ਸਿੱਖਾਂ ਵੱਲੋਂ ਮੁਫਤ ਭੋਜਨ ਅਤੇ ਸੁੱਕੀ ਰਸਦ ਪਹੁੰਚਾਈ ਜਾ ਰਹੀ ਹੈ। ਸਿੱਖ ਵਾਲੰਟੀਅਰਜ਼ ਆਸਟਰੇਲੀਆ (ਐਸਵੀਏ) ਨੇ ਆਪਣੀ ਫੇਸਬੁੱਕ ਪੋਸਟ ਉਤੇ ਵਿਕਟੋਰੀਆ ਦੇ ਪਰਿਵਾਰਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਮੁਫਤ ਭੋਜਨ ਲਈ ਉਨ੍ਹਾਂ ਦੇ ਗਰੁੱਪ ਨਾਲ ਸੰਪਰਕ ਕਰ ਸਕਦੇ ਹਨ।

ਜਥੇਬੰਦੀ ਵੱਲੋਂ 12 ਤੋਂ ਵੱਧ ਵੈਨਾਂ ਅਤੇ 20 ਵਾਲੰਟੀਅਰਾਂ ਰਾਹੀਂ ਖਾਣੇ ਵਿਚ ਪਾਸਤਾ, ਸੂਪ, ਚੌਲ ਅਤੇ ਸਬਜ਼ੀ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਵੱਲੋਂ ਇਕ ਦਿਨ 'ਚ 800 ਖਾਣੇ ਵੰਡਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਐਸਵੀਏ ਦੇ ਜਾਂਦੀ ਹੈ।

ਇਕ ਹੋਰ ਜਥੇਬੰਦੀ ਯੂਨਾਈਟਿਡ ਸਿੱਖਸ ਵੀ ਲੋੜਵੰਦਾਂ ਨੂੰ ਮੁਫਤ ਭੋਜਨ ਅਤੇ ਹੋਰ ਜ਼ਰੂਰੀ ਵਸਤਾਂ ਮੁਹੱਈਆ ਕਰਾਉਣ ਲਈ ਅੱਗੇ ਆਈ ਹੈ। ਉਨ੍ਹਾਂ ਵੱਲੋਂ ਵਿਦੇਸ਼ੀ ਵਿਦਿਆਰਥੀਆਂ, ਸੀਨੀਅਰ ਸਿਟੀਜ਼ਨਜ਼, ਘੱਟ ਆਮਦਨ ਵਾਲੇ ਪਰਿਵਾਰਾਂ, ਅਪੰਗਾਂ ਅਤੇ ਇਕਾਂਤ ਵਿਚ ਰਹੇ ਲੋਕਾਂ ਨੂੰ ਦਵਾਈਆਂ ਵੀ ਦਿੱਤੀਆਂ ਜਾ ਰਹੀਆਂ ਹਨ। ਯੂਨਾਈਟਿਡ ਸਿੱਖਸ ਦੇ ਮੈਂਬਰ ਗੁਰਵਿੰਦਰ ਸਿੰਘ ਮੁਤਾਬਕ 100 ਤੋਂ 200 ਜਣਿਆਂ ਦਾ ਭੋਜਨ ਦਿਨ 'ਚ ਦੋ ਵਾਰ ਤਿਆਰ ਕਰਕੇ ਲੋਕਾਂ ਦੇ ਦਰ ਤਕ ਪਹੁੰਚਾਇਆ ਜਾਂਦਾ ਹੈ।

ਗੁਰਦੁਆਰਾ ਸਾਹਿਬ ਟਾਰਨੀਟ ਦੇ ਪ੍ਰੀਤਮ ਸਿੰਘ ਗਿੱਲ ਨੇ ਕਿਹਾ ਕਿ ਉਹ ਖੁਦ 70 ਵਿਅਕਤੀਆਂ ਦਾ ਲੰਗਰ ਰੋਜ਼ ਤਿਆਰ ਕਰਵਾ



ਮੈਂਬਰ ਮਨਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਤਿੰਨ ਸਾਲ ਪਹਿਲਾਂ ਮੈਲਬਰਨ ਦੇ ਦੱਖਣੀ ਪੂਰਬੀ ਹਿੱਸੇ ਤੋਂ ਮੁਫਤ ਭੋਜਨ ਦੀ ਸ਼ੁਰੂਆਤ ਕੀਤੀ ਸੀ। 'ਅਸੀਂ ਲੋੜਵੰਦਾਂ, ਬਜ਼ੁਰਗਾਂ, ਇਕੱਲੇ ਮਾਪਿਆਂ ਜਾਂ ਘਰਾਂ 'ਚ ਬੰਦ ਲੋਕਾਂ ਨੂੰ ਫੂਡ ਪੈਕ ਭੇਜ ਰਹੇ ਹਾਂ।' ਮਨਪ੍ਰੀਤ ਸਿੰਘ ਨੇ ਕਿਹਾ ਕਿ ਹੁਣ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਲਈ ਵੀ ਸੇਵਾ ਸ਼ੁਰੂ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਕਰੋਨਾ ਵਾਇਰਸ ਮਹਾਮਾਰੀ ਫੈਲਣ ਕਰਦੇ ਭੋਜਨ ਤਿਆਰ ਕਰਨ, ਪੈਕ ਅਤੇ ਵੈਨਾਂ ਵਿਚ ਰੱਖਣ ਸਮੇਂ ਪੂਰੀ ਇਹਤਿਆਤ ਵਰਤੀ

ਰਹੇ ਹਨ ਜਦਕਿ 30 ਤੋਂ 40 ਵਿਅਕਤੀਆਂ ਦੇ ਲੰਗਰ ਦਾ ਪ੍ਰਬੰਧ ਗੁਰਦੁਆਰੇ 'ਚੋਂ ਹੀ ਕੀਤਾ ਜਾਂਦਾ ਹੈ ਤਾਂ ਜੋ ਇਲਾਕੇ ਵਿਚ ਰਹਿੰਦੇ ਵਿਦੇਸ਼ੀ ਵਿਦਿਆਰਥੀ ਭੁੱਖੇ ਨਾ ਰਹਿ ਸਕਣ। ਸਿੱਖਾਂ ਵੱਲੋਂ ਕੀਤੇ ਜਾ ਰਹੇ ਉਪਰਾਲੇ ਲਈ ਵਿਕਟੋਰੀਆ ਦੇ ਪ੍ਰੀਮੀਅਰ ਡੇਨੀਅਲ ਐਂਡਰਿਊਜ਼ ਨੇ ਉਨ੍ਹਾਂ ਲਈ ਧੰਨਵਾਦ ਕਰਦਿਆਂ ਕਿਹਾ ਕਿ ਸਿੱਖ ਵਾਲੰਟੀਅਰਜ਼ ਆਸਟਰੇਲੀਆ ਨੇ ਜੰਗਲ 'ਚ ਲੱਗੀ ਅੱਗ ਦੌਰਾਨ ਵੀ ਵਿਕਟੋਰੀਆ ਦੇ ਅਣਗਿਣਤ ਲੋਕਾਂ ਨੂੰ ਲੰਗਰ ਛਕਾਇਆ ਸੀ।

# ਮੰਡੀਆਂ ਤੇ ਖਰੀਦ ਕੇਂਦਰਾਂ ਦੀ ਗਿਣਤੀ ਵਧਾਏਗੀ ਸਰਕਾਰ

**ਚੰਡੀਗੜ੍ਹ:** ਕਰੋਨਾ ਵਾਇਰਸ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਕਣਕ ਦੇ ਖਰੀਦ ਸੀਜ਼ਨ ਵਿਚ ਕਿਸਾਨਾਂ ਲਈ ਨਿਸ਼ਚਿਤ ਫਾਸਲਾ ਬਣਾਈ ਰੱਖਣਾ ਯਕੀਨੀ ਬਣਾਉਣ ਵਾਸਤੇ ਪਿਛਲੇ ਖਰੀਦ ਸੀਜ਼ਨ ਦੇ ਮੁਕਾਬਲੇ ਤਿੰਨ ਹਜ਼ਾਰ ਤੋਂ ਵੱਧ ਹੋਰ ਮੰਡੀਆਂ ਤੇ ਖਰੀਦ ਕੇਂਦਰ ਬਣਾਉਣ ਦਾ ਫੈਸਲਾ ਲਿਆ ਹੈ। ਪਿਛਲੀ ਵਾਰ ਸੂਬੇ ਵਿਚ 1820 ਮੰਡੀਆਂ ਤੇ ਖਰੀਦ ਕੇਂਦਰ ਸਨ। ਕੈਪਟਨ ਸਰਕਾਰ ਨੇ ਇਕ ਦਿਨ ਪਹਿਲਾਂ ਹੋਈ ਵਜ਼ਾਰਤ ਦੀ ਮੀਟਿੰਗ ਵਿਚ ਵੀ ਇਸ ਮੁੱਦੇ ਉਤੇ ਵਿਚਾਰ ਕੀਤੀ ਸੀ। ਮੀਟਿੰਗ ਦੇ ਫੈਸਲੇ ਅਨੁਸਾਰ ਸਰਕਾਰ ਨੇ ਮੰਡੀਆਂ ਤੇ ਖਰੀਦ ਕੇਂਦਰਾਂ ਦੀ ਗਿਣਤੀ ਵਧਾਉਣ ਦਾ ਫੈਸਲਾ ਲਿਆ ਹੈ।

ਇਸ ਤੋਂ ਇਲਾਵਾ ਕਣਕ ਦੀ ਖਰੀਦ ਲਈ ਨਵਾਂ ਤਰੀਕਾ ਅਪਣਾਉਣ ਦਾ ਫੈਸਲਾ ਲਿਆ ਗਿਆ ਹੈ। ਪੰਜਾਬ ਮੰਡੀ ਬੋਰਡ ਵੱਲੋਂ ਕਿਸਾਨਾਂ ਨੂੰ ਕਣਕ ਦੀ ਖਰੀਦ ਲਈ ਟੋਕਨ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ ਤੇ ਜਿਸ ਕਿਸਾਨ ਕੋਲ ਟੋਕਨ ਹੋਵੇਗਾ, ਉਸ ਦੀ ਜਿਣਸ ਹੀ ਖਰੀਦੀ ਜਾਵੇਗੀ। ਇਸ ਲਈ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਲਈ ਟੋਕਨ ਲੈਣਾ ਜ਼ਰੂਰੀ ਹੈ।

ਇਸ ਸਬੰਧੀ ਸੂਬੇ ਦੇ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਕਿਹਾ ਕਿ ਕਣਕ ਦੀ ਖਰੀਦ ਲਈ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ ਤੇ ਕਣਕ ਦੀ ਖਰੀਦ ਲਈ ਪੰਜਾਬ ਮੰਡੀ ਬੋਰਡ ਕਿਸਾਨਾਂ ਨੂੰ ਟੋਕਨ ਜਾਰੀ ਕਰੇਗਾ ਤੇ ਉਸੇ ਕਿਸਾਨ ਦੀ ਜਿਣਸ ਖਰੀਦੀ ਜਾਵੇਗੀ, ਜਿਸ ਕੋਲ ਟੋਕਨ ਹੋਵੇਗਾ। ਮੰਡੀਆਂ ਦੀ ਗਿਣਤੀ ਵੀ ਦੁੱਗਣੀ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੂੰ ਤਜਵੀਜ਼ ਭੇਜੀ ਗਈ ਹੈ ਕਿ ਜਿਹੜੇ ਕਿਸਾਨ ਆਪਣੇ ਘਰਾਂ ਵਿਚ ਕਣਕ ਰੱਖਣ, ਉਨ੍ਹਾਂ ਨੂੰ ਬੋਨਸ ਦਿੱਤਾ ਜਾਵੇ ਪਰ ਅਜੇ ਤਕ ਕੇਂਦਰ ਸਰਕਾਰ ਨੇ ਕੋਈ ਹੁੰਗਾਰਾ ਨਹੀਂ ਭਰਿਆ ਤੇ ਪੰਜਾਬ ਸਰਕਾਰ ਵੱਲੋਂ ਕੇਂਦਰ ਦੇ ਜੁਆਬ ਦੀ ਉਡੀਕ ਕੀਤੀ ਜਾ ਰਹੀ ਹੈ। ਜੁਆਬ ਆਉਣ ਮਗਰੋਂ ਹੀ ਪਤਾ ਲੱਗੇਗਾ ਕਿ ਕੇਂਦਰ ਸਰਕਾਰ, ਪੰਜਾਬ ਤੇ ਹਰਿਆਣਾ ਸਰਕਾਰਾਂ ਦੀ ਬੋਨਸ ਦੇਣ ਦੀ ਤਜਵੀਜ਼ ਨੂੰ ਹੁੰਗਾਰਾ ਭਰਦੀ ਹੈ ਜਾਂ ਨਹੀਂ।

ਹਰਿਆਣਾ ਸਰਕਾਰ ਨੇ ਕਣਕ ਦੀ ਖਰੀਦ ਲਈ ਸੂਬੇ ਦੇ ਕਿਸਾਨਾਂ ਦੀ ਰਜਿਸਟ੍ਰੇਸ਼ਨ ਕਰਨ ਦੀਆਂ ਤਿਆਰੀਆਂ ਕਰ ਲਈਆਂ ਹਨ ਤੇ ਉਨ੍ਹਾਂ ਕਿਸਾਨਾਂ ਕੋਲੋਂ ਹੀ ਕਣਕ ਖਰੀਦੀ ਜਾਵੇਗੀ, ਜਿਹੜੇ ਰਜਿਸਟ੍ਰੇਸ਼ਨ ਕਰਵਾਉਣਗੇ। ਕਣਕ ਦੀ ਖਰੀਦ ਦੇ ਪੈਸੇ ਸਿੱਧੇ ਕਿਸਾਨਾਂ ਦੇ ਖਾਤਿਆਂ ਵਿਚ ਪਾਉਣ ਸਬੰਧੀ ਖੁਰਾਕ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਇਸ ਫੈਸਲੇ ਨੂੰ ਅੱਗੇ ਪਾ ਦਿੱਤਾ ਹੈ। ਇਸ ਲਈ ਕਿਸਾਨਾਂ ਨੂੰ ਕਣਕ ਦੀ ਅਦਾਇਗੀ ਆੜ੍ਹਤੀਆਂ ਰਾਹੀਂ ਹੀ ਹੋਵੇਗੀ। ਵਿਭਾਗ ਨੇ ਇਸ ਦੀਆਂ ਵੀ ਤਿਆਰੀਆਂ ਕਰ ਲਈਆਂ ਹਨ।

# ਅਫਗਾਨ ਹਮਲਾ: ਸੰਯੁਕਤ ਰਾਸ਼ਟਰ ਨੂੰ ਦਖਲ ਦੇਣ ਦੀ ਅਪੀਲ

**ਅੰਮ੍ਰਿਤਸਰ:** ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਸਿੱਖ ਕੁਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਏ.ਜੀ.ਪੀ.ਸੀ. (ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਅਫਗਾਨਿਸਤਾਨ ਵਿਚ ਸਿੱਖਾਂ ਉਤੇ ਕੀਤੇ ਗਏ ਹਮਲੇ ਦੇ ਮਾਮਲੇ ਵਿਚ ਸੰਯੁਕਤ ਰਾਸ਼ਟਰ ਨੂੰ ਦਖਲ ਦੇਣ ਦੀ ਅਪੀਲ ਕੀਤੀ ਹੈ।

ਸਿੱਖ ਜਥੇਬੰਦੀਆਂ ਨੇ ਅਮਰੀਕਾ ਅਤੇ ਕੈਨੇਡਾ ਦੀਆਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਅਫਗਾਨਿਸਤਾਨੀ ਸਿੱਖਾਂ ਨੂੰ ਆਪਣੇ ਮੁਲਕਾਂ ਵਿਚ ਤਰਜੀਹੀ ਆਧਾਰ ਉਤੇ ਪਨਾਹ ਦਿੱਤੀ ਜਾਵੇ। ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਤੇ ਏ.ਜੀ.ਪੀ.ਸੀ. ਦੇ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਨੂੰ ਲੈ ਕੇ 128 ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਹੰਗਾਮੀ ਟੈਲੀ ਕਾਨਫਰੰਸ ਮੀਟਿੰਗ ਕੀਤੀ ਹੈ। ਇਸ ਵਿਚ ਅਤਿਵਾਦੀ ਹਮਲੇ ਦੀ ਸਖਤ ਨਿਖੇਧੀ ਕੀਤੀ ਗਈ ਹੈ।

ਸਿੱਖ ਆਗੂਆਂ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਅਫਗਾਨਿਸਤਾਨ ਵਿਚ ਸਿੱਖਾਂ ਉਤੇ ਹੋਏ ਇਸ ਹਮਲੇ ਨੂੰ ਅੰਤਰਰਾਸ਼ਟਰੀ ਭਾਈਚਾਰੇ ਵਲੋਂ ਅਣਦੇਖਿਆਂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ 2018 ਵਿਚ ਸਿੱਖਾਂ ਦੇ ਕਾਫਲੇ ਉਤੇ ਹਮਲਾ ਕਰ ਕੇ 19 ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ। ਉਨ੍ਹਾਂ ਨੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਹੈ ਕਿ ਅਫਗਾਨਿਸਤਾਨ ਵਿਚ ਸਿੱਖ ਧਰਮ ਅਸਥਾਨਾਂ ਦੀ ਰੱਖਿਆ ਲਈ ਅਫਗਾਨ-ਅਮਰੀਕੀ ਗਠਜੋੜ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਜਾਵੇ। ਸਿੱਖ ਆਗੂਆਂ ਨੇ ਸੰਯੁਕਤ ਰਾਸ਼ਟਰ ਦੇ ਜਨੇਵਾ ਦਫਤਰ ਵਿਚ ਅੰਡਰ ਸੈਕਟਰੀ ਜਨਰਲ ਨੂੰ ਇਸ ਮਾਮਲੇ ਵਿਚ ਤੁਰਤ ਦਖਲ ਦੇਣ ਦੀ ਮੰਗ ਕੀਤੀ ਹੈ।

# ਰਛਪਾਲ ਸਿੰਘ ਫਰਵਾਲਾ ਨੂੰ ਸਦਮਾ, ਭਰਾ ਸੁਰਗਵਾਸ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸੈਕਰਾਮੈਂਟੋ ਦੀ ਰੂਹੇ-ਰਵਾਂ ਰਛਪਾਲ ਸਿੰਘ ਫਰਵਾਲਾ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਛੋਟੇ ਭਰਾ ਸੁਰਿੰਦਰ ਸਿੰਘ ਸੰਘੇੜਾ (58) ਲੰਘੀ ਪਹਿਲੀ ਅਪਰੈਲ ਨੂੰ ਨਿਊਜ਼ੀਲੈਂਡ 'ਚ ਆਪਣੇ ਗ੍ਰਹਿ ਵਿਖੇ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਸੁਪਤਨੀ ਦਲਜੀਤ ਕੌਰ ਸੰਘੇੜਾ, ਸਪੁੱਤਰ ਪ੍ਰਿੰਸ ਸੰਘੇੜਾ ਅਤੇ ਸਪੁੱਤਰੀ ਨਵਰੀਨ ਸੰਘੇੜਾ ਛੱਡ ਗਏ ਹਨ। ਫਰਵਾਲਾ ਪਰਿਵਾਰ ਲਈ ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਸਵਰਗੀ ਸੁਰਿੰਦਰ ਸਿੰਘ ਸੰਘੇੜਾ ਵਾਹਿਗੁਰੂ ਦੀ ਰਜ਼ਾ 'ਚ ਰਹਿਣ ਵਾਲੇ ਇਕ ਨੇਕ ਦਿਲ ਇਨਸਾਨ ਸਨ। ਉਹ ਗੀਤ-ਸੰਗੀਤ ਦੇ ਗਿਆਤਾ, ਸਕੂਲ-ਕਾਲਜ ਦੇ ਦਿਨਾਂ ਤੋਂ ਆਪਣੇ ਯਾਰਾਂ-ਦੋਸਤਾਂ ਦੇ ਚਹੇਤੇ, ਇਕ ਚੰਗਾ ਪਤੀ, ਪਿਤਾ, ਭਰਾ ਅਤੇ ਸਮਾਜਕ ਪ੍ਰਾਣੀ ਸਨ।



ਸੁਰਿੰਦਰ ਸਿੰਘ ਸੰਘੇੜਾ

ਉਹ ਆਪਣੇ ਜ਼ਿੰਦਗੀ ਦੇ ਆਖਰੀ ਦਿਨਾਂ 'ਚ ਕਰੀਬ 6 ਮਹੀਨੇ ਨਾਮੁਰਾਦ ਬਿਮਾਰੀ ਕੈਂਸਰ ਨਾਲ ਜੂਝਦੇ ਅਕਾਲ ਪੁਰਖ ਵੱਲੋਂ ਬਖਸ਼ੇ ਸਵਾਸ ਭੋਗ ਕੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ।

ਸਵਰਗੀ ਸੰਘੇੜਾ ਨੇ ਆਪਣੇ ਕੁਝ ਗੀਤ ਰਿਕਾਰਡ ਵੀ ਕਰਵਾਏ। ਕਰੀਬ ਸਾਢੇ ਤਿੰਨ ਸਾਲ ਪਹਿਲਾਂ ਉਹ ਆਪਣੀ ਵੱਡੀ ਭੈਣ ਦੇ ਅਕਾਲ ਚਲਾਣੇ 'ਤੇ ਸੈਕਰਾਮੈਂਟੋ ਆਏ ਸਨ। ਉਨ੍ਹਾਂ ਆਪਣੀ ਜ਼ਿੰਦਗੀ ਦਾ ਅੱਧ ਤੋਂ ਵੱਧ ਸਮਾਂ ਨਿਊਜ਼ੀਲੈਂਡ 'ਚ ਹੀ ਗੁਜ਼ਾਰਿਆ। ਬੇਸ਼ੱਕ ਉਹ ਆਪਣੀ ਮਾਤ ਭੂਮੀ ਤੋਂ ਦੂਰ ਸਨ, ਫਿਰ ਵੀ ਆਪਣੀ ਮਾਂ-ਬੋਲੀ, ਆਪਣੇ ਸਭਿਆਚਾਰ ਤੇ ਧਾਰਮਿਕ ਵਿਰਸੇ ਨਾਲ ਜੁੜੇ ਰਹਿਣਾ, ਉਨ੍ਹਾਂ ਨੇ ਆਪਣੇ ਵੱਡੇ ਭਰਾ ਰਛਪਾਲ ਸਿੰਘ ਫਰਵਾਲਾ ਤੋਂ ਸਿੱਖਿਆ। ਜ਼ਿਕਰਯੋਗ ਹੈ ਕਿ ਸ. ਫਰਵਾਲਾ ਵੀ ਆਪਣੇ ਵਕਤ ਦੇ ਇਕ ਵਧੀਆ ਗਾਇਕ ਰਹੇ ਹਨ ਅਤੇ ਹੁਣ ਵੀ ਪੀ. ਸੀ. ਐਸ. ਸੈਕਰਾਮੈਂਟੋ ਦੇ ਸਾਲਾਨਾ ਸਭਿਆਚਾਰਕ/ ਵਿਸਾਖੀ ਮੇਲੇ 'ਤੇ ਆਪਣੀ ਗਾਇਕੀ ਦੇ ਰੰਗ ਬਿਖੇਰਦੇ ਰਹਿੰਦੇ ਹਨ। ਫਰਵਾਲਾ ਪਰਿਵਾਰ ਨਾਲ ਸੰਪਰਕ ਫੋਨ: 916-880-0531 ਰਾਹੀਂ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਪਾਉਂਟਾ ਸਾਹਿਬ ਦੀ ਸਰਾਂ ਇਕਾਂਤਵਾਸ ਕੇਂਦਰ ਲਈ ਹਿਮਾਚਲ ਪ੍ਰਦੇਸ਼ ਨੂੰ ਦਿੱਤੀ

**ਅੰਮ੍ਰਿਤਸਰ:** ਕਰੋਨਾ ਵਾਇਰਸ ਦੇ ਪ੍ਰਕੋਪ ਦੌਰਾਨ ਸ਼੍ਰੋਮਣੀ ਕਮੇਟੀ ਨੇ ਹਿਮਾਚਲ ਪ੍ਰਦੇਸ਼ ਦੇ ਗੁਰਦੁਆਰਾ ਪਾਉਂਟਾ ਸਾਹਿਬ ਦੀ ਇਕ ਸਰਾਂ ਨੂੰ ਉਥੋਂ ਦੀ ਸਰਕਾਰ ਨੂੰ ਇਕਾਂਤਵਾਸ ਲਈ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਪੰਜਾਬ ਵਿਚ ਸਿੱਖ ਸੰਸਥਾ ਦੇ ਗੁਰਦੁਆਰਿਆਂ ਦੀਆਂ ਸਰਾਵਾਂ ਦੇ ਲਗਭਗ 900 ਕਮਰੇ ਪੰਜਾਬ ਸਰਕਾਰ ਨੂੰ ਦੇਣ ਦੀ ਪੇਸ਼ਕਸ਼ ਕੀਤੀ ਹੈ। ਇਸ ਦੌਰਾਨ ਕੇਂਦਰ ਸਰਕਾਰ ਨੇ ਸਿੱਖ ਸੰਸਥਾ ਵਲੋਂ ਇਸ ਸੰਕਟ ਦੀ ਘੜੀ ਵਿਚ ਲੋੜਵੰਦਾਂ ਨੂੰ ਲੰਗਰ ਮੁਹੱਈਆ ਕਰਨ ਦੀ ਕੀਤੀ ਜਾ ਰਹੀ ਸੇਵਾ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਨੂੰ ਜਨਤਕ ਵੰਡ ਪ੍ਰਣਾਲੀ ਹੇਠ ਕਣਕ ਤੇ ਚੌਲ ਘੱਟ ਰੇਟ 'ਤੇ ਦੇਣ ਦਾ ਫੈਸਲਾ ਕੀਤਾ ਹੈ ਜਿਸ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਵਾਗਤ ਕਰਦਿਆਂ ਧੰਨਵਾਦ ਕੀਤਾ ਹੈ।



ਸ੍ਰੀ ਲੌਂਗੋਵਾਲ ਜੋ ਗੁਰਦੁਆਰਾ ਪਾਉਂਟਾ ਸਾਹਿਬ ਪ੍ਰਬੰਧਕ ਕਮੇਟੀ ਦੇ ਵੀ ਪ੍ਰਧਾਨ ਹਨ, ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਹਾਲ ਹੀ ਵਿਚ ਉਸਾਰੀ ਗਈ ਅਤਿ ਆਧੁਨਿਕ ਸਰਾਂ ਗੁਰੂ ਗੋਬਿੰਦ ਸਿੰਘ ਨਿਵਾਸ ਕਰੋਨਾ ਵਾਇਰਸ ਦੀ ਬਿਮਾਰੀ ਨਾਲ ਨਜਿੱਠਣ ਲਈ ਹਿਮਾਚਲ ਸਰਕਾਰ ਦੇ ਸਪੁਰਦ ਕੀਤੀ ਗਈ ਹੈ। ਇਸ ਨਿਵਾਸ ਅੰਦਰ 32 ਕਮਰੇ ਤੇ 3 ਵੱਡੇ ਹਾਲ ਹਨ ਜੋ ਇਕਾਂਤਵਾਸ ਲਈ ਵਰਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਤੋਂ ਰੋਜ਼ਾਨਾ ਲੋੜਵੰਦਾਂ ਲਈ ਲੰਗਰ ਵੀ ਤਿਆਰ ਕਰਕੇ ਭੇਜਿਆ ਜਾ ਰਿਹਾ ਹੈ। ਉਨ੍ਹਾਂ ਨੇ ਭਾਰਤ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਸੇਵਾ ਕਾਰਜਾਂ ਨੂੰ ਵੇਖਦਿਆਂ ਪੀਡੀਐਸ ਰੇਟਾਂ ਉਤੇ ਰਾਸ਼ਨ ਮੁਹੱਈਆ ਕਰਵਾਉਣ ਨੂੰ ਪ੍ਰਵਾਨਗੀ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਧੰਨਵਾਦ ਕੀਤਾ ਹੈ। ਇਸ ਤੋਂ ਪਹਿਲਾਂ ਕੇਂਦਰ ਨੂੰ ਜਾਣਕਾਰੀ ਦਿੱਤੀ ਗਈ ਸੀ ਕਿ ਸ਼੍ਰੋਮਣੀ ਕਮੇਟੀ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚ ਕਰੋਨਾ ਦੇ ਚੱਲਦਿਆਂ ਲੋੜਵੰਦਾਂ ਤੱਕ ਲੰਗਰ ਭੇਜ ਰਹੀ ਹੈ।

# ‘ਟੋਕੀਓ ਓਲੰਪਿਕਸ-2020’ ਉਤੇ ਕਰੋਨਾ ਦੀ ਕਰੋਪੀ

ਦੁਨੀਆਂ ਭਰ ਵਿਚ ਕਰੋਨਾ ਵਾਇਰਸ ਦੀ ਭਿਆਨਕ ਬਿਮਾਰੀ ਦੇ ਫੈਲੇ ਕਰੋਪ ਕਾਰਨ ‘ਟੋਕੀਓ ਓਲੰਪਿਕਸ ਖੇਡਾਂ-2020’, ਜੋ ਇਸ ਵਰ੍ਹੇ 24 ਜੁਲਾਈ ਤੋਂ 9 ਅਗਸਤ ਤੱਕ ਹੋਣੀਆਂ ਸਨ, ਇੱਕ ਸਾਲ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਹੁਣ ਇਹ ਖੇਡਾਂ ਅਗਲੇ ਵਰ੍ਹੇ ‘ਟੋਕੀਓ ਓਲੰਪਿਕਸ-2020’ ਦੇ ਬੈਨਰ ਹੇਠ ਹੀ ਅਗਲੇ ਸਾਲ 23 ਜੁਲਾਈ ਤੋਂ 8 ਅਗਸਤ ਤੱਕ ਹੋਣਗੀਆਂ।



ਜਗਰੂਪ ਸਿੰਘ ਜਰਖੜ
ਫੋਨ: 91-98143-00722

ਓਲੰਪਿਕਸ ਖੇਡਾਂ ਦੇ 124 ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ, ਜਦੋਂ ਕਿਸੇ ਓਲੰਪਿਕਸ ਖੇਡਾਂ ਦਾ ਆਯੋਜਨ ਪੰਜ ਸਾਲ ਦੇ ਵਕਫੇ ਬਾਅਦ ਹੋਵੇਗਾ। ਹਾਲਾਂਕਿ ਇਸ ਤੋਂ ਪਹਿਲਾਂ 1916 ਵਿਚ ਬਰਲਿਨ ਵਿਖੇ ਹੋਣ ਵਾਲੀਆਂ 6ਵੀਆਂ ਓਲੰਪਿਕਸ ਖੇਡਾਂ ਪਹਿਲੇ ਵਿਸ਼ਵ ਯੁੱਧ ਕਾਰਨ ਰੱਦ ਹੋ ਗਈਆਂ ਸਨ। ਉਸ ਪਿਛੋਂ ਦੂਜੇ ਵਿਸ਼ਵ ਯੁੱਧ ਕਾਰਨ 1940 ਵਿਚ ਟੋਕੀਓ ਓਲੰਪਿਕਸ ਅਤੇ 1944 ਵਿਚ ਲੰਡਨ ਓਲੰਪਿਕਸ ਖੇਡਾਂ ਵੀ ਰੱਦ ਹੋ ਗਈਆਂ ਸਨ। ਟੋਕੀਓ ਓਲੰਪਿਕਸ ਨੂੰ ਇਹ ਦੂਜੀ ਵਾਰ ਭੈੜੀ ਨਜ਼ਰ ਲੱਗੀ ਹੈ ਕਿ ਜਦੋਂ ਖੇਡਾਂ ਦਾ ਆਯੋਜਨ ਖਟਾਈ ਵਿਚ ਪਿਆ ਹੈ। ਇਸ ਤੋਂ ਪਹਿਲਾਂ ਟੋਕੀਓ 1964 ਵਿਚ ਓਲੰਪਿਕ ਖੇਡਾਂ ਦਾ ਇੱਕ ਸਫਲ ਆਯੋਜਨ ਕਰ ਚੁਕਾ ਹੈ। ਦੂਜੇ ਵਿਸ਼ਵ ਯੁੱਧ ਦੌਰਾਨ ਦੋ ਸਰਦ ਓਲੰਪਿਕਸ ਖੇਡਾਂ ਅਤੇ ਦੋ ਵਿਸ਼ਵ ਫੁੱਟਬਾਲ ਕੱਪ ਮੁਕਾਬਲੇ ਵੀ ਰੱਦ ਹੋ ਗਏ ਸਨ।

ਕੌਮਾਂਤਰੀ ਓਲੰਪਿਕਸ ਕੌਂਸਲ ਦੇ ਪ੍ਰਧਾਨ ਥਾਮਸ ਬਾਕ ਤੇ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਅਤੇ ਕਰੋਨਾ ਵਾਇਰਸ ਦੀ ਬੀਮਾਰੀ ਦੇ ਫੈਲੇ ਪ੍ਰਭਾਵ ਕਾਰਨ ਵੱਖ ਵੱਖ ਮੁਲਕਾਂ ਤੇ ਖੇਡ ਫੈਡਰੇਸ਼ਨਾਂ ਦੇ ਦਬਾਅ ਕਾਰਨ ਇਨ੍ਹਾਂ ਖੇਡਾਂ ਨੂੰ ਇੱਕ ਸਾਲ ਲਈ ਮੁਲਤਵੀ ਕਰਨਾ ਪਿਆ ਹੈ। ਉਂਜ ਖੇਡਾਂ ਦੀਆਂ ਤਿਆਰੀਆਂ ਪੂਰੀ ਤਰ੍ਹਾਂ ਮੁਕੰਮਲ ਹੋ ਚੁਕੀਆਂ ਸਨ। 26 ਬਿਲੀਅਨ ਡਾਲਰ ਦੇ ਬਜਟ ਵਾਲੀਆਂ ਇਨ੍ਹਾਂ ਖੇਡਾਂ ਵਿਚ 28 ਇਵੈਂਟਾਂ ਵਿਚ 200 ਤੋਂ ਵੱਧ ਮੁਲਕਾਂ ਦੇ ਕੋਈ ਗਿਆਰਾਂ ਹਜ਼ਾਰ ਖਿਡਾਰੀਆਂ ਅਤੇ ਅਥਲੀਟਾਂ ਨੇ ਹਿੱਸਾ ਲੈਣਾ ਸੀ। ਟੋਕੀਓ ਓਲੰਪਿਕਸ ਖੇਡਾਂ ਲਈ 12 ਅਰਬ ਡਾਲਰ ਦੀ ਸਪਾਂਸਰਸ਼ਿਪ ਵੀ ਮਿਲ ਚੁਕੀ ਸੀ।

ਇਸ ਤੋਂ ਇਲਾਵਾ ਮੀਡੀਆ ਰਾਈਟਸ ਤੇ ਖੇਡਾਂ ਦਾ ਫਾਈਨਲ ਪ੍ਰੋਗਰਾਮ ਅਤੇ ਸਾਰੇ ਸਟੇਡੀਅਮ ਦੀ ਉਸਾਰੀ ਪੂਰੀ ਤਰ੍ਹਾਂ ਮੁਕੰਮਲ ਹੋ ਚੁਕੀ ਹੈ। ਟੋਕੀਓ ਓਲੰਪਿਕਸ ਖੇਡਾਂ ਦਾ ਨੈਸ਼ਨਲ ਸਟੇਡੀਅਮ, ਜਿੱਥੇ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਹੋਣਾ ਸੀ, ਉਹ ਕਰੀਬ ਡੇਢ ਬਿਲੀਅਨ ਡਾਲਰ ਦੀ ਲਾਗਤ ਨਾਲ ਬਣਿਆ ਹੈ ਤੇ ਸਟੇਡੀਅਮ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹੈ। 60 ਹਜ਼ਾਰ ਦਰਸ਼ਕਾਂ ਦੀ ਸਮਰੱਥਾ ਵਾਲਾ ਇਹ ਸਟੇਡੀਅਮ ਇੱਕ ਨਿਵੇਕਲੀ ਕਿਸਮ ਦਾ ਸਟੇਡੀਅਮ ਹੈ, ਜਦੋਂ ਕਿ ਓ. ਆਈ. ਹਾਕੀ ਸਟੇਡੀਅਮ ਵੀ ਪਿਛਲੇ ਸਾਲ ਜੂਨ ਮਹੀਨੇ ਮੁਕੰਮਲ ਹੋ ਚੁਕਾ ਹੈ। ਇਸ ਹਾਕੀ ਸਟੇਡੀਅਮ ਵਿਚ ਤਾਂ 4 ਮੁਲਕਾਂ ਦਾ ਹਾਕੀ ਟੂਰਨਾਮੈਂਟ ਕਰਵਾ ਕੇ ਇਸ ਦੀ ਸਫਲ ਪਰਖ ਵੀ ਕੀਤੀ ਜਾ ਚੁਕੀ ਹੈ।

ਟੋਕੀਓ ਓਲੰਪਿਕਸ ਖੇਡਾਂ ਦਾ ਮੁਲਤਵੀ ਹੋਣਾ ਜਾਪਾਨ ਲਈ ਸੁਨਾਮੀ ਜਿਹਾ ਇੱਕ ਝਟਕਾ ਹੈ। ਯਾਦ ਰਹੇ, 2024 ਦੀਆਂ ਓਲੰਪਿਕਸ ਖੇਡਾਂ ਦੀ ਮੇਜ਼ਬਾਨੀ ਪੈਰਿਸ ਅਤੇ 2028 ਓਲੰਪਿਕਸ ਖੇਡਾਂ ਦੀ ਮੇਜ਼ਬਾਨੀ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਨੂੰ ਮਿਲ ਚੁਕੀ ਹੈ। ਖੁਦਾ ਨਾ ਖਾਸਤਾ ਜੇ ਅਗਲੇ ਸਾਲ ਵੀ ਟੋਕੀਓ ਓਲੰਪਿਕਸ ਖੇਡਾਂ ‘ਤੇ ਕੋਈ ਕੁਦਰਤੀ ਆਫਤ ਜਾਂ ਕੋਈ ਹੋਰ ਭੀੜ ਬਣੀ ਤਾਂ ਇਹ ਖੇਡਾਂ ਮੁਲਤਵੀ ਨਹੀਂ, ਸਗੋਂ ਰੱਦ ਹੋ ਜਾਣਗੀਆਂ। ਫਿਰ ਪਤਾ ਨਹੀਂ ਟੋਕੀਓ ਸ਼ਹਿਰ ਨੂੰ ਕਦੋਂ ਓਲੰਪਿਕਸ ਖੇਡਾਂ ਕਰਵਾਉਣ ਦਾ ਸੁਭਾਗ ਪ੍ਰਾਪਤ ਹੋਵੇਗਾ, ਕਿਉਂਕਿ ਸਾਲ 2022 ਵਿਚ ਰਾਸ਼ਟਰ ਮੰਡਲ ਖੇਡਾਂ, ਏਸ਼ੀਅਨ ਖੇਡਾਂ ਅਤੇ ਵਿਸ਼ਵ ਕੱਪ ਫੁੱਟਬਾਲ, ਵਿਸ਼ਵ ਕੱਪ ਹਾਕੀ ਅਤੇ ਹੋਰ ਕਈ ਵੱਡੇ ਮੁਕਾਬਲੇ ਹੋਣੇ ਹਨ, ਜਿਨ੍ਹਾਂ ਨੂੰ ਕਿਸੇ ਵੀ ਹਾਲਾਤ ਵਿਚ ਅੱਗੇ ਨਹੀਂ ਪਾਇਆ ਜਾ ਸਕਦਾ।

ਟੋਕੀਓ ਓਲੰਪਿਕਸ ਖੇਡਾਂ ਦੇ ਮੁਲਤਵੀ ਹੋਣ ਨਾਲ ਜਿੱਥੇ ਜਾਪਾਨ ਨੂੰ ਕਰੋੜਾਂ ਡਾਲਰਾਂ ਦਾ ਘਾਟਾ ਪਿਆ ਹੈ, ਉਥੇ ਵੱਖ ਵੱਖ ਮੁਲਕ, ਜਿਨ੍ਹਾਂ ਨੇ ਓਲੰਪਿਕਸ ਖੇਡਾਂ ਵਿਚ ਹਿੱਸਾ ਲੈਣਾ ਹੈ, ਉਹ ਵੀ ਲੱਖਾਂ ਡਾਲਰਾਂ ਦੇ ਕਰਜ਼ਈ ਹੋ ਗਏ ਹਨ, ਕਿਉਂਕਿ ਵੱਡੇ ਪੱਧਰ ‘ਤੇ ਹਰ ਮੁਲਕ ਓਲੰਪਿਕਸ ਖੇਡਾਂ ਦੀਆਂ ਤਿਆਰੀਆਂ ‘ਚ ਲੱਗਾ ਹੋਇਆ ਸੀ।

ਇਸ ਤੋਂ ਇਲਾਵਾ ਬਹੁਤ ਸਾਰੇ ਨਾਮੀ ਖਿਡਾਰੀ, ਜੋ ਰਿਟਾਇਰਮੈਂਟ ਦੇ ਲਾਗੇ ਹਨ, ਉਨ੍ਹਾਂ ਦਾ ਖੇਡ ਕੈਰੀਅਰ ਡਾਵਾਂਡੋਲ ਹੋ ਗਿਆ ਹੈ। ਖਿਡਾਰੀਆਂ ਨੂੰ ਅਗਲੇ ਵਰ੍ਹੇ ਤੱਕ ਆਪਣੀ ਫਿਟਨੈਸ ਲੈਵਲ ਦੀ ਲੈਅ ਨੂੰ ਬਣਾਈ ਰੱਖਣ ਵਿਚ ਬੜੀ ਮੁਸ਼ਕਿਲ ਆਵੇਗੀ।



*ਟੋਕੀਓ ਓਲੰਪਿਕਸ ਖੇਡਾਂ ਲਈ ਤਿਆਰ ਕੀਤਾ ਨੈਸ਼ਨਲ ਸਟੇਡੀਅਮ*

ਭਾਰਤ ਦਾ ਟੈਨਿਸ ਸਟਾਰ ਲਿਏਂਡਰ ਪੇਸ, ਜੋ 7 ਓਲੰਪਿਕਸ ਖੇਡ ਚੁਕਾ ਹੈ ਅਤੇ 1996 ਦੀਆਂ ਐਟਲਾਂਟਾ ਓਲੰਪਿਕਸ ਵਿਚ ਕਾਂਸੀ ਦਾ ਤਮਗਾ ਵੀ ਜਿੱਤ ਚੁਕਾ ਹੈ, ਨੇ ਟੋਕੀਓ ਓਲੰਪਿਕਸ ਖੇਡਾਂ ਤੋਂ ਆਪਣੇ ਖੇਡ ਕੈਰੀਅਰ ਨੂੰ ਅਲਵਿਦਾ ਕਹਿਣੀ ਸੀ। ਇਸੇ ਤਰ੍ਹਾਂ ਵਿਸ਼ਵ ਚੈਂਪੀਅਨ ਅਤੇ ਓਲੰਪਿਕਸ ਖੇਡਾਂ ਵਿਚ ਕਾਂਸੀ ਦਾ ਤਮਗਾ ਜੇਤੂ ਮੁੱਕੇਬਾਜ਼ ਮੈਰੀ ਕੌਮ ਨੇ ਵੀ ਆਪਣੀ ਰਿਟਾਇਰਮੈਂਟ ਦਾ ਐਲਾਨ ਕਰਨਾ ਸੀ।

ਚੈਨੀਏ ਤਾਪੇ ਦੁਨੀਆਂ ਦੀ ਨੰਬਰ ਇਕ ਬੈਡਮਿੰਟਨ ਖਿਡਾਰਨ ਤਾਈ ਤਜੂ ਜਿੰਗ, ਇੰਗਲੈਂਡ ਦੀ ਸੋਨ ਤਮਗਾ ਜੇਤੂ ਹਾਕੀ ਖਿਡਾਰਨ ਸੂਸਾਨਾਹ ਟਾਊਨਸੈਂਡ, 28 ਸਾਲਾ ਓਲੰਪਿਕਸ ਜੇਤੂ ਜਿਮਨਾਸਟਿਕਸ ਖਿਡਾਰਨ ਬੈਕੀ ਡੌਨੀ ਅਤੇ ਤਾਇਕਵਾਂਡੋ ਦਾ ਸੁਪਰਸਟਾਰ ਦੋ ਵਾਰ ਓਲੰਪਿਕਸ ਖੇਡਾਂ ਵਿਚ ਸੋਨ ਤਮਗਾ ਜਿੱਤਣ ਵਾਲਾ ਜਾਅਦੇ ਜੋਨਸ, ਹਾਲੈਂਡ ਹਾਕੀ ਟੀਮ ਦਾ ਕਪਤਾਨ ਬਿੱਲੀ ਬੱਕਰ ਅਤੇ ਭਾਰਤ ਦਾ ਪੈਨਲਟੀ ਕਾਰਨਰ ਸਪੈਸ਼ਲਿਸਟ ਰੁਪਿੰਦਰ ਪਾਲ ਸਿੰਘ ਸਣੇ ਦੁਨੀਆਂ ਦੇ ਕਈ ਨਾਮੀ ਖਿਡਾਰੀਆਂ ਨੇ ਟੋਕੀਓ ਓਲੰਪਿਕਸ ਪਿਛੋਂ ਆਪਣੇ ਖੇਡ ਕੈਰੀਅਰ ਨੂੰ ਅਲਵਿਦਾ ਆਖ ਕੇ ਸ਼ਾਨਾਂਮੱਤੀ ਰਿਟਾਇਰਮੈਂਟ ਦਾ ਐਲਾਨ ਕਰਨਾ ਸੀ। ਹੁਣ ਖੇਡ ਹਲਕਿਆਂ ਵਿਚ ਇਹ ਚਰਚਾ ਹੈ ਕਿ ਕੀ ਇਹ ਖਿਡਾਰੀ ਹੋਰ ਇੱਕ ਸਾਲ ਤੱਕ ਆਪਣਾ ਫਿਟਨੈਸ ਲੈਵਲ ਬਣਾਈ ਰੱਖਣਗੇ! ਇਹ ਤਾਂ ਖਿਡਾਰੀਆਂ ਦੇ ਇਰਾਦੇ, ਮਿਹਨਤ ਮੁਸ਼ੱਕਤ ਅਗਲੇ ਸਾਲ ਹੀ ਬਿਆਨ ਕਰਨਗੇ ਕਿ ਉਹ ਓਲੰਪਿਕਸ ਖੇਡਾਂ ਵਿਚ ਆਪਣਾ ਕਿੰਨਾ ਜੌਹਰ ਦਿਖਾਉਂਦੇ ਹਨ ਜਾਂ ਫਿਰ ਅੱਜ ਦੇ ਸਮੇਂ ਨੂੰ ਕੋਸਦਿਆਂ ਓਲੰਪਿਕਸ ਖੇਡਾਂ ਤੋਂ ਪਹਿਲਾਂ ਹੀ ਆਪਣੀ ਰਿਟਾਇਰਮੈਂਟ ਦਾ ਐਲਾਨ ਕਰਦੇ ਹਨ?

ਟੋਕੀਓ ਓਲੰਪਿਕਸ ਖੇਡਾਂ ਦੀ ਮੁਲਤਵੀ ਦੇ ਐਲਾਨ ਨੇ ਕਈ ਖਿਡਾਰੀਆਂ ਦੇ ਸੰਜੋਏ ਸੁਪਨੇ ਚਕਨਾਚੂਰ ਵੀ ਕਰ ਦਿੱਤੇ ਹਨ ਅਤੇ ਕਈਆਂ ਨੂੰ ਅਗਲੇ ਵਰ੍ਹੇ ਛੁਪੇ ਰੁਸਤਮ ਬਣਨ ਦਾ ਵੀ ਮੌਕਾ ਮਿਲੇਗਾ। ਆਸ ਇਹੋ ਹੈ ਕਿ ਅਗਲੇ ਵਰ੍ਹੇ ਟੋਕੀਓ ਖੇਡਾਂ ਦਾ ਇਹ ਮਹਾਕੁੰਭ ਅਜਿਹਾ ਇਤਿਹਾਸ ਸਿਰਜੇ ਕਿ ਲੋਕ ਕਰੋਨਾ ਵਾਇਰਸ ਨੂੰ ਭੁੱਲ ਕੇ ਟੋਕੀਓ ਓਲੰਪਿਕਸ ਖੇਡਾਂ-2020 ਦੀ ਗਾਥਾ ਨੂੰ ਹਮੇਸ਼ਾ ਯਾਦ ਰੱਖਣ!

# ਕਬੱਡੀ ਨੂੰ ਖਾ ਰਹੇ ਹਨ ਕਬੱਡੀ ਦੀ ਹੀ ਖਾਣ ਵਾਲੇ

ਯਾਦਵਿੰਦਰ ਸਿੰਘ ਤੂਰ

ਕਬੱਡੀ ਪੰਜਾਬੀਆਂ ਦੀ ਵਿਰਾਸਤੀ ਖੇਡ ਹੈ, ਪਰ ਕੁਝ ਕਬੱਡੀ ਕੁਮੈਂਟੇਟਰਾਂ ਨੇ ਇਸ ਨੂੰ ਮਾਂ ਖੇਡ ਦਾ ਦਰਜਾ ਵੀ ਦੇ ਦਿੱਤਾ ਹੈ। ਕੁਝ ਵੀ ਹੋਵੇ, ਕਬੱਡੀ ਦੀ ਮਕਬੂਲੀਅਤ ਦੁਨੀਆਂ ਵਿਚ ਹੱਦੋਂ ਵੱਧ ਹੈ। ਇਸ ਕਰਕੇ ਕਬੱਡੀ ਖੇਡ ਵਿਚ ਪੈਸੇ ਦੀ ਭਰਮਾਰ ਹੈ। ਵੱਡੇ ਹੁਨਰ ਵਾਲੇ ਕਬੱਡੀ ਖਿਡਾਰੀ ਕਰੋੜਪਤੀ ਬਣ ਗਏ ਹਨ ਜਾਂ ਬਣਨ ਵੱਲ ਵੱਧ ਰਹੇ ਹਨ। ਜਿਸ ਖੇਡ ਵਿਚ ਵੀ ਪੈਸੇ ਦੀ ਭਰਮਾਰ ਹੋਵੇਗੀ, ਜਿੱਥੇ ਜੇ ਖਿਡਾਰੀਆਂ ਦਾ ਵੱਡਾ ਮੁੱਲ ਪੈਂਦਾ ਹੈ ਤਾਂ ਉਥੇ ਜੁਗਾੜੀ ਲੋਕ, ਕਬੂਤਰਬਾਜ਼ ਅਤੇ ਆਪਣੀਆਂ ਦੁਕਾਨਾਂ ਚਲਾਉਣ ਵਾਲੇ ਲੋਕ ਆਪਣੇ ਆਪ ਹੀ ਆ ਜਾਂਦੇ ਹਨ। ਅਜਿਹਾ ਹੀ ਕਬੱਡੀ ਖੇਡ ‘ਚ ਚੱਲ ਰਿਹਾ ਹੈ। ਇਸ ਕਰਕੇ ਇਹ ਖੇਡ ਇੱਕ ਮਾਨਤਾ ਪ੍ਰਾਪਤ ਖੇਡ ਬਣਨ ਦੀ ਥਾਂ ਮਨੋਰੰਜਨ ਦਾ ਇਕ ਸਾਧਨ ਮਾਤਰ ਹੀ ਬਣ ਕੇ ਰਹਿ ਗਈ ਹੈ। ਜੇ ਖੇਡ ਪ੍ਰਤੀ ਕਿਸੇ ਨੇ ਗੰਭੀਰਤਾ ਦਿਖਾਈ ਹੁੰਦੀ, ਅੱਜ ਕਬੱਡੀ ਦਾ ਦੁਨੀਆਂ ਵਿਚ ਮੁਕਾਮ ਕੁਝ ਹੋਰ ਹੀ ਹੋਣਾ ਸੀ।

ਇਸ ਸਮੇਂ ਸਰਕਲ ਸਟਾਈਲ ਕਬੱਡੀ ਖੇਡ ਵਿਚ ਸਿਸਟਮ ਨੂੰ ਚਲਾਉਣ ਲਈ 4 ਤੋਂ 5 ਖੇਡ ਫੈਡਰੇਸ਼ਨਾਂ ਜਾਂ ਐਸੋਸੀਏਸ਼ਨ ਬਣੀਆਂ ਹੋਈਆਂ ਹਨ। ਜੇ ਬਾਹਰਲੇ ਮੁਲਕਾਂ ਦੀਆਂ ਕਬੱਡੀ ਸੰਸਥਾਵਾਂ ਦੀ ਗੱਲ ਕਰ ਲਈਏ ਤਾਂ ਗਿਣਤੀ ਕੋਈ ਇਕ ਦਰਜਨ ਤੋਂ ਵੱਧ ਬਣ ਜਾਂਦੀ ਹੈ, ਜੋ ਆਪਣੇ ਆਪ ਨੂੰ ਕਬੱਡੀ ਖੇਡ ਦੀਆਂ ਖੈਰ ਗਵਾਹ ਮੰਨ ਰਹੀਆਂ ਹਨ; ਪਰ ਕਬੱਡੀ ਦੀ ਤਰੱਕੀ ਦੇ ਅਸਲ ਮਕਸਦ ਤੋਂ ਕਰੀਬ ਸਭ ਸੰਸਥਾਵਾਂ ਕੋਹਾਂ ਦੂਰ ਹਨ। ਉਂਜ ਖੇਡ ਦੀ ਤਰੱਕੀ ਦਾ ਦਾਅਵਾ ਹਰ ਸੰਸਥਾ ਕਰ ਰਹੀ ਹੈ।

ਇਸ ਸਾਲ ਵਰਲਡ ਮੇਜਰ ਕਬੱਡੀ ਲੀਗ ਦੀ ਸਥਾਪਨਾ ਹੋਈ। ਮੇਜਰ ਲੀਗ ਵਾਲਿਆਂ ਨੇ ਕਾਫੀ ਕੁਝ ਨਵਾਂ ਅਤੇ ਕੁਝ ਚੰਗਾ ਕਰਨ ਦਾ ਯਤਨ ਕੀਤਾ ਹੈ। ਕਬੱਡੀ ਨੂੰ ਡਰੱਗ ਮੁਕਤ ਬਣਾਉਣ ਦਾ ਬੀੜਾ ਚੁੱਕਿਆ ਅਤੇ ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਲਾਜ਼ਮੀ ਕੀਤੇ ਹਨ। ਖਿਡਾਰੀਆਂ ਨੂੰ



ਆਰਥਕ ਪੱਖੋਂ ਮਜਬੂਤ ਕੀਤਾ ਹੈ। ਇਸੇ ਕਰਕੇ ਨਾਮੀ ਖਿਡਾਰੀ ਮੇਜਰ ਲੀਗ ਵੱਲ ਖੇਡਣ ਲੱਗੇ ਹਨ। ਮੇਜਰ ਲੀਗ ਵਾਲਿਆਂ ਦਾ ਅਰੰਭਿਆ ਕਾਰਜ ਕਾਫੀ ਹੱਦ ਤੱਕ ਸਲਾਹਿਆ ਜਾ ਸਕਦਾ ਹੈ, ਪਰ ਅਜੇ ਕਾਫੀ ਕੁਝ ਹੋਰ ਕਰਨ ਦੀ ਲੋੜ ਹੈ।

ਨਾਰਥ ਇੰਡੀਆ ਕਬੱਡੀ ਫੈਡਰੇਸ਼ਨ, ਜੋ ਪਿਛਲੇ 20 ਸਾਲ ਤੋਂ ਆਪਣੇ ਆਪ ਨੂੰ ਕਬੱਡੀ ਦੀ ਲੰਬੜਦਾਰ ਸਮਝ ਰਹੀ ਹੈ, ਉਹ ਵੀ ਕਥਿਤ ਤੌਰ ‘ਤੇ ਜੁਗਾੜੀਆਂ ਦਾ ਟੋਲਾ ਬਣ ਕੇ ਰਹਿ ਗਈ ਹੈ। ਕਬੱਡੀ ਦੇ ਨਾਂ ‘ਤੇ ਆਪਣੀ ਲਾਲਸਾ ਦੀ ਪੂਰਤੀ ਤੋਂ ਬਿਨਾ ਇੱਕ ਕਦਮ ਅੱਗੇ ਨਹੀਂ ਪੁੱਟਿਆ। ਧਾਰਮਿਕ ਡੇਰਿਆਂ ਦੀਆਂ ਦੁਕਾਨਾਂ ਵਾਂਗ ਉਨ੍ਹਾਂ ਦੀ ਵੀ ਕਬੱਡੀ ਦੇ ਨਾਂ ‘ਤੇ ਇੱਕ ਵੱਡੀ ਦੁਕਾਨ ਚੱਲ ਰਹੀ ਹੈ, ਇਸੇ ਕਰਕੇ ਕਈ ਵੱਡੇ ਕਬੱਡੀ ਸਟਾਰ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਦਾ ਖਹਿੜਾ ਛੱਡ ਰਹੇ ਹਨ ਅਤੇ ਨਾਮੀ ਕਬੱਡੀ ਸਟਾਰ ਬਗਾਵਤ ਕਰਨ ਦੇ ਰਉ ਵਿਚ ਦੂਜੇ ਪਾਸੇ ਜਾਣ ਨੂੰ ਤਿਆਰ ਬੈਠੇ ਹਨ।

ਇਸੇ ਤਰ੍ਹਾਂ ਪੰਜਾਬ ਕਬੱਡੀ ਅਕੈਡਮੀਜ਼ ਫੈਡਰੇਸ਼ਨ ਐਂਡ ਐਸੋਸੀਏਸ਼ਨ ਦਾ ਗ੍ਰਾਫ ਉਨ੍ਹਾਂ ਦੀਆਂ ਨਾਕਾਮੀਆਂ ਕਾਰਨ ਇੰਨਾ ਕੁ ਥੱਲੇ ਆ ਗਿਆ ਹੈ ਕਿ ਇਹ ਫੈਡਰੇਸ਼ਨ ਵੀ ਖੇਡ ਮੇਲਿਆਂ ਵਿਚ ਖਾਨਾਪੂਰਤੀ ਬਣ ਕੇ ਰਹਿ ਗਈ ਹੈ। ਇੱਕ ਗੱਲ ਜਰੂਰ ਹੈ ਕਿ ਨਵੇਂ ਮੁੰਡਿਆਂ ਨੂੰ ਇਸ ਫੈਡਰੇਸ਼ਨ ਵਿਚ ਖੇਡਣ ਦਾ ਮੌਕਾ ਜਰੂਰ ਮਿਲ ਰਿਹਾ ਹੈ। ਇੱਕ ਹੋਰ ਸੰਸਥਾ ਪੰਜਾਬ ਕਬੱਡੀ ਫੈਡਰੇਸ਼ਨ ਤਾਂ ਆਪਣੇ ਹਥਿਆਰ ਅਕਾਲੀ ਸਰਕਾਰ ਬਣਨ ਮੌਕੇ ਹੀ ਚੁੱਕਦੀ ਹੈ। ਨਾਮੀ ਕਬੱਡੀ ਖਿਡਾਰੀ ਤਾਂ ਹੁਣ ਕੁਝ ਕਬੱਡੀ ਪ੍ਰੋਮੋਟਰਾਂ ‘ਤੇ ਤਨਜ ਵੀ ਕੱਸਣ ਲੱਗ ਪਏ ਹਨ, “...ਨੂੰ ਜੋ ਪਾਊ ਪੱਠੇ, ਉਹ ਕਾਮਯਾਬ ਆ।” ਜਾਂ “...ਨੂੰ ਜੋ ਮਾਇਆ ਸਿੱਟੂ, ਉਹਦੀ ਬੱਲੇ ਬੱਲੇ ਹੈ।”

ਦੇਸ਼ ਦੀ ਆਜ਼ਾਦੀ ਦੀ ਲੜਾਈ ਮੌਕੇ ਤਾਂ ਆਜ਼ਾਦੀ ਘੁਲਾਟੀਆਂ ਵਿਚਾਲੇ ਜੇਲ੍ਹ ਚਿੱਠੀਆਂ ਦੀ ਗੱਲ ਚੱਲਦੀ ਸੀ, ਪਰ ਕਬੱਡੀ ਦੇ ਅੱਜ ਦੇ ਯੁੱਗ ਵਿਚ ਜੇਲ੍ਹ ਧਮਕੀਆਂ ਦੀ ਗੱਲ ਪ੍ਰਚਲਿਤ ਹੈ। ਇਸੇ ਕਰਕੇ ਸਿਆਣੇ ਬੰਦੇ ਕਬੱਡੀ ਤੋਂ ਪਾਸਾ ਵੱਟ ਗਏ ਹਨ। ਇੰਗਲੈਂਡ ਵਿਚ ਕਬੱਡੀ ਟੂਰਨਾਮੈਂਟ ਬੰਦ ਹੋ ਗਏ ਹਨ। ਟੋਰਾਂਟੋ ਵਾਲਿਆਂ ਨੇ ਵੀ ਪਿਛਲੇ ਸਾਲ ਟੂਰਨਾਮੈਂਟ ਕਰਵਾਉਣ ਤੋਂ ਪਾਸਾ ਵੱਟ ਲਿਆ ਸੀ, ਕਿਉਂਕਿ ਹਰ ਕੋਈ ਖੇਡ ਵਿਚ ਸੁਧਾਰ ਦੀ ਗੁੰਜਾਇਸ਼ ਚਾਹੁੰਦਾ ਹੈ, ਪਰ ਕਬੱਡੀ ਜਾਵੇ ਢੱਠੇ ਖੂਹ ਵਿਚ, ਕਬੱਡੀ ਦੇ ਘੜੰਮ ਚੌਧਰੀਆਂ ਦੀ ਆਪਣੀ ਦੁਕਾਨਦਾਰੀ ਚੱਲਣੀ ਚਾਹੀਦੀ ਹੈ! ਇਸੇ ਕਰਕੇ ਅੱਜ ਦੀ ਘੜੀ ਕਬੱਡੀ ਵਿਚ ਜੁਗਾੜੀ ਤੇ ਕਬੂਤਰਬਾਜ਼ ਲੋਕ ਖਿਡਾਰੀਆਂ ਦੇ ਅਸਲ ਹੱਕ ਨੂੰ ਖਾ ਰਹੇ ਹਨ ਅਤੇ ਆਪਣੀਆਂ ਅਖੌਤੀ ਅਹੁਦੇਦਾਰੀਆਂ ਤੇ ਪ੍ਰਧਾਨਗੀਆਂ ਦੇ ਚੱਕਰ ਵਿਚ ਕਬੱਡੀ ਦਾ ਮੁਕਾਮ ਉਚਾ ਹੋਣ ਦੇ ਬਾਵਜੂਦ ਨਿਘਾਰ ਵੱਲ ਨੂੰ ਵੱਧ ਰਿਹਾ ਹੈ, ਕਿਉਂਕਿ ਕਬੱਡੀ ਦਾ ਕੋਈ ਨਿਯਮ ਸਿਧਾਂਤ ਅਤੇ ਵਿਧੀ ਵਿਧਾਨ ਨਹੀਂ ਹੈ। ਸਮੇਂ ਦੀਆਂ ਸਰਕਾਰਾਂ ਦਾ ਖੇਡ ਵੱਲ ਉਕਾ ਹੀ ਧਿਆਨ ਨਹੀਂ ਹੈ ਤੇ ਲਾਹਾ ਲੈਣ ਵਾਲੇ ਕਬੱਡੀ ਦੀਆਂ ਮਲਾਈਆਂ ਖਾ ਰਹੇ ਹਨ।

ਜੇ ਕਬੱਡੀ ਵਾਲੇ ਅਜੇ ਵੀ ਨਾ ਸੰਭਲੇ ਤਾਂ ਕਬੱਡੀ ਦਾ ਦੌਰ ਬਹੁਤ ਦੂਰ ਚਲਾ ਜਾਵੇਗਾ, ਕਿਉਂਕਿ ਅੱਜ ਦੇ ਸਮੇਂ ਜਦੋਂ ਵਾੜ ਹੀ ਖੇਤ ਨੂੰ ਖਾਂਦੀ ਹੋਵੇ, ਤੁਸੀਂ ਕਿਵੇਂ ਉਥੇ ਉਪਜਾਊ ਫਸਲ ਦੀ ਆਸ ਕਰ ਸਕਦੇ ਹੋ? ਇਹੀ ਕਹਾਣੀ ਕਬੱਡੀ ਦੀ ਹੈ। ਕਬੱਡੀ ਕਿਵੇਂ ਅੱਗ ਵਧੇ! ਖੇਡ ਦੀ ਡੋਰ ਤਾਂ ਜੁਗਾੜੀਆਂ ਦੇ ਹੱਥ ਵਿਚ ਹੈ!

## ਉਲਝੀ ਤਾਣੀ

ਧਰਮਾਂ ਦੀ ਗੁੰਝਲ ਵਿਚ ਫਸ ਕੇ
ਭੰਬਲਭੂਸੇ ਹੈ ਪਾਈ ਦੁਨੀਆਂ।
ਵਹਿਮ ਭਰਮ ਦੇ ਜਾਲ ਵਿਛੇ ਨੇ
ਵਿਚ ਲਪੇਟੇ ਹੈ ਆਈ ਦੁਨੀਆਂ।

ਡੇਰਾਵਾਦ ਨੂੰ ਆਗੂਆਂ ਸ਼ਹਿ ਦੇ ਕੇ
ਸਾਧਾਂ ਪਿੱਛੇ ਲਾਈ ਦੁਨੀਆਂ।
ਸੌੜੀ ਸਿਆਸਤ ਧਰਮ ਦੀ ਕਰਕੇ
ਪੰਗੇ ਦੇ ਵਿਚ ਪਾਈ ਦੁਨੀਆਂ।

ਏਸ਼ੀਆ, ਯੂਰਪ ਤੇ ਅਫਰੀਕਾ ‘ਚ
ਧਰਮ ਨੇ ਹੈ ਉਲਝਾਈ ਦੁਨੀਆਂ।
ਅਨਪੜ੍ਹਤਾ, ਭੁੱਖਮਰੀ ਤੇ ਬੀਮਾਰੀ
ਬੇਰੁਜ਼ਗਾਰੀ ਨੇ ਹੈ ਢਾਹੀ ਦੁਨੀਆਂ।

ਨਸਲ ਭੇਦ ਰਲ ਫਿਰਕਾਪ੍ਰਸਤੀ
ਚਾਰੇ ਚੁਫੇਰੇ ਹੈ ਛਾਈ ਦੁਨੀਆਂ।
ਐਸੀ ਦਲਦਲ ਦੀ ਖੁੱਭਣੀ ਵਿਚ
ਗਰਕਣ ਨੂੰ ਹੈ ਆਈ ਦੁਨੀਆਂ।

ਪੈਸਾ, ਝੂਠ ਤੇ ਫੋਕੀ ਸ਼ੁਹਰਤ ਨੇ
ਅੱਜ ਕਲ ਹੈ ਭਰਮਾਈ ਦੁਨੀਆਂ।
ਧੋਖੇਬਾਜ਼ਾਂ ਚਤੁਰਾਈਆਂ ਕਰਕੇ
ਭੀੜਤੰਤਰ ਹੈ ਬਣਾਈ ਦੁਨੀਆਂ।

ਜਿਧਰ ਦੇਖੀ ਹਿੰਸਾ ਹੈ ਛਾਈ
ਐਪਰ ਅੰਦਰੋਂ ਘਬਰਾਈ ਦੁਨੀਆਂ।
ਅਮਨ-ਸ਼ਾਂਤੀ ਲਾ ਪੰਖ ਉਡੇ ਨੇ
ਬੱਸ ਲਹੂ ਦੀ ਤ੍ਰਿਹਾਈ ਦੁਨੀਆਂ।

ਯਮਨ, ਸੀਰੀਆ, ਫਲਸਤੀਨ ਦੀ
ਪੀੜ ਕੂਕ ਸੁਣਾਈਏ ਦੁਨੀਆਂ।
ਬਾਰੂਦ ਦੇ ਢੇਰ ਦੇ ਉਤੇ ਬੈਠੀ
ਚੱਲੋ ਧੱਕਾ ਮਾਰ ਉਠਾਈਏ ਦੁਨੀਆਂ।

ਪਿਆਰ ਦਾ ਗੀਤ ਸੁਣਾ ਕੇ ਕੋਈ
ਸੁੱਤੀ ਹੋਈ ਜਗਾਈਏ ਦੁਨੀਆਂ।
ਧਰਤੀ ਜੋ ਦੋਜ਼ਖ ਵਿਚ ਸੜਦੀ
ਜੰਨਤ ਦੀ ਹੂਰ ਬਣਾਈਏ ਦੁਨੀਆਂ।

***-ਸੇਵਾ ਸਿੰਘ ਨੂਰਪੁਰੀ***
***ਕੈਲੀਫੋਰਨੀਆ।***

# ਵਾਗੀ ਤੋਂ ਸਿਰਤਾਜ ਰਾਗੀ ਤਕ ਭਾਈ ਨਿਰਮਲ ਸਿੰਘ ਖਾਲਸਾ

***ਭਾਈ ਨਿਰਮਲ ਸਿੰਘ (12 ਅਪਰੈਲ 1952-2 ਅਪਰੈਲ 2020) ਇਕੋ-ਇਕ ਹਜ਼ੂਰੀ ਰਾਗੀ ਸਨ, ਜਿਨ੍ਹਾਂ ਨੂੰ ਪਦਮਸ੍ਰੀ (2009 ਵਿਚ) ਦੇ ਖਿਤਾਬ ਨਾਲ ਨਿਵਾਜਿਆ ਗਿਆ। ਉਨ੍ਹਾਂ ਆਪਣੀ ਮਿਹਨਤ, ਲਗਨ ਤੇ ਸੁਰੀਲੀ ਅਵਾਜ਼ ਸਦਕਾ ਸਭ ਦਾ ਮਨ ਮੋਹਿਆ ਅਤੇ ਗੁਰਮਤਿ ਸੰਗੀਤ ਨੂੰ ਮਾਲਾਮਾਲ ਕੀਤਾ। ਉਨ੍ਹਾਂ ਦੇ ਅਚਾਨਕ ਵਿਛੋੜੇ 'ਤੇ ਸ਼ਰਧਾਂਜਲੀ ਵਜੋਂ ਅਸੀਂ ਆਪਣੇ ਪਾਠਕਾਂ ਲਈ ਡਾ. ਰੂਪ ਸਿੰਘ ਅਤੇ ਪ੍ਰੋ. ਅਵਤਾਰ ਸਿੰਘ ਦੇ ਲੇਖ ਛਾਪ ਰਹੇ ਹਾਂ। -ਸੰਪਾਦਕ***

ਕਰੋਨਾ ਮਹਾਮਾਰੀ ਦੀ ਕੌਮਾਂਤਰੀ ਆਫਤ ਨੇ ਰਾਗ-ਰਤਨ ਦੇ ਅਨਮੋਲ ਹੀਰੇ ਪਦਮਸ੍ਰੀ ਭਾਈ ਨਿਰਮਲ ਸਿੰਘ ਨੂੰ ਵੀ ਨਿਗਲ ਲਿਆ ਹੈ। ਆਫਤ ਦੇ ਦੌਰ ਵਿਚ ਕੁਦਰਤ ਦਾ ਕਹਿਰ ਦੇਖੋ ਕਿ ਦੇਸ਼-ਵਿਦੇਸ਼ ਵਿਚ ਲੱਖਾਂ ਚਾਹੁਣ ਵਾਲਿਆਂ ਦੇ ਬਾਵਜੂਦ ਖੂਨ ਦੇ ਰਿਸ਼ਤੇ, ਪਰਿਵਾਰਕ ਰਿਸ਼ਤੇਦਾਰ, ਸੱਜਣ-ਸਨੇਹੀ ਸ਼ਾਮਿਲ ਨਹੀਂ ਹੋ ਸਕੇ।

ਗੁਰਮਤਿ ਸੰਗੀਤ ਦੇ ਅਨਮੋਲ ਰਤਨ ਤੇ ਲੇਖਕ ਭਾਈ ਨਿਰਮਲ ਸਿੰਘ ਖਾਲਸਾ, ਗੁਰਮਤਿ ਸੰਗੀਤ ਨੂੰ ਰੋਮ-ਰੋਮ ਤੋਂ ਸਮਰਪਿਤ, ਰਤਨਾਂ ਦੇ ਪਾਰਖੂ, ਕਦਰਦਾਨ, ਵਿਸ਼ਵ ਪ੍ਰਸਿਧ ਕੀਰਤਨੀਏ, ਉਚ ਕੋਟੀ ਦੇ ਲੇਖਕ, ਬੁਲਾਰੇ ਅਤੇ ਵਾਰਤਾਕਾਰ ਸਨ। ਗੁਰਮਤਿ ਸੰਗੀਤ ਉਨ੍ਹਾਂ ਨੂੰ ਵਿਰਸੇ 'ਚੋਂ ਪ੍ਰਾਪਤ ਨਹੀਂ ਹੋਇਆ ਸੀ। ਪੰਜਾਬ ਦੇ ਜ਼ਰਖੇਜ਼

**ਡਾ. ਰੂਪ ਸਿੰਘ**

ਦਿਹਾਤੀ ਖੇਤਰ ਮਾਲਵੇ ਦੇ ਜੰਮਪਲ, ਦੁਆਬੇ ਦੀ ਧਰਤੀ 'ਤੇ ਗੁਰਬਤ ਤੇ ਸਮਾਜਕ ਨਾ-ਬਰਾਬਰੀ ਨਾਲ ਨਿਰੰਤਰ ਸੰਘਰਸ਼ ਕਰ, ਮਾਝੇ ਦੀ ਧਰਤੀ 'ਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਗੁਰਮਤਿ ਸੰਗੀਤ ਦੇ ਸੁਰ-ਤਾਲ ਦੀਆਂ ਬਾਰੀਕੀਆਂ ਦੀ ਸੂਖਮ ਸੂਝ ਪ੍ਰਾਪਤ ਕਰ, ਗੁਰਬਾਣੀ ਗੁਰਮਤਿ ਵਿਚਾਰਧਾਰਾ ਤੇ ਸਿੱਖ ਪਰੰਪਰਾਵਾਂ 'ਚ ਜਵਾਨ ਹੋ, ਗੁਰਮਤਿ ਸੰਗੀਤ ਦੇ ਧਰੂ-ਤਾਰੇ ਵਾਂਗ ਚਮਕੇ ਤੇ ਪ੍ਰਵਾਨ ਚੜ੍ਹੇ, ਪਦਮਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਕਿਸੇ ਜਾਣਕਾਰੀ ਦੇ ਮੁਥਾਜ ਨਹੀਂ ਸਨ। ਸੰਸਾਰ ਭਰ ਵਿਚ ਗੁਰਬਾਣੀ ਦੇ ਕਦਰਦਾਨਾਂ, ਸੰਗੀਤ ਪ੍ਰੇਮੀਆਂ ਵਾਸਤੇ ਉਨ੍ਹਾਂ ਦੀ ਅਵਾਜ਼ ਖੇਤਰੀ ਹੱਦਾਂ ਤੋਂ ਸੁਤੰਤਰ ਹੋ ਬ੍ਰਹਿਮੰਡੀ ਪਛਾਣ ਬਣ ਚੁਕੀ ਸੀ। ਗੁਰਬਾਣੀ ਆਧਾਰਿਤ ਗੁਰਮਤਿ ਸੰਗੀਤ ਦੀ ਕਰਾਮਾਤ ਸਦਕਾ ਸੰਸਾਰ ਦੇ ਪ੍ਰਸਿਧ 55 ਦੇਸ਼ਾਂ ਦਾ ਕਈ ਵਾਰ ਭ੍ਰਮਣ ਕਰ ਚੁਕੇ ਭਾਈ ਨਿਰਮਲ ਸਿੰਘ ਦੀ ਗਿਆਨ ਪ੍ਰਾਪਤੀ ਦੀ ਅਮੁੱਕ ਜਿਗਿਆਸਾ, ਸੋਚ, ਸ਼ਕਤੀ, ਸਮਰੱਥਾ ਸਦਕਾ, ਦ੍ਰਿਸ਼ਟੀ ਬਹੁਦਿਸ਼ਾਵੀ, ਵਿਸ਼ਾਲ ਤੇ ਵਿਕਸਿਤ ਹੋ ਚੁਕੀ ਸੀ।

ਮਾਲਵੇ ਦੇ ਪੱਛੜੇ ਸਰਹੱਦੀ ਇਲਾਕੇ, ਵਣਾਂ, ਜੰਡਾਂ, ਕਰੀਰਾਂ, ਅੱਕਾਂ ਦੀ ਧਰਤੀ ਜੰਡਵਾਲਾ ਭੀਮੇਸ਼ਾਹ 'ਚ ਗਿਆਨੀ ਚੰਨਣ ਸਿੰਘ ਤੇ ਮਾਤਾ ਗੁਰਦੇਵ ਕੌਰ ਦੇ ਘਰ 12 ਅਪਰੈਲ 1952 ਨੂੰ ਪੈਦਾ ਹੋਏ ਭਾਈ ਨਿਰਮਲ ਸਿੰਘ ਪਰਿਵਾਰ ਦੇ ਪਲੇਠੇ ਪੁੱਤਰ ਸਨ। ਜੰਡਵਾਲਾ ਭੀਮੇਸ਼ਾਹ ਤੋਂ ਮੁੱਢਲੀ ਵਿੱਦਿਆ ਪ੍ਰਾਪਤ ਕਰਕੇ 1968 ਨੂੰ ਪਿੰਡ ਮੰਡਾਲਾ, ਜਿਲਾ ਜਲੰਧਰ ਦੇ ਮੰਡ ਖੇਤਰ 'ਚ ਜ਼ਮੀਨ ਅਲਾਟ ਹੋਣ ਕਾਰਨ, ਦਰਿਆ ਸਤਲੁਜ ਨਾਲ ਕਲੋਲਾਂ ਕਰਦਿਆਂ, ਇਨ੍ਹਾਂ ਨੇ ਜਵਾਨੀ 'ਚ ਪ੍ਰਵੇਸ਼ ਕੀਤਾ। ਅੱਠ ਪੜ੍ਹਿਆ ਇਹ ਨੌਜਵਾਨ ਖੇਤੀ ਕਾਰਜਾਂ 'ਚ ਆਪਣੇ ਮਾਤਾ-ਪਿਤਾ ਦੀ ਮਦਦ ਕਰਦਾ, ਮੰਡਾਲੇ ਦੇ ਮੰਡ ਖੇਤਰ 'ਚ ਚਰਾਂਦਾਂ 'ਚ ਡੰਗਰ ਚਾਰਦਾ, ਸਿਰ ਪੈਰ ਤੋਂ ਨੰਗਾ ਇਹ ਵਾਗੀ ਮੁੰਡਾ, ਕਾਦਰ ਦੇ ਕਰਤੇ ਵਲੋਂ ਬਖਸ਼ਿਸ਼ ਸੁਰੀਲੀ ਅਵਾਜ਼ 'ਚ ਲੋਕ ਗੀਤ ਗੁਣਗੁਣਾਉਂਦਾ ਰਹਿੰਦਾ। ਕਈ ਵਾਰ ਸੱਥਾਂ 'ਚ ਬੋਹੜਾਂ ਹੇਠ ਬਜੁਰਗ-ਨੌਜਵਾਨ ਇਨ੍ਹਾਂ ਪਾਸੋਂ ਹੀਰ, ਮਿਰਜ਼ਾ, ਸੱਸੀ ਆਦਿ ਸੁਣ ਕੇ ਵਾਹ-ਵਾਹ ਕਰ ਉਠਦੇ।

ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦਾਖਲਾ ਲੈਣਾ ਵੀ ਅਜੀਬ ਵਰਤਾਰੇ ਨਾਲੋਂ ਘੱਟ ਨਹੀਂ ਸੀ। ਕਿਸੇ ਨੇਕ ਪੁਰਸ਼ ਨੇ ਇਨ੍ਹਾਂ ਨੂੰ ਸਲਾਹ ਦਿੱਤੀ ਕਿ ਤੇਰੇ ਪਾਸ ਮਿੱਠੀ ਤਰਾਸ਼ੀ ਹੋਈ ਅਵਾਜ਼ ਹੈ, ਜੇ ਤੂੰ ਸੁਰ-ਤਾਲ ਦਾ ਗਿਆਨ ਰਾਗ ਵਿੱਦਿਆ ਦੇ ਮਾਹਰਾਂ ਪਾਸੋਂ ਪ੍ਰਾਪਤ ਕਰ ਲਵੇਂ ਤਾਂ ਇਹ ਸੋਨੇ 'ਤੇ ਸੁਹਾਗਾ ਹੋਵੇਗਾ। ਇਨ੍ਹਾਂ ਦੇ ਮਨ ਵਿਚ ਗਾਉਣ ਦੀ ਤਾਂ ਪਹਿਲਾਂ ਹੀ ਹੁੱਬ ਸੀ ਪਰ ਇਨ੍ਹਾਂ ਦੇ ਪਿਤਾ ਖੇਤੀ ਦੇ ਕੰਮ ਨਾਲੋਂ ਇਸ ਨੂੰ ਨਖਿੱਧ ਕੰਮ ਸਮਝਦੇ ਸਨ। ਖੈਰ! ਇਨ੍ਹਾਂ ਨੇ ਕਿਸੇ ਦੇ ਰਾਹੀਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦਾਖਲ ਹੋਣ ਲਈ ਦਰਖਾਸਤ ਭੇਜ ਦਿੱਤੀ। ਇਨ੍ਹਾਂ ਨੂੰ ਸੱਦਾ ਵੀ ਪ੍ਰਾਪਤ ਹੋ ਗਿਆ ਪਰ ਕੁਝ ਦਿਨ ਸ਼ਰੀਕਾਂ ਨੇ ਦੱਬੀ ਰੱਖਿਆ। ਗੁਰਮਤਿ ਸੰਗੀਤ ਦੀ ਸੂਝ-ਸਮਝ ਪ੍ਰਾਪਤ ਕਰਨ 'ਚ ਇਨ੍ਹਾਂ ਦੀ ਸਤਿਕਾਰਤ ਮਾਤਾ ਨੇ ਵਿਸ਼ੇਸ਼ ਰੁਚੀ ਦਿਖਾਈ। ਉਨ੍ਹਾਂ ਨੇ ਆਪਣੀ ਸੋਨੇ ਦੀ ਛਾਪ ਭਾਈ ਨਿਰਮਲ ਸਿੰਘ ਨੂੰ ਦਿੱਤੀ ਤੇ ਕਿਹਾ ਕਿ ਦੂਜੇ ਪਿੰਡ ਵੇਚ ਕੇ ਦਾਖਲਾ ਲੈਣ ਵਾਸਤੇ ਕੱਪੜਿਆਂ ਦਾ ਪ੍ਰਬੰਧ ਅਤੇ ਆਉਣ ਜਾਣ ਆਦਿ ਦਾ ਖਰਚਾ ਕਰ ਲੈ, ਪਰ ਪਿਤਾ ਤੋਂ ਚੋਰੀ। ਤੇਜਾ ਸਿੰਘ ਸਮੁੰਦਰੀ ਹਾਲ 'ਚ ਦਾਖਲੇ ਵਾਸਤੇ ਪ੍ਰੀਖਿਆ ਲਈ ਜਾ ਰਹੀ ਸੀ। ਇਹ ਵੀ ਵਾਂਟਾਂ ਵਾਲਾ ਪਜਾਮਾ ਪਾਈ, ਸਿਰ 'ਤੇ ਸਾਫਾ ਬੰਨ੍ਹ ਕੇ ਹਾਜ਼ਰ ਹੋ ਗਏ। ਪ੍ਰੀਖਿਆ ਲੈਣ ਵਾਲਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਧਰਮ ਪ੍ਰਚਾਰ ਕਮੇਟੀ ਮੈਂਬਰ ਗੁਰਬਖਸ਼ ਸਿੰਘ, ਪ੍ਰਿੰ. ਹਰਿਭਜਨ ਸਿੰਘ (ਸ਼ਹੀਦ ਸਿੱਖ ਮਿਸ਼ਨਰੀ ਕਾਲਜ) ਅਤੇ ਸੰਗੀਤ ਦੇ ਉਸਤਾਦ ਪ੍ਰੋ. ਅਵਤਾਰ ਸਿੰਘ ਨਾਜ਼ ਸਨ। ਇਨ੍ਹਾਂ ਨੂੰ ਪੁੱਛਿਆ ਗਿਆ ਕਿ ਕੋਈ ਸ਼ਬਦ ਆਉਂਦਾ ਹੈ, ਇਨ੍ਹਾਂ ਨੇ 'ਹਾਂ' ਕਰ ਦਿੱਤੀ; ਹਾਲਾਂਕਿ ਉਸ ਸਮੇਂ ਇਨ੍ਹਾਂ ਨੂੰ ਸ਼ਬਦ ਤੇ ਗੀਤ ਦੇ ਅੰਤਰ ਦਾ ਅਨੁਭਵ ਨਹੀਂ ਸੀ।



ਸਾਲ 2009 ਵਿਚ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਤੋਂ ਪਦਮਸ੍ਰੀ ਸਨਮਾਨ ਪ੍ਰਾਪਤ ਕਰਦੇ ਹੋਏ ਭਾਈ ਨਿਰਮਲ ਸਿੰਘ ਖਾਲਸਾ

ਇਨ੍ਹਾਂ ਨੇ ਨਰਿੰਦਰ ਬੀਬਾ ਦਾ ਧਾਰਮਿਕ ਗੀਤ ਗਾ ਕੇ ਸੁਣਾਇਆ:

ਕਲਗੀਧਰ ਪੰਥ ਪਿਆਰੇ ਦਾ,  
ਇਕ ਹੁਕਮ ਵਜਾ ਕੇ ਤੁਰ ਚਲਿਆ,  
ਚਮਕੌਰ ਗੜ੍ਹੀ ਦੀਆਂ ਕੰਧਾਂ ਨੂੰ  
ਸੋਚਾਂ 'ਚ ਪਾ ਕੇ ਤੁਰ ਚਲਿਆ।

ਦੂਜਾ ਗੀਤ, ਜਿਸ ਨੂੰ ਵੀ ਇਹ ਸ਼ਬਦ ਹੀ ਸਮਝਦੇ ਸਨ, ਇਨ੍ਹਾਂ ਕੰਨ 'ਤੇ ਹੱਥ ਰੱਖ ਕੇ ਸੁਣਾਇਆ,

ਚੰਨ ਮਾਤਾ ਗੁਜਰੀ ਦਾ  
ਸੁੱਤਾ ਕੰਡਿਆ ਦੀ ਸੇਜ ਵਿਛਾਈ।

ਪਾਰਖੂ ਸ਼ਖਸੀਅਤਾਂ ਨੇ ਪਛਾਣ ਲਿਆ ਕਿ ਜੇ ਇਸ ਨੌਜਵਾਨ ਦੇ ਗਾਉਣ ਦੇ ਸ਼ੌਕ ਤੇ ਕੁਦਰਤੀ ਅਵਾਜ਼ ਨੂੰ ਤਰਾਸ਼ਿਆ ਜਾਵੇ ਤਾਂ ਨਿਵੇਕਲੀ ਸ਼ਖਸੀਅਤ ਦੀ ਘਾੜਤ ਬਣ ਸਕਦੀ ਹੈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਉਸਤਾਦਾਂ ਦੀ ਮਾਰ, ਭਾਈ ਨਿਰਮਲ ਸਿੰਘ ਦੀ ਜਿਗਿਆਸਾ, ਮਿਹਨਤ, ਲਗਨ ਤੇ ਸਿਰੜ ਨੇ ਇਸ ਵਾਗੀ ਮੁੰਡੇ ਨੂੰ ਸਿਰਤਾਜ ਰਾਗੀ ਹੋਣ ਦਾ ਮਾਣ ਸਤਿਕਾਰ ਦਿਵਾਇਆ।

ਗੁਰਮਤਿ ਸੰਗੀਤ ਦੀ ਸੂਝ-ਸਮਝ ਅਤੇ ਸਿੱਖਿਆ ਪ੍ਰਾਪਤ ਕਰਕੇ ਭਾਈ ਨਿਰਮਲ ਸਿੰਘ ਦੀ ਪਹਿਲੀ ਨਿਯੁਕਤੀ ਬਤੌਰ ਰਾਗੀ ਗੁਰਦੁਆਰਾ ਬੰਗਲਾ ਸਾਹਿਬ ਰੋਹਤਕ (ਹਰਿਆਣਾ) ਵਿਖੇ ਹੋਈ ਅਤੇ 1978 ਵਿਚ ਕੁਝ ਮਹੀਨੇ ਇਨ੍ਹਾਂ ਨੇ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ 'ਚ ਕੰਡਕਟਰ ਦੀ ਡਿਊਟੀ ਵੀ ਕੀਤੀ। ਇਸ ਸਮੇਂ ਹੀ ਇਨ੍ਹਾਂ ਨੇ ਪਹਿਲੀ ਰਚਨਾ ਕਿਸਾਨੀ ਦੀ ਮੰਦਹਾਲੀ ਬਾਰੇ ਲਿਖੀ ਜੋ ਨਵ ਭਾਰਤ ਟਾਈਮਜ਼, ਦਿੱਲੀ 'ਚ ਪ੍ਰਕਾਸ਼ਿਤ ਹੋਈ। ਕੁਝ ਸਮੇਂ ਪਿਛੋਂ ਗੁਰਮਤਿ ਸੰਗੀਤ ਦਾ ਸਿਖਿਆਰਥੀ, ਗੁਰਮਤਿ ਸੰਗੀਤ ਅਧਿਆਪਕ ਬਣ ਰਿਸ਼ੀਕੇਸ਼ ਵਿਖੇ ਕਾਰਜਸ਼ੀਲ ਹੋਇਆ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਬੁੱਢਾ ਜੋਹੜ (ਰਾਜਸਥਾਨ) ਵਿਖੇ ਵੀ ਇਨ੍ਹਾਂ ਨੇ ਦੋ ਸਾਲ ਗੁਰਮਤਿ ਸੰਗੀਤ ਦੀ ਤਾਲੀਮ ਵਿਦਿਆਰਥੀਆਂ ਨੂੰ ਦਿੱਤੀ।

1979 'ਚ ਭਾਈ ਨਿਰਮਲ ਸਿੰਘ ਦੀ ਚਿਰਕੋਣੀ ਰੀਝ ਸੱਚਖੰਡ, ਸ੍ਰੀ ਹਰਿਮੰਦਰ ਸਾਹਿਬ 'ਚ ਭਾਈ ਗੁਰਮੇਜ ਸਿੰਘ ਹਜ਼ੂਰੀ ਰਾਗੀ ਨਾਲ ਸਹਾਇਕ ਰਾਗੀ ਵਜੋਂ ਨਿਯੁਕਤ ਹੋ ਕੇ ਪੂਰੀ ਹੋਈ। 1985 ਤੱਕ ਭਾਈ ਗੁਰਮੇਜ ਸਿੰਘ ਨਾਲ ਸਹਾਇਕ ਰਾਗੀ ਵਜੋਂ ਸੇਵਾ ਨਿਭਾ ਕੇ ਇਨ੍ਹਾਂ ਨੇ 1986 ਵਿਚ ਆਪਣਾ ਰਾਗੀ ਜਥਾ ਬਣਾ ਲਿਆ।

1984 ਵਿਚ ਵਾਪਰੇ ਘੱਲੂਘਾਰੇ ਦਾ ਦਰਦ ਇਨ੍ਹਾਂ ਸੱਚਖੰਡ, ਸ੍ਰੀ ਹਰਿਮੰਦਰ ਸਾਹਿਬ 'ਚ ਹੰਢਾਇਆ, ਜਿਸ ਨੂੰ ਇਹ ਕਦੇ ਭੁਲਾ ਨਹੀਂ ਸਕੇ। ਬਹੁਤ ਲੰਮੇ ਸਮੇਂ ਤੋਂ ਭਾਈ ਦਰਸ਼ਨ ਸਿੰਘ ਸਹਾਇਕ ਰਾਗੀ ਅਤੇ ਭਾਈ ਕਰਤਾਰ ਸਿੰਘ ਤਬਲੇ 'ਤੇ ਇਨ੍ਹਾਂ ਨਾਲ ਸੰਗਤ ਕਰਦੇ ਰਹੇ ਹਨ। ਭਾਈ ਨਿਰਮਲ ਸਿੰਘ ਦਾ ਮੰਨਣਾ ਹੈ ਕਿ ਗੁਰੂ ਰਾਮਦਾਸ ਦੇ ਦਰਬਾਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਹੋ ਕੇ ਵਿਚਰਨਾ ਤੇ ਜੀਵਨ ਜਿਊਣਾ ਸਭ ਤੋਂ ਸਤਿਕਾਰਮਈ ਤੇ ਮਾਣਯੋਗ ਹੈ, ਪਰ ਸੰਸਾਰ ਵਿਚ ਵਿਚਰਦਿਆਂ ਇਹ ਮਾਰਗ ਏਨਾ ਆਸਾਨ ਤੇ ਸੁਖਾਲਾ ਵੀ ਨਹੀਂ, ਸਗੋਂ ਬਿਖਮ-ਬਿਖੜਾ ਤੇ ਮੁਸ਼ਕਿਲਾਂ ਭਰਿਆ ਵੀ ਹੈ। ਸੰਸਾਰ 'ਚ ਧਾਰਮਿਕ ਹੋ ਵਿਚਰਨਾ ਆਸਾਨ ਹੈ, ਪਰ ਸੰਸਾਰਕ ਰੰਗ ਤਮਾਸ਼ਿਆਂ, ਸੁਖ-ਸਹੂਲਤਾਂ ਦਾ ਤਿਆਗ ਕਰਨਾ ਪੈਂਦਾ ਹੈ। ਧਾਰਮਿਕ ਵਿਅਕਤੀ ਵਾਸਤੇ ਨੇਮਬੱਧ, ਅਨੁਸ਼ਾਸਨਮਈ, ਧਰਮੀ ਜੀਵਨ ਜਿਊਣਾ ਆਸਾਨ ਹੈ, ਪਰ ਲੋਕਾਈ ਦੀਆਂ ਨਜ਼ਰਾਂ 'ਚ ਅਜਿਹਾ ਰਹਿਣਾ ਬਹੁਤ ਬਿਖੜਾ ਹੈ।

ਭਾਈ ਨਿਰਮਲ ਸਿੰਘ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ 'ਚ ਗਾਉਣ ਦੀ ਮੁਹਾਰਤ ਰੱਖਦੇ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ 'ਚ ਸ਼ਬਦ ਗਾਇਨ ਕਰਕੇ ਪੁਰਾਤਨ ਕੀਰਤਨ ਸ਼ੈਲੀ ਨੂੰ ਬਹਾਲ ਕੀਤਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਵਜੋਂ ਕੀਰਤਨ ਸੇਵਾ ਕਰਦਿਆਂ ਇਨ੍ਹਾਂ ਨੇ ਪੰਜਾਂ ਤਖਤਾਂ, ਦੇਸ਼-ਵਿਦੇਸ਼ 'ਚ ਸਥਿਤ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ, ਕੀਰਤਨ ਦਰਬਾਰਾਂ ਤੇ ਪ੍ਰਸਿਧ ਸਟੇਜਾਂ 'ਤੇ ਕੀਰਤਨ ਰਾਹੀਂ ਹਾਜ਼ਰੀ ਭਰ ਕੇ ਨਾਮਣਾ ਖੱਟਿਆ।

ਗੁਰਬਾਣੀ ਨੂੰ ਪੁਰਾਤਨ ਰੀਤਾਂ ਅਨੁਸਾਰ ਤੰਤੀ ਸਾਜ਼ਾਂ ਨਾਲ ਗਾ ਕੇ ਇਹ ਰੂਹਾਨੀ ਅਨੁਭਵ ਮਹਿਸੂਸ ਕਰਦੇ ਸਨ। ਭਾਈ ਨਿਰਮਲ ਸਿੰਘ ਗੁਰਮਤਿ ਸੰਗੀਤ ਦੇ ਮੁਢਲੇ ਸਾਜ਼ ਰਬਾਬ, ਤਾਊਸ, ਦਿਲਰੁਬਾ, ਅਸਰਾਜ, ਵਚਿੱਤਰ-ਵੀਣਾ, ਸਰੋਦ, ਤਾਨਪੂਰਾ ਆਦਿ ਨੂੰ ਗੁਰਮਤਿ ਸੰਗੀਤ ਲਈ ਉਤਮ ਮੰਨਦੇ ਸਨ। ਭਾਈ ਸਾਹਿਬ ਨੂੰ ਪੜਤਾਲ ਗਾਇਕੀ, ਧਰੁਪਦ ਗਾਇਕੀ, ਖਿਆਲ ਗਾਇਕੀ, ਪੁਰਾਤਨ ਬੰਦਿਸ਼ਾਂ, ਰੀਤਾਂ ਨੂੰ ਵੱਖ-ਵੱਖ ਤਾਲਾਂ ਜਿਵੇਂ ਚਾਰਤਾਲ, ਝੱਪਤਾਲ, ਆੜਾ ਚਾਰ ਤਾਲ, ਸੂਲ ਤਾਲ, ਛੋਟਾ ਤੀਨਤਾਲ, ਇਕਤਾਲ, ਫਰੋਦਸਤ, ਰੂਪਕ, ਦੀਪ ਚੰਦੀ, ਦਾਦਰਾ, ਕਹਿਰਵਾ ਆਦਿ 'ਚ ਗਾਉਣ ਦਾ ਵਿਸ਼ੇਸ਼ ਅਨੰਦ ਆਉਂਦਾ ਸੀ। ਭਾਰਤੀ ਸੰਗੀਤ ਪਰੰਪਰਾ ਨਾਲ ਸਬੰਧਿਤ ਮਾਲ ਕੌਂਸ, ਚੰਦਰ ਕੌਂਸ, ਬਾਗੇਸ਼ਵਰੀ, ਪਹਾੜੀ, ਪੀਲੂ, ਅਹੀਰ ਭੈਰਵੀ ਪਟਦੀਪ, ਕਿਰਵਾਨੀ, ਮਾਰਵਾ, ਭੈਰਵੀ ਆਦਿ ਰਾਗਾਂ 'ਚ ਵੀ ਗਾਉਣਾ ਉਨ੍ਹਾਂ ਦੇ ਮਨ ਨੂੰ ਭਾਉਂਦਾ ਸੀ।

ਭਾਰਤ ਭਰ ਦੀਆਂ ਪ੍ਰਸਿਧ ਰਿਕਾਰਡਿੰਗ ਕੰਪਨੀਆਂ ਟੀ-ਸੀਰੀਜ਼, ਮਿਊਜ਼ਿਕ ਟੂਡੇ, ਟਿਪਸ, ਫਾਈਨਟੱਚ, ਮਿਊਜ਼ਿਕ ਮੈਮਰੀਜ਼ ਆਦਿ ਨੇ 50 ਤੋਂ ਵਧੇਰੇ ਰਿਕਾਰਡ, ਟੇਪਾਂ, ਸੀਡੀਜ਼, ਡੀ.ਵੀ.ਡੀ, ਵੀਡੀਉ ਆਦਿ ਰਾਹੀਂ ਭਾਈ ਨਿਰਮਲ ਸਿੰਘ ਦੀ ਕੀਰਤਨ ਸ਼ੈਲੀ ਨੂੰ ਸੰਭਾਲਣ ਦਾ ਯਤਨ ਕੀਤਾ।

ਵੱਖ-ਵੱਖ ਰਾਗਾਂ 'ਚ ਹਜ਼ਾਰਾਂ ਸ਼ਬਦ ਗਾਇਨ ਕਰ ਚੁਕੇ ਭਾਈ ਸਾਹਿਬ ਨੇ ਮਿੱਠੀ ਸੁਰੀਲੀ ਅਵਾਜ਼ 'ਚ ਗੁਰੂ ਅਰਜਨ ਦੇਵ ਜੀ ਦੀ ਪਾਵਨ ਰਚਨਾ ਸੁਖਮਨੀ ਸਾਹਿਬ ਨੂੰ ਗਾਉੜੀ ਰਾਗ 'ਚ ਗਾਇਨ ਕੀਤਾ, ਜਿਸ ਨੂੰ ਸਰੋਤਿਆਂ ਨੇ ਬੇਹੱਦ ਸਲਾਹਿਆ। ਹਜ਼ਾਰਾਂ ਗੁਰਮਤਿ ਸੰਗੀਤ ਤੇ ਸੂਫੀ ਗਾਇਕੀ ਦੇ ਪ੍ਰੇਮੀਆਂ ਦੀ ਰੀਝ ਨੂੰ ਪੂਰਾ ਕਰਨ ਵਾਸਤੇ ਇਨ੍ਹਾਂ ਨੇ ਬਾਬਾ ਫਰੀਦ ਜੀ ਦੇ ਸਲੋਕਾਂ ਨੂੰ ਸੂਫੀਆਨਾ ਅੰਦਾਜ਼ 'ਚ ਗਾਇਆ। ਭਾਈ ਸੁਰਜਨ ਸਿੰਘ ਵਲੋਂ ਗਾਇਨ ਕੀਤੀ ਗਈ ਆਸਾ ਦੀ ਵਾਰ ਪਿਛੋਂ ਭਾਈ ਨਿਰਮਲ ਸਿੰਘ ਦੀ ਗਾਇਨ ਕੀਤੀ ਆਸਾ ਦੀ ਵਾਰ ਨੂੰ ਗੁਰਬਾਣੀ ਪ੍ਰੇਮੀਆਂ ਨੇ ਏਨਾ ਪਸੰਦ ਕੀਤਾ ਹੈ ਕਿ ਹੁਣ ਤੱਕ ਉਸ ਦੀਆਂ 60 ਲੱਖ ਸੀ.ਡੀਜ਼ ਵਿਕ ਚੁਕੀਆਂ ਹਨ।

ਭਾਈ ਨਿਰਮਲ ਸਿੰਘ ਦੀ ਸ਼ਖਸੀਅਤ ਬਹੁਭਾਂਤੀ ਸੀ, ਜਿਸ ਨੂੰ ਸਮਝਣਾ ਏਨਾ ਆਸਾਨ ਨਹੀਂ ਸੀ। ਉਹ ਇਕੋ ਹੀ ਸਮੇਂ ਸੰਸਾਰ ਪ੍ਰਸਿਧ ਗੁਰੂ-ਘਰ ਦੇ ਕੀਰਤਨੀਏ, ਗੁਰਮਤਿ ਸੰਗੀਤ ਅਚਾਰੀਆ, ਦੂਰ ਦ੍ਰਿਸ਼ਟੀ ਰੱਖਣ ਵਾਲੇ ਲੇਖਕ, ਦੁਨੀਆਂ ਦੇਖਣ-ਮਾਣਨ ਦੇ ਚਾਹਵਾਨ, ਯਾਰਾਂ ਦੇ ਯਾਰ ਸਨ। ਇਨ੍ਹਾਂ ਦੇ ਪ੍ਰਸ਼ੰਸਕਾਂ, ਚਾਹੁਣ ਵਾਲਿਆਂ, ਸ਼ੁਭਚਿੰਤਕਾਂ, ਦੋਸਤਾਂ, ਮਿੱਤਰਾਂ ਦਾ ਘੇਰਾ ਬਹੁਤ ਵਿਸ਼ਾਲ ਸੀ। ਮੇਰੇ ਜਿਹੇ ਸੁਦਾਮਿਆਂ ਤੋਂ ਲੈ ਕੇ ਸਮਾਜਕ, ਧਾਰਮਿਕ, ਰਾਜਨੀਤਕ, ਪ੍ਰਸ਼ਾਸਨਿਕ ਉਚ ਪਦਵੀਆਂ ਤੇ ਅਹੁਦਿਆਂ 'ਤੇ ਬਿਰਾਜਮਾਨ ਸ਼ਖਸੀਅਤਾਂ ਨਾਲ ਇਨ੍ਹਾਂ ਦੀਆਂ ਵਿਚਾਰਾਂ, ਖਾਣ-ਪੀਣ, ਚਲਣ-ਫਿਰਨ, ਘੁੰਮਣ ਦੀ ਸਾਂਝ ਬਹੁਤ ਪੁਰਾਣੀ ਸੀ। ਕੀਰਤਨ ਖੇਤਰ 'ਚ ਨਵੇਂ ਕੀਰਤੀਮਾਨ ਸਥਾਪਿਤ ਕਰਨ ਕਾਰਨ ਇਨ੍ਹਾਂ ਦੀ ਪਹੁੰਚ ਤੇ ਸੁਣਵਾਈ ਦੇਸ਼-ਵਿਦੇਸ਼ 'ਚ ਉਚ ਅਧਿਕਾਰੀਆਂ ਤੇ ਪਦਵੀ ਤੱਕ ਸਹਿਜ ਸੁਭਾਅ ਸੀ।

ਵਿਸ਼ਵ ਪ੍ਰਸਿਧ ਗਜ਼ਲ ਗਾਇਕ ਗੁਲਾਮ ਅਲੀ ਖਾਂ ਸਾਹਿਬ ਨੂੰ ਭਾਈ ਨਿਰਮਲ ਸਿੰਘ ਨੇ ਉਸਤਾਦ ਧਾਰਨ ਕੀਤਾ ਹੋਇਆ ਸੀ। ਸੰਗੀਤਕ ਸਾਂਝ ਕਾਰਨ ਇਹ ਰਿਸ਼ਤਾ ਉਸਤਾਦ ਸ਼ਾਗਿਰਦ ਦਾ ਹੈ, ਪਰ ਇਨ੍ਹਾਂ 'ਚ ਗੂੜ੍ਹੀ ਆੜੀ ਅਤੇ ਯਾਰੀ ਵੀ ਸੀ।

ਭਾਈ ਨਿਰਮਲ ਸਿੰਘ 'ਚ ਘੁੰਮਣ-ਫਿਰਨ, ਵੱਖ-ਵੱਖ ਧਰਮਾਂ, ਜਾਤਾਂ, ਸਭਿਆਚਾਰਾਂ ਦੇ ਲੋਕਾਂ ਨੂੰ ਮਿਲਣ ਦੀ ਪ੍ਰਬਲ ਰੀਝ ਸੀ, ਜਿਸ ਸਦਕਾ ਇਨ੍ਹਾਂ ਨੂੰ ਭਾਰਤ ਭਰ ਦੇ ਭਰਮਣ ਤੋਂ ਇਲਾਵਾ ਦੁਨੀਆ ਦੇ 55 ਦੇਸ਼ਾਂ 'ਚ ਵਾਰ-ਵਾਰ ਜਾਣ-ਆਉਣ ਦਾ ਮੌਕਾ ਪ੍ਰਾਪਤ ਹੋਇਆ। ਇਨ੍ਹਾਂ ਸਫਰਾਂ ਦੀ ਕਹਾਣੀ, ਇਨ੍ਹਾਂ ਦੇ ਵਿਸ਼ਾਲ ਡਰਾਇੰਗ ਰੂਮ 'ਚ ਸਜਾਏ ਹੋਏ ਸਰਟੀਫਿਕੇਟਾਂ, ਸਨਮਾਨ-ਚਿੰਨ੍ਹਾਂ, ਤਸ਼ਤਰੀਆਂ, ਟੇਪਾਂ, ਸੀ. ਡੀ. ਆਦਿ ਤੋਂ ਪ੍ਰੱਤਖ ਪੜ੍ਹੀ ਜਾ ਸਕਦੀ ਹੈ।

ਭਾਰਤ ਦੇ ਸਤਿਕਾਰਤ ਸਨਮਾਨ ਪਦਮਸ੍ਰੀ ਦੀ ਪ੍ਰਾਪਤੀ ਕਰਕੇ ਵੀ ਸੰਸਾਰ ਦੇ ਇਕਲੌਤੇ ਗੁਰੂ-ਘਰ ਦੇ ਕੀਰਤਨੀਏ ਭਾਈ ਨਿਰਮਲ ਸਿੰਘ ਦਾ ਕਹਿਣਾ ਸੀ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਗੁਰੂ ਰਾਮਦਾਸ ਦੇ ਪਾਵਨ ਦਰਬਾਰ ਤੋਂ ਹੋਈਆਂ ਪ੍ਰਾਪਤੀਆਂ ਤੇ ਸੰਗਤਾਂ ਵਲੋਂ ਮਿਲੇ ਪਿਆਰ-ਅਸੀਸਾਂ ਦੇ ਸਨਮੁੱਖ ਸੰਸਾਰਕ ਸਨਮਾਨ ਤੁੱਛ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਮੈਂ ਜੋ ਕੁਝ ਵੀ ਹਾਂ, ਸਭ ਸ਼ਬਦ ਗੁਰੂ ਦੀ ਕਮਾਈ ਤੇ ਗੁਰਬਾਣੀ ਨੂੰ ਸਮਰਪਿਤ ਹੋਣ ਦੀ ਪ੍ਰਤੱਖ ਕਰਾਮਾਤ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਮੰਡ ਖੇਤਰ ਦੇ ਬੇਲਿਆਂ-ਬਰੇਤਿਆਂ ਤੇ ਦਲਦਲੀ ਛੰਭਾਂ ਤੋਂ ਭਾਰਤ ਦੇ ਰਾਸ਼ਟਰਪਤੀ ਭਵਨ, ਪ੍ਰਧਾਨ ਮੰਤਰੀ ਨਿਵਾਸ, ਕੈਨੇਡਾ ਦੀ ਪਾਰਲੀਮੈਂਟ ਤੱਕ ਦਾ ਬਿਖਮ-ਬਿਖੜਾ ਤੇ ਲੰਮੇਰਾ ਸਫਰ, ਸ਼ਬਦ ਗੁਰੂ ਦੇ ਆਸਰੇ, ਸੁਰਤਾਲ ਦੀ ਮੁਹਾਰਤ ਸਦਕਾ ਸਹਿਜ-ਸੁਖਾਵਾਂ ਤੇ ਸੁਹਾਵਣਾ ਹੋ ਨਿਬੜਿਆ।



ਭਾਈ ਨਿਰਮਲ ਸਿੰਘ ਸੁਭਾਅ ਦੇ ਖੁੱਲ੍ਹੇ, ਬੇਬਾਕ, ਪਰ ਸਿੱਖੀ ਸਿਦਕ ਭਰੋਸਾ ਤੇ ਦਰਦ ਰੱਖਣ ਵਾਲੇ ਸਨ। ਇਟਲੀ ਦੇ ਏਅਰਪੋਰਟ 'ਤੇ ਜੇ ਸਿੱਖਾਂ ਦੀ ਦਸਤਾਰ ਉਤਾਰ ਕੇ ਚੈੱਕ ਕਰਨ ਦੀ ਸ਼ਰਮਨਾਕ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਤਾਂ ਇਨ੍ਹਾਂ ਨੇ ਛੁਪਾਇਆ ਨਹੀਂ, ਸਗੋਂ ਸਭ ਤੋਂ ਪਹਿਲੇ ਸਿੱਖੀ ਦੀ ਸ਼ਾਨ ਦਸਤਾਰ ਦੇ ਸਤਿਕਾਰ ਤੇ ਸਵੈਮਾਣ ਦੀ ਬਹਾਲੀ ਵਾਸਤੇ ਭਾਰਤ ਸਰਕਾਰ ਵਲੋਂ ਇਨ੍ਹਾਂ ਨੂੰ ਪ੍ਰਦਾਨ ਕੀਤੇ ਵੱਕਾਰੀ ਸਨਮਾਨ ਪਦਮਸ੍ਰੀ ਨੂੰ ਵਾਪਸ ਕਰਨ ਦਾ ਫੈਸਲਾ ਕਰ ਲਿਆ ਸੀ। ਇਨ੍ਹਾਂ ਦੀ ਪਹਿਲ ਸਦਕਾ ਹੀ ਇਹ ਮਸਲਾ ਦੇਸ਼ ਦੁਨੀਆਂ ਵਿਚ ਭਖਿਆ ਤੇ ਅੰਤ ਨੂੰ ਹੱਲ ਹੋ ਗਿਆ।

ਗੁਰਬਾਣੀ ਗਾਇਨ ਤੋਂ ਇਲਾਵਾ ਭਾਈ ਨਿਰਮਲ ਸਿੰਘ ਨੂੰ ਲਿਖਣ ਕਲਾ 'ਚ ਵੀ ਮੁਹਾਰਤ ਸੀ। ਵੱਖ-ਵੱਖ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਲਿਖਣ ਤੋਂ ਇਲਾਵਾ ਉਨ੍ਹਾਂ ਨੇ ਦੋ ਪੁਸਤਕਾਂ-'ਗੁਰਮਤਿ ਸੰਗੀਤ ਦੇ ਅਨਮੋਲ ਹੀਰੇ' ਅਤੇ 'ਪ੍ਰਸਿਧ ਕੀਰਤਨਕਾਰ ਬੀਬੀਆਂ' ਵੀ ਲਿਖੀਆਂ।

ਸ਼ਰਧਾਂਜਲੀ

# ਦੁੱਖ ਭੰਜਨੀ ਦਾ ਬੇਰ: ਭਾਈ ਨਿਰਮਲ ਸਿੰਘ

ਸ਼ੋਸ਼ਲ ਮੀਡੀਏ 'ਤੇ ਦੋ ਦਿਨ ਪਹਿਲਾਂ ਚਰਚਾ ਸੀ ਕਿ ਕੀਰਤਨ ਸਮਰਾਟ ਪਦਮਸ਼੍ਰੀ ਭਾਈ ਨਿਰਮਲ ਕਰੋਨਾ ਪਾਜ਼ੇਟਿਵ ਹਨ। ਫਿਰ ਅੰਮ੍ਰਿਤ ਵੇਲੇ ਖਬਰ ਆਈ ਕਿ ਉਹ ਚੱਲ ਵਸੇ ਹਨ। ਇਹ ਖਬਰ ਇਵੇਂ ਲੱਗੀ, ਜਿਵੇਂ ਸਾਡੀ ਕੀਰਤਨ ਪਰੰਪਰਾ 'ਤੇ ਬੰਬ ਡਿੱਗ ਪਿਆ ਹੋਵੇ, ਜਿਵੇਂ ਸਭ ਤਹਿਸ-ਨਹਿਸ ਹੋ ਗਿਆ ਹੋਵੇ ਤੇ ਕੁਛ ਵੀ ਨਾ ਬਚਿਆ ਹੋਵੇ।

ਕਰੋਨਾ ਦੀ ਭਿਆਨਕਤਾ 'ਤੇ ਯਕੀਨ ਨਹੀਂ ਸੀ ਆਉਂਦਾ। ਚੁਟਕਲੇ ਸੁਝਦੇ ਸਨ ਕਿ ਜਨਤਾ ਐਵੇਂ ਡਰੀ ਹੋਈ ਹੈ। ਅੱਜ ਯਕੀਨ ਹੋ ਗਿਆ ਹੈ



ਕਿ ਇਹ ਸੱਚਮੁਚ ਮਹਾਮਾਰੀ ਹੈ। ਹੁਣ ਬੇਸ਼ੱਕ ਕਰੋਨਾ ਕਿਸੇ ਨੂੰ ਕੁਝ ਨਾ ਕਹੇ, ਪਰ ਸਾਡੀ ਦੁੱਖ ਭੰਜਨੀ ਦਾ ਬੇਰ ਤੋੜ ਕੇ ਲੈ ਗਿਆ ਹੈ; ਉਹ ਵੀ

**ਅਵਤਾਰ ਸਿੰਘ (ਪ੍ਰੋ.)**
**ਫੋਨ:** 91-94175-18384
**ਈਮੇਲ:** avtar61@gmail.com

ਟੀਸੀ ਦਾ।

ਕਈ ਸਾਲ ਹੋਏ, ਉਹ ਹਰ ਰੋਜ਼ ਅੰਮ੍ਰਿਤ ਵੇਲੇ ਬਾਣੀ ਦੀ ਤੁਕ ਅਤੇ ਫਤਿਹ ਲਿਖ ਕੇ ਵੱਟਸਐਪ ਕਰਦੇ ਸਨ ਤੇ ਮੈਂ ਉਨ੍ਹਾਂ ਨੂੰ ਹਰ ਰੋਜ਼ ਤਾਜ਼ੇ ਫੁੱਲ ਦੀ ਫੋਟੋ ਖਿੱਚ ਕੇ ਤੇ ਨਾਲ ਕੁਛ ਨਾ ਕੁਛ ਲਿਖ ਕੇ ਭੇਜਦਾ ਸਾਂ। ਚਾਰ ਦਿਨ ਤੋਂ ਉਨ੍ਹਾਂ ਦਾ ਕੋਈ ਮੈਸੇਜ ਨਹੀਂ ਸੀ ਆਇਆ; ਆਇਆ ਤਾਂ ਕਿਹੜਾ ਆਇਆ!

ਉਨ੍ਹਾਂ ਨਾਲ ਮੇਰਾ ਸਬੰਧ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸੀ। ਮੈਂ ਉਥੇ ਪੜ੍ਹਦਾ ਸੀ ਤੇ ਅਸੀਂ 'ਸਰਬੱਤ ਸੇਵਾ ਸੁਸਾਇਟੀ' ਦੇ ਨਾਂ ਹੇਠ ਹਰ ਸਾਲ ਦਸਮ ਪਿਤਾ ਦਾ ਆਗਮਨ ਦਿਵਸ ਮਨਾਉਂਦੇ ਸਾਂ। ਸ਼ਾਇਦ 1991-92ਵੇਂ ਵਿਚ ਅਸੀਂ ਭਾਈ ਸਾਹਿਬ ਨੂੰ ਯੂਨੀਵਰਸਿਟੀ ਬੁਲਾਇਆ ਸੀ। ਉਨ੍ਹਾਂ ਨੇ ਦੀਵਾਨ ਵਿਚ ਬਸੰਤ ਰਾਗ ਗਾਇਆ ਤੇ ਸਭ ਨੂੰ ਨਿਹਾਲ ਕਰ ਦਿੱਤਾ।

ਉਨ੍ਹਾਂ ਨੂੰ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਠਹਿਰਾਇਆ ਸੀ। ਰਾਤ ਨੂੰ ਅਸੀਂ ਉਨ੍ਹਾਂ ਨੂੰ ਫਿਰ ਮਿਲਣ ਚਲੇ ਗਏ। ਮੈਂ ਸ਼ਬਦ ਸੁਣਨ ਲਈ ਬੇਨਤੀ ਕੀਤੀ ਤਾਂ ਉਹ ਕਹਿਣ ਲੱਗੇ, ਅੰਮ੍ਰਿਤ ਵੇਲੇ ਆਉਣਾ।

ਅਸੀਂ ਪੰਜ-ਸੱਤ ਜਾਣੇ ਇਕੱਠੇ ਹੋ ਕੇ ਅੰਮ੍ਰਿਤ ਵੇਲੇ ਫਿਰ ਚਲੇ ਗਏ। ਭਾਈ ਸਾਹਿਬ ਤਿਆਰ ਬਰ ਤਿਆਰ ਬੈਠੇ ਸਨ ਤੇ ਸਾਨੂੰ ਉਡੀਕ ਹੀ ਰਹੇ ਸਨ। ਕਹਿਣ ਲੱਗੇ, ਕਿਤੇ ਖੁੱਲ੍ਹੇ ਅਸਮਾਨ ਹੇਠ ਬੈਠਦੇ ਹਾਂ। ਅਸੀਂ ਉਨ੍ਹਾਂ ਦੇ ਸਾਜ ਚੁੱਕੇ ਤੇ ਯੂਨੀਵਰਸਿਟੀ ਦੇ ਬੂਟੈਨੀਕਲ ਗਾਰਡਨ 'ਚ ਚਲੇ ਗਏ। ਚਾਰੇ ਪਾਸੇ ਫੁੱਲ ਖਿੜੇ ਹੋਏ। ਕਿਤੇ ਡਬਲ ਡੇਲੀਆ ਤੇ ਕਿਤੇ ਕੰਵਲ, ਕਿਤੇ ਗੁਲਦੌਦੀ ਕਿਤੇ ਗੁਲਾਬ, ਕਿਤੇ ਸਤਬਰਗ ਕਿਤੇ ਚਮੇਲੀ। ਕਿਆ ਕਹਿਣ ਦੀਆਂ ਬਾਤਾਂ! ਕਿਆ ਨਜ਼ਾਰੇ!

ਬਹੁਤ ਸੋਹਣੀ ਜਿਹੀ ਥਾਂ ਦੇਖ ਕੇ ਭਾਈ ਸਾਹਿਬ ਉਥੇ ਹੀ ਬਿਰਾਜ ਗਏ ਤੇ ਸਾਜ ਸੁਰ ਕਰਨ ਲੱਗ ਪਏ। ਅਸੀਂ ਇਸ ਤਰ੍ਹਾਂ ਸਾਹਮਣੇ ਬੈਠ ਗਏ, ਜਿਵੇਂ ਉਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤਾਮੀਰ ਹੋ ਗਿਆ ਹੋਵੇ।

ਭਾਈ ਸਾਹਿਬ ਨੇ ਬਸੰਤ ਰਾਗ ਗਾਇਆ। "ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥" ਫਿਰ "ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥" ਫਿਰ ਹੋਰ, ਫਿਰ ਹੋਰ, ਫਿਰ ਹੋਰ। ਪਤਾ ਹੀ ਨਾ ਲੱਗਾ, ਕਦ ਸੂਰਜ ਚੜ੍ਹ ਆਇਆ ਤੇ ਨੌਂ ਵੱਜ ਗਏ। ਇਵੇਂ ਲੱਗਾ ਜਿਵੇਂ ਭਾਈ ਸਾਹਿਬ ਸਾਨੂੰ ਜਹਾਜ ਵਿਚ ਚੜ੍ਹਾ ਕੇ ਕਿਸੇ ਹੋਰ ਲੋਕ ਵਿਚ ਲੈ ਗਏ ਹੋਣ। ਬੜੀ ਮੁਸ਼ਕਿਲ ਨਾਲ ਅਸੀਂ ਉਸੇ ਥਾਂ ਤੋਂ ਵਾਪਸ ਆਏ। ਅਸੀਂ ਸਾਰੇ ਇਕ ਦੂਜੇ ਵੱਲ ਦੇਖ ਰਹੇ ਸਾਂ ਤੇ ਮਨੋ ਮਨੀ ਕਹਿ ਰਹੇ ਸਾਂ, 'ਇਹ ਹੁੰਦਾ ਹੈ ਰਾਗ ਤੇ ਇਹ ਹੁੰਦਾ ਹੈ ਕੀਰਤਨ।' ਭਾਈ ਸਾਹਿਬ ਵਾਪਸ ਪਰਤ ਗਏ। ਅਸੀਂ ਰੋਜ਼ ਉਡੀਕਦੇ ਰਹਿੰਦੇ ਕਿ ਕਿਸ ਦਿਨ ਰੇਡੀਓ 'ਤੇ ਦਰਬਾਰ ਸਾਹਿਬ ਤੋਂ ਭਾਈ ਸਾਹਿਬ ਦਾ ਕੀਰਤਨ ਆਵੇ ਤੇ ਅਸੀਂ ਸੁਣੀਏ।

ਇਕ ਦੋਸਤ ਕੋਲ ਡਬਲ ਕੈਸਟ ਟੇਪ ਰਿਕਾਰਡਰ ਸੀ, ਜਿਹਦੇ ਵਿਚ ਅਸੀਂ ਭਾਈ ਸਾਹਿਬ ਦਾ ਕੀਰਤਨ ਰਿਕਾਰਡ ਕਰ ਲਿਆ ਸੀ। ਅਸੀਂ ਉਹਦੀਆਂ ਕਾਪੀਆਂ ਕਰਕੇ ਸਾਰੇ ਦੋਸਤਾਂ ਵਿਚ ਵੰਡ ਦਿੱਤੀਆਂ। ਚੰਡੀਗੜ੍ਹ ਦੀ ਪਥਰੀਲੀ ਫਿਜ਼ਾ ਵਿਚ ਭਾਈ ਸਾਹਿਬ ਦਾ ਕੀਰਤਨ ਗੂੰਜਣ ਲੱਗ ਪਿਆ ਤੇ ਯੂਨੀਵਰਸਿਟੀ ਦੇ ਮੁੰਡੇ-ਕੁੜੀਆਂ ਦੀ ਜ਼ੁਬਾਨ 'ਤੇ ਹਰ ਵਕਤ ਇਹੀ ਧੁਨਾਂ ਚੜ੍ਹੀਆਂ ਰਹਿੰਦੀਆਂ, "ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ...ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ।"

ਭਾਈ ਸਾਹਿਬ ਸਾਡੀ ਰੂਹ ਵਿਚ ਵਸ ਗਏ ਸਨ। ਹੋ ਸਕਦਾ ਹੈ ਕਿ ਅਸੀਂ ਵੀ ਕੁਝ ਨਾ ਕੁਝ ਉਨ੍ਹਾਂ ਦੇ ਦਿਲ 'ਤੇ ਅਸਰ ਕੀਤਾ ਹੋਵੇ। ਮੇਰਾ ਸ਼ੱਕ ਯਕੀਨ 'ਚ ਬਦਲ ਗਿਆ, ਜਦ ਮੇਰੇ ਹੋਸਟਲ ਦੇ ਪਤੇ 'ਤੇ ਭਾਈ ਸਾਹਿਬ ਦਾ ਖਤ ਆ ਗਿਆ, ਜਿਹਦੇ ਵਿਚ ਉਨ੍ਹਾਂ ਨੇ ਬੂਟੈਨੀਕਲ ਗਾਰਡਨ ਦੀ ਯਾਦ ਨੂੰ ਆਪਣੇ ਜੀਵਨ ਦੀ ਅਦਭੁੱਤ ਯਾਦ ਦੱਸਿਆ, ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਮੈਨੂੰ ਅੰਮ੍ਰਿਤਸਰ ਆਉਣ 'ਤੇ ਮਿਲਣ ਦੀ ਤਾਕੀਦ ਕੀਤੀ।

ਅਸੀਂ ਬਹੁਤੀ ਦੇਰ ਨਾ ਪੈਣ ਦਿੱਤੀ ਤੇ ਅੰਮ੍ਰਿਤਸਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਕੁਲਜੀਤ, ਹਰਜੀਤ, ਜਗਦੀਸ਼, ਗੁਰਸ਼ੇਰ, ਗੁਰੀ ਤੇ ਮੈਂ ਅੰਮ੍ਰਿਤਸਰ ਚਲੇ ਗਏ। ਨਾਨਕ ਨਿਵਾਸ ਵਿਚ ਤਿੰਨ ਕਮਰੇ ਲੈ ਲਏ, ਪਰ ਰਹਿੰਦੇ ਸਾਰਾ ਦਿਨ ਇੱਕ ਕਮਰੇ ਵਿਚ ਹੀ ਤੇ ਦੇਰ ਰਾਤ ਤੱਕ ਸੈਮੀਨਾਰ ਲਾਈ ਰੱਖਦੇ। ਅਸੀਂ ਸ਼੍ਰੋਮਣੀ ਕਮੇਟੀ ਦੇ ਦਫਤਰੋਂ ਰਾਗੀ ਸਿੰਘਾਂ ਦਾ ਡਿਊਟੀ ਚਾਰਟ ਹਾਸਲ ਕਰ ਲਿਆ ਤੇ ਭਾਈ ਨਿਰਮਲ ਸਿੰਘ ਦੀ ਡਿਊਟੀ ਤੋਂ ਪਹਿਲਾਂ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾ ਕੇ ਰਾਗੀ ਸਿੰਘਾਂ ਦੇ ਐਨ ਸਾਹਮਣੇ ਬਿਰਾਜ ਜਾਂਦੇ। ਇਕ ਦਿਨ ਭਾਈ ਸਾਹਿਬ ਦੀ ਪੂਰੀ 'ਆਸਾ ਦੀ ਵਾਰ' ਸਰਵਣ ਕੀਤੀ। ਕੀਰਤਨ ਦੌਰਾਨ ਕਈ ਵਾਰੀ ਭਾਈ ਸਾਹਿਬ ਨਾਲ ਨਜ਼ਰ ਮਿਲ ਜਾਂਦੀ ਤੇ ਉਹ ਨਜ਼ਰਾਂ ਵਿਚ ਹੀ ਕੁਝ ਕਹਿ ਜਾਂਦੇ ਤੇ ਅਸੀਂ ਸਮਝ ਜਾਂਦੇ, ਜਿਵੇਂ ਸਾਡੀ ਹਾਜ਼ਰੀ ਸੱਚਖੰਡ ਵਿਚ ਪ੍ਰਵਾਨ ਹੋ ਗਈ ਹੋਵੇ।

ਕੁਝ ਚਿਰ ਪਿਛੋਂ ਮੇਰੇ ਮਨ ਵਿਚ ਫਿਰ ਵਲਵਲਾ ਉਠਿਆ ਤੇ ਮੈਂ ਅੰਮ੍ਰਿਤਸਰ ਪਹੁੰਚ ਗਿਆ; ਸਰਾਂ 'ਚ ਕਮਰਾ ਲਿਆ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਿਆ। ਕਹਿੰਦੇ ਹਨ, ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ। ਮੈਂ ਦੰਗ ਰਹਿ ਗਿਆ ਕਿ ਅੰਦਰ ਭਾਈ ਨਿਰਮਲ ਸਿੰਘ ਕੀਰਤਨ ਕਰ ਰਹੇ ਸਨ। ਮੈਨੂੰ ਸਾਹਮਣੇ ਥਾਂ ਵੀ ਮਿਲ ਗਈ ਤੇ ਅਨੰਦ ਬੱਝ ਗਿਆ। ਭਾਈ ਸਾਹਿਬ ਦੀ ਡਿਊਟੀ ਸਮਾਪਤ ਹੋਈ ਤਾਂ ਮੈਂ ਵੀ ਉਠ ਕੇ ਬਾਹਰ ਆ ਗਿਆ ਤੇ ਦਰਸ਼ਣੀ ਡਿਓੜ੍ਹੀ ਕੋਲ ਜਾ ਕੇ ਫਤਿਹ ਬੁਲਾਈ। ਉਹ ਮੈਨੂੰ ਕਲਾਵੇ 'ਚ ਲੈ ਕੇ ਆਪਣੇ ਖਸੂਸੀ ਅੰਦਾਜ਼ ਵਿਚ ਬੋਲੇ, "ਤੁਹਾਨੂੰ ਮਿਲ ਕੇ ਦਿਲ ਬੜਾ ਪ੍ਰਸੰਨ ਹੁੰਦੈ।" ਮੈਂ ਰੋਜ਼ ਉਨ੍ਹਾਂ ਨੂੰ ਪ੍ਰਸੰਨ ਕਰਦਾ ਤੇ ਖੁਦ ਪ੍ਰਸੰਨ ਹੁੰਦਾ।

ਉਨ੍ਹੀਂ ਦਿਨੀਂ ਭਾਈ ਸਾਹਿਬ ਚੌਕ ਘੰਟਾ-ਘਰ ਵਾਲੇ ਪਾਸੇ, ਸ਼੍ਰੋਮਣੀ ਕਮੇਟੀ ਦੇ ਦਫਤਰ ਦੇ ਉਪਰ ਵਾਲੇ ਕਮਰਿਆਂ ਵਿਚ ਰਹਿੰਦੇ ਸਨ। ਇਕ ਦਿਨ ਕੀਰਤਨ ਉਪਰੰਤ ਉਹ ਮੈਨੂੰ ਆਪਣੀ ਰਿਹਾਇਸ਼ ਵਿਖੇ ਨਾਲ ਲੈ ਗਏ। ਘਰੇ ਭਾਈ ਅਮਰੀਕ ਸਿੰਘ ਜ਼ਖਮੀ ਆਏ ਹੋਏ ਸਨ। ਭਾਈ ਸਾਹਿਬ ਨੇ ਦੱਸਿਆ ਕਿ ਉਹ ਆਪਣੇ ਬੇਟੇ ਲਈ ਕਹਿਣ ਆਏ ਸਨ ਕਿ ਮੈਂ ਉਹਨੂੰ ਆਪਣੇ ਨਾਲ ਰੱਖ ਲਵਾਂ। ਮੈਂ ਭਾਈ ਸਾਹਿਬ ਦੀ ਰਾਗ ਵਿੱਦਿਆ 'ਤੇ ਹੈਰਾਨ ਹੋਇਆ ਕਿ ਘਰਾਣਿਆਂ ਵਾਲੇ ਕਿਵੇਂ ਆਪਣੇ ਬੱਚਿਆਂ ਨੂੰ ਉਨ੍ਹਾਂ ਕੋਲੋਂ ਸੰਗੀਤ ਦੀ ਤਾਲੀਮ ਦੁਆਉਣ ਲਈ ਫਰਿਆਦੀ ਹੋ ਰਹੇ ਹਨ!

ਇਕ ਦਿਨ ਫਿਰ ਉਹ ਮੈਨੂੰ ਦਰਬਾਰ ਸਾਹਿਬ ਤੋਂ ਆਪਣੇ ਨਾਲ ਲੈ ਗਏ। ਬੜੀਆਂ ਗੱਲਾਂ ਹੋਈਆਂ। ਉਨ੍ਹਾਂ ਨੇ ਬੜੀ ਹੀ ਹਿਰਦੇਵੇਧਕ ਗੱਲ ਦੱਸੀ ਕਿ ਸੱਚਖੰਡ ਦੇ ਅੰਦਰ ਵੀ ਕਿਸੇ ਮੁੱਖ ਗ੍ਰੰਥੀ ਵੱਲੋਂ ਉਨ੍ਹਾਂ ਨਾਲ ਜਾਤ-ਪਾਤੀ ਵਿਤਕਰਾ ਤੇ ਕਟਾਕਸ਼ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜੇ ਉਹ ਗੁਰੂ ਰਾਮਦਾਸ ਪਾਤਸ਼ਾਹ ਦੀ ਥਾਂ ਇਨ੍ਹਾਂ ਲੋਕਾਂ ਵੱਲ ਦੇਖਣ ਤਾਂ ਉਹ ਇੱਥੇ ਇੱਕ ਪਲ ਨਹੀਂ ਰਹਿ ਸਕਦੇ। ਉਨ੍ਹਾਂ ਦੀ ਨਿਸ਼ਠਾ ਅਤੇ ਸਿਦਕ ਅੱਗੇ ਮੇਰਾ ਸਿਰ ਝੁਕ ਗਿਆ। ਉਸ ਦਿਨ ਉਨ੍ਹਾਂ ਦੀ ਪਤਨੀ ਨੇ ਬੜੇ ਕਰਾਰੇ ਪਕੌੜੇ ਬਣਾਏ ਹੋਏ ਸਨ ਤੇ ਚਾਹ ਦੇ ਵਿਚ ਪਤਾ ਨਹੀਂ ਕਿਹੜੇ ਕਿਹੜੇ ਮਸਾਲੇ ਪਾਏ ਕਿ ਉਹੋ ਜਿਹੀ ਚਾਹ ਮੁੜ ਕੇ ਨਸੀਬ ਨਹੀਂ ਹੋਈ।

ਮੈਂ ਐਮ. ਫਿਲ. ਕਰਕੇ ਫਗਵਾੜੇ ਪੜ੍ਹਾਉਣ ਲੱਗ ਗਿਆ ਤੇ ਝੱਟ ਮੰਗਣੀ ਪੱਟ ਵਿਆਹ ਹੋ ਗਿਆ। ਬੱਚੇ ਹੋਏ ਤਾਂ ਗ੍ਰਹਿਸਥੀ ਨੇ ਪੁਰਾਣਾ ਸਭ ਕੁਝ ਭੁੱਲ ਭੁਲਾ ਦਿੱਤਾ। ਹਾਂ, ਇਨ੍ਹਾਂ ਦਿਨਾਂ ਵਿਚ ਟੇਪਾਂ ਨੇ ਬੜਾ ਸਾਥ ਦਿੱਤਾ। ਘਰ ਹੋਣਾ ਤਾਂ ਆਪਣੇ ਮਨਪਸੰਦ ਰਾਗੀਆਂ ਦੇ ਸ਼ਬਦ ਸੁਣਦੇ ਰਹਿਣਾ।



*ਭਾਈ ਨਿਰਮਲ ਸਿੰਘ*

ਜਿਹੜਾ ਸ਼ਬਦ ਸਿਲੇਬਸ 'ਚ ਲੱਗਾ ਹੋਣਾ, ਉਹ ਦੇਖਣਾ ਕਿ ਜੇ ਕਿਸੇ ਅੱਛੇ ਰਾਗੀ ਸਿੰਘ ਨੇ ਗਾਇਆ ਹੈ ਤਾਂ ਉਹਦੀ ਕੈਸੇਟ ਖਰੀਦ ਲਿਆਉਣੀ। ਵਾਰ ਵਾਰ ਸੁਣਨੀ ਤੇ ਸ਼ਬਦ ਦਾ ਪ੍ਰਭਾਵ ਮੰਡਲ ਫੜਨ ਦੀ ਕੋਸ਼ਿਸ਼ ਕਰਨੀ। ਕਦੀ ਕਦਾਈਂ ਭਾਈ ਸਾਹਿਬ ਦੇ ਦਰਸ਼ਣ ਟੀ. ਵੀ. 'ਤੇ ਹੀ ਹੁੰਦੇ।

ਇਕ ਦਿਨ ਮੇਰੇ ਵੱਡੇ ਭਾਈ ਸਾਹਿਬ ਦਾ ਫੋਨ ਆਇਆ ਕਿ ਨਵਾਂ ਸ਼ਹਿਰ ਦੇ ਵੱਡੇ ਕਾਰੋਬਾਰੀ ਹਰਦੇਵ ਸਿੰਘ ਕਾਹਮੇ ਨੇ ਆਪਣੇ ਪਿੰਡ ਆਪਣੇ ਪਿਤਾ ਜੀ ਦੀ ਅੰਤਿਮ ਅਰਦਾਸ ਵਜੋਂ ਸਮਾਗਮ ਕਰਾਉਣਾ ਹੈ ਤੇ ਉਹਨੇ ਦਰਬਾਰ ਸਾਹਿਬ ਦੇ ਕਿਸੇ ਹਜ਼ੂਰੀ ਰਾਗੀ ਨੂੰ ਬੁਲਾਉਣ ਲਈ ਕਿਹਾ ਹੈ। ਮੈਂ ਭਾਈ ਨਿਰਮਲ ਸਿੰਘ ਦੀ ਸਿਫਾਰਸ਼ ਕੀਤੀ ਤਾਂ ਉਨ੍ਹਾਂ ਨੇ ਝੱਟ ਫੋਨ ਘੁਮਾ ਦਿੱਤਾ। ਮੇਰੇ ਵੱਡੇ ਭਾਈ ਨੇ ਮੈਨੂੰ ਦੱਸਿਆ ਕਿ ਉਹ ਮੰਨ ਗਏ ਹਨ, ਪਰ ਉਨ੍ਹਾਂ ਇਕ ਸ਼ਰਤ ਰੱਖੀ ਹੈ ਕਿ 'ਤੁਹਾਡੇ ਇਲਾਕੇ ਦਾ ਅਵਤਾਰ ਸਿੰਘ ਯੂਨੀਵਰਸਿਟੀ ਵਿਚ ਪੜ੍ਹਦਾ ਸੀ, ਉਹਦਾ ਕੋਈ ਅਤਾ ਪਤਾ ਦੱਸੋ।' ਮੇਰੇ ਵੱਡੇ ਭਾਈ ਨੇ ਦੱਸਿਆ ਕਿ ਉਹ ਤਾਂ ਮੇਰਾ ਛੋਟਾ ਭਾਈ ਹੈ ਤਾਂ ਭਾਈ ਸਾਹਿਬ ਖਿੜ ਖਿੜਾ ਕੇ ਹੱਸ ਪਏ ਤੇ ਕਹਿਣ ਲੱਗੇ ਕਿ ਜੇ ਤੁਸੀਂ ਉਹਨੂੰ ਬੁਲਾਓਗੇ ਤਾਂ ਮੈਂ ਜ਼ਰੂਰ ਆਵਾਂਗਾ।

ਉਸ ਦਿਨ ਮੈਂ ਬੜੇ ਚਾਅ ਨਾਲ ਕਾਹਮੇ ਪਿੰਡ ਪਹੁੰਚ ਗਿਆ। ਭਾਈ ਸਾਹਿਬ ਆਏ ਤਾਂ ਉਨ੍ਹਾਂ ਮੈਨੂੰ ਇਸ ਤਰ੍ਹਾਂ ਕਲਾਵੇ ਵਿਚ ਘੁੱਟ ਲਿਆ, ਜਿਵੇਂ ਕੋਈ ਗੁਆਚਾ ਹੋਇਆ ਦਿਲ ਦਾ ਜਾਨੀ ਲੱਭ ਗਿਆ ਹੋਵੇ। ਉਹ ਮੈਨੂੰ ਆਪਣੇ ਨਾਲ ਹੀ ਚੁਬਾਰੇ ਵਿਚ ਲੈ ਗਏ ਤੇ ਪੁਰਾਣੀਆਂ ਗੱਲਾਂ ਵਿਚ ਗੁਆਚ ਗਏ। ਮੇਰੇ ਭਾਈ ਸਾਹਿਬ ਆਏ ਤਾਂ ਉਨ੍ਹਾਂ ਦਾ ਸ਼ੁਕਰਾਨਾ ਕੀਤਾ ਕਿ 'ਤੁਸੀਂ ਮੇਰਾ ਗੁਆਚਾ ਯਾਰ ਮਿਲਾ ਦਿੱਤਾ।' ਮੈਂ ਹੈਰਾਨ ਹੋਇਆ ਕਿ ਭਾਈ ਸਾਹਿਬ ਨੇ ਮੇਰੇ ਜਿਹੇ ਆਮ ਅਤੇ ਅਣਗੌਲੇ ਇਨਸਾਨ ਨੂੰ ਵੀ ਕਿੰਨੀ ਸ਼ਿੱਦਤ ਨਾਲ ਯਾਦ ਰੱਖਿਆ।

ਫਗਵਾੜੇ ਕੀਰਤਨ ਦਰਬਾਰ ਹੋਣਾ ਸੀ ਤੇ ਮੈਂ ਇਸ਼ਤਿਹਾਰਾਂ 'ਚ ਭਾਈ ਸਾਹਿਬ ਦਾ ਨਾਂ ਪੜ੍ਹ ਕੇ ਚਲਾ ਗਿਆ। ਕੀਰਤਨ ਭੇਟਾ ਅਰਪਣ ਕਰਨ ਗਿਆ ਤਾਂ ਭਾਈ ਸਾਹਿਬ ਨੇ ਹਾਰਮੋਨੀਅਮ 'ਤੇ ਰੱਖੇ ਪੰਜੇ ਦੀਆਂ ਤਿੰਨ ਉਂਗਲਾਂ ਚੁੱਕ ਕੇ ਮੇਰੀ ਹਾਜ਼ਰੀ ਕਬੂਲ ਕਰਦਿਆਂ ਮੈਨੂੰ ਰੁਕਣ ਲਈ ਸੰਕੇਤ ਕੀਤਾ ਤੇ ਨਾਲ ਹੀ "ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ" ਵਾਲੇ ਸ਼ਬਦ ਦਾ ਗਾਇਨ ਅਰੰਭ ਦਿੱਤਾ। ਸਮਾਪਤੀ ਹੋਣ 'ਤੇ ਮੈਂ ਉਨ੍ਹਾਂ ਕੋਲ ਗਿਆ, ਉਸੇ ਤਰ੍ਹਾਂ ਉਨ੍ਹਾਂ ਮੈਨੂੰ ਕਲਾਵੇ 'ਚ ਲਿਆ ਤੇ ਲੰਗਰ ਵੱਲ ਲੈ ਗਏ। ਅਸੀਂ 'ਕੱਠਿਆਂ ਬੈਠ ਕੇ ਚਾਹ ਛਕੀ ਤਾਂ ਮੈਂ ਘਰ ਆਉਣ ਲਈ ਆਖਿਆ। ਉਨ੍ਹਾਂ ਕੋਲ ਸਮਾਂ ਨਹੀਂ ਸੀ ਤੇ ਫਿਰ ਕਦੀ ਆਉਣ ਲਈ ਆਖ ਕੇ ਚਲੇ ਗਏ। ਏਨਾ ਮਿਲਾਪੜਾ ਸ਼ਾਇਦ ਹੀ ਕੋਈ ਹੋਵੇ!

ਬਟਾਲੇ ਦੇ ਡੀ. ਏ. ਵੀ. ਕਾਲਜ ਤੋਂ ਮੈਨੂੰ ਸੈਮੀਨਾਰ ਲਈ ਸੱਦਾ ਆਇਆ। ਪ੍ਰੋ. ਹਰਪਾਲ ਸਿੰਘ ਨੂੰ ਵੀ ਉਨ੍ਹਾਂ ਨੇ ਬੁਲਾਇਆ ਸੀ ਤੇ ਅਸੀਂ ਦੋਵੇਂ ਚਲੇ ਗਏ। ਉਥੇ ਭਾਈ ਨਿਰਮਲ ਸਿੰਘ ਵੀ ਆਏ ਹੋਏ ਸਨ। ਬਹੁਤ ਖਿੜ ਕੇ ਮਿਲੇ ਤੇ ਚਾਹ ਪਾਣੀ ਪਿਛੋਂ ਸੈਮੀਨਾਰ ਵਿਚ ਸਾਨੂੰ ਆਪਣੇ ਨਾਲ ਹੀ ਬਹਾ ਲਿਆ। ਉਨ੍ਹਾਂ ਦਾ ਨਾਂ ਅਨਾਊਂਸ ਹੋਇਆ ਤਾਂ ਉਨ੍ਹਾਂ ਨੇ ਕੁੜਤੇ ਦੀ ਜੇਬ 'ਚੋਂ ਸ਼ੀਸ਼ੀ ਕੱਢੀ। ਇਕ ਗੋਲੀ ਮੂੰਹ 'ਚ ਪਾਈ ਤੇ ਸ਼ੀਸ਼ੀ ਮੇਰੇ ਵੱਲ ਕਰ ਦਿੱਤੀ। ਉਹ ਆਯੁਰਵੈਦਿਕ ਕੰਠਵਟੀ ਸੀ। ਮੈਂ ਤਿੰਨ ਚਾਰ ਗੋਲੀਆਂ ਕੱਢ ਕੇ ਸ਼ੀਸ਼ੀ ਪ੍ਰੋ. ਹਰਪਾਲ ਸਿੰਘ ਵੱਲ ਕਰ ਦਿੱਤੀ ਤਾਂ ਉਨ੍ਹਾਂ ਨੇ ਵੀ ਦੋ ਤਿੰਨ ਗੋਲੀਆਂ ਦਾ ਪ੍ਰਸ਼ਾਦ ਲੈ ਲਿਆ।

ਭਾਈ ਸਾਹਿਬ ਨੇ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦੀ ਰਾਗਾਤਮਕਤਾ ਦੀ ਅਧਿਆਤਮਕ ਅਹਿਮੀਅਤ 'ਤੇ ਵਿਦਵਤਾ ਭਰਪੂਰ ਵਿਖਿਆਨ ਪੇਸ਼ ਕੀਤਾ ਤੇ ਸੈਮੀਨਾਰ ਦੀ ਸੁਰ ਸੈੱਟ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਰਾਗ ਬਾਣੀ ਦੀ ਬੌਧਿਕ ਵੱਥ ਨੂੰ ਰੂਹ ਤੱਕ ਉਤਾਰ ਦਿੰਦਾ ਹੈ। ਉਨ੍ਹਾਂ ਤੋਂ ਬਾਅਦ ਹਰੇਕ ਵਿਦਵਾਨ ਦਾ ਕੇਂਦਰ ਬਿੰਦੂ ਉਹੀ ਰਹੇ।

ਮੇਰਾ ਨਾਂ ਬੋਲਿਆ ਤਾਂ ਮੈਂ ਗਿਆਰਵੀਂ ਸਦੀ ਦੇ ਅਰਬੀ ਵਿਦਵਾਨ ਅਲਜੁਜਰਾਨੀ ਦੀ ਕਿਤਾਬ 'ਦਲਾਇਲ ਅਲ ਐਜਾਜ਼' ਦੇ ਹਵਾਲੇ ਅਤੇ ਤਰਜ਼ ਅਨੁਸਾਰ ਗੁਰਬਾਣੀ ਦੇ ਕਰਤਾਰੀ ਅਤੇ ਮੌਲਿਕ ਪਹਿਲੂ ਦੀ ਨਿਸ਼ਾਨਦੇਹੀ ਕਰਦਿਆਂ ਵਿਆਖਿਆ ਕੀਤੀ। ਭਾਈ ਸਾਹਿਬ ਨੇ ਮੈਨੂੰ ਥਾਪੜਾ ਦਿੱਤਾ ਤੇ ਕਮਾਲ ਕਮਾਲ ਕਰਨ ਲੱਗੇ। ਮੈਂ ਕਿਹਾ, "ਭਾਈ ਸਾਹਿਬ, ਇਹ ਤੁਹਾਡੀ ਕੰਠਵਟੀ ਦਾ ਕਮਾਲ ਸੀ।" ਭਾਈ ਸਾਹਿਬ ਖਿੜਖਿੜਾ ਕੇ ਹੱਸ ਪਏ।

ਰੋਟੀ ਵੇਲੇ ਸਾਰੇ ਜਣੇ ਇਕ ਦੂਜੇ ਨੂੰ ਕਹਿ ਰਹੇ ਸਨ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸਿਰਫ ਰਾਗੀ ਨਹੀਂ, ਭਾਈ ਸਾਹਿਬ ਜਿਹੇ ਵਿਦਵਾਨ ਰਾਗੀ ਹੋਣੇ ਚਾਹੀਦੇ ਹਨ। ਭਾਈ ਸਾਹਿਬ ਨੇ ਯੂਨੀਵਰਸਿਟੀ ਕਾਲਜਾਂ ਦੇ ਅਧਿਆਪਕਾਂ ਦੇ ਸਿਰ ਸੱਚਖੰਡ ਦਾ ਜਾਦੂ ਧੂੜ ਦਿੱਤਾ ਸੀ, ਜੋ ਸਭ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ।

ਭਾਸ਼ਾ ਵਿਭਾਗ ਨੇ ਸ਼੍ਰੋਮਣੀ ਰਾਗੀ ਦੇ ਅਵਾਰਡ ਲਈ ਢੁਕਵੀਂ ਚੋਣ ਕਰਨ ਹਿਤ ਕਈ ਅਦਾਰਿਆਂ ਦੀ ਰਾਇ ਮੰਗੀ ਹੋਵੇਗੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੀ. ਸੀ. ਨੂੰ ਵੀ ਚਿੱਠੀ ਗਈ ਤੇ ਉਨ੍ਹਾਂ ਪੰਜਾਬੀ ਵਿਭਾਗ ਨੂੰ ਘੱਲ ਦਿੱਤੀ। ਉਥੇ ਰਾਗ ਵਿੱਦਿਆ ਦਾ ਜਾਣੂ ਤੇ ਕੀਰਤਨ ਪ੍ਰੇਮੀ, ਮੇਰਾ ਦੋਸਤ ਮਨਜਿੰਦਰ ਸਿੰਘ ਸੀਨੀਅਰ ਰਿਸਰਚ ਫੈਲੋ ਸੀ। ਵਿਭਾਗ ਨੇ ਇਹ ਸਿਫਾਰਸ਼ ਉਹਦੇ ਜਿੰਮੇ ਲਾ ਦਿੱਤੀ। ਉਹਨੇ ਅੱਗੋਂ ਮੈਨੂੰ ਫੋਨ ਖੜਕਾ ਦਿੱਤਾ ਤੇ ਮੈਂ ਭਾਈ ਸਾਹਿਬ ਦਾ ਨਾਂ ਲੈ ਦਿੱਤਾ। ਮਨਜਿੰਦਰ ਇਕ ਦਮ ਸਹਿਮਤ ਹੋ ਗਿਆ ਤੇ ਅੱਗੋਂ ਮੇਰਾ ਜਿੰਮਾ ਲਾ ਦਿੱਤਾ ਕਿ ਮੈਂ ਭਾਈ ਸਾਹਿਬ ਤੋਂ ਉਨ੍ਹਾਂ ਦਾ ਜੀਵਨ ਬਿਓਰਾ ਲੈ ਕੇ ਭੇਜਾਂ।

ਮੈਂ ਭਾਈ ਸਾਹਿਬ ਨੂੰ ਫੋਨ ਖੜਕਾ ਦਿੱਤਾ। ਉਹ ਕਿਤੇ ਲੰਮੇ ਸਫਰ 'ਤੇ ਜਾ ਰਹੇ ਸਨ। ਮੈਂ ਉਨ੍ਹਾਂ ਨੂੰ ਅਵਾਰਡ ਬਾਬਤ ਕੁਝ ਨਾ ਦੱਸਿਆ ਤੇ ਆਨੇ ਬਹਾਨੇ ਜੀਵਨ ਬਿਓਰਾ ਮੰਗ ਲਿਆ। ਉਹ ਕਹਿਣ ਲੱਗੇ, 'ਕਿਸੇ ਨੂੰ ਕਹਿ ਕੇ ਘਰੋਂ ਮੰਗਵਾ ਲਵੋ।' ਮਨਜਿੰਦਰ ਭਾਈ ਸਾਹਿਬ ਦੇ ਘਰੇ ਗਿਆ, ਜੀਵਨ ਬਿਓਰਾ ਲਿਆਇਆ ਤੇ ਸਿਫਾਰਸ਼ ਕਰਕੇ ਭੇਜ ਦਿੱਤਾ। ਉਸ ਅਵਾਰਡ ਦਾ ਜਦ ਐਲਾਨ ਹੋਇਆ ਤਾਂ ਭਾਈ ਸਾਹਿਬ ਤੋਂ ਵੱਧ ਖੁਸ਼ੀ ਮੈਨੂੰ ਹੋਈ ਤੇ ਮੈਥੋਂ ਵੱਧ ਮਨਜਿੰਦਰ ਨੂੰ। ਸਾਨੂੰ ਬੜਾ ਚੰਗਾ ਲੱਗਾ ਕਿ ਅਸੀਂ ਵੀ ਕੋਈ ਨੇਕ ਕੰਮ ਕਰ ਸਕੇ।

ਪ੍ਰੋ. ਹਰਪਾਲ ਸਿੰਘ ਦੇ ਵਿਦਿਆਰਥੀ ਪਰਮਿੰਦਰ ਦਾ ਵਿਆਹ ਸੀ ਤੇ ਉਹਦਾ ਰਿਸ਼ਤਾ ਕਰਾਉਣ ਵਿਚ ਮੇਰਾ ਵੀ ਕੁਝ ਯੋਗਦਾਨ ਸੀ। ਹਰ ਕੰਮ ਵਿਚ ਉਹ ਮੇਰੀ ਸਲਾਹ ਜ਼ਰੂਰ ਪੁੱਛਦਾ। ਉਹਨੇ ਆਪਣੇ ਅਨੰਦ ਕਾਰਜ ਲਈ ਰਾਗੀ ਸਿੰਘਾਂ ਬਾਰੇ ਮੇਰੀ ਸਲਾਹ ਪੁੱਛੀ ਤਾਂ ਮੈਂ ਭਾਈ ਸਾਹਿਬ ਦਾ ਨਾਂ ਲੈ ਦਿੱਤਾ। ਮੈਂ ਫੋਨ ਕੀਤਾ ਤਾਂ ਉਹ ਕਿਸੇ ਬਾਹਰਲੇ ਮੁਲਕ ਵਿਚ ਸਨ। ਕਹਿਣ ਲੱਗੇ, "ਤੁਸੀਂ ਅਨੰਦ ਕਾਰਜ ਕਿਸੇ ਲੋਕਲ ਜਥੇ ਤੋਂ ਕਰਵਾ ਲਉ, ਅਸੀਂ ਫਿਰ ਕਦੇ ਘਰੇ ਬਹਿ ਕੇ ਕੀਰਤਨ ਕਰਾਂਗੇ।"

ਵਿਆਹ ਪਿਛੋਂ ਪਰਮਿੰਦਰ ਨੇ ਫਿਰ ਕਿਹਾ ਤਾਂ ਮੈਂ ਭਾਈ ਸਾਹਿਬ ਨੂੰ ਬੇਨਤੀ ਕਰ ਦਿੱਤੀ। ਦੱਸੀ ਤਰੀਕ ਨੂੰ ਮੈਂ ਬੰਗੇ ਪਰਮਿੰਦਰ ਦੇ ਘਰੇ ਪਹੁੰਚ ਗਿਆ ਤੇ ਪ੍ਰੋ. ਹਰਪਾਲ ਸਿੰਘ ਵੀ ਚੰਡੀਗੜ੍ਹੋਂ ਆ ਗਏ। ਠੀਕ ਸਮੇਂ 'ਤੇ ਭਾਈ ਸਾਹਿਬ ਵੀ ਪਹੁੰਚ ਗਏ ਤੇ ਉਨ੍ਹਾਂ ਦੇ ਸਾਥੀ ਲੁਧਿਆਣਿਓਂ ਆਏ। ਕਮਰੇ ਵਿਚ ਅਸੀਂ ਸੱਤ ਅੱਠ ਜਣੇ ਹੀ ਸਾਂ ਤੇ ਭਾਈ ਸਾਹਿਬ ਨੇ ਕੀਰਤਨ ਅਰੰਭ ਕਰ ਦਿੱਤਾ। ਕੋਈ ਮਾਈਕ, ਕੋਈ ਸਪੀਕਰ ਨਹੀਂ ਸੀ ਤੇ ਕਮਰੇ ਦੀ ਕੁਦਰਤੀ ਈਕੋ ਵਿਚ ਭਾਈ ਸਾਹਿਬ ਦੀ ਤਲਿਸਮੀ ਅਵਾਜ਼ ਤੇ ਚੋਣਵੇਂ ਸ਼ਬਦ ਘਰ ਦੇ ਵਾਤਾਵਰਣ ਵਿਚ ਇੰਜ ਘੁਲ ਰਹੇ ਸਨ, ਜਿਵੇਂ ਅੰਮ੍ਰਿਤ ਦੇ ਬਾਟੇ ਵਿਚ ਪਤਾਸੇ ਘੁਲਦੇ ਹੋਣ। ਅੱਖਾਂ ਮੁੰਦ ਮੁੰਦ ਜਾਣ; ਖੁੱਲ੍ਹਣ ਤਾਂ ਭਾਈ ਸਾਹਿਬ ਇੰਜ ਲੱਗਣ ਜਿਵੇਂ ਇੰਦਰ ਦੇਵਤਿਆਂ ਸੰਗ ਪਰਮਿੰਦਰ ਦੇ ਘਰ ਉਤਰ ਆਇਆ ਹੋਵੇ।

ਪਰਮਿੰਦਰ ਹੋਰਾਂ ਰਲ ਕੇ ਪ੍ਰਸ਼ਾਦਾ-ਪਾਣੀ ਤਿਆਰ ਕੀਤਾ ਹੋਇਆ ਸੀ ਤੇ ਸਭ ਨੇ ਰਲ-ਮਿਲ ਕੇ ਛਕਿਆ। ਭਾਈ ਸਾਹਿਬ ਨੇ ਸਿੱਖ ਸਮਾਜ ਬਾਬਤ ਕਈ ਭੁਲੇਖੇ ਦੂਰ ਕੀਤੇ। ਸ਼੍ਰੋਮਣੀ ਕਮੇਟੀ ਦੇ ਸ਼੍ਰੋਮਣੀ ਕਰਿੰਦਿਆਂ ਦੀ ਕਾਰਕਰਦਗੀ ਦੇ ਕਈ ਦੁਖਦੇ ਅਤੇ ਧੁਖਦੇ ਕਿੱਸੇ ਸੁਣਾਏ। ਅਖੀਰ ਸਾਨੂੰ ਬਾਣੀ ਪੜ੍ਹਨ, ਕੀਰਤਨ ਸੁਣਨ ਤੇ ਅਮਲੀ ਜੀਵਨ ਜੀਣ ਲਈ ਪ੍ਰੇਰਿਤ ਕਰਕੇ ਰੁਖਸਤ ਹੋ ਗਏ।

ਹੁਣ ਤੱਕ ਉਨ੍ਹਾਂ ਬਾਰੇ ਮੈਂ ਪ੍ਰੋ. ਹਰਪਾਲ ਸਿੰਘ ਨਾਲ ਹੀ ਗੱਲ ਕਰਦਾ ਸੀ, ਪਰ ਹੁਣ ਪਰਮਿੰਦਰ ਵੀ ਉਨ੍ਹਾਂ ਨੂੰ ਮੁਹੱਬਤ ਕਰਨ ਲੱਗ ਪਿਆ। ਅਸੀਂ ਉਨ੍ਹਾਂ ਦੀਆਂ ਗੱਲਾਂ ਕਰਦੇ ਰਹਿੰਦੇ ਤੇ ਉਨ੍ਹਾਂ ਦੀ ਵਿਸ਼ੇਸ਼ ਕੀਰਤਨ ਸ਼ੈਲੀ ਦਾ ਅਨੰਦ ਲੈਂਦੇ। ਉਨ੍ਹਾਂ ਨਾਲ ਹੋਈਆਂ ਮੁਲਾਕਾਤਾਂ ਤੇ ਗਾਏ ਸ਼ਬਦ ਚੇਤੇ ਕਰ ਕਰ ਖੁਸ਼ ਹੁੰਦੇ।

ਕਰੋਨਾ ਕਹਿਰ ਵਾਪਰਿਆ ਤਾਂ ਇਹਦੇ ਚਰਚੇ ਚਾਰੇ ਪਾਸੇ ਸੁਣਨ ਨੂੰ ਮਿਲਦੇ। ਮੈਂ ਇਹਨੂੰ ਗੰਭੀਰਤਾ ਨਾਲ ਨਹੀਂ ਸਾਂ ਲੈ ਰਿਹਾ। ਲਗਦਾ ਸੀ ਕਿ ਇਹ ਕੋਈ ਮਹਾਮਾਰੀ ਨਹੀਂ, ਵਿਸ਼ਵ ਵਿਆਪੀ ਸਿਆਸਤ ਹੈ, ਜਿਹਦਾ ਭੇਦ ਪਿਛੋਂ ਖੁੱਲ੍ਹਣਾ ਹੈ। ਇਕ ਦਿਨ ਭਾਈ ਸਾਹਿਬ ਦੀ ਕਰੋਨਾ ਪਾਜ਼ੇਟਿਵ ਹੋਣ ਦੀ ਖਬਰ ਆਈ ਤਾਂ ਇਕ-ਦਮ ਕਾਲਜਾ ਬਾਹਰ ਨੂੰ ਆਇਆ। ਸ਼ੁਕਰ ਕੀਤਾ, ਜਦ ਭਾਈ ਸਾਹਿਬ ਨੇ ਆਪਣੀ ਇਹ ਖਬਰ ਖੁਦ ਰੱਦ ਕਰ ਦਿੱਤੀ। ਦਿਲ ਨੂੰ ਸਕੂਨ ਮਿਲਿਆ।

ਅਗਲੀ ਸਵੇਰ ਛੇ ਕੁ ਵਜੇ ਹੀ ਚੰਦਰੀ ਖਬਰ ਆਈ ਕਿ ਭਾਈ ਸਾਹਿਬ ਚੱਲ ਵਸੇ। ਇੰਜ ਲੱਗਾ, ਜਿਵੇਂ ਸਾਡੇ ਦਿਲਾਂ ਦੀ ਹੀਰੋਸ਼ੀਮਾ ਉਤੇ ਕਿਸੇ ਨੇ ਐਟਮ ਬੰਬ ਸੁੱਟ ਦਿੱਤਾ ਹੋਵੇ। ਮੈਨੂੰ ਯਕੀਨ ਹੋ ਗਿਆ, ਕਰੋਨਾ ਕਿੰਨਾ ਕਹਿਰਵਾਨ ਹੈ।

ਮਨ ਅਰਦਾਸ ਕਰਨ ਲੱਗਾ ਕਿ ਵਾਹਿਗੁਰੂ ਭਾਈ ਸਾਹਿਬ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਸਾਨੂੰ ਇਹ ਮਨਹੂਸ ਭਾਣਾ ਮੰਨਣ ਦਾ ਬਲ ਬਖਸ਼ੇ। ਸੁਰਤ ਫਿਰ ਭੰਗ ਹੋਈ, ਜਦ ਖਬਰ ਆਈ ਕਿ ਵੇਰਕਾ ਵਾਲਿਆਂ ਨੇ ਆਪਣੇ ਪਿੰਡ ਦੇ ਸ਼ਮਸ਼ਾਨਘਾਟ ਵਿਚ ਭਾਈ ਸਾਹਿਬ ਦਾ ਸਸਕਾਰ ਨਹੀਂ ਕਰਨ ਦਿੱਤਾ ਤੇ ਸ਼ਮਸ਼ਾਨਘਾਟ ਨੂੰ ਜ਼ਿੰਦਰੇ ਮਾਰ ਦਿੱਤੇ ਹਨ।

ਪੰਜਾਬ ਦਾ ਅਜੋਕਾ ਇਤਿਹਾਸ ਹਰੇ ਇਨਕਲਾਬ ਦੀ ਆਮਦ ਨਾਲ ਜਿਮੀਦਾਰਾਂ ਦੇ ਆਰਥਕ ਵਾਰੇ-ਨਿਆਰੇ ਹੋਣ ਅਤੇ ਗੈਰ-ਕਾਸ਼ਤਕਾਰ ਕੰਮੀਆਂ ਦੇ ਆਰਥਕ ਉਜਾੜੇ ਦਾ ਇਤਿਹਾਸ ਹੈ। ਇਹਦੇ ਇਲਾਵਾ ਇਹ ਪੰਜਾਬ ਦੀ ਸਮਾਜਕ ਅਤੇ ਸੱਭਿਆਚਾਰਕ ਪਛਾਣ ਸਾਂਝੀਵਾਲਤਾ ਦੇ ਪਤਨ, ਵੇਦਨਾ ਅਤੇ ਯਾਤਨਾ ਦਾ ਇਤਿਹਾਸ ਹੈ। ਗੁਰਦਿਆਲ ਸਿੰਘ ਨੇ ਆਪਣੇ ਨਾਵਲ 'ਮੜ੍ਹੀ ਦਾ ਦੀਵਾ' ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਸਿਰ ਨੂੰ ਚੜ੍ਹੇ ਹੋਏ ਹਰੇ ਇਨਕਲਾਬ ਵਾਲਾ ਭੰਤਾ ਸਾਂਝੀਵਾਲਤਾ ਵਾਲੇ ਇਖਲਾਕ ਦੇ ਮਾਲਕ ਆਪਣੇ ਬਾਪ ਧਰਮ ਸਿੰਘ ਦੇ ਸਮੇਂ ਆਪਣੇ ਖੇਤਾਂ ਵਿਚ ਬਣਾਈ ਆਪਣੇ ਸੀਰੀ ਜਗਸੀਰ ਦੇ ਬਾਪ ਦੀ ਮੜ੍ਹੀ ਚੁਕਵਾ ਦਿੰਦਾ ਹੈ।

ਅੱਜ ਹਰੇ ਇਨਕਲਾਬ ਦਾ ਸਿਤਮ ਦੇਖੋ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ, ਕੀਰਤਨ ਸਮਰਾਟ, ਪਦਮਸ਼੍ਰੀ ਭਾਈ ਨਿਰਮਲ ਸਿੰਘ ਦਾ ਵੇਰਕਾ ਵਾਲਿਆਂ ਨੇ ਆਪਣੇ ਪਿੰਡ ਦੇ ਸ਼ਮਸ਼ਾਨਘਾਟ ਵਿਚ ਸਸਕਾਰ ਹੀ ਨਹੀਂ ਕਰਨ ਦਿੱਤਾ। ਬੇਸ਼ੱਕ ਭਾਈ ਸਾਹਿਬ ਦਾ ਸਸਕਾਰ ਕਰਨ ਤੋਂ ਮਨ੍ਹਾ ਕਰ ਦੇਣ ਕਰਕੇ ਵੇਰਕਾ ਵਾਲਿਆਂ ਨੇ ਕਰੋਨਾ ਦੇ ਪਰਦੇ ਹੇਠ ਜਾਤੀਵਾਦੀ ਨਫਰਤ ਦਾ ਅਮਿੱਟ ਕਲੰਕ ਖੱਟ ਕੇ, ਸਿੱਖ ਸਮਾਜ ਦਾ ਅਸਲ ਚਿਹਰਾ ਨੰਗਾ ਕਰ ਦਿੱਤਾ ਹੈ ਤੇ ਭਾਈ ਸਾਹਿਬ ਨੇ ਵੀ ਆਪਣੀ ਮ੍ਰਿਤਕ ਦੇਹ ਰੋਲ ਕੇ ਸਿੱਖ ਸਮਾਜ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ ਕਿ ਅਸੀਂ ਕਿੰਨੇ ਕੁ ਸਿੱਖ ਹਾਂ!

## ਸੰਗੀਤਕ ਮਿਠਾਸ ਦਾ ਖਜਾਨਾ ਸੀ

# ਸਰਦਾਰ ਮਲਿਕ

ਕਲਾ ਪਰਿਕਰਮਾ

ਇਰਫਾਨ ਕਾਦਿਰ

ਸਰਦਾਰ ਮਲਿਕ ਹਿੰਦੋਸਤਾਨੀ ਫਿਲਮ ਸੰਗੀਤ ਦੇ ਉਨ੍ਹਾਂ ਚਿਰਾਗਾਂ ਵਿਚੋਂ ਇੱਕ ਸੀ ਜੋ ਬਹੁਤ ਘੱਟ ਸਮੇਂ ਲਈ ਰੌਸ਼ਨ ਹੋਏ, ਪਰ ਜਿਨ੍ਹਾਂ ਦੀ ਰੌਸ਼ਨੀ ਉਨ੍ਹਾਂ ਦੇ ਦੀਵਾਨਿਆਂ ਨੂੰ ਹੁਣ ਵੀ ਯਾਦ ਹੈ। ਉਸ ਨੂੰ ਕਦੇ ਵੀ ਮਸ਼ਹੂਰ ਫਿਲਮ ਸੰਗੀਤਕਾਰਾਂ ਦੀ ਕਤਾਰ 'ਚ ਸ਼ੁਮਾਰ ਨਹੀਂ ਕੀਤਾ ਗਿਆ। ਦਰਅਸਲ, ਭਾਰਤੀ ਫਿਲਮ ਸੰਗੀਤ ਦੇ ਸੁਨਹਿਰੀ ਯੁੱਗ ਦੇ ਪੰਜ ਸਿਖਰਲੇ ਸੰਗੀਤਕਾਰਾਂ ਬਾਰੇ ਪੁੱਛਿਆ ਜਾਵੇ ਤਾਂ ਨੌਸ਼ਾਦ, ਸ਼ੰਕਰ ਜੈਕਿਸ਼ਨ, ਸੀ. ਰਾਮਚੰਦਰ, ਓ.ਪੀ. ਨਈਅਰ ਤੇ ਸਚਿਨ ਦੇਵ ਬਰਮਨ ਦੇ ਨਾਮ ਗਿਣਾਏ ਜਾਣਗੇ। ਜੇਕਰ ਉਸੇ ਯੁੱਗ ਦੇ ਇੱਕ ਦਰਜਨ ਅਹਿਮ ਸੰਗੀਤਕਾਰਾਂ ਬਾਰੇ ਪੁੱਛਿਆ ਜਾਵੇ ਤਾਂ ਹੇਮੰਤ ਕੁਮਾਰ, ਮਦਨ ਮੋਹਨ, ਰੌਸ਼ਨ, ਚਿੱਤਰਗੁਪਤ, ਖ਼ੱਯਾਮ, ਰਵੀ ਆਦਿ ਦੇ ਨਾਮ ਸ਼ੁਮਾਰ ਹੋ ਜਾਣਗੇ, ਸਰਦਾਰ ਮਲਿਕ ਦਾ ਨਹੀਂ। ਅਜਿਹੀ ਗੁੰਮਨਾਮੀ ਦੇ ਬਾਵਜੂਦ ਇਸ ਤੱਥ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਉਹ ਬੇਹੱਦ ਪ੍ਰਤਿਭਾਸ਼ਾਲੀ ਸੰਗੀਤਕਾਰ ਸੀ, ਪਰ ਉਸ ਦੇ ਸੰਗੀਤ ਵਾਲੀਆਂ ਫਿਲਮਾਂ ਹਿੱਟ ਨਾ ਹੋਣ ਕਾਰਨ ਉਹ ਗੁੰਮਨਾਮੀ ਦੀ ਗਰਦ ਵਿਚ ਗੁਆਚ ਗਿਆ।

ਸਰਦਾਰ ਮਲਿਕ ਪੰਜਾਬੀ ਸੀ। ਉਸ ਦਾ ਜਨਮ ਕਪੂਰਥਲਾ ਵਿਚ 1925 ਵਿਚ ਹੋਇਆ। ਮੁੱਢਲੀ ਤਾਲੀਮ ਉਸ ਨੇ ਕਪੂਰਥਲਾ ਵਿਚ ਹਾਸਲ ਕੀਤੀ, ਪਰ ਸੰਗੀਤ ਦਾ ਸ਼ੌਕ ਉਸ ਨੂੰ ਪਹਿਲਾਂ ਲਾਹੌਰ ਤੇ ਫਿਰ ਮਈਹਰ (ਮੱਧ ਪ੍ਰਦੇਸ਼) ਲੈ ਗਿਆ। ਉਥੇ ਉਸ ਨੇ ਮਈਹਰ ਘਰਾਣੇ ਦੇ ਉਸਤਾਦ ਅਲਾਉਦੀਨ ਖਾਨ ਤੋਂ ਸੰਗੀਤ ਦੀ ਤਾਲੀਮ ਹਾਸਲ ਕੀਤੀ। ਉਸਤਾਦ ਅਲਾਉਦੀਨ ਖਾਨ, ਪੰਡਿਤ ਰਵੀਸ਼ੰਕਰ ਤੇ ਆਪਣੇ ਬੇਟੇ ਅਲੀ ਅਕਬਰ ਖਾਨ ਦੇ ਵੀ ਗੁਰੂ ਸਨ। ਪੰਡਿਤ ਰਵੀਸ਼ੰਕਰ ਦੀ ਸੰਗਤ ਸਦਕਾ ਸਰਦਾਰ ਮਲਿਕ ਦੀ ਵਾਕਫੀਅਤ ਉਘੇ ਨਿਰਤ (ਨਾਚ) ਨਿਰਦੇਸ਼ਕ ਉਦੈ ਸ਼ੰਕਰ ਨਾਲ ਹੋ ਗਈ ਜੋ ਰਵੀਸ਼ੰਕਰ ਦਾ ਵੱਡਾ ਭਰਾ ਸੀ। ਇਸੇ ਵਾਕਫੀਅਤ ਦੀ ਬਦੌਲਤ ਸਰਦਾਰ ਮਲਿਕ ਨਿਰਤ ਸਿੱਖਣ ਲਈ ਉਦੈ ਸ਼ੰਕਰ ਦੇ ਅਲਮੋੜਾ ਸਥਿਤ ਡਾਂਸ ਕੇਂਦਰ ਵਿਚ ਪਹੁੰਚ ਗਿਆ। ਉਹ ਜਿੱਥੇ ਚੰਗਾ ਗਾਇਕ ਸੀ, ਉਥੇ ਵਧੀਆ ਧੁਨਾਂ ਵੀ ਬਣਾ ਲੈਂਦਾ ਸੀ। ਉਦੈ ਸ਼ੰਕਰ ਨੇ ਉਸ ਨੂੰ ਬੰਬਈ (ਹੁਣ ਮੁੰਬਈ) ਜਾ ਕੇ ਗਾਇਕ ਤੇ ਸੰਗੀਤਕਾਰ ਵਜੋਂ ਆਪਣੀ ਕਿਸਮਤ ਅਜ਼ਮਾਉਣ ਲਈ ਪ੍ਰੇਰਿਆ। ਉਸ ਵੇਲੇ ਪਿੱਠਵਰਤੀ ਗਾਇਕਾਂ ਵਜੋਂ ਮੁਕੇਸ਼, ਤਲਤ ਮਹਿਮੂਦ ਤੇ ਮੁਹੰਮਦ ਰਫੀ ਦੀ ਗੁੱਡੀ ਚੜ੍ਹ ਰਹੀ ਸੀ। ਸਰਦਾਰ ਮਲਿਕ ਨੂੰ ਮਹਿਸੂਸ ਹੋਇਆ ਕਿ ਇਨ੍ਹਾਂ ਨਾਲ ਟੱਕਰ ਲੈਣ ਦੀ ਥਾਂ ਬਿਹਤਰ ਇਹੀ ਹੈ ਕਿ ਖੁਦ ਨੂੰ ਸੰਗੀਤ ਨਿਰਦੇਸ਼ਨ ਤੱਕ ਹੀ ਮਹਿਦੂਦ ਰੱਖਿਆ ਜਾਵੇ। ਸੰਗੀਤਕਾਰ ਵਜੋਂ ਉਸ ਦੀਆਂ ਪਹਿਲੀਆਂ ਤਿੰਨ ਫਿਲਮਾਂ 'ਰੇਣੂਕਾ' (1947), 'ਰਾਜ਼' (1949) ਅਤੇ 'ਸਟੇਜ' (1951) ਬਹੁਤਾ ਪ੍ਰਭਾਵ ਨਾ ਛੱਡ ਸਕੀਆਂ, ਪਰ 1953 ਵਿਚ ਰਿਲੀਜ਼ ਹੋਈ 'ਲੈਲਾ ਮਜਨੂੰ' ਨੂੰ ਕਾਮਯਾਬੀ ਮਿਲੀ। ਇਸ ਫਿਲਮ ਦਾ ਸੰਗੀਤ ਉਸ ਨੇ ਗੁਲਾਮ ਮੁਹੰਮਦ (ਜੋ ਨੌਸ਼ਾਦ ਦਾ ਚੀਫ ਅਸਿਸਟੈਂਟ ਸੀ) ਨਾਲ ਮਿਲ ਕੇ ਦਿੱਤਾ। 1954 ਵਿਚ ਰਿਲੀਜ਼ ਹੋਈ ਫਿਲਮ 'ਠੋਕਰ' ਦਾ ਗੀਤ 'ਐ ਗਮੇ ਦਿਲ ਕਿਆ ਕਰੂੰ' ਸੁਪਰਹਿਟ ਹੋਇਆ। ਇਹ ਇੱਕੋ-ਇੱਕ ਹਿੰਦੋਸਤਾਨੀ ਫਿਲਮ ਸੀ ਜਿਸ ਦੇ ਗੀਤ ਉਘੇ ਉਰਦੂ ਸ਼ਾਇਰ ਮਜਾਜ਼ ਲਖਨਵੀ ਨੇ ਲਿਖੇ। ''ਐ ਗਮੇ...' ਦੇ ਦੋ ਰਿਕਾਰਡ ਸਨ- ਇੱਕ ਤਲਤ ਦੀ ਆਵਾਜ਼ ਵਿਚ ਅਤੇ ਦੂਜਾ ਲਤਾ ਦੀ। ਤਲਤ ਵਾਲਾ ਗੀਤ ਵੱਧ ਮਕਬੂਲ ਹੋਇਆ ਅਤੇ ਹੁਣ ਵੀ ਹਿੰਦੀ ਫਿਲਮ ਜਗਤ ਦੇ ਬਿਹਤਰੀਨ ਗੀਤਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। 1955 ਵਿਚ ਫਿਲਮ 'ਆਬ-ਏ-ਹਯਾਤ' ਤਾਂ ਬਹੁਤੀ ਨਾ ਚੱਲੀ, ਪਰ ਇਸ ਦਾ ਹੇਮੰਤ ਕੁਮਾਰ ਵੱਲੋਂ ਗਾਇਆ ਗੀਤ 'ਮੈਂ ਗਰੀਬੋਂ ਕਾ ਦਿਲ ਹੂੰ ਵਤਨ ਕੀ ਜ਼ੁਬਾਂ...' ਹੁਣ ਵੀ ਵਿਵਧ ਭਾਰਤੀ ਅਤੇ ਹੋਰ ਐਫ.ਐਮ. ਚੈਨਲਾਂ 'ਤੇ ਸੁਣਿਆ ਜਾ ਸਕਦਾ ਹੈ। ਇਸ ਦੀ ਹੁਣ ਵੀ ਏਨੀ ਮਕਬੂਲੀਅਤ ਹੈ ਜਿਸ ਨੂੰ 'ਭੂਲੇ ਬਿਸਰੇ ਗੀਤਾਂ' ਵਿਚ ਕਦੇ ਵੀ ਸ਼ੁਮਾਰ ਨਹੀਂ ਕੀਤਾ ਜਾ ਸਕਦਾ।



ਸਰਦਾਰ ਮਲਿਕ

ਸਰਦਾਰ ਮਲਿਕ ਦੇ ਸੰਗੀਤਕ ਜੀਵਨ ਦਾ ਸ਼ਾਹਕਾਰ ਫਿਲਮ 'ਸਾਰੰਗਾ' (1960) ਸੀ। ਇਸ ਦੇ ਮੁਕੇਸ਼ ਵਲੋਂ ਗਾਏ ਸੋਲੋ 'ਸਾਰੰਗਾ ਤੇਰੀ ਯਾਦ ਮੇਂ' ਅਤੇ 'ਹਾਂ ਦੀਵਾਨਾ ਹੂੰ ਮੈਂ' ਨੂੰ ਨੌਸ਼ਾਦ ਅਲੀ ਅਤੇ ਰਾਜ ਕਪੂਰ ਨੇ ਬਿਹਤਰੀਨ ਗੀਤ ਤਸਲੀਮ ਕੀਤਾ ਸੀ। ਇਸੇ ਫਿਲਮ ਵਿਚ ਮੁਹੰਮਦ ਰਫੀ ਤੇ ਲਤਾ ਮੰਗੇਸ਼ਕਰ ਦਾ ਦੋਗਾਣਾ 'ਪੀਆ ਕੈਸੇ ਮਿਲੂੰ ਤੁਮਸੇ' ਵੀ ਰੋਮਾਂਸ ਦੀ ਇੰਤਹਾ ਨੂੰ ਗਾਇਕੀ ਤੇ ਧੁਨ ਦੀ ਮਿਠਾਸ ਰਾਹੀਂ ਚਿੱਤਰਦਾ ਹੈ।

ਸਰਦਾਰ ਮਲਿਕ ਦੀਆਂ ਕੁਝ ਹੋਰ ਫਿਲਮਾਂ ਸਨ; 'ਚੋਰ ਬਾਜ਼ਾਰ' (1954) 'ਮੇਰਾ ਘਰ ਮੇਰੇ ਬੱਚੇ' (1960), 'ਮਦਨ ਮੰਜਰੀ' (1961), ਬਚਪਨ (1963) 'ਨਾਗ ਜਿਓਤੀ' (1963), 'ਜੰਤਰ ਮੰਤਰ' (1964) ਤੇ 'ਰੂਪ ਸੁੰਦਰੀ' (1964)। ਮਲਿਕ ਦਾ ਇਹ ਦੁਖਾਂਤ ਰਿਹਾ ਕਿ ਉਸ ਨੂੰ ਉਸ ਜ਼ਮਾਨੇ 'ਏ' ਗਰੇਡ ਫਿਲਮ ਕੋਈ ਨਹੀਂ ਮਿਲੀ। 'ਏ' ਗਰੇਡ ਫਿਲਮ ਭਾਵ ਨਾਮਵਰ ਸਿਤਾਰਿਆਂ ਵਾਲੀ ਫਿਲਮ। ਲਿਹਾਜ਼ਾ, ਉਸ ਦੇ ਸੰਗੀਤ ਦੀ ਉਹ ਕਦਰ ਨਹੀਂ ਪਈ ਜਿੰਨੀ ਪੈਣੀ ਚਾਹੀਦੀ ਸੀ। ਜਿਸ ਸੰਗੀਤਕਾਰ ਨੇ 'ਬਹਾਰੋਂ ਸੇ ਪੂਛੋ, ਨਜ਼ਾਰੋਂ ਸੇ ਪੂਛੋ, ਮੇਰੇ ਪਿਆਰ ਕੋ ਤੁਮ ਭੁਲਾ ਨਾ ਸਕੋਗੇ' (ਮੁਕੇਸ਼-ਸੁਮਨ ਕਲਿਆਣਪੁਰ), 'ਚੰਦਾ ਕੇ ਦੇਸ ਮੇਂ ਰਹਿਤੀ ਏਕ ਗੁੜੀਆ' (ਮੁਕੇਸ਼) ਜਾਂ 'ਸੁਨ ਚਾਂਦ ਮੇਰੀ ਯਿਹ ਦਾਸਤਾਂ' (ਮੁਕੇਸ਼) ਵਰਗੇ ਖ਼ੂਬਸੂਰਤ ਗੀਤ ਸੁਰਬੱਧ ਕੀਤੇ ਹੋਣ, ਉਸ ਨੂੰ ਫਿਲਮ ਜਗਤ ਵਲੋਂ ਲਗਾਤਾਰ ਨਜ਼ਰਅੰਦਾਜ਼ ਕੀਤੇ ਜਾਣਾ ਨਾਗਵਾਰ ਹੋ ਗਿਆ ਅਤੇ ਉਸ ਨੇ ਫਿਲਮ ਸੰਗੀਤ ਤੋਂ ਕਿਨਾਰਾ ਕਰ ਲਿਆ।

ਸਰਦਾਰ ਮਲਿਕ ਭਾਵੇਂ ਹੁਣ ਇਸ ਜਹਾਨ ਵਿਚ ਨਹੀਂ, ਫਿਰ ਵੀ ਉਸ ਦੇ 'ਐ ਦਿਲੇ ਨਾਸ਼ਾਦ ਤੇਰਾ ਸ਼ੁਕਰੀਆ' (ਤਲਤ ਮਹਿਮੂਦ, ਠੋਕਰ), 'ਹਮਸੇ ਹੂਈ ਯਿਹ ਨਾਦਾਨੀ ਕਿ ਹਮ ਇਸ ਮਹਿਫਿਲ ਮੇਂ ਆ ਬੈਠੇ', 'ਮੋਰੇ ਰੂਠੇ ਬਾਲਮ ਘਰ ਆ' (ਊਸ਼ਾ ਮੰਗੇਸ਼ਕਰ, ਰਾਣੀ ਪਦਮਿਨੀ) ਵਰਗੇ ਗੀਤ ਅੱਜ ਵੀ ਉਸ ਦੇ ਸੰਗੀਤ ਦੇ ਮਿਆਰਾਂ ਦੀ ਸ਼ਾਹਦੀ ਭਰਦੇ ਹਨ। ਸਰਦਾਰ ਮਲਿਕ ਦੇ ਤਿੰਨ ਬੇਟਿਆਂ ਵਿਚੋਂ ਅਨੂ ਮਲਿਕ ਨੇ 1990ਵਿਆਂ ਵਿਚ ਸਫਲ ਸੰਗੀਤਕਾਰ ਵਜੋਂ ਆਪਣਾ ਨਿਵੇਕਲਾ ਮੁਕਾਮ ਬਣਾਇਆ ਸੀ। ਇਸੇ ਤਰ੍ਹਾਂ ਅਬੂ ਮਲਿਕ ਤੇ ਡੱਬੂ ਮਲਿਕ ਵੀ ਸੰਗੀਤ ਸਿਰਜਣ ਦੇ ਖੇਤਰ ਵਿਚ ਸਰਗਰਮ ਹਨ ਪਰ ਅਨੂ ਜਿੰਨੇ ਨਹੀਂ। ਹਾਲੀਆ ਫਿਲਮ 'ਦਮ ਲਗਾ ਕੇ ਹਈਸ਼ਾ' ਦੀ ਮਕਬੂਲੀਅਤ ਨੇ ਅਨੂ ਦੀ ਗੁੱਡੀ ਫਿਰ ਚੜ੍ਹਾ ਦਿੱਤੀ ਹੈ, ਪਰ ਨਾਲ ਹੀ ਸੰਗੀਤ ਦੇ ਸ਼ੈਦਾਈ ਸਵਾਲ ਕਰਦੇ ਹਨ: ਕੀ ਉਹ ਸਰਦਾਰ ਮਲਿਕ ਦੀ 'ਸਾਰੰਗਾ' ਦੇ ਮੁਕਾਬਲੇ ਦਾ ਸੰਗੀਤ ਕਦੇ ਦੇ ਸਕੇਗਾ?



ਸਰਦਾਰ ਮਲਿਕ (ਸੱਜੇ) ਅਤੇ ਉਸ ਦਾ ਸੰਗੀਤਕਾਰ ਪੁੱਤਰ ਅਨੂ ਮਲਿਕ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਅਪਰੈਲ 2020 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-425



*ਮੀਂਹ ਜਾਵੇ ਜਾਂ ਨੇਰ੍ਹੀ ਜਾਵੇ, ਜਾਂ ਪਵੇ ਕੜਾਕੀ ਧੁੱਪ।*
*ਸੜਕਾਂ ਉਤੇ ਗੁਜਰੇ ਜ਼ਿੰਦਗੀ ਮਾਂ ਤੇਰੀ ਦੀ ਪੁੱਤ।*
*ਫਿਰ ਵੀ ਨੰਗ-ਧੜੰਗਾ ਬਚਪਨ ਤੇਰੇ ਪੱਲੇ ਪਾਵਾਂ।*
*ਆ ਜਾ ਛਤਰੀ ਹੇਠਾਂ ਤੈਨੂੰ ਪਾਣੀ ਦਾ ਘੁੱਟ ਪਿਆਵਾਂ।*

### ਕੈਪਸ਼ਨ ਮੁਕਾਬਲਾ-423



ਚੁੱਲ੍ਹੇ ਮੂਹਰੇ ਪੀੜ੍ਹੀ ਡਾਹ ਕੇ,
ਹਾਕ ਮਾਰ ਬਾਪੂ ਨੂੰ ਬੁਲਾਵੇ।
ਮਾਂ ਦੇ ਹੱਥ ਦੀ ਤਵਿਓਂ ਲਹਿੰਦੀ,
ਨਾਲ ਬੈਠ ਕੇ ਰੋਟੀ ਖਾਵੇ।
ਕਿਵੇਂ ਪਰਦੇਸੀਂ ਇੱਕਲਾਪਾ ਕੱਟਿਆ,
ਜੀਅ ਕਰਦਾ ਆਖ ਸੁਣਾਵੇ।

**-ਦਵਿੰਦਰ ਕੌਰ**

---

ਮੱਕੀ ਦੀ ਰੋਟੀ ਚੁੱਲ੍ਹੇ 'ਤੇ ਮਾਂ ਬਣਾਵੇ,
ਮੇਥੇ, ਧਨੀਆਂ, ਗੰਢੇ, ਲੂਣ ਰਲਾਵੇ।
ਦਹੀਂ ਵਿਚ ਮੱਖਣੀ ਦਾ ਪੇੜਾ ਪਾਵੇ,
ਲਹਿੰਦੀ ਲਹਿੰਦੀ ਫੜ ਪੁੱਤਰ ਖਾਵੇ।

**-ਸੇਵਾ ਸਿੰਘ ਨੂਰਪੁਰੀ**

---

ਪੁੱਤ ਆਇਆ ਪਰਦੇਸੋਂ
ਮਾਂ ਨਾਲ ਬੈਠਾ ਰੋਟੀ ਖਾਵੇ।
ਨਾਲੇ ਇਸ ਅਨਮੋਲ ਪਲ ਨੂੰ
ਕੈਮਰੇ ਵਿਚ ਵੀ ਕੈਦ ਕਰਾਵੇ।

**-ਇੰਦਰਜੀਤ ਮੰਗਾ**
*ਪਿਟਸਬਰਗ, ਕੈਲੀਫੋਰਨੀਆ।*

---

ਮਮਤਾ ਰੱਬ ਦਾ ਰੂਪ ਹੈ ਦੂਜਾ
ਜੜ੍ਹ ਨੂੰ ਪੌਦੇ ਬਿਨ ਚੈਨ ਨਾ ਆਵੇ।
ਮਾਂ ਨੂੰ ਚੜ੍ਹਿਆ ਗੋਡੇ ਗੋਡੇ ਚਾਅ
ਵਿਦੇਸ਼ੋਂ ਮੁੜੇ ਪੁੱਤ ਨੂੰ ਲਹਿੰਦੀ ਲਹਿੰਦੀ
ਜਦੋਂ ਤਵੇ ਦੀ ਰੋਟੀ ਖੁਆਵੇ।
ਪੁੱਤ ਦੀਆਂ ਖੁਸ਼ੀਆਂ ਦੇਖ ਦੇਖ ਮਾਂ
ਧੁਰ ਅੰਦਰ ਤੱਕ ਬਾਗੋ ਬਾਗ ਹੋ ਜਾਵੇ।

**-ਅਮਰਜੀਤ ਸਿੰਘ ਤੂਰ**
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਕਿੱਥੇ ਫਾਸਟ ਫੂਡ ਪਰਦੇਸਾਂ 'ਚ
ਕਿੱਥੇ ਘਰ ਦਾ ਸ਼ਾਹੀ ਖਾਣਾ।
ਪੈਰਾਂ ਥੱਲਿਓ ਜਮੀਨ ਨਿਕਲ ਗਈ ਪੁੱਤ ਦੇ
ਦੇਖ ਮਾਂ ਦਾ ਸੱਧਰਾਂ ਭਰਿਆ ਪਿਆਰ।
ਲਹਿੰਦੀ ਲਹਿੰਦੀ ਖੁਆਵੇ ਪੁੱਤ ਨੂੰ
ਦੇ ਦੋ ਨੁਆਰੀ ਪੀੜੀਆਂ, ਨੇੜੇ ਹੀ ਚੁੱਲ੍ਹੇ ਦੇ।

**-ਦਰਸ਼ਨਪਾਲ ਦੋਸਾਂਝ**

---


ਬਾਰਾਂ ਸਾਲੀਂ ਪੁੱਤ ਪਰਦੇਸੋਂ ਆਇਆ
ਬਾਵਰੀ ਮਾਂ ਔਸੀਆਂ ਪਾਵੇ।
ਆ ਪੁੱਤ ਬੈਠ ਚੁੱਲ੍ਹੇ ਕੋਲ
ਤੈਨੂੰ ਸਾਗ, ਮੱਕੀ ਦੀ ਰੋਟੀ ਖੁਆਵਾਂ।
ਤੇਰੀਆਂ ਸੁਣਾਂ ਤੇ ਆਪਣੀਆਂ ਸੁਣਾਵਾਂ
ਜੋ ਠੰਡ ਅੰਦਰਾਂ ਨੂੰ ਪਾਵੇ।
ਚੰਦਰੇ ਵੇਲਿਆਂ ਨੇ ਅਜਿਹੀ ਵਬਾ ਚਲਾਈ
ਮੇਰਾ ਪੁੱਤ ਪਰਦੇਸੀ ਕੀਤਾ,
ਹਾੜਾ ਵੇ ਮਹਿਲਾਂ ਵਾਲਿਓ
ਹਾੜਾ ਵੇ ਹਕੂਮਤਾਂ ਵਾਲਿਓ
ਠੱਲ੍ਹੋ ਇਨ੍ਹਾਂ ਦੁਸ਼ਵਾਰੀਆਂ ਨੂੰ
ਜੋ ਮੇਰੀ ਸੋਨਮਈ ਧਰਤ ਉਜਾੜੇ।
ਪਰਦੇਸੀਂ ਜਾਂਦੇ ਪੁੱਤਰੋ ਮੋੜਿਓ ਵੇ
ਵਾਗਾਂ ਆਪਣੀ ਜੰਮਣ ਭੋਂ ਵੱਲ,
ਉਤਾਰਿਓ ਕਰਜ਼ਾ ਆਪਣੀ ਮਾਂ ਦਾ
ਕਿਤੇ ਚੀਰ ਹਰਨ ਕੋਈ ਦੋਖੀ ਨਾ ਕਰ ਜਾਵੇ।

**-ਸੁਕੰਨਿਆ ਭਾਰਦਵਾਜ, ਸ਼ਿਕਾਗੋ**
*ਫੋਨ: 815-307-3112*

# ਇਛ ਪੁਨੀ ਸਰਧਾ ਸਭ ਪੂਰੀ

## ਪਾਕਿਸਤਾਨ ਯਾਤਰਾ

ਛੋਟੇ ਹੁੰਦਿਆਂ ਤੋਂ ਪਿੰਡ ਦੇ ਗੁਰਦੁਆਰਾ ਅਟਾਰੀ ਸਾਹਿਬ ਵਿੱਖੇ ਲੱਗਦੇ ਸਾਲਾਨਾ ਧਾਰਮਿਕ ਦੀਵਾਨ ਵਿਚ ਜਦੋਂ ਢਾਡੀ ਜਥਿਆਂ ਜਾਂ ਕਵੀਸ਼ਰਾਂ ਤੋਂ ਗੁਰੂ ਨਾਨਕ ਸਾਹਿਬ ਦੇ ਬਚਪਨ ਬਾਰੇ ਸਾਖੀਆਂ ਸੁਣਨੀਆਂ ਜਾਂ 'ਸਾਕਾ ਨਨਕਾਣਾ ਸਾਹਿਬ' ਸੁਣਨਾ ਤਾਂ ਮਨ ਵਿਚ ਨਨਕਾਣਾ ਸਾਹਿਬ ਦੇਖਣ ਦੀ ਬਹੁਤ ਇੱਛਾ ਅਤੇ ਦੋ ਮੁਲਕ ਬਣਨ ਕਰਕੇ ਨਾ ਜਾ ਸਕਣ ਦੀ ਮਜ਼ਬੂਰੀ ਵਿਚੋਂ ਬਹੁਤ ਵੈਰਾਗ ਮਹਿਸੂਸ ਹੋਣਾ। ਪਾਕਿਸਤਾਨ ਬਣਨ ਤੋਂ ਪਹਿਲਾਂ ਪੰਜਾਬ ਦੀ ਰਾਜਧਾਨੀ ਲਾਹੌਰ ਹੋਣ ਕਰਕੇ ਲੋਕਾਂ ਨੂੰ ਆਪਣੇ ਕੋਰਟ-ਕਚਹਿਰੀ ਦੇ ਕੰਮਾਂ ਲਈ ਲਾਹੌਰ ਜਾਣਾ ਪੈਂਦਾ ਸੀ। ਇਸ ਲਈ ਬਾਪੂ ਜੀ ਨੇ ਜਦੋਂ ਲਾਹੌਰ



ਦੀਆਂ ਗੱਲਾਂ ਸੁਣਾਉਣੀਆਂ ਅਤੇ ਬੇਜੀ ਨੇ ਦੱਸਣਾ ਕਿ ਜਿਸ ਦਿਨ ਉਹ ਬਾਰੀਏ ਮਾਮੇ ਅੱਛਰਾ ਸਿੰਘ (ਬੇਜੀ ਦੀ ਮਾਸੀ

**ਡਾ. ਗੁਰਨਾਮ ਕੌਰ, ਕੈਨੇਡਾ**

ਦਾ ਪੁੱਤ, ਜੋ ਜਿਲਾ ਸ਼ੇਖੂਪੁਰੇ ਦੇ ਚੱਕ 27 ਵਿਚ ਮੁਰੱਬਿਆਂ ਦੇ ਮਾਲਕ ਸਨ) ਦੇ ਵਿਆਹ 'ਤੇ ਜਾਣ ਲਈ ਲਾਹੌਰ ਸਟੇਸ਼ਨ 'ਤੇ ਉਤਰੇ, ਗੋਦੀ ਉਨ੍ਹਾਂ ਦੇ ਮੇਰਾ ਵੱਡਾ ਵੀਰ ਅਮਰ ਸਿੰਘ ਸੀ। ਉਸ ਦਿਨ ਲਾਹੌਰ ਸਟੇਸ਼ਨ 'ਤੇ ਡੂੰਘੀ ਚੁੱਪ ਵਰਤੀ ਹੋਈ ਸੀ, ਕਿਉਂਕਿ ਉਸ ਦਿਨ ਭਗਤ ਸਿੰਘ ਅਤੇ ਉਸ ਦੇ ਸਾਥੀਆਂ-ਰਾਜ ਗੁਰੂ ਅਤੇ ਸੁਖਦੇਵ ਨੂੰ ਫਾਂਸੀ ਲਾਈ ਗਈ ਸੀ ਤਾਂ ਮਨ ਵਿਚ ਲਾਹੌਰ ਸ਼ਹਿਰ ਤੇ ਉਸ ਦੇ ਸਟੇਸ਼ਨ ਦੀ ਕਲਪਨਾ ਕਰਨੀ ਕਿ ਉਹ ਕਿਹੋ ਜਿਹਾ ਸ਼ਹਿਰ ਹੋਵੇਗਾ। ਵੱਡੀ ਹੋ ਕੇ, ਸਮੇਤ ਨਾਨਕ ਸਿੰਘ ਦੇ ਨਾਵਲਾਂ ਅਤੇ ਹੋਰ ਸਾਹਿਤ ਵਿਚ ਅਨੇਕਾਂ ਵਾਰ ਲਾਹੌਰ ਸ਼ਹਿਰ ਦਾ ਜ਼ਿਕਰ ਪੜ੍ਹਿਆ।

ਕੈਨੇਡਾ ਜਦੋਂ ਆਪਣੇ ਵੱਡੇ ਪੁੱਤਰ ਮਨਵੀਰ ਦੇ ਬੇਟੇ ਅਜੈ ਸਿੰਘ ਦੇ ਜਨਮ ਵੇਲੇ ਸੰਨ 2006 ਵਿਚ ਆ ਕੇ ਚਾਰ ਮਹੀਨੇ ਰਹੀ ਤਾਂ ਇੱਕ ਟੀ. ਵੀ. ਪ੍ਰੋਗਰਾਮ ਚਲਦਾ ਹੁੰਦਾ ਸੀ, 'ਜਿਨ ਲਾਹੌਰ ਨਹੀ ਦੇਖਿਆ।' ਪ੍ਰੋਗਰਾਮ ਵਿਚ ਲਾਹੌਰ ਸ਼ਹਿਰ ਦੇ ਬਾਜ਼ਾਰਾਂ, ਖਾਸ ਖਾਸ ਅਤੇ ਇਤਿਹਾਸਕ ਥਾਂਵਾਂ ਬਾਰੇ ਕਾਫੀ ਜਾਣਕਾਰੀ ਦਿਤੀ ਹੁੰਦੀ ਸੀ। ਵੈਸੇ ਵੀ ਲਾਹੌਰ ਨਾਲ ਸਿੱਖ ਇਤਿਹਾਸ ਦਾ ਏਨਾ ਕੁਝ ਜੁੜਿਆ ਹੋਇਆ ਹੈ, ਸਮੇਤ ਸਿੱਖ ਰਾਜ ਦੇ, ਕਿ ਇਸ ਨੂੰ ਚੇਤਿਆਂ ਵਿਚੋਂ ਬਰਖਾਸਤ ਕੀਤਾ ਹੀ ਨਹੀਂ ਜਾ ਸਕਦਾ।

ਭਾਰਤ ਰਹਿੰਦਿਆਂ ਇਕੋ ਇਕ ਢੰਗ ਸਿੱਖ ਜਥਿਆਂ ਨਾਲ ਯਾਤਰਾ 'ਤੇ ਜਾਣਾ ਹੀ ਨਜ਼ਰ ਆਉਂਦਾ ਸੀ, ਪਰ ਉਹ ਵੀ ਕੋਈ ਢੰਗ ਦਾ ਸਾਥ ਨਾ ਮਿਲਣ ਕਰਕੇ ਸਾਜਗਾਰ ਨਹੀਂ ਹੋ ਸਕਿਆ। ਵੈਸੇ ਵੀ ਜਦੋਂ ਅਖਬਾਰਾਂ ਵਿਚ ਯਾਤਰਾ ਦੇ ਹਾਲ ਪੜ੍ਹੀਦੇ ਸੀ ਕਿ ਰੇਲ ਗੱਡੀਆਂ ਵਿਚ ਸੀਟਾਂ ਮੱਲਣ ਲਈ ਜਾਂ ਗੁਰਦੁਆਰਿਆਂ ਵਿਚ ਕਮਰੇ ਲੈਣ ਲਈ ਲੋਕ ਕਿਵੇਂ ਝਗੜੇ ਕਰਦੇ ਹਨ ਤਾਂ ਛੋਟੇ ਬੱਚਿਆਂ ਸਮੇਤ ਯਾਤਰਾ ਦੌਰਾਨ ਪ੍ਰੇਸ਼ਾਨ ਹੋਣ ਤੋਂ ਮਨ ਕਤਰਾਉਂਦਾ ਸੀ। ਇਸ ਲਈ ਮਨ ਵਿਚ ਡੂੰਘੀ ਰੀਝ ਹੋਣ ਦੇ ਬਾਵਜੂਦ ਵਿਛੜੇ ਗੁਰਧਾਮਾਂ ਦੀ ਯਾਤਰਾ ਕਰਨੀ ਸੰਭਵ ਹੀ ਨਹੀਂ ਸੀ ਹੋ ਸਕੀ।

ਪਿਛਲੇ ਸਾਲ (ਸੰਨ 2019) ਦੇ ਸ਼ੁਰੂ ਵਿਚ ਹੀ ਮੇਰੇ ਛੋਟੇ ਵੀਰ ਨਿਰਮਲ ਸਿੰਘ ਦੀ ਪੋਤੀ ਨਵਰੀਤ ਦਾ ਵਿਆਹ ਆ ਗਿਆ। ਮੈਂ ਆਪਣੇ ਵੱਡੇ ਭੈਣ-ਭਣੋਈਏ ਅਤੇ ਭਾਣਜਿਆਂ ਅਮਨਦੀਪ ਤੇ ਸੰਦੀਪ ਨਾਲ ਭਾਰਤ ਜਾਣ ਲਈ ਦੋ ਕੁ ਮਹੀਨੇ ਪਹਿਲਾਂ ਹੀ ਸੀਟ ਮਖਸੂਸ ਕਰਵਾ ਲਈ। ਉਦੋਂ ਹੀ ਇੰਜੀਨੀਅਰ ਹਰਜੀਤ ਸਿੰਘ ਗਿੱਲ ਦਾ ਫੋਨ ਆ ਗਿਆ, "ਡਾ. ਸਾਹਿਬ! ਲਾਹੌਰ ਯੂਨੀਵਰਸਿਟੀ ਵਿਚ ਪਰਸ਼ੀਅਨ ਵਿਭਾਗ ਵੱਲੋਂ ਸੁਲਤਾਨ ਬਾਹੂ ਅਤੇ ਮੌਲਾਨਾ ਰੂਮੀ 'ਤੇ ਸੈਮੀਨਾਰ ਕਰਾਉਣ ਦੀ ਵਿਉਂਤਵੰਦੀ ਕੀਤੀ ਗਈ ਹੈ। ਤੁਸੀਂ ਚੱਲਣੈ?"

ਮੈਂ ਝੱਟ 'ਹਾਂ' ਕਰ ਦਿਤੀ। ਦੋ ਕੁ ਦਿਨਾਂ ਵਿਚ ਹੀ ਪਰਸ਼ੀਅਨ ਵਿਭਾਗ ਦੇ ਮੁਖੀ ਡਾ. ਇਕਬਾਲ ਸ਼ਾਹਿਦ ਵਲੋਂ 16-17 ਫਰਵਰੀ 2019 ਨੂੰ ਹੋਣ ਵਾਲੇ ਸੈਮੀਨਾਰ ਲਈ ਸੱਦਾ-ਪੱਤਰ ਪਹੁੰਚ ਗਏ। ਅਸੀਂ 15 ਫਰਵਰੀ ਨੂੰ ਲਾਹੌਰ ਪਹੁੰਚਣਾ ਸੀ। ਹਰਜੀਤ ਸਿੰਘ ਗਿੱਲ, ਉਨ੍ਹਾਂ ਦੀ ਧਰਮ ਪਤਨੀ ਸੁਖਵੀਰ ਕੌਰ ਅਤੇ ਮੈਂ ਆਪਣੇ ਸਾਰੇ ਕਾਗਜ਼ ਪੱਤਰ ਲੈ ਕੇ ਟੋਰਾਂਟੋ ਵਿਚ ਪਾਕਿਸਤਾਨ ਅੰਬੈਸੀ ਪਹੁੰਚ ਗਏ, ਪਰ ਅਧਿਕਾਰੀਆਂ ਨੇ ਸਾਨੂੰ ਇਹ ਕਹਿ ਕੇ ਵਾਪਸ ਭੇਜ ਦਿਤਾ ਕਿ ਇਸ ਸੱਦਾ-ਪੱਤਰ ਦੀ ਕਾਪੀ ਅੰਬੈਸੀ ਨੂੰ ਵੀ ਆਉਣੀ ਚਾਹੀਦੀ ਹੈ। ਦੂਜੇ ਦਿਨ ਹੀ ਵਿਭਾਗ ਵੱਲੋਂ ਸਾਡੇ ਤਿੰਨਾਂ ਦੇ ਨਾਂਵਾਂ ਸਮੇਤ ਅੰਬੈਸੀ ਨੂੰ ਵੀ ਸੱਦਾ-ਪੱਤਰ ਪਹੁੰਚ ਗਿਆ।

ਅਸੀਂ ਫਿਰ ਵੀਜ਼ੇ ਲਈ ਦਰਖਾਸਤ ਦੇਣ ਲਈ ਪਹੁੰਚ ਗਏ ਅਤੇ ਫਾਰਮ 'ਤੇ ਬਣੇ ਕਾਲਮ ਵਿਚ ਭਰ ਦਿਤਾ ਕਿ ਅਸੀਂ ਵਾਘਾ ਬਾਰਡਰ ਰਾਹੀਂ ਜਾਣਾ ਹੈ। ਫਾਰਮ 'ਚ ਇਹ ਦੱਸਣਾ ਪੈਂਦਾ ਹੈ ਕਿ ਤੁਸੀਂ ਕਿਸ ਰਸਤੇ ਤੋਂ ਜਾਣਾ ਹੈ ਅਤੇ ਕਿਥੇ ਕਿਥੇ ਜਾਣਾ ਹੈ? ਤਿੰਨ ਕੁ ਦਿਨ ਵਿਚ ਹੀ ਹਰਜੀਤ ਸਿੰਘ




*ਲਾਹੌਰ ਰੇਲਵੇ ਸਟੇਸ਼ਨ*

ਨੂੰ ਫੋਨ 'ਤੇ ਸੁਨੇਹਾ ਆ ਗਿਆ ਕਿ ਵੀਜ਼ਾ ਲੱਗ ਗਿਆ ਹੈ, ਆਪਣੇ ਪਾਸਪੋਰਟ ਲੈ ਜਾਵੋ। ਮੈਂ ਤੇ ਸੁਖਵੀਰ ਕੌਰ ਹਰਜੀਤ ਸਿੰਘ ਦੇ ਪਾਸਪੋਰਟ ਲਈ ਅਥਾਰਟੀ ਲੈਟਰ ਲੈ ਕੇ ਮੇਰੇ ਬੇਟੇ ਗੁਰਨੀਤ ਸਿੰਘ ਨਾਲ ਜਾ ਕੇ ਪਾਸਪੋਰਟ ਲੈ ਆਈਆਂ ਅਤੇ ਸਾਨੂੰ 15 ਦਿਨ ਦਾ ਵੀਜ਼ਾ ਮਿਲ ਗਿਆ।

ਮੈਂ ਸੁਲਤਾਨ ਬਾਹੂ ਅਤੇ ਮੌਲਾਨਾ ਰੂਮੀ 'ਤੇ ਪੜ੍ਹਨ ਲਈ ਪਰਚਾ ਵੀ ਤਿਆਰ ਕਰ ਲਿਆ ਸੀ। ਮੈਂ ਤਾਂ ਭਾਰਤ ਜਾਣਾ ਹੀ ਸੀ, ਪਰ ਗਿੱਲ ਪਰਿਵਾਰ ਦਾ ਕਿਸੇ ਵਜ੍ਹਾ ਕਰਕੇ ਜਾਣ ਦਾ ਪ੍ਰੋਗਰਾਮ ਰੱਦ ਹੋ ਗਿਆ ਅਤੇ ਮੇਰੀ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਬਾਬੇ ਨਾਨਕ ਦੇ ਜਨਮ ਸਥਾਨ 'ਤੇ ਨਤਮਸਤਕ ਹੋਣ, ਲਾਹੌਰ ਦੇਖਣ ਦੀ ਰੀਝ ਵੀ ਵਿਚੇ ਰਹਿ ਗਈ। ਹੋਇਆ ਇਉਂ ਕਿ ਵਿਆਹ ਦੀਆਂ ਰਸਮਾਂ ਤੋਂ ਅਸੀਂ 10 ਫਰਵਰੀ ਤੱਕ ਵਿਹਲੇ ਹੋ ਗਏ ਅਤੇ ਮੇਰਾ ਇਰਾਦਾ 14 ਫਰਵਰੀ ਨੂੰ ਕੰਮੋਕੇ-ਅੰਮ੍ਰਿਤਸਰ ਪਹੁੰਚਣ ਤੇ 15 ਫਰਵਰੀ ਨੂੰ ਪਾਕਿਸਤਾਨ ਜਾਣ ਦਾ ਸੀ। ਹਰਜੀਤ ਸਿੰਘ ਗਿੱਲ ਹੋਰਾਂ ਰਾਹੀਂ ਜਨਾਬ ਇਕਬਾਲ ਸ਼ਾਹਿਦ ਨੇ ਮੈਨੂੰ ਬਾਰਡਰ ਤੋਂ ਲੈ ਕੇ ਜਾਣ, ਰਹਿਣ ਆਦਿ ਦਾ ਸਾਰਾ ਪ੍ਰਬੰਧ ਕਰ ਦੇਣ ਦਾ ਭਰੋਸਾ ਦਿੱਤਾ ਸੀ, ਪਰ ਇਸ ਸਮੇਂ ਵਿਚ ਹੀ ਕਸ਼ਮੀਰ ਵਿਚ ਪੁਲਵਾਮਾ ਹਮਲੇ ਕਰਕੇ ਫਿਰ ਭਾਰਤ ਵੱਲੋਂ ਸਰਜੀਕਲ ਸਟਰਾਈਕ ਕਰਕੇ ਕਾਫੀ ਤਣਾਓ ਵਧ ਗਿਆ ਸੀ।

ਇਹੀ ਨਹੀਂ, ਦੋਹਾਂ ਮੁਲਕਾਂ ਵਿਚ ਇਕਦਮ ਵਪਾਰ ਵੀ ਬੰਦ ਹੋ ਗਿਆ ਸੀ ਅਤੇ ਭਾਰਤ ਵਾਲੇ ਪਾਸੇ ਪੰਜਾਬ ਵਿਚ ਸਰਹੱਦੀ ਪਿੰਡਾਂ ਨੂੰ ਖਾਲੀ ਕਰਾਉਣ ਦਾ ਦੌਰ ਵੀ ਸ਼ੁਰੂ ਹੋ ਗਿਆ ਸੀ। ਭਾਰਤੀ ਮੀਡੀਆ ਵਲੋਂ ਜਿੰਨੇ ਜ਼ੋਰ-ਸ਼ੋਰ ਨਾਲ ਪ੍ਰਚਾਰ ਸ਼ੁਰੂ ਹੋ ਗਿਆ ਸੀ, ਉਸ ਤੋਂ ਜਾਪਣ ਲੱਗ ਪਿਆ ਸੀ, ਲੜਾਈ ਹੁਣੇ ਲੱਗੀ ਕਿ ਲੱਗੀ। ਮੈਨੂੰ ਮੇਰੇ ਸਾਰੇ ਪਰਿਵਾਰ ਭਰਾ-ਭੈਣਾਂ ਅਤੇ ਬੱਚਿਆਂ ਵੱਲੋਂ ਏਹੀ ਕਿਹਾ ਗਿਆ ਕਿ ਜੇ ਲੜਾਈ ਲੱਗ ਗਈ ਤੇ ਤੂੰ ਉਧਰ ਫਸ ਗਈ ਤਾਂ ਸਰਹੱਦ ਪਾਰੋਂ ਵਾਪਸ ਆਉਣ ਵਿਚ ਦਿੱਕਤ ਆਵੇਗੀ, ਜੇ ਕਰਮਾਂ ਵਿਚ ਬਾਬੇ ਦੇ ਸਥਾਨ 'ਤੇ ਮੱਥਾ ਟੇਕਣ ਦਾ ਸੁਭਾਗ ਹੋਇਆ ਤਾਂ ਕਦੀ ਫਿਰ ਮੌਕਾ ਮਿਲ ਜਾਵੇਗਾ। ਖੈਰ! ਸਭ ਦੇ 'ਨਾਂਹ' ਵਾਲੇ ਰਵੱਈਏ ਅੱਗੇ ਮੈਂ ਝੁਕ ਗਈ ਅਤੇ ਪ੍ਰੋਗਰਾਮ ਛੱਡ ਦਿਤਾ, ਪਰ ਮੇਰੇ ਮਨ ਵਿਚ ਬਹੁਤ ਉਦਾਸੀ ਸੀ, ਕਿਉਂਕਿ ਇੱਕ ਵਾਰ ਕਈ ਸਾਲ ਪਹਿਲਾਂ ਵੀ, ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਵਿਚ ਪ੍ਰੋਫੈਸਰ ਸੀ, ਇਸੇ ਤਰ੍ਹਾਂ ਲਾਹੌਰ ਸੈਮੀਨਾਰ 'ਤੇ ਜਾਣ ਦਾ, ਇਸੇ ਕਿਸਮ ਦੀ ਵਜ੍ਹਾ ਕਰਕੇ ਇੰਜ ਹੀ ਪ੍ਰੋਗਰਾਮ ਮੁਲਤਵੀ ਹੋ ਗਿਆ ਸੀ; ਸਗੋਂ ਉਦੋਂ ਤਾਂ ਸੈਮੀਨਾਰ ਹੀ ਮੁਲਤਵੀ ਹੋ ਗਿਆ ਸੀ।

ਇਸ ਵਾਰ ਮੇਰਾ ਪੁੱਤਰ ਅਤੇ ਨੂੰਹ 31 ਦਸੰਬਰ ਨੂੰ ਆਪਣੇ ਦੋਸਤ ਦੇ ਵਿਆਹ 'ਤੇ ਉਦੈਪੁਰ, ਰਾਜਸਥਾਨ ਗਏ। ਵਿਆਹ ਜਨਵਰੀ 'ਚ ਸੀ। ਕੁਝ ਦਿਨ ਪਿੱਛੋਂ ਹੀ ਹਰਜੀਤ ਸਿੰਘ ਗਿੱਲ ਦਾ ਫੋਨ ਆ ਗਿਆ, 'ਡਾ. ਸਾਹਿਬ! ਲਾਹੌਰ ਪੰਜਾਬੀ ਕਾਨਫਰੰਸ ਹੋ ਰਹੀ ਹੈ, ਸੁਨੇਹਾ ਆਇਆ ਹੈ। ਮੈਂ ਤੇ ਸੁਖਵੀਰ ਨੇ ਸਾਰੇ ਪਰਿਵਾਰ-ਬੇਟੀ




*ਪੀਅਰਸਨ ਏਅਰਪੋਰਟ, ਟੋਰਾਂਟੋ ਦਾ ਬੋਰਡ*

ਸਿਮਰ, ਬੇਟੇ ਪ੍ਰਤੀਕ ਅਤੇ ਉਸ ਦੀ ਵਹੁਟੀ ਜੋਤੀ ਸਮੇਤ ਜਾਣ ਦਾ ਪ੍ਰੋਗਰਾਮ ਬਣਾਇਆ ਹੈ। ਤੁਸੀਂ ਜਾਣਾ ਚਾਹੋਗੇ ਤਾਂ ਸਪਾਂਸਰਸ਼ਿਪ ਮੰਗਵਾ ਲੈਂਦੇ ਹਾਂ।"

ਮੈਂ ਉਨ੍ਹਾਂ ਤੋਂ ਇੱਕ ਦਿਨ ਦਾ ਸਮਾਂ ਮੰਗਿਆ ਅਤੇ ਬੱਚਿਆਂ ਨੂੰ ਭਾਰਤ ਫੋਨ ਕੀਤਾ। ਉਨ੍ਹਾਂ ਨੇ 'ਹਾਂ' ਕਰ ਦਿੱਤੀ ਅਤੇ ਨਾਲ ਹੀ ਕਿਹਾ, "ਮਾਮਾ ਸਬੱਬ ਨਾਲ ਮੌਕਾ ਮਿਲ ਰਿਹਾ ਹੈ ਅਤੇ ਸਾਥ ਵੀ ਹੈ। ਅੰਕਲ ਹੋਰਾਂ ਨਾਲ ਜਾ ਕੇ ਵੀਜ਼ਾ ਅਪਲਾਈ ਕਰ ਦੇਵੋ।"

ਇਸ ਤਰ੍ਹਾਂ ਮੈਂ ਗਿੱਲ ਪਰਿਵਾਰ ਨਾਲ ਜਾ ਕੇ ਵੀਜ਼ੇ ਲਈ ਦਰਖਾਸਤ ਦੇ ਦਿੱਤੀ ਅਤੇ ਕੁਝ ਦਿਨਾਂ ਵਿਚ ਹੀ ਸਾਡਾ ਇੱਕ-ਇੱਕ ਮਹੀਨੇ ਦਾ ਵੀਜ਼ਾ ਲੱਗ ਕੇ ਆ ਗਿਆ। ਮੈਂ ਹਾਲੇ ਵੀ ਸ਼ਸ਼ੋਪੰਜ ਵਿਚ ਸਾਂ ਕਿ ਜਾਵਾਂ ਜਾਂ ਨਾ! 19 ਜਨਵਰੀ ਨੂੰ ਮੇਰੇ ਬੱਚੇ ਭਾਰਤ ਤੋਂ ਵਾਪਸ ਆ ਗਏ ਅਤੇ ਆਉਂਦਿਆਂ ਹੀ ਬੇਟੇ ਨੇ ਮੇਰੀ ਸੀਟ (ਲੁਫਤਾਂਸਾ ਏਅਰ ਲਾਈਨ 'ਤੇ ਵਾਇਆ ਫਰੈਂਕਫਰਟ ਜਾਣ ਲਈ 9 ਫਰਵਰੀ ਅਤੇ ਆਉਣ ਲਈ ਵਾਇਆ ਦੁੱਬਈ ਏਅਰ ਇੰਡੀਆ ਅਤੇ ਏਅਰ ਕੈਨੇਡਾ 9 ਮਾਰਚ) ਦਾ ਪ੍ਰਬੰਧ ਕਰ ਦਿਤਾ। ਪੰਜਾਬੀ ਕਾਨਫਰੰਸ 14 ਅਤੇ 15 ਫਰਵਰੀ ਦੀ ਸੀ। ਗਿੱਲ ਪਰਿਵਾਰ ਵਾਰੀ ਵਾਰੀ 10-11 ਫਰਵਰੀ ਤੱਕ ਆਪਣੇ ਮੁਕਾਮ ਅੰਮ੍ਰਿਤਸਰ ਪਹੁੰਚ ਗਿਆ।

ਖਦਸ਼ੇ ਤਾਂ ਖਦਸ਼ੇ ਹੁੰਦੇ ਹਨ। 9 ਫਰਵਰੀ ਨੂੰ ਪੀਅਰਸਨ ਏਅਰਪੋਰਟ, ਟੋਰਾਂਟੋ 'ਤੇ ਪਹੁੰਚ ਕੇ ਸਿਕਿਉਰਿਟੀ ਵਗੈਰਾ ਚੈੱਕ ਕਰਾ ਕੇ ਜਹਾਜ 'ਤੇ ਸਵਾਰ ਹੋਣ ਦੀ ਉਡੀਕ ਹੋ ਰਹੀ ਸੀ, ਜੋ ਸ਼ਾਮ ਨੂੰ 6 ਵਜ ਕੇ 10 ਕੁ ਮਿੰਟ 'ਤੇ ਚੱਲਣਾ ਸੀ। ਐਲਾਨ ਕਰ ਦਿਤਾ ਗਿਆ ਕਿ ਕੋਈ ਤਕਨੀਕੀ ਨੁਕਸ ਕਾਰਨ ਜਹਾਜ 7:30 'ਤੇ ਉਡਾਣ ਭਰੇਗਾ। ਘੁਸਰ-ਮੁਸਰ ਇਹ ਵੀ ਚੱਲ ਰਹੀ ਸੀ ਕਿ ਬਰਫਾਨੀ ਤੂਫਾਨ ਕਾਰਨ ਪਾਈਲਾਟ ਨੇ ਜਹਾਜ ਉਡਾਉਣੋਂ ਨਾਂਹ ਕਰ ਦਿਤੀ ਹੈ। ਫਿਰ ਐਲਾਨ ਹੋ ਗਿਆ ਕਿ 8:30 'ਤੇ ਉਡਾਣ ਸੰਭਵ ਹੋ ਸਕੇਗੀ। ਮੈਂ ਪਿਛਲੇ ਸਾਲ ਤੋਂ ਏਅਰਪੋਰਟ 'ਤੇ ਵ੍ਹੀਲ ਚੇਅਰ ਲੈਣੀ ਸ਼ੁਰੂ ਕਰ ਦਿਤੀ ਹੈ, ਕਿਉਂਕਿ ਏਅਰਪੋਰਟ 'ਤੇ ਤੇਜ ਤੁਰਦਿਆਂ ਕਾਫੀ ਸਾਹ ਚੜ੍ਹ ਜਾਂਦਾ ਹੈ। ਉਦੋਂ ਹੀ ਪਤਾ ਲੱਗਾ, ਜਦੋਂ 8:30 'ਤੇ ਵ੍ਹੀਲ ਚੇਅਰ 'ਤੇ ਬਿਠਾ ਕੇ ਵਾਪਸ ਘਰਾਂ ਨੂੰ ਜਾਣ ਦਾ ਐਲਾਨ ਕਰ ਦਿਤਾ ਗਿਆ ਅਤੇ ਕਹਿ ਦਿਤਾ ਕਿ ਜਿਸ ਨੇ ਟੈਕਸੀ ਲੈਣੀ ਹੈ ਜਾਂ ਹੋਟਲ 'ਚ ਠਹਿਰਨਾ ਹੈ, ਹੇਠਾਂ ਦਫਤਰ 'ਚ ਜਾ ਕੇ ਰਜਿਸਟਰੇਸ਼ਨ ਕਰਵਾ ਲਵੋ ਅਤੇ ਆਪਣਾ ਸਮਾਨ ਲੈ ਲਵੋ।

ਮੈਂ ਘਰ ਫੋਨ ਕੀਤਾ ਤਾਂ ਮੇਰੇ ਪਤੀ ਸ. ਗੁਰਦਿਆਲ ਸਿੰਘ ਬੱਲ ਨੇ ਦੱਸਿਆ ਕਿ ਬੱਚਿਆਂ ਨੂੰ ਇੰਟਰਨੈਟ ਤੋਂ ਪਤਾ ਲੱਗ ਗਿਆ ਹੈ ਅਤੇ ਉਹ ਤੈਨੂੰ ਲੈਣ ਘਰੋਂ ਤੁਰ ਪਏ ਹਨ। ਮੈਂ ਆਪਣੇ ਸੂਟਕੇਸ ਲਏ ਅਤੇ ਬੱਚਿਆਂ ਨਾਲ ਘਰ ਲਈ ਰਵਾਨਾ ਹੋ ਗਈ। ਮੈਂ ਇਹ ਜ਼ਿਕਰ ਇਸ ਲਈ ਕੀਤਾ ਹੈ ਕਿਉਂਕਿ ਮੇਰੇ ਮਨ 'ਚ ਇਹ ਤੌਖਲਾ ਇਕ ਵਾਰ ਫਿਰ ਬੈਠ ਗਿਆ ਕਿ ਸ਼ਾਇਦ ਪਹਿਲੀਆਂ ਦੋ ਵਾਰੀਆਂ ਵਾਂਗ ਇਸ ਵਾਰ ਵੀ ਬਾਬੇ ਦੇ ਜਨਮ ਸਥਾਨ ਦੇ ਦਰਸ਼ਨ ਕਰਨ ਤੋਂ ਵਾਂਝੇ ਰਹਿ ਜਾਣਾ ਹੈ, ਬੇਭਰੋਸਗੀ ਇਸ ਕਦਰ ਹੋ ਗਈ ਸੀ।

ਘਰ ਵਾਪਸ ਆ ਕੇ ਹਰਜੀਤ ਸਿੰਘ ਗਿੱਲ ਨੂੰ ਅੰਮ੍ਰਿਤਸਰ ਫੋਨ ਕੀਤਾ ਕਿ ਮੇਰੀ ਫਲਾਈਟ ਮੌਸਮ ਕਰਕੇ ਰੱਦ ਹੋ ਗਈ ਹੈ, ਇਸ ਲਈ ਪਾਕਿਸਤਾਨ ਜਾਣ ਲਈ ਮੇਰਾ ਇੰਤਜ਼ਾਰ ਜ਼ਰੂਰ ਕਰਨ। ਦੂਜੇ ਦਿਨ ਫਿਰ ਉਸੇ ਸਮੇਂ ਏਅਰਪੋਰਟ 'ਤੇ ਆਏ ਅਤੇ ਸ਼ੁਕਰ ਕੀਤਾ ਕਿ ਜਹਾਜ ਨੇ ਜਰਮਨੀ ਦੇ ਸ਼ਹਿਰ ਫਰੈਂਕਫਰਟ ਲਈ ਉਡਾਣ ਭਰ ਲਈ। ਟੋਰਾਂਟੋ ਤੋਂ ਦੂਜਾ ਬੋਰਡਿੰਗ ਪਾਸ ਨਹੀਂ ਸੀ ਦਿਤਾ ਗਿਆ ਅਤੇ ਦਸਿਆ ਗਿਆ ਸੀ ਕਿ ਇਹ ਫਰੈਂਕਫਰਟ ਜਾ ਕੇ ਹੀ ਮਿਲਣਗੇ।

ਫਰੈਂਕਫਰਟ ਏਅਰਪੋਰਟ ਬਹੁਤ ਵੱਡਾ ਹੈ। ਸਿਕਿਉਰਿਟੀ ਆਦਿ ਸਾਰੀਆਂ ਨਿਯਮਾਵਲੀਆਂ ਵਿਚੋਂ ਲੰਘ ਕੇ ਬੋਰਡਿੰਗ ਵਾਸਤੇ ਆ ਬੈਠੇ ਤਾਂ ਨਾਲ ਬੈਠੀਆਂ ਦੋ ਹੋਰ ਬੀਬੀਆਂ ਨਾਲ ਨੇੜੇ ਮੈਕਡੋਨਲ ਤੋਂ ਜਾ ਕੇ ਕਾਫੀ ਪੀਤੀ ਅਤੇ ਫਿਰ ਉਥੇ ਆ ਬੈਠੀ। ਕਾਊਂਟਰ ਖੁਲ੍ਹ ਗਿਆ ਸੀ ਅਤੇ ਅਚਾਨਕ ਖਿਆਲ ਆਇਆ ਕਿ ਬੋਰਡਿੰਗ ਪਾਸ ਬਾਰੇ ਪੁੱਛ ਲਿਆ ਜਾਵੇ। ਜਦੋਂ ਮੈਂ ਕਾਊਂਟਰ 'ਤੇ ਪਹੁੰਚੀ ਤਾਂ ਮੈਥੋਂ ਪਹਿਲਾਂ ਹੀ ਇਕ ਮੁਸਾਫਿਰ ਦਾ ਬੋਰਡਿੰਗ ਪਾਸ ਲਈ ਝਗੜਾ ਹੋ ਰਿਹਾ ਸੀ, ਜੋ ਕਹਿ ਰਿਹਾ ਸੀ ਕਿ ਉਸ ਨੂੰ ਸੀਟ ਦਿਤੀ ਜਾਵੇ ਨਹੀਂ ਤਾਂ ਉਹ ਕੰਪਨੀ ਨੂੰ ਸੂ ਕਰੇਗਾ। ਉਸ ਨੂੰ ਅੱਗੋਂ ਉਤਰ ਮਿਲਿਆ ਕਿ ਰੱਬ ਨੂੰ ਵੀ 'ਸੂ' ਕਰ, ਜਿਸ ਨੇ ਕੱਲ੍ਹ ਮੌਸਮ ਖਰਾਬ ਕਰ ਦਿਤਾ ਸੀ। ਨਾਲ ਹੀ ਉਸ ਨੂੰ ਸਰਵਿਸ ਆਫਿਸ ਵਿਚ ਜਾ ਕੇ ਅਫਸਰਾਂ ਨਾਲ ਗੱਲ ਕਰਨ ਲਈ ਕਿਹਾ।

ਮੈਨੂੰ ਸ਼ਾਇਦ ਪੰਜਾਬੀ ਪਹਿਰਾਵੇ ਸਲਵਾਰ-ਕਮੀਜ਼ ਵਿਚ ਦੇਖ ਕੇ ਨਾਲ ਦੇ ਕਾਊਂਟਰ ਵੱਲ ਇਸ਼ਾਰਾ ਕਰ ਦਿੱਤਾ, ਕਿਉਂਕਿ ਉਸ 'ਤੇ ਕੰਮ ਕਰ ਰਿਹਾ ਅਧਿਕਾਰੀ ਹਿੰਦੀ ਬੋਲ ਰਿਹਾ ਸੀ, ਜੋ ਦੇਖਣ ਵਿਚ ਜਰਮਨ ਹੀ ਲੱਗ ਰਿਹਾ ਸੀ। ਮੈਂ ਉਸ ਨੂੰ ਬੋਰਡਿੰਗ ਪਾਸ ਲਈ ਕਿਹਾ ਤਾਂ ਬੋਲਿਆ ਕਿ ਅਸੀਂ 104 ਨਵੇਂ ਮੁਸਾਫਰਾਂ ਨੂੰ ਇਸ ਪਹਿਲਾਂ ਹੀ ਭਰੀ ਹੋਈ ਫਲਾਈਟ ਵਿਚ ਥਾਂ ਨਹੀਂ ਦੇ ਸਕਦੇ। ਮੈਂ ਉਸ ਨੂੰ ਦੱਸਿਆ ਕਿ ਮੇਰੀ ਅੱਗੋਂ ਪਾਕਿਸਤਾਨ ਵਾਸਤੇ ਹਰ ਤਰ੍ਹਾਂ ਦੀ ਬੁਕਿੰਗ ਹੋ ਚੁਕੀ ਹੈ। ਇਸ ਲਈ ਜੇ ਮੈਨੂੰ ਸੀਟ ਨਾ ਮਿਲੀ ਤਾਂ ਪ੍ਰੇਸ਼ਾਨੀ ਹੋਵੇਗੀ ਅਤੇ ਮੇਰਾ ਸਾਰਾ ਪ੍ਰੋਗਰਾਮ ਗੜਬੜ ਹੋ ਜਾਵੇਗਾ। ਉਹ ਮੇਰੀ ਗੱਲ 'ਤੇ ਹੱਸ ਪਿਆ ਅਤੇ ਬੋਲਿਆ, "ਕਿਸੀ ਔਰ ਕੋ ਮਤ ਬਤਾ ਦੇਨਾ ਕਿ ਪਾਕਿਸਤਾਨ ਕੇ ਲੀਏ ਬੁਕਿੰਗ ਹੈ। ਆਪ ਕੋ ਹਿੰਦੁਸਤਾਨ ਮੇਂ ਘੁਸਨੇ ਨਹੀਂ ਦੀਆ ਜਾਏਗਾ।"

ਉਸ ਨੇ ਮੈਨੂੰ ਬੋਰਡਿੰਗ ਪਾਸ ਦੇ ਦਿਤਾ ਅਤੇ ਦੱਸਿਆ ਕਿ ਸੀਟ ਨੰਬਰ ਬਾਅਦ 'ਚ ਦਿਤਾ ਜਾਵੇਗਾ। ਮੈਂ ਕੁਝ ਦੇਰ ਇੰਤਜ਼ਾਰ ਕੀਤਾ ਅਤੇ ਮੁੜ ਸੀਟ ਨੰਬਰ ਲੈਣ ਲਈ ਉਸ ਕੋਲ ਗਈ। ਉਸ ਨੇ ਉਪਰਲੇ ਕੈਬਿਨ ਵਿਚ ਸੀਟ ਅਲਾਟ ਕਰ ਦਿਤੀ ਅਤੇ ਮੈਂ ਬਿਨਾ ਕਿਸੇ ਵ੍ਹੀਲ ਚੇਅਰ ਦੀ ਉਡੀਕ ਕੀਤਿਆਂ ਆਪਣਾ ਬੈਗ ਲੈ ਕੇ ਔਖੀ ਸੌਖੀ ਉਪਰਲੇ ਕੈਬਿਨ ਵਿਚ ਸਭ ਤੋਂ ਪਿੱਛੇ ਮਿਲੀ ਆਪਣੀ ਸੀਟ 'ਤੇ ਜਾ ਬੈਠੀ ਅਤੇ ਰੱਬ ਦਾ ਸ਼ੁਕਰ ਕੀਤਾ। ਇਹ ਤਾਂ ਪਿੱਛੋਂ ਪਤਾ ਲੱਗਾ ਕਿ ਕੁਝ ਮੁਸਾਫਰਾਂ ਨੂੰ ਪਹਿਲਾਂ ਚੇਨੱਈ ਜਾਣਾ ਪਿਆ ਅਤੇ ਫਿਰ ਉਥੋਂ ਵਾਪਸ ਦਿੱਲੀ ਆਏ। ਇੱਕ ਪਰਿਵਾਰ ਨੂੰ ਤਾਂ ਜਿਸ ਵਿਚ ਨੌਜੁਆਨ ਜੋੜੇ ਦੇ ਨਾਲ ਉਨ੍ਹਾਂ ਦੇ ਤਿੰਨ ਬੱਚਿਆਂ ਸਮੇਤ ਬਜ਼ੁਰਗ ਮਾਂ ਵੀ ਸੀ, ਪਹਿਲਾਂ ਦੁੱਬਈ ਭੇਜਿਆ, ਜਿਥੇ ਉਨ੍ਹਾਂ ਨੇ ਹਵਾਈ ਅੱਡੇ 'ਤੇ ਕਰੀਬ 20 ਘੰਟੇ ਗੁਜ਼ਾਰੇ ਅਤੇ ਫਿਰ ਚੇਨੱਈ ਭੇਜਿਆ ਗਿਆ, ਜਿਥੋਂ ਉਹ ਦਿੱਲੀ ਗਏ। ਇਹ ਮੈਨੂੰ ਉਸ ਪਰਿਵਾਰ ਤੋਂ ਹੀ ਪਤਾ ਲੱਗਾ, ਜੋ ਮੇਰੇ ਨਾਲ ਹੀ ਏਅਰ ਇੰਡੀਆ ਅਤੇ ਏਅਰ ਕੈਨੇਡਾ ਤੇ ਦੁੱਬਈ ਰਾਹੀਂ ਦਿੱਲੀ ਤੋਂ ਵਾਪਸ ਟੋਰਾਂਟੋ ਆਇਆ ਸੀ।

ਬੇਟੇ ਗੁਰਨੀਤ ਸਿੰਘ ਨੇ ਮੇਰੇ ਭਤੀਜੇ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਮੈਂ ਹੁਣ 11 ਫਰਵਰੀ ਦੀ ਥਾਂ 12 ਫਰਵਰੀ ਨੂੰ ਪਹੁੰਚਾਂਗੀ। ਮੇਰਾ ਭਰੋਸਾ ਇਸ ਹੱਦ ਤੱਕ ਹਿੱਲ ਗਿਆ ਸੀ ਕਿ ਮੈਂ ਬੇਟੇ ਨੂੰ ਇੰਟਰਨੈੱਟ 'ਤੇ ਫਲਾਈਟ ਦੀ ਜਾਣਕਾਰੀ ਰੱਖਣ ਲਈ ਕਹਿ ਦਿਤਾ ਸੀ। ਸ਼ੁਕਰ ਕੀਤਾ, ਜਦੋਂ ਸੁੱਖੀ-ਸਾਂਦੀਂ ਦਿੱਲੀ ਪਹੁੰਚੀ ਅਤੇ ਜੁਗਰਾਜ ਸਿੰਘ, ਮੇਰੇ ਭਤੀਜੇ ਦੇ ਬੇਟੇ ਨਾਲ ਸੈੱਲ ਫੋਨ 'ਤੇ ਸੰਪਰਕ ਕੀਤਾ। ਉਹ 5 ਨੰਬਰ ਗੇਟ 'ਤੇ ਮੇਰਾ ਇੰਤਜ਼ਾਰ ਕਰ ਰਿਹਾ ਸੀ। ਸਵੇਰੇ 9 ਵਜਦੇ ਨੂੰ ਪਿੰਡ ਘੁੰਗਰਾਲੀ ਪਹੁੰਚ ਕੇ ਹੀ ਚੈਨ ਆਇਆ ਅਤੇ ਨਨਕਾਣਾ ਸਾਹਿਬ ਜਾਣ ਦੀ ਆਸ ਪੂਰੀ ਹੁੰਦੀ ਨਜ਼ਰ ਆਈ।

(ਚਲਦਾ)

**ਖਦਸ਼ੇ ਤਾਂ ਖਦਸ਼ੇ ਹੁੰਦੇ ਹਨ। 9 ਫਰਵਰੀ ਨੂੰ ਪੀਅਰਸਨ ਏਅਰਪੋਰਟ, ਟੋਰਾਂਟੋ 'ਤੇ ਪਹੁੰਚ ਕੇ ਸਿਕਿਉਰਿਟੀ ਵਗੈਰਾ ਚੈੱਕ ਕਰਾ ਕੇ ਜਹਾਜ 'ਤੇ ਸਵਾਰ ਹੋਣ ਦੀ ਉਡੀਕ ਹੋ ਰਹੀ ਸੀ, ਜੋ ਸ਼ਾਮ ਨੂੰ 6 ਵਜ ਕੇ 10 ਕੁ ਮਿੰਟ 'ਤੇ ਚੱਲਣਾ ਸੀ। ਐਲਾਨ ਕਰ ਦਿਤਾ ਗਿਆ ਕਿ ਕੋਈ ਤਕਨੀਕੀ ਨੁਕਸ ਕਾਰਨ ਜਹਾਜ 7:30 'ਤੇ ਉਡਾਣ ਭਰੇਗਾ। ਘੁਸਰ-ਮੁਸਰ ਇਹ ਵੀ ਚੱਲ ਰਹੀ ਸੀ ਕਿ ਬਰਫਾਨੀ ਤੂਫਾਨ ਕਾਰਨ ਪਾਈਲਾਟ ਨੇ ਜਹਾਜ ਉਡਾਉਣੋਂ ਨਾਂਹ ਕਰ ਦਿਤੀ ਹੈ। ਫਿਰ ਐਲਾਨ ਹੋ ਗਿਆ ਕਿ 8:30 'ਤੇ ਉਡਾਣ ਸੰਭਵ ਹੋ ਸਕੇਗੀ। ਮੈਂ ਪਿਛਲੇ ਸਾਲ ਤੋਂ ਏਅਰਪੋਰਟ 'ਤੇ ਵ੍ਹੀਲ ਚੇਅਰ ਲੈਣੀ ਸ਼ੁਰੂ ਕਰ ਦਿਤੀ ਹੈ, ਕਿਉਂਕਿ ਏਅਰਪੋਰਟ 'ਤੇ ਤੇਜ ਤੁਰਦਿਆਂ ਕਾਫੀ ਸਾਹ ਚੜ੍ਹ ਜਾਂਦਾ ਹੈ। ਉਦੋਂ ਹੀ ਪਤਾ ਲੱਗਾ, ਜਦੋਂ 8:30 'ਤੇ ਵ੍ਹੀਲ ਚੇਅਰ 'ਤੇ ਬਿਠਾ ਕੇ ਵਾਪਸ ਘਰਾਂ ਨੂੰ ਜਾਣ ਦਾ ਐਲਾਨ ਕਰ ਦਿਤਾ ਗਿਆ ਅਤੇ ਕਹਿ ਦਿਤਾ ਕਿ ਜਿਸ ਨੇ ਟੈਕਸੀ ਲੈਣੀ ਹੈ ਜਾਂ ਹੋਟਲ 'ਚ ਠਹਿਰਨਾ ਹੈ, ਹੇਠਾਂ ਦਫਤਰ 'ਚ ਜਾ ਕੇ ਰਜਿਸਟਰੇਸ਼ਨ ਕਰਵਾ ਲਵੋ ਅਤੇ ਆਪਣਾ ਸਮਾਨ ਲੈ ਲਵੋ।**

# ਤਾੜੀਆਂ ਵਜਾਓ, ਮੋਮਬੱਤੀਆਂ ਜਗਾਓ ਪਰ...


ਜਨਤਕ ਕਰਫਿਊ ਲਗਾਉਣ ਵਾਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਲੋਕਾਂ ਨੂੰ ਸ਼ਾਮ ਦੇ 5 ਵਜੇ ਆਪਣੇ ਘਰਾਂ ਦੀਆਂ ਬਾਲਕੋਨੀਆਂ ਅਤੇ ਵਿਹੜਿਆਂ ਵਿਚ ਆ ਕੇ ਤਾਲੀਆਂ ਤੇ ਥਾਲੀਆਂ ਵਜਾ ਕੇ ਉਨ੍ਹਾਂ ਲੋਕਾਂ ਦਾ ਹੌਸਲਾ ਵਧਾਉਣ ਲਈ ਕਿਹਾ ਸੀ ਜਿਹੜੇ ਮੂਹਰਲੀਆਂ ਸਫ਼ਾਂ ਵਿਚ ਕਰੋਨਾ ਵਾਇਰਸ ਦੇ ਵਿਰੁਧ ਲੜ ਰਹੇ ਹਨ। ਉਨ੍ਹਾਂ ਵਿਚ ਡਾਕਟਰ, ਨਰਸਾਂ, ਪੈਰਾ-ਮੈਡੀਕਲ ਸਟਾਫ, ਸਿਹਤ ਖੇਤਰਾਂ ਦੇ ਹੋਰ ਕਾਮੇ ਸ਼ਾਮਲ ਹਨ। ਲੋਕਾਂ ਨੇ ਪ੍ਰਧਾਨ ਮੰਤਰੀ ਦਾ ਕਿਹਾ ਮੰਨਿਆ ਅਤੇ ਕਰੋਨਾ ਵਾਇਰਸ

**ਸਵਰਾਜਬੀਰ**

ਦੇ ਵਿਰੁਧ ਜੰਗ ਕਰ ਰਹੇ ਮੂਹਰਲੀਆਂ ਸਫ਼ਾਂ ਦੇ ਯੋਧਿਆਂ ਲਈ ਤਾਲੀਆਂ ਤੇ ਥਾਲੀਆਂ ਵਜਾਈਆਂ। ਕੁਝ ਲੋਕ ਇੰਨੇ ਜੋਸ਼ ਵਿਚ ਆ ਗਏ ਕਿ ਉਨ੍ਹਾਂ ਨੇ ਇਕ-ਦੂਸਰੇ ਤੋਂ ਦੂਰੀ ਰੱਖਣ ਦਾ ਅਸੂਲ, ਜਿਸ ਦਾ ਅਹਿਸਾਸ ਕਰਵਾਉਣ ਲਈ ਜਨਤਕ ਕਰਫਿਊ ਲਗਾਇਆ ਗਿਆ ਸੀ, ਵਿਸਾਰ ਦਿੱਤਾ ਅਤੇ ਉਹ ਭੀੜਾਂ ਬਣਾ ਕੇ ਤਾਲੀਆਂ ਤੇ ਥਾਲੀਆਂ ਵਜਾਉਂਦੇ ਸੜਕਾਂ 'ਤੇ ਨਿਕਲ ਆਏ। ਪ੍ਰਧਾਨ ਮੰਤਰੀ ਨੇ ਐਤਵਾਰ ਨੂੰ ਰਾਤ ਦੇ 9 ਵਜੇ 9 ਮਿੰਟ ਬਿਜਲੀ ਬੰਦ ਕਰਨ ਅਤੇ ਉਸ ਸਮੇਂ ਦੌਰਾਨ ਮੋਮਬੱਤੀਆਂ ਅਤੇ ਦੀਵੇ ਜਗਾਉਣ ਲਈ ਕਿਹਾ ਸੀ। ਲੋਕਾਂ ਨੇ ਆਪਣੇ ਮਹਾਨ ਆਗੂ ਦੀ ਇਸ ਹਦਾਇਤ ਨੂੰ ਵੀ ਮੰਨਿਆ ਹੈ। ਵੱਡੀਆਂ ਔਕੜਾਂ ਦੇ ਸਮੇਂ ਸਾਧਾਰਨ ਆਦਮੀ ਆਪਣੇ ਆਗੂਆਂ ਵਲ ਵੇਖਦਾ ਹੈ, ਖ਼ਾਸ ਕਰਕੇ ਮਜ਼ਬੂਤ ਆਗੂਆਂ ਵਲ ਅਤੇ ਅਜਿਹੇ ਤਾਕਤਵਰ ਨੇਤਾ ਜੋ ਆਦੇਸ਼ ਦੇਣ, ਆਮ ਲੋਕ ਉਸ ਦੀ ਪਾਲਣਾ ਕਰਦੇ ਹਨ। ਤਾਲੀਆਂ ਤੇ ਥਾਲੀਆਂ ਵਜਾਉਣਾ ਅਤੇ ਦੀਵੇ ਤੇ ਮੋਮਬੱਤੀਆਂ ਜਗਾਉਣਾ ਤਾਂ ਠੀਕ ਹੈ ਪਰ ਵੱਡਾ ਸਵਾਲ ਇਹ ਹੈ ਕਿ ਇਨ੍ਹਾਂ ਮੁਸ਼ਕਿਲ ਸਮਿਆਂ ਵਿਚ ਸਰਕਾਰ ਤੋਂ ਉਸ ਦੀ ਕਾਰਗੁਜ਼ਾਰੀ ਬਾਰੇ ਸਵਾਲ ਕੌਣ ਪੁੱਛੇਗਾ।

ਸਰਕਾਰ ਤੋਂ ਸਵਾਲ ਪੁੱਛਣਾ ਜਮਹੂਰੀਅਤ ਦੀ ਬੁਨਿਆਦ ਹੈ। ਇਨ੍ਹਾਂ ਸਮਿਆਂ ਵਿਚ ਲੋਕਾਂ ਵਿਚ ਇਹ ਪ੍ਰਭਾਵ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਰਕਾਰ ਤੋਂ ਕੋਈ ਸਵਾਲ ਨਹੀਂ ਪੁੱਛੇ ਜਾਣੇ ਚਾਹੀਦੇ; ਸਰਕਾਰ ਸਭ ਕੁਝ ਜਾਣਦੀ ਹੈ ਅਤੇ ਉਹ ਜਿਹੜਾ ਵੀ ਆਦੇਸ਼ ਦੇਵੇਗੀ, ਉਹ ਠੀਕ ਹੋਵੇਗਾ। ਸਰਕਾਰ ਦੁਆਰਾ ਦਿੱਤੇ ਗਏ ਜ਼ਿਆਦਾ ਆਦੇਸ਼ ਲੋਕਾਂ ਦੇ ਭਲੇ ਲਈ ਹੁੰਦੇ ਹਨ ਪਰ ਇਹ ਪ੍ਰਭਾਵ ਬਣਾਉਣਾ ਕਿ ਸਰਕਾਰ ਸਰਬ-ਗਿਆਤਾ ਹੈ, ਗੈਰ-ਜਮਹੂਰੀ ਹੈ। ਮਹਾਮਾਰੀ ਦੇ ਸਮਿਆਂ ਵਿਚ ਦੁਨੀਆਂ ਦੇ ਸਭ ਦੇਸ਼ਾਂ ਅੰਦਰ ਰਿਆਸਤ/ਸਟੇਟ ਦੇ ਸਰਬਸ਼ਕਤੀਮਾਨ ਹੋਣ ਦਾ ਖ਼ਤਰਾ ਮੰਡਰਾ ਰਿਹਾ ਹੈ।

ਕੁਝ ਦਿਨ ਪਹਿਲਾਂ ਇਕ ਟੈਲੀਵਿਜ਼ਨ ਚੈਨਲ 'ਤੇ ਬੋਲ ਰਹੇ ਸੱਤਾਧਾਰੀ ਪਾਰਟੀ ਦੇ ਇਕ ਵਕਤਾ ਨੇ ਦਾਅਵਾ ਕੀਤਾ ਹੈ ਕਿ ਦੁਨੀਆਂ ਵਿਚ ਕਰੋਨਾ ਵਾਇਰਸ ਨਾਲ ਲੜਨ ਦੀ ਸਭ ਤੋਂ ਵਧੀਆ ਤਿਆਰੀ ਭਾਰਤ ਨੇ ਕੀਤੀ ਹੈ; ਉਸ ਨੇ ਕਿਹਾ ਕਿ ਸਾਡੇ ਡਾਕਟਰਾਂ, ਨਰਸਾਂ, ਪੈਰਾ-ਮੈਡੀਕਲ ਸਟਾਫ ਅਤੇ ਸਿਹਤ ਖੇਤਰ ਦੇ ਹੋਰ ਕਾਮਿਆਂ ਕੋਲ ਕਰੋਨਾ ਵਾਇਰਸ ਤੋਂ ਬਚਾਉਣ ਵਾਲੇ ਸੂਟ ਤੇ ਮਾਸਕ ਕਾਫ਼ੀ ਸੰਖਿਆ ਵਿਚ ਮੌਜੂਦ ਹਨ ਅਤੇ ਹੋਰ ਲੱਖਾਂ ਸੂਟ ਤੇ ਮਾਸਕ ਬਣਾਉਣ ਲਈ ਆਰਡਰ ਦਿੱਤੇ ਗਏ ਹਨ। ਜਦ ਉਸ ਦਾ ਧਿਆਨ ਇਸ ਗੱਲ ਵਲ ਦਿਵਾਇਆ ਗਿਆ ਕਿ ਲੱਖਾਂ ਸੂਟ ਤੇ ਮਾਸਕ ਬਣਾਉਣ ਦਾ ਆਰਡਰ ਦੇਣ ਵਾਲੀ ਗੱਲ ਤਾਂ ਠੀਕ ਹੈ ਪਰ ਇਸ ਸਮੇਂ ਸਪਸ਼ਟ ਦਿਸ ਰਿਹਾ ਹੈ ਕਿ ਬਹੁਤ ਸਾਰੇ ਹਸਪਤਾਲਾਂ, ਡਾਕਟਰਾਂ ਅਤੇ ਹੋਰ ਸਟਾਫ ਕੋਲ ਨਾ ਤਾਂ ਆਪਣੀ ਸੁਰੱਖਿਆ ਲਈ ਸਾਜ਼ੋ-ਸਾਮਾਨ ਹੈ ਅਤੇ ਨਾ ਹੀ ਮਰੀਜ਼ ਦੀ ਸਾਂਭ-ਸੰਭਾਲ ਲਈ, ਤਾਂ ਉਸ ਨੇ ਇਸ ਤੱਥ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਸਪਸ਼ਟ ਤੌਰ 'ਤੇ ਸੰਕੇਤ ਇਹ ਦਿੱਤਾ ਜਾ ਰਿਹਾ ਸੀ ਕਿ ਜੋ ਵੀ ਸਰਕਾਰ ਅਤੇ ਸੱਤਾਧਾਰੀ ਪਾਰਟੀ ਦਾ ਵਕਤਾ ਕਹੇ, ਉਸ ਨੂੰ ਮੰਨ ਲਿਆ ਜਾਵੇ ਤੇ ਕਿੰਤੂ ਕਰਨ ਦੀ ਕੋਈ ਗੁੰਜਾਇਸ਼ ਨਹੀਂ। ਦੂਸਰੇ ਪਾਸੇ ਸਰਕਾਰੀ ਅੰਕੜੇ ਖ਼ੁਦ ਦੱਸਦੇ ਹਨ ਕਿ 2018-19 ਵਿਚ ਸਿਹਤ ਦੇ ਖੇਤਰ 'ਤੇ ਕੇਂਦਰੀ ਤੇ ਸੂਬਾ ਸਰਕਾਰਾਂ ਦੁਆਰਾ ਕੀਤਾ ਗਿਆ ਖਰਚ ਕੁੱਲ ਘਰੇਲੂ ਉਤਪਾਦਨ ਦਾ 1.28 ਫੀਸਦੀ ਸੀ। ਇਹੋ ਜਿਹੇ ਖਰਚ ਨਾਲ ਸਰਕਾਰੀ ਹਸਪਤਾਲਾਂ ਦੇ ਹਾਲਾਤ ਕਿਹੋ ਜਿਹੇ ਹੋ ਸਕਦੇ ਹਨ, ਇਸ ਦਾ ਅਨੁਮਾਨ ਲਗਾਉਣਾ ਮੁਸ਼ਕਿਲ ਨਹੀਂ।



ਕੁਝ ਵਰ੍ਹੇ ਪਹਿਲਾਂ ਸਾਡੇ ਦੇਸ਼ ਨੂੰ ਸਵੱਛ ਤੇ ਸਾਫ਼ ਬਣਾਉਣ ਦਾ ਸੁਫ਼ਨਾ ਦਿਖਾਇਆ ਗਿਆ। ਉਦੋਂ ਮੰਤਰੀ, ਸੀਨੀਅਰ ਅਫ਼ਸਰ ਤੇ ਕਈ ਹੋਰ ਆਗੂ ਹੱਥਾਂ ਵਿਚ ਝਾੜੂ ਫੜੀ ਫੋਟੋ ਖਿਚਵਾਉਂਦੇ ਨਜ਼ਰ ਆਏ। ਇਹ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਕਿ ਹਰ ਹਫ਼ਤੇ ਹਰ ਕਰਮਚਾਰੀ 2 ਘੰਟੇ ਦਫ਼ਤਰ ਦੀ ਸਫ਼ਾਈ ਕਰਨ 'ਤੇ ਖਰਚ ਕਰੇਗਾ। ਉਸ ਵਾਅਦੇ, ਸੁਫ਼ਨੇ ਤੇ ਹਦਾਇਤਾਂ ਦਾ ਕੀ ਹੋਇਆ? ਕਰੋਨਾ ਵਾਇਰਸ ਦੀ ਮਹਾਮਾਰੀ ਨਾਲ ਲੜਾਈ ਵਿਚ ਡਾਕਟਰਾਂ, ਨਰਸਾਂ, ਪੈਰਾ-ਮੈਡੀਕਲ ਸਟਾਫ, ਕੈਮਿਸਟਾਂ ਅਤੇ ਸਿਹਤ ਖੇਤਰ ਦੇ ਹੋਰ ਕਾਮਿਆਂ ਤੋਂ ਬਾਅਦ ਸਫ਼ਾਈ ਸੇਵਕਾਂ ਦੀ ਭੂਮਿਕਾ ਸਭ ਤੋਂ ਅਹਿਮ ਹੈ।

ਤਾੜੀਆਂ ਤੇ ਥਾਲੀਆਂ ਵਜਾ ਕੇ ਅਤੇ ਮੋਮਬੱਤੀਆਂ ਜਗਾ ਕੇ ਡਾਕਟਰਾਂ ਅਤੇ ਹੋਰ ਸਟਾਫ ਦਾ ਮਨੋਬਲ ਵਧਾਉਣਾ ਤਾਂ ਠੀਕ ਹੈ ਪਰ ਇਹ ਪ੍ਰਭਾਵ ਦੇਣਾ ਕਿ ਇਸ ਤਰ੍ਹਾਂ ਕਰਨ ਨਾਲ ਕਰੋਨਾ ਵਾਇਰਸ ਖ਼ਤਮ ਹੋ ਜਾਵੇਗਾ, ਗੈਰ-ਤਰਕਸ਼ੀਲ ਹੈ। ਕਈ ਵਰ੍ਹਿਆਂ ਤੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਜੋਤਿਸ਼ ਇਕ ਤਰ੍ਹਾਂ ਦਾ ਵਿਗਿਆਨ ਹੈ ਅਤੇ ਸਾਡੇ ਦੇਸ਼ ਦੇ ਮਹਾਨ ਜੋਤਿਸ਼ੀ ਭਵਿਖ ਵਿਚ ਹੋਣ ਵਾਲੀ ਕਿਸੇ ਵੀ ਘਟਨਾ ਬਾਰੇ ਭਵਿਖਬਾਣੀ ਕਰ ਸਕਦੇ ਹਨ। ਕਈ ਯੂਨੀਵਰਸਿਟੀਆਂ ਅਤੇ ਵਿੱਦਿਅਕ ਅਦਾਰਿਆਂ ਵਿਚ ਇਸ ਸਬੰਧੀ ਕੋਰਸ ਵੀ ਲਾਗੂ ਕੀਤੇ ਗਏ। ਇਨ੍ਹਾਂ ਵਿਚ ਬਨਾਰਸ ਹਿੰਦੂ ਯੂਨੀਵਰਸਿਟੀ, ਵਰਧਮਾਨ ਮਹਾਂਵੀਰ ਓਪਨ ਯੂਨੀਵਰਸਿਟੀ, ਕੋਟਾ (ਰਾਜਸਥਾਨ) ਅਤੇ ਕੁਝ ਹੋਰ ਸਰਕਾਰੀ ਤੇ ਨਿੱਜੀ ਖੇਤਰ ਦੇ ਵਿੱਦਿਅਕ ਅਦਾਰੇ ਸ਼ਾਮਲ ਹਨ। ਤਰਕਸ਼ੀਲ ਇਹ ਸਵਾਲ ਪੁੱਛ ਰਹੇ ਹਨ ਕਿ ਉਹ ਮਹਾਨ ਜੋਤਿਸ਼ੀ ਅੱਜ ਕਿੱਥੇ ਹਨ ਤੇ ਉਨ੍ਹਾਂ ਨੇ ਪਹਿਲਾਂ ਅਜਿਹੀ ਆਫ਼ਤ ਆਉਣ ਬਾਰੇ ਭਵਿਖਬਾਣੀ ਕਿਉਂ ਨਹੀਂ ਕੀਤੀ। ਇਸੇ ਤਰ੍ਹਾਂ ਕੁਝ ਦੇਰ ਲਈ ਇਹ ਪ੍ਰਚਾਰ ਵੀ ਕੀਤਾ ਗਿਆ ਕਿ ਗਊ-ਮੂਤਰ ਤੇ ਕੁਝ ਹੋਰ ਪਦਾਰਥ ਕਰੋਨਾ ਵਾਇਰਸ ਨੂੰ ਖ਼ਤਮ ਕਰ ਸਕਦੇ ਹਨ। ਅਜਿਹਾ ਪ੍ਰਚਾਰ ਕਰਨ ਵਾਲੇ ਨਾ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ ਸਗੋਂ ਸਮਾਜ ਲਈ ਖ਼ਤਰਾ ਹਨ। ਕਰੋਨਾ ਵਾਇਰਸ ਦੇ ਸਮਿਆਂ ਵਿਚ ਜੋਤਿਸ਼ ਅਤੇ ਹੋਰ ਵਹਿਮਾਂ-ਭਰਮਾਂ ਤੇ ਕਰਮ-ਕਾਂਡਾਂ ਬਾਰੇ ਸਵਾਲ ਆਪਣਾ ਜਵਾਬ ਆਪ ਹਨ ਕਿ ਦੁਨੀਆਂ ਦੀਆਂ ਵੱਡੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਵਿਗਿਆਨ ਦੀ ਭੂਮਿਕਾ ਬੁਨਿਆਦੀ ਹੈ ਪਰ ਨਾਲ ਹੀ ਵੱਡੀ ਚਿਤਾਵਨੀ ਇਹ ਹੈ ਕਿ ਵਿਗਿਆਨ ਨੂੰ ਕੁਦਰਤ ਨਾਲ ਵੱਡੇ ਪੱਧਰ ਦੀ ਛੇੜ-ਛਾੜ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

ਬਹੁਤ ਸਾਰੇ ਦੇਸ਼ਾਂ ਵਿਚ ਇਹ ਪ੍ਰਭਾਵ ਵੀ ਦਿੱਤਾ ਜਾ ਰਿਹਾ ਹੈ ਕਿ ਇਸ ਸਮੇਂ ਰਾਜ ਕਰਨ ਵਾਲੀ ਪਾਰਟੀ ਅਤੇ ਉਸ ਦੇ ਕੁਝ ਆਗੂਆਂ ਕੋਲ ਹੀ ਸਾਰਾ ਸੱਚ ਹੈ। ਵਿਰੋਧੀ ਪਾਰਟੀਆਂ, ਜਨਤਕ ਜਥੇਬੰਦੀਆਂ ਅਤੇ ਆਮ ਲੋਕ ਕੁਝ ਨਹੀਂ ਜਾਣਦੇ। ਲੋਕਾਂ ਨੂੰ ਸੱਤਾਧਾਰੀਆਂ ਵਲੋਂ ਦਿੱਤਾ ਜਾ ਰਿਹਾ ਗਿਆਨ ਸਮੂਹਿਕ ਰੂਪ ਵਿਚ ਸਵੀਕਾਰ ਕਰ ਲੈਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰਾਂ ਵਲੋਂ ਦਿੱਤੇ ਜਾ ਰਹੇ ਆਦੇਸ਼ਾਂ ਨੂੰ ਮੰਨ ਕੇ ਹੀ ਲੋਕ-ਸਮੂਹ ਆਪਸ ਵਿਚ ਸਮਾਜਿਕ ਦੂਰੀ ਰੱਖਣ ਦੇ ਅਸੂਲ 'ਤੇ ਅਮਲ ਕਰ ਰਹੇ ਹਨ ਅਤੇ ਆਦੇਸ਼ ਨਾ ਮੰਨਣ ਦੀ ਸਥਿਤੀ ਵਿਚ ਅਫਰਾ-ਤਫਰੀ ਫੈਲ ਸਕਦੀ ਹੈ ਪਰ ਫੈਸਲੇ ਲੈਣ ਦੀ ਪ੍ਰਕਿਰਿਆ ਵਿਚ ਜਨਤਕ ਜਥੇਬੰਦੀਆਂ ਤੇ ਸਥਾਨਕ ਸੰਸਥਾਵਾਂ ਨੂੰ ਮਨਫ਼ੀ ਕਰ ਦੇਣਾ ਗ਼ਲਤ ਹੈ। ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਕਈ ਦੇਸ਼ਾਂ ਵਿਚ ਇਸ ਸੰਕਟ ਨੂੰ ਉਥੋਂ ਦੇ ਰਾਸ਼ਟਰਪਤੀਆਂ ਅਤੇ ਪ੍ਰਧਾਨ ਮੰਤਰੀਆਂ ਦੀ ਸ਼ਖ਼ਸੀ ਪੂਜਾ ਦਾ ਸੰਦ ਵੀ ਬਣਾਇਆ ਜਾ ਰਿਹਾ ਹੈ। ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਰਾਜ-ਪ੍ਰਮੁੱਖ ਹੀ ਗਿਆਨ ਦਾ ਸੋਮਾ ਹੈ ਅਤੇ ਲੋਕ ਸਿਰਫ਼ ਉਸ ਦੇ ਅਤੇ ਉਸ ਦੇ ਹੀ ਆਦੇਸ਼ਾਂ ਦੀ ਉਡੀਕ ਕਰਨ ਅਤੇ ਜੋ ਵੀ ਫਰਮਾਨ ਉਹ ਜਾਰੀ ਕਰੇ, ਦੀ ਪਾਲਣਾ ਕੀਤੀ ਜਾਵੇ।

ਕੁਝ ਦੇਸ਼ਾਂ ਵਿਚ ਸਰਕਾਰਾਂ ਇਸ ਮਹਾਮਾਰੀ ਅਤੇ ਜ਼ਿੰਦਗੀ 'ਤੇ ਪਏ ਇਸ ਦੇ ਪ੍ਰਭਾਵਾਂ ਬਾਰੇ ਜਨਤਕ ਤੌਰ 'ਤੇ ਬਹਿਸ ਅਤੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਕਦਮ ਚੁੱਕ ਰਹੀਆਂ ਹਨ ਪਰ ਬਹੁਤੀਆਂ ਸਰਕਾਰਾਂ ਸੱਤਾਧਾਰੀ ਧਿਰਾਂ ਵਲੋਂ ਸਭ ਕੁਝ ਜਾਣਨ ਅਤੇ ਉਸ ਨੂੰ ਲਾਗੂ ਕਰਵਾਉਣ ਦੇ ਅਮਲ ਵਿਚ ਫਸੀਆਂ ਹੋਈਆਂ ਹਨ। ਅਮਰੀਕਾ ਜਿਹਾ ਦੇਸ਼ ਇਸ ਮਹਾਮਾਰੀ ਨੂੰ ਕੁਝ ਕਾਰਪੋਰੇਟ ਘਰਾਣਿਆਂ ਦੀ ਪਕੜ ਨੂੰ ਮਜ਼ਬੂਤ ਕਰਨ ਲਈ ਵਰਤ ਰਿਹਾ ਹੈ। ਕੁਝ ਵਰ੍ਹੇ ਪਹਿਲਾਂ ਅਮਰੀਕਾ, ਬਰਤਾਨੀਆ ਤੇ ਹੋਰ ਦੇਸ਼ਾਂ ਵਿਚ ਸਿਹਤ ਅਤੇ ਹੋਰ ਖੇਤਰਾਂ ਵਿਚ ਸਰਕਾਰ ਦੀ ਭੂਮਿਕਾ ਨੂੰ ਨਕਾਰਿਆ ਜਾਂਦਾ ਸੀ। ਅੱਜ ਇਹ ਸਾਰੇ ਦੇਸ਼ ਇਨ੍ਹਾਂ ਖੇਤਰਾਂ ਤੇ ਖ਼ਾਸ ਕਰਕੇ ਸਿਹਤ ਦੇ ਖੇਤਰ ਵਿਚ ਰਿਆਸਤ/ਸਟੇਟ ਦੀ ਭੂਮਿਕਾ ਨੂੰ ਸਵੀਕਾਰ ਕਰ ਰਹੇ ਹਨ। ਕਈ ਅਰਥ ਸ਼ਾਸਤਰੀ ਵੀ ਸਿਹਤ, ਵਿੱਦਿਆ ਤੇ ਹੋਰ ਖੇਤਰਾਂ ਵਿਚ ਰਿਆਸਤ/ਸਟੇਟ ਦੀ ਭੂਮਿਕਾ ਨੂੰ ਨਕਾਰਦੇ ਰਹੇ ਹਨ। ਅਜਿਹੇ ਸਿਆਸਤਦਾਨਾਂ ਤੇ ਅਰਥ ਸ਼ਾਸਤਰੀਆਂ ਦੀ ਸੂਝ-ਸਮਝ ਤੇ ਸੋਚਣ ਦੇ ਤਰੀਕੇ 'ਤੇ ਸਵਾਲ ਕਰਨੇ ਜ਼ਰੂਰੀ ਹਨ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਆਮ ਲੋਕ ਲਾਕਡਾਊਨ ਅਤੇ ਕਰਫਿਊ ਦੇ ਨਾਲ ਨਾਲ ਸਰਕਾਰ ਵਲੋਂ ਦਿੱਤੀਆਂ ਗਈਆਂ ਹਦਾਇਤਾਂ ਦਾ ਪਾਲਣ ਕਰ ਰਹੇ ਹਨ। ਕਈ ਥਾਵਾਂ 'ਤੇ ਪੁਲਿਸ ਵਲੋਂ ਲੋਕਾਂ ਨਾਲ ਅਣਮਨੁੱਖੀ ਵਿਹਾਰ ਕੀਤਾ ਗਿਆ। ਪੰਜਾਬ ਵਿਚ ਵੀ ਅਜਿਹੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਹਨ। ਫਿਰ ਵੀ ਪੰਜਾਬ ਵਿਚ ਭਾਈਚਾਰਕ ਸਾਂਝ, ਲੰਗਰ ਦੀ ਪਰੰਪਰਾ ਅਤੇ ਇਕ-ਦੂਸਰੇ ਦੇ ਦੁੱਖ ਵੰਡਾਉਣ ਦੀ ਰਵਾਇਤ ਕਾਰਨ ਨਾ ਤਾਂ ਪਰਵਾਸੀ ਮਜ਼ਦੂਰ ਵਾਪਸ ਗਏ ਹਨ ਅਤੇ ਨਾ ਹੀ ਕਿਸੇ ਥਾਂ 'ਤੇ ਰਾਸ਼ਨ ਜਾਂ ਹੋਰ ਲੋੜੀਂਦੀਆਂ ਚੀਜ਼ਾਂ ਲਈ ਲੋਕਾਂ ਦੀ ਵੱਡੀ ਭੀੜ ਵੇਖੀ ਗਈ ਹੈ। ਇਹ ਪੰਜਾਬ ਦੀ ਪ੍ਰਾਪਤੀ ਹੈ ਪਰ ਕਈ ਸੂਬਿਆਂ ਵਿਚ ਜਦ ਸਰਕਾਰੀ ਕਰਮਚਾਰੀ ਰਾਸ਼ਨ ਜਾਂ ਮਾਸਕ ਵੰਡਣ ਗਏ ਤਾਂ ਲੋਕਾਂ ਦੀਆਂ ਭੀੜਾਂ ਏਦਾਂ ਉਮੜੀਆਂ ਕਿ ਉਨ੍ਹਾਂ ਨੂੰ ਸਮਾਜਿਕ ਦੂਰੀ ਬਣਾਈ ਰੱਖਣ ਦਾ ਅਸੂਲ ਫਿਰ ਭੁੱਲ ਗਿਆ। ਭੁੱਖੇ ਬੰਦੇ ਲਈ ਢਿੱਡ ਨੂੰ ਝੁਲਕਾ ਦੇਣਾ ਹੀ ਸਭ ਤੋਂ ਵੱਡੀ ਪਹਿਲ ਹੈ। ਕੇਂਦਰੀ ਅਤੇ ਸੂਬਾ ਸਰਕਾਰਾਂ ਨੇ ਇੰਨੇ ਲੰਮੇ ਲਾਕਡਾਊਨ ਵਾਸਤੇ ਜ਼ਰੂਰੀ ਪ੍ਰਬੰਧ ਨਹੀਂ ਕੀਤੇ। ਇਸ ਸਬੰਧ ਵਿਚ ਸੰਸਾਰ ਸਿਹਤ ਸੰਸਥਾ ਦੀ ਅਣਗਹਿਲੀ ਵੀ ਦਿਖਾਈ ਦਿੰਦੀ ਹੈ ਜਿਸ ਨੇ ਸਮੇਂ ਸਿਰ ਕੇਂਦਰੀ ਸਰਕਾਰ ਨਾਲ ਉਚ-ਪੱਧਰ 'ਤੇ ਵਾਰਤਾ ਕਰਕੇ ਬਣਦੀ ਚਿਤਾਵਨੀ ਨਹੀਂ ਦਿੱਤੀ। ਇਹ ਸਾਰੇ ਸਵਾਲ ਅਤੇ ਬਾਅਦ ਵਿਚ ਆਉਣ ਵਾਲੀ ਸਥਿਤੀ ਨਾਲ ਨਜਿੱਠਣ ਲਈ ਚੁੱਕੇ ਗਏ ਕਦਮਾਂ ਬਾਰੇ ਪ੍ਰਸ਼ਨ ਪੁੱਛੇ ਜਾਣੇ ਚਾਹੀਦੇ ਹਨ। ਤਾਲੀਆਂ ਵਜਾਉਣ ਅਤੇ ਦੀਵੇ ਤੇ ਮੋਮਬੱਤੀਆਂ ਜਗਾਉਣ ਦੇ ਨਾਲ ਨਾਲ ਪ੍ਰਸ਼ਨ ਪੁੱਛਣੇ ਨਿਹਾਇਤ ਜ਼ਰੂਰੀ ਹਨ।

# ਕਰੋਨਾ ਤੋਂ ਵੀ ਬੁਰਾ ਹੈ ਕਰੋਨਾ ਦਾ ਡਰ

ਅਸੀਂ ਅਕਸਰ ਕਈ ਖਦਸ਼ਿਆਂ ਬਾਰੇ ਸੋਚਦੇ ਰਹਿੰਦੇ ਹਾਂ। ਮਨੁੱਖੀ ਸੁਭਾਅ ਇਨ੍ਹਾਂ ਖਦਸ਼ਿਆਂ ਖਿਲਾਫ ਵਿਉਂਤਾਂ ਘੜਦਾ ਰਹਿੰਦਾ ਹੈ ਪਰ ਸਾਨੂੰ ਪਤਾ ਨਹੀਂ ਸੀ ਕਿ ਅਸੀਂ ਜਿਸ ਖ਼ਤਰੇ ਦੀ ਕਲਪਨਾ ਵੀ ਨਹੀਂ ਕਰ ਸਕਦੇ, ਉਸ ਦਾ ਨਾਂ ਕਰੋਨਾ ਵਾਇਰਸ ਹੋਵੇਗਾ। ਇਹ ਸਾਡੀ ਕਲਪਨਾ ਕਰਨ ਦੀ ਯੋਗਤਾ ਦੀ ਕਮਜ਼ੋਰੀ ਦਾ ਸਬੂਤ ਹੈ ਕਿ ਅਸੀਂ ਨਾ ਸਿਰਫ ਇਸ ਕਲਪਨਾ ਕਰਨ ਵਿਚ ਨਾਕਾਮ ਰਹੇ, ਸਗੋਂ ਜਿਸ ਸਮੇਂ ਅਸਲੀਅਤ ਸਾਡੇ ਵਲ ਦੇਖ ਰਹੀ ਸੀ, ਅਸੀਂ ਅੱਖਾਂ ਖੁੱਲ੍ਹੀਆਂ ਰੱਖਣ ਦੇ ਬਾਵਜੂਦ ਉਸ ਨੂੰ ਪਛਾਣ ਨਹੀਂ ਸਕੇ।

ਕਰੋਨਾ ਦੀ ਜਨਮ ਭੂਮੀ ਵੂਹਾਨ ਤੋਂ ਜਨਵਰੀ

**ਅਭੈ ਕੁਮਾਰ ਦੂਬੇ**

ਵਿਚ ਹੀ ਇਸ ਮਹਾਮਾਰੀ ਦੀਆਂ ਭਿਆਨਕ ਖ਼ਬਰਾਂ ਮਿਲਣ ਲੱਗੀਆਂ ਸਨ। ਉਸ ਸਮੇਂ ਨਾ ਸਾਡੀ ਸਰਕਾਰ, ਨਾ ਸਾਡੇ ਮਾਹਿਰਾਂ ਅਤੇ ਨਾ ਹੀ ਸਾਡੇ ਮੀਡੀਆ ਨੇ ਇਸ ਪਾਸੇ ਕੋਈ ਖਾਸ ਧਿਆਨ ਦਿੱਤਾ। ਹੁਣ ਸਥਿਤੀ ਇਹ ਹੈ ਕਿ ਟੀ.ਵੀ. ਅਤੇ ਅਖ਼ਬਾਰਾਂ ਵਿਚ ਅਸੀਂ ਅੱਜ ਕਲ੍ਹ ਸਿਰਫ ਕਰੋਨਾ ਵਾਇਰਸ ਬਾਰੇ ਸੁਣਦੇ-ਪੜ੍ਹਦੇ ਹਾਂ। ਆਪਣੇ ਘਰ ਵਿਚ ਵੀ ਉਸ ਬਾਰੇ ਹੀ ਚਰਚਾ ਕਰਦੇ ਹਾਂ। ਦੋਸਤਾਂ ਨਾਲ ਫੋਨ 'ਤੇ ਜੋ ਗੱਲ ਹੁੰਦੀ ਹੈ, ਉਹ ਵੀ ਕਰੋਨਾ ਦੇ ਬਾਰੇ ਹੀ ਹੁੰਦੀ ਹੈ। ਦੂਰ-ਦਰਾਜ਼ ਬੈਠਿਆਂ ਬਾਲ-ਬੱਚਿਆਂ ਨਾਲ ਗੱਲਬਾਤ ਦਾ ਮੁੱਖ ਵਿਸ਼ਾ ਵੀ ਕਰੋਨਾ ਹੀ ਹੁੰਦਾ ਹੈ। ਗੱਲ ਕੀ, ਕਰੋਨਾ ਨੇ ਹਰ ਤਰ੍ਹਾਂ ਨਾਲ ਸਾਡੀ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ ਹੈ।

ਮਾਹੌਲ ਏਨਾ ਨਾਂਹ ਪੱਖੀ ਹੈ ਕਿ ਅਸੀਂ ਗਾਇਕਾ ਕਨਿਕਾ ਕਪੂਰ ਦਾ ਨਾਂ ਭੁੱਲ ਗਏ ਹਾਂ, ਕਿਉਂ? ਦੱਸਿਆ ਜਾ ਰਿਹਾ ਹੈ ਕਿ ਇਸ ਕਰੋਨਾ ਪਾਜ਼ੇਟਿਵ ਨੇ ਤਾਂ ਲਖਨਊ, ਆਗਰਾ ਤੇ ਦਿੱਲੀ ਵਿਚ ਸੈਂਕੜੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ ਅਤੇ ਇਹ ਰਾਸ਼ਟਰਪਤੀ ਭਵਨ ਤੱਕ ਵੀ ਪਹੁੰਚ ਗਈ ਸੀ। ਇਸ ਦੇ ਬਾਵਜੂਦ ਅਸੀਂ ਕਨਿਕਾ ਕਪੂਰ ਨੂੰ ਇਸ ਲਈ ਭੁੱਲ ਗਏ ਕਿ ਉਸ ਦੇ ਸੰਪਰਕ ਵਿਚ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਕਰੋਨਾ ਨਹੀਂ ਸੀ; ਭਾਵ ਕਨਿਕਾ ਦੇ ਬਾਰੇ ਹੁਣ ਹਾਂ-ਪੱਖੀ ਖ਼ਬਰਾਂ ਮਿਲੀਆਂ, ਜਿਸ ਦਾ ਖਾਸ ਤੌਰ 'ਤੇ ਮਤਲਬ ਇਹ ਸੀ ਕਿ ਜੇ ਕਰੋਨਾ ਪਾਜ਼ੇਟਿਵ ਵਿਅਕਤੀ ਦੇ ਤੁਸੀਂ ਸੰਪਰਕ ਵਿਚ ਆ ਵੀ ਜਾਓ ਤਾਂ ਇਹ ਜ਼ਰੂਰੀ ਨਹੀਂ ਹੈ ਕਿ ਤੁਹਾਨੂੰ ਵੀ ਕਰੋਨਾ ਹੋ ਜਾਵੇਗਾ। ਇਸ ਲਈ ਸਾਡੇ ਭੈਅ-ਭੀਤ ਮਨ ਅਤੇ ਮੀਡੀਆ ਨੇ ਉਸ ਦੀ ਚਰਚਾ ਬੰਦ ਕਰ ਦਿੱਤੀ ਹੈ। ਦਰਅਸਲ ਅੱਜ ਕਲ੍ਹ ਸਿਆਸੀ ਸਮਝ ਇਹੀ ਹੈ ਕਿ ਕਰੋਨਾ ਤੋਂ ਡਰੇ ਰਹੋ, ਉਸ ਤੋਂ ਡਰਾਉਣ ਵਾਲਿਆਂ ਦੀਆਂ ਗੱਲਾਂ 'ਤੇ ਯਕੀਨ ਕਰੋ ਅਤੇ ਜੇ ਕਿਤੋਂ ਚੰਗੀ ਖ਼ਬਰ ਆਉਂਦੀ ਹੈ ਤਾਂ ਉਸ ਨੂੰ ਤੁਰੰਤ ਨਜ਼ਰ-ਅੰਦਾਜ਼ ਕਰ ਦਿਓ।

ਕਰੋਨਾ ਨਾਲ ਲੜਨਾ ਅਤੇ ਉਸ ਨੂੰ ਬੇਅਸਰ ਕਰਕੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਉਸ ਤੋਂ ਬਚਾਉਣ ਦੇ ਉਪਾਅ ਕਰਨਾ ਹੋਰ ਗੱਲ ਹੈ ਅਤੇ ਉਸ ਨੂੰ ਡਰ ਦਾ ਸਰੋਤ ਬਣਾ ਦੇਣਾ ਹੋਰ ਗੱਲ ਹੈ। ਪਿਛਲੇ ਹਫਤੇ ਦੁਨੀਆ ਦੇ 26 ਦੇਸ਼ਾਂ ਵਿਚ ਇਸ ਬਾਰੇ ਸਰਵੇਖਣ ਹੋਇਆ। ਪਤਾ ਲੱਗਿਆ ਕਿ ਸਵੀਡਨ ਦੀ ਜਨਤਾ ਵਿਚ ਕਰੋਨਾ ਦਾ ਡਰ ਸਿਰਫ 31 ਫੀਸਦੀ ਹੈ (ਭਾਵ ਸਿਰਫ ਏਨੇ ਲੋਕਾਂ ਨੇ ਹੀ ਸਵੀਕਾਰ ਕੀਤਾ ਹੈ ਕਿ ਉਹ ਕਰੋਨਾ ਤੋਂ ਬਹੁਤ ਜਾਂ ਬਹੁਤ ਘੱਟ ਡਰੇ ਹੋਏ ਹਨ)। ਧਿਆਨ ਰਹੇ ਕਿ ਸਵੀਡਨ ਵਿਚ ਕੋਈ ਤਾਲਾਬੰਦੀ ਨਹੀਂ ਹੈ। ਦਫਤਰ, ਸਕੂਲ, ਬਾਜ਼ਾਰ, ਰੈਸਟੋਰੈਂਟ ਆਦਿ ਖੁੱਲ੍ਹੇ ਹਨ ਅਤੇ ਸਿਰਫ ਭੀੜ ਪਾਉਣ ਵਾਲੀਆਂ ਥਾਵਾਂ ਨੂੰ ਲੈ ਕੇ ਹੀ ਚੌਕਸੀ ਵਰਤੀ ਜਾ ਰਹੀ ਹੈ। ਇਸ ਦੇ ਉਲਟ ਮਲੇਸ਼ੀਆ, ਵੀਅਤਨਾਮ, ਇੰਡੋਨੇਸ਼ੀਆ, ਥਾਈਲੈਂਡ ਅਤੇ ਫਿਲਪਾਈਨ ਵਿਚ ਕਰੋਨਾ ਦਾ ਡਰ 90 ਤੋਂ 80 ਫੀਸਦੀ ਦਰਮਿਆਨ ਹੈ। ਬਾਵਜੂਦ ਇਸ ਦੇ ਕਿ ਇਹ ਦੇਸ਼ ਕਰੋਨਾ ਪ੍ਰਭਾਵਿਤ ਦੇਸ਼ਾਂ ਦੀ ਸੂਚੀ ਵਿਚ ਪਹਿਲੇ 10 (ਇਟਲੀ, ਸਪੇਨ, ਫਰਾਂਸ, ਬਰਤਾਨੀਆ, ਸਵੀਡਨ, ਡੈਨਮਾਰਕ, ਅਮਰੀਕਾ, ਜਰਮਨੀ, ਨਾਰਵੇ ਅਤੇ ਫਿਨਲੈਂਡ) ਆਦਿ ਦੇ ਨਾਵਾਂ ਵਿਚ ਇਹ ਸ਼ਾਮਿਲ ਨਹੀਂ ਹਨ।

ਇਸ ਸਰਵੇਖਣ ਨਾਲ ਅਸੀਂ ਇਕ ਨਤੀਜੇ 'ਤੇ ਪਹੁੰਚ ਸਕਦੇ ਹਾਂ। ਕਿਸੇ ਵੀ ਦੇਸ਼ ਦੀ ਆਬਾਦੀ ਵਿਚ ਕਰੋਨਾ ਸਬੰਧੀ ਫੈਲੇ ਡਰ ਦਾ ਸਬੰਧ ਉਥੋਂ ਦੀ ਅਸਲੀਅਤ ਨਾਲ ਨਹੀਂ ਹੈ, ਸਗੋਂ ਉਥੋਂ ਦੀ ਸਰਕਾਰ ਵਲੋਂ ਇਸ ਮਹਾਮਾਰੀ ਨਾਲ ਨਜਿੱਠਣਾ ਅਤੇ ਸਰਕਾਰ ਦੇ ਕਦਮਾਂ ਦੀ ਸ਼ਲਾਘਾ ਕਰਨ ਵਾਲੇ ਮੀਡੀਆ ਦੇ ਤੌਰ-ਤਰੀਕਿਆਂ ਨਾਲ ਹੈ।

ਸਰਕਾਰ ਅਤੇ ਜਨਤਾ ਦਾ ਰਵੱਈਆ ਉਸ ਦੇਸ਼ ਵਿਚ ਸਿਹਤ ਪ੍ਰਣਾਲੀ ਦੇ ਪ੍ਰਭਾਵੀ ਜਾਂ ਬੇਅਸਰ ਹੋਣ ਦੇ ਨਾਲ ਵੀ ਜੁੜਿਆ ਹੋਇਆ ਹੈ। ਸਵੀਡਨ ਦੀ ਸਿਹਤ ਪ੍ਰਣਾਲੀ ਆਪਣੀ ਆਬਾਦੀ ਕਾਰਨ ਸਾਰੀ ਦੁਨੀਆ ਵਿਚ ਮਸ਼ਹੂਰ ਹੈ। ਸਵੀਡਨ ਵਿਚ ਹਰ ਵਿਅਕਤੀ ਦਾ ਮੁਫ਼ਤ ਇਲਾਜ ਹੁੰਦਾ ਹੈ। ਉਥੋਂ ਦੀ ਸਰਕਾਰ ਅਤੇ ਜਨਤਾ ਜਾਣਦੀ ਹੈ ਕਿ ਜੇ ਉਨ੍ਹਾਂ ਦੀ ਤਬੀਅਤ ਖਰਾਬ ਹੋਈ ਤਾਂ ਉਹ ਭਰੋਸੇਯੋਗ ਹੱਥਾਂ ਵਿਚ ਹਨ। ਇਸ ਦੇ ਮੁਕਾਬਲੇ ਭਾਰਤ ਵਿਚ ਸਿਹਤ ਪ੍ਰਣਾਲੀ 'ਤੇ ਕਿਸੇ ਨੂੰ ਭਰੋਸਾ ਨਹੀਂ ਹੈ। ਨਾ ਹੀ ਜਨਤਾ ਨੂੰ ਤੇ ਨਾ ਹੀ ਸਰਕਾਰ ਨੂੰ।

ਸਾਡੀ ਆਮ ਸਿਹਤ ਵਿਵਸਥਾ ਪੇਂਡੂ ਇਲਾਕਿਆਂ ਵਿਚ ਬੇਹੱਦ ਬੁਰੀ ਹੈ, ਜਿਥੇ ਅੱਜ ਵੀ ਦੇਸ਼ ਦੀ ਕਰੀਬ 65 ਫੀਸਦੀ ਆਬਾਦੀ ਰਹਿੰਦੀ ਹੈ। ਕਿਸੇ ਜ਼ਮਾਨੇ ਵਿਚ ਬਣਾਏ ਗਏ ਪ੍ਰਾਇਮਰੀ ਸਿਹਤ ਕੇਂਦਰਾਂ ਦਾ ਨੈੱਟਵਰਕ ਸਿਰਫ ਕਹਿਣ ਲਈ ਹੀ ਹੈ। ਉਥੇ ਨਾ ਡਾਕਟਰ ਮਿਲਦੇ ਹਨ, ਨਾ ਕੰਪਾਊਂਡਰ ਅਤੇ ਨਾ ਹੀ ਦਵਾਈਆਂ। ਇਸ ਵਜ੍ਹਾ ਨਾਲ ਅਫਵਾਹਾਂ ਸਭ ਤੋਂ ਜ਼ਿਆਦਾ ਦਿਹਾਤੀ ਇਲਾਕਿਆਂ ਬਾਰੇ ਫੈਲ ਰਹੀਆਂ ਹਨ। ਅਜੇ ਤਿੰਨ ਦਿਨ ਪਹਿਲਾਂ ਹੀ ਇਕ ਸੀਨੀਅਰ ਪੱਤਰਕਾਰ ਨੇ ਮੈਨੂੰ ਫੋਨ ਕਰਕੇ ਬੜੇ ਯਕੀਨ ਦੇ ਨਾਲ ਭਵਿੱਖਬਾਣੀ ਕੀਤੀ ਕਿ ਅਗਲੇ 15 ਦਿਨ ਵਿਚ ਡੇਢ-ਦੋ ਲੱਖ ਪੇਂਡੂ ਕਰੋਨਾ ਦੀ ਭੇਟ ਚੜ੍ਹ ਜਾਣਗੇ। ਮੈਂ ਹੈਰਾਨ ਹੁੰਦਿਆਂ ਪੁੱਛਿਆ ਕਿ ਤੁਹਾਡੇ ਕੋਲ ਇਸ ਗੱਲ ਦਾ ਕੀ ਆਧਾਰ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਪਿੰਡਾਂ ਵਿਚ ਕਰੋਨਾ ਬਹੁਤ ਫੈਲ ਰਿਹਾ ਹੈ ਪਰ ਸਰਕਾਰ ਅੰਕੜੇ ਛੁਪਾ ਰਹੀ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਥੋੜ੍ਹਾ ਸਬਰ ਰੱਖੋ, ਮੈਂ ਮੱਧ ਉੱਤਰ ਪ੍ਰਦੇਸ਼ (ਇਟਾਵਾ, ਮੈਨਪੁਰੀ, ਫਿਰੋਜ਼ਾਬਾਦ ਆਦਿ) ਦੇ ਪੇਂਡੂ ਅਤੇ ਕਸਬਾਈ ਇਲਾਕਿਆਂ ਵਿਚ ਫੋਨ ਕਰਕੇ ਕੁਝ ਪਤਾ ਲਗਾਉਂਦਾ ਹਾਂ। ਜਦੋਂ ਫੋਨ ਕੀਤਾ ਤਾਂ ਜਾਣਕਾਰੀ ਮਿਲੀ ਕਿ ਉਥੋਂ ਦੇ ਪਿੰਡ ਅਜੇ ਤੱਕ ਕਰੋਨਾ ਤੋਂ ਮੁਕਤ ਹਨ। ਨਾ ਹੀ ਜਨਤਾ ਵਿਚ ਕੋਈ ਖਾਸ ਘਬਰਾਹਟ ਹੈ ਅਤੇ ਨਾ ਹੀ ਪ੍ਰਸ਼ਾਸਨ ਨੂੰ ਕੋਈ ਉਥੇ ਕੋਈ ਸਖ਼ਤੀ ਰੱਖਣੀ ਪੈ ਰਹੀ ਹੈ। ਫਿਰ ਮੈਂ ਪੱਛਮੀ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿਚ ਪੁੱਛਗਿੱਛ ਕੀਤੀ। ਉਥੋਂ ਵੀ ਅਜਿਹਾ ਹੀ ਜਵਾਬ ਮਿਲਿਆ।

ਇਸ ਚਰਚਾ ਦਾ ਭਾਵ ਇਹ ਨਹੀਂ ਕਿ ਕਰੋਨਾ ਦੇ ਖਿਲਾਫ ਚੌਕਸੀ ਨਹੀਂ ਵਰਤਣੀ ਚਾਹੀਦੀ। ਮੈਂ ਸਿਰਫ ਉਸ ਨਾਲ ਨਜਿੱਠਣ ਲਈ ਬਦਲਵੀਂ ਰਣਨੀਤੀ ਵੱਲ ਇਸ਼ਾਰਾ ਕਰ ਰਿਹਾ ਹਾਂ ਪਰ ਕੋਈ ਵੀ ਬਦਲਵੀਂ ਰਣਨੀਤੀ ਉਦੋਂ ਹੀ ਕਾਰਗਰ ਸਿੱਧ ਹੋ ਸਕਦੀ ਹੈ, ਜਦੋਂ ਸਾਡੇ ਕੋਲ ਸਵੀਡਨ ਜਿਹਾ ਜਾਂ ਉਸ ਨਾਲ ਮਿਲਦਾ-ਜੁਲਦਾ ਸਿਹਤ ਸਿਸਟਮ ਹੋਵੇ। ਮੌਜੂਦਾ ਸਿਹਤ ਪ੍ਰਣਾਲੀ ਵਿਚ ਤਾਂ ਅਸੀਂ ਲੋਕਾਂ ਨੂੰ ਉਹੀ ਕਰਨ ਲਈ ਕਹਿ ਸਕਦੇ ਹਾਂ ਜੋ ਕਿਹਾ ਜਾ ਰਿਹਾ ਹੈ। ਆਪਣੇ-ਆਪ ਨੂੰ ਘਰਾਂ ਵਿਚ ਬੰਦ ਕਰ ਲਓ ਨਹੀਂ ਤਾਂ ਕਰੋਨਾ ਆ ਜਾਵੇਗਾ। ਸਰਕਾਰ ਦੇ ਕੋਲ ਤੁਹਾਨੂੰ ਦਰੁਸਤ ਕਰਨ ਦੇ ਲਈ ਕਰੋਨਾ ਟੈਸਟ ਕਰਨ ਦਾ ਵੀ ਪੂਰਾ ਬੰਦੋਬਸਤ ਨਹੀਂ ਹੈ। ਇਸੇ ਕਰਕੇ ਕਰੋਨਾ ਦਾ ਡਰ ਉਸ ਤੋਂ ਬੁਰਾ ਹੈ।

# ਸੁਖਨਾ ਝੀਲ ਨੂੰ ਬਚਾਉਣਾ ਕਿਉਂ ਜ਼ਰੂਰੀ ਹੈ?

ਸੁਖਨਾ ਝੀਲ ਨੂੰ ਬਚਾਉਣ ਲਈ 2 ਮਾਰਚ 2020 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ 100-100 ਕਰੋੜ ਦਾ ਜੁਰਮਾਨਾ ਕੀਤਾ ਹੈ, ਕਿਉਂਕਿ ਇਨ੍ਹਾਂ ਦੋਹਾਂ ਰਾਜਾਂ ਦੀ ਅਫਸਰਸ਼ਾਹੀ ਨੇ ਸੁਖਨਾ ਝੀਲ ਦੇ ਕੈਚਮੈਂਟ ਖੇਤਰ (ਮੀਂਹ ਦਾ ਪਾਣੀ ਮੁਹੱਈਆ ਕਰਵਾਉਣ ਵਾਲੇ ਖੇਤਰ) 'ਤੇ ਹੋਈਆਂ ਗੈਰ-ਕਾਨੂੰਨੀ ਉਸਾਰੀਆਂ ਦੀ ਮਨਜ਼ੂਰੀ ਦਿੱਤੀ ਸੀ, ਜਿਸ ਦੀ ਜਿੰਮੇਵਾਰੀ ਦੋਹਾਂ ਰਾਜਾਂ ਦੀਆਂ ਸਰਕਾਰਾਂ 'ਤੇ ਆਣ ਪਈ।

ਹਾਈ ਕੋਰਟ ਨੇ ਇਹ ਵੀ ਹੁਕਮ ਦਿੱਤਾ ਹੈ ਕਿ ਦੋਵੇਂ ਸਰਕਾਰਾਂ ਜੁਰਮਾਨੇ ਦੀ ਇਹ ਰਾਸ਼ੀ

ਡਾ. ਗੁਰਿੰਦਰ ਕੌਰ
ਫੋਨ: 91-99156-82196

ਜੰਗਲ ਤੇ ਜੰਗਲੀ ਜੀਵ ਵਿਭਾਗ ਦੇ ਖਾਤੇ ਵਿਚ ਤਿੰਨ ਮਹੀਨੇ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣ ਅਤੇ ਜੰਗਲ ਤੇ ਜੰਗਲੀ ਜੀਵ ਵਿਭਾਗ ਸੁਖਨਾ ਝੀਲ ਦੇ ਇਕ ਕਿਲੋਮੀਟਰ ਦੇ ਦਾਇਰੇ ਨੂੰ ਇਕ ਸਾਲ ਦੇ ਵਿਚ ਵਿਚ ਵਾਤਾਵਰਣ ਸੰਵੇਦਨਸ਼ੀਲ ਖੇਤਰ ਐਲਾਨ ਕਰਕੇ ਜੁਰਮਾਨੇ ਦੀ ਰਾਸ਼ੀ ਨੂੰ ਝੀਲ ਦੇ ਆਲੇ-ਦੁਆਲੇ ਦੇ ਵਾਤਾਵਰਣ ਦੀ ਸਾਂਭ-ਸੰਭਾਲ ਲਈ ਖਰਚ ਕਰੇ। ਇਸ ਦੇ ਨਾਲ ਹੀ ਹਾਈ ਕੋਰਟ ਨੇ ਸੁਖਨਾ ਝੀਲ ਦੇ ਕੈਚਮੈਂਟ ਖੇਤਰ 'ਚ ਹੋਈਆਂ ਗੈਰ-ਕਾਨੂੰਨੀ ਉਸਾਰੀਆਂ ਨੂੰ ਤਿੰਨ ਮਹੀਨਿਆਂ 'ਚ ਢਾਹੁਣ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਸੁਖਨਾ ਝੀਲ ਨੂੰ ਜਲਗਾਹ ਐਲਾਨਣ ਦਾ ਹੁਕਮ ਦਿੱਤਾ ਹੈ। ਨਵਾਂਗਾਓਂ ਮਾਸਟਰ ਪਲਾਨ 2021 ਨੂੰ ਰੱਦ ਕਰ ਦਿੱਤਾ ਗਿਆ ਹੈ।

ਕੇਸ ਦੀ ਸੁਣਵਾਈ ਦੌਰਾਨ ਵਕੀਲ ਐਮ. ਐਲ. ਸਰੀਨ ਨੇ ਟਾਟਾ ਕੈਮਲੋਟ ਹਾਊਸਿੰਗ ਪ੍ਰਾਜੈਕਟ ਦਾ ਹਵਾਲਾ ਦਿੰਦਿਆਂ ਦੱਸਿਆ (ਜਿਸ ਨੂੰ ਸੁਪਰੀਮ ਕੋਰਟ ਨੇ ਨਵੰਬਰ 2019 ਵਿਚ ਖਾਰਿਜ ਕੀਤਾ ਹੈ) ਕਿ ਟਾਟਾ ਕੈਮਲੋਟ ਪ੍ਰਾਜੈਕਟ ਵੀ ਵਾਤਾਵਰਣ ਸੰਵੇਦਨਸ਼ੀਲ ਖੇਤਰ ਅਤੇ ਸੁਖਨਾ ਜੰਗਲ ਦੇ 10 ਕਿਲੋਮੀਟਰ ਦੇ ਦਾਇਰੇ ਵਿਚ ਪੈਂਦਾ ਸੀ।

ਇਸ ਪ੍ਰਾਜੈਕਟ ਵਿਚ ਪੰਜਾਬ ਦੇ 95 ਵਿਧਾਇਕਾਂ ਦੇ ਘਰ ਵੀ ਸ਼ਾਮਲ ਸਨ। ਤਾਜ਼ਾ ਫੈਸਲਾ ਗੌਤਮ ਖੰਨਾ ਵਲੋਂ ਸੁਖਨਾ ਖੇਤਰ ਵਿਚ ਹੋਈਆਂ ਗੈਰ-ਕਾਨੂੰਨੀ ਉਸਾਰੀਆਂ ਬਾਰੇ 28 ਨਵੰਬਰ 2009 ਨੂੰ ਦਾਇਰ ਕੀਤੀ ਗਈ ਪਟੀਸ਼ਨ ਦੀ ਲੋਅ ਵਿਚ ਲਿਆ ਗਿਆ ਹੈ। ਫੈਸਲੇ ਵਿਚ ਹਾਈ ਕੋਰਟ ਨੇ ਉਨ੍ਹਾਂ ਲੋਕਾਂ, ਜਿਨ੍ਹਾਂ ਦੇ ਨਕਸ਼ੇ ਪਾਸ ਹੋਏ ਹਨ, ਨੂੰ 25-25 ਲੱਖ ਰੁਪਏ ਰਾਹਤ ਦੇਣ ਦੀ ਸਿਫਾਰਿਸ਼ ਕੀਤੀ ਹੈ; ਪਰ ਜਿਨ੍ਹਾਂ ਦੇ ਨਕਸ਼ੇ ਪਾਸ ਨਹੀਂ ਹੋਏ, ਉਨ੍ਹਾਂ ਨੂੰ ਕੁਝ ਨਹੀਂ ਮਿਲੇਗਾ।

ਹਾਈ ਕਰੋਟ ਦੇ ਇਸ ਫੈਸਲੇ ਨਾਲ ਪੰਜਾਬ ਦਾ ਨਵਾਂਗਾਓਂ ਦਾ 2021 ਮਾਸਟਰ ਪਲਾਨ, ਕਾਂਸਲ ਪਿੰਡ ਵਿਚ ਪਏ ਘਰ, ਹਰਿਆਣਾ ਦਾ ਮਨਸਾ ਦੇਵੀ ਅਰਬਨ ਕੰਪਲੈਕਸ ਤੇ ਸਕੇਤੜੀ ਵਿਚ ਬਣੇ ਘਰ ਅਤੇ ਚੰਡੀਗੜ੍ਹ ਨੂੰ ਖੁੱਡਾ ਅਲੀਸ਼ੇਰ ਤੇ ਕੈਂਬਵਾਲਾ ਵਿਚ ਬਣੇ ਘਰ ਪ੍ਰਭਾਵਿਤ ਹੋਣਗੇ, ਕਿਉਂਕਿ ਸਰਵੇ ਆਫ ਇੰਡੀਆ ਦੇ 2004 ਦੇ ਨਕਸ਼ੇ ਅਨੁਸਾਰ ਇਹ ਇਲਾਕਾ ਸੁਖਨਾ ਕੈਚਮੈਂਟ ਖੇਤਰ ਵਿਚ ਪੈਂਦਾ ਹੈ। ਇਨ੍ਹਾਂ ਵਿਚ ਬਣੇ ਘਰ ਪੰਜਾਬ ਅਤੇ ਹਰਿਆਣਾ ਸਰਕਾਰਾਂ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਪਾਸ ਕੀਤੇ ਨਕਸ਼ਿਆਂ ਦੇ ਆਧਾਰ 'ਤੇ ਬਣੇ ਹਨ।

ਸਵਾਲ ਹੈ ਕਿ ਜੇ ਇਹ ਸਾਰੇ ਖੇਤਰ ਸੁਖਨਾ ਕੈਚਮੈਂਟ ਖੇਤਰ ਵਿਚ ਪੈਂਦੇ ਸਨ ਤਾਂ ਦੋਹਾਂ ਰਾਜਾਂ ਦੀਆਂ ਸਰਕਾਰਾਂ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਲੋਕਾਂ ਨੂੰ ਇਥੇ ਘਰ ਬਣਾਉਣ ਦੀ ਇਜਾਜ਼ਤ ਕਿਉਂ ਦਿੱਤੀ? ਹਾਲਾਤ ਇਹ ਉਭਰ ਆਏ ਹਨ ਕਿ ਇਸ ਨਾਲ ਲੋਕਾਂ ਦੀ ਜ਼ਿੰਦਗੀ ਭਰ ਦੀ ਖੂਨ-ਪਸੀਨੇ ਦੀ ਕਮਾਈ ਬਰਬਾਦ ਹੁੰਦੀ ਨਜ਼ਰ ਆ ਰਹੀ ਹੈ ਅਤੇ ਦੂਜੇ ਪਾਸੇ ਉਹ ਮਾਨਸਿਕ ਪ੍ਰੇਸ਼ਾਨੀ ਵੀ ਸਹਿ ਰਹੇ ਹਨ। ਇਸ ਵਿਚ ਸਾਰਾ ਕਸੂਰ ਰਾਜ ਸਰਕਾਰਾਂ ਅਤੇ ਚੰਡੀਗੜ੍ਹ ਪ੍ਰਸ਼ਾਸਨ ਦਾ ਹੈ, ਭਾਵੇਂ ਹੁਣ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਲੋਕਾਂ ਨੂੰ ਭਰੋਸਾ ਦਿਤਤਾ ਹੈ ਕਿ ਪੰਜਾਬ ਸਰਕਾਰ ਇਸ ਸਬੰਧੀ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਸਾਰੇ ਵਿਧਾਨਕ ਅਤੇ ਨਿਆਂਇਕ ਕਦਮ ਚੁੱਕੇਗੀ। ਉਨ੍ਹਾਂ ਵਿਆਪਕ ਰਣਨੀਤੀ ਘੜਨ ਲਈ ਇਕ ਕਮੇਟੀ ਦਾ ਗਠਨ ਕਰਨ ਦਾ ਹੁਕਮ ਵੀ ਦੇ ਦਿੱਤਾ ਹੈ, ਜਦੋਂ ਕਿ ਹਰਿਆਣਾ ਸਰਕਾਰ ਨੇ ਕਿਹਾ ਹੈ ਕਿ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਚੰਡੀਗੜ੍ਹ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਸਰਵੇ ਆਫ ਇੰਡੀਆ 2004 ਦੇ ਨਕਸ਼ੇ ਤੋਂ ਇਨ੍ਹਾਂ ਉਸਾਰੀਆਂ ਦੀ ਜਾਂਚ ਕਰਨਗੇ।

ਹਾਈ ਕੋਰਟ ਦਾ ਇਹ ਫੈਸਲਾ ਕੁਦਰਤ ਪੱਖੀ ਹੈ, ਜੋ ਚੰਡੀਗੜ੍ਹ ਸ਼ਹਿਰ ਦੇ ਵਾਤਾਵਰਣ ਅਤੇ ਇੱਥੋਂ ਦੇ ਹਰ ਤਰ੍ਹਾਂ ਦੇ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਲਈ ਫਾਇਦੇਮੰਦ ਹੈ। ਸੁਖਨਾ ਝੀਲ 1958 ਵਿਚ 3 ਵਰਗ ਕਿਲੋਮੀਟਰ ਖੇਤਰ ਵਿਚ ਸੁਖਨਾ ਚੋਅ ਉਤੇ ਬੰਨ ਮਾਰ ਕੇ ਬਣਾਈ ਗਈ ਸੀ। ਇਹ ਚੰਡੀਗੜ੍ਹ ਸ਼ਹਿਰ ਦੇ ਨੇੜੇ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨੀਵੇਂ ਖੇਤਰ ਵਿਚ ਸਥਿਤ ਹੈ। ਪਹਿਲਾਂ ਇਸ ਵਿਚ ਮੀਂਹ ਦਾ ਪਾਣੀ ਸਿੱਧਾ ਹੀ ਪੈ ਜਾਂਦਾ ਸੀ, ਜਿਸ ਨਾਲ ਇਸ ਵਿਚ ਬਹੁਤ ਸਾਰੀ ਮਿੱਟੀ ਜਮ੍ਹਾਂ ਹੋ ਜਾਂਦੀ ਸੀ। ਇਸ ਸਮੱਸਿਆ ਦੇ ਹੱਲ ਲਈ ਸਰਕਾਰ ਨੇ 25.42 ਵਰਗ ਕਿਲੋਮੀਟਰ ਜ਼ਮੀਨ ਲੈ ਕੇ ਉਸ ਉਤੇ ਦਰਖਤ ਲਾਏ ਅਤੇ 1974 ਵਿਚ ਝੀਲ ਵਿਚ ਪੈਂਦੇ ਮੀਂਹ ਦੇ ਪਾਣੀ ਦਾ ਰੁਖ ਮੋੜ ਕੇ ਇਸ ਵਿਚ ਸਾਫ ਪਾਣੀ ਪੈਣ ਦਾ ਇੰਤਜ਼ਾਮ ਵੀ ਕਰ ਲਿਆ ਸੀ। ਸੁਖਨਾ ਝੀਲ ਇਕ ਤਾਂ ਸ਼ਹਿਰ ਦੀ ਖੂਬਸੂਰਤੀ ਨੂੰ ਵਧਾਉਂਦੀ ਹੈ ਅਤੇ ਦੂਜਾ ਇੱਥੋਂ ਦੇ ਜਲ ਪੱਧਰ ਨੂੰ ਸੰਤੁਲਿਤ



ਸੁਖਨਾ ਲੇਕ ਦੇ ਕੰਢੇ 'ਤੇ ਬਤਖਾਂ ਦਾ ਝੁਰਮਟ

ਕਰਨ ਦੇ ਨਾਲ ਸਰਦੀਆਂ ਵਿਚ ਦੂਰ-ਦੁਰਾਡੇ ਤੋਂ ਪਰਵਾਸੀ ਪੰਛੀ ਵੀ ਆਉਂਦੇ ਹਨ।

ਜ਼ਿਕਰਯੋਗ ਹੈ ਕਿ ਝੀਲਾਂ ਮੀਂਹ ਵਾਲੇ ਦਿਨਾਂ ਵਿਚ ਪਾਣੀ ਸੋਖਣ ਲਈ ਸਪੰਜ ਦਾ ਕੰਮ ਕਰਦੀਆਂ ਹਨ। ਹੜ੍ਹਾਂ ਤੋਂ ਬਚਾਓ ਦੇ ਨਾਲ ਨਾਲ ਸੋਕੇ ਦੇ ਮੌਕੇ ਪਾਣੀ ਮੁਹੱਈਆ ਕਰਵਾਉਣ ਅਤੇ ਧਰਤੀ ਉਤਲੇ ਤਾਪਮਾਨ ਨੂੰ ਕਾਬੂ ਵਿਚ ਰੱਖਣ ਲਈ ਸਹਾਇਕ ਹੁੰਦੀਆਂ ਹਨ।

2014 ਵਿਚ ਸ੍ਰੀਨਗਰ ਵਿਚ ਆਏ ਭਿਆਨਕ ਹੜ੍ਹ ਅਤੇ ਉਸ ਤੋਂ ਹੋਣ ਵਾਲੀ ਤਬਾਹੀ ਤੋਂ ਆਪਾਂ ਸਾਰੇ ਭਲੀ-ਭਾਂਤੀ ਜਾਣੂ ਹਾਂ। ਉਸ ਭਿਆਨਕ ਤਬਾਹੀ ਦਾ ਇਕ ਕਾਰਨ ਤਾਂ ਇਹ ਹੀ ਸੀ ਕਿ ਪਿਛਲੇ ਪੰਜ ਦਹਾਕਿਆਂ ਵਿਚ ਸ੍ਰੀਨਗਰ ਵਿਚਲੀਆਂ ਅਤੇ ਉਸ ਦੇ ਆਲੇ-ਦੁਆਲੇ ਵਾਲੀਆਂ ਲਗਭਗ 20 ਜਲਗਾਹਾਂ ਸ਼ਹਿਰੀ ਬਸਤੀਆਂ ਵਿਚ ਬਦਲ ਗਈਆਂ ਸਨ। ਜੰਮੂ ਕਸ਼ਮੀਰ ਸਰਕਾਰ ਦੇ ਅੰਕੜਿਆਂ ਅਨੁਸਾਰ ਪਿਛਲੀ ਇੱਕ ਸਦੀ ਵਿਚ ਸ੍ਰੀਨਗਰ ਵਿਚ ਝੀਲਾਂ, ਟੋਭਿਆਂ, ਬਰਸਾਤੀ ਨਾਲਿਆਂ ਅਤੇ ਜਲਗਾਹਾਂ ਦਾ ਖੇਤਰ ਕਰੀਬ 50 ਫੀਸਦ ਘਟ ਗਿਆ ਹੈ। ਵੂਲਰ ਝੀਲ, ਜੋ ਕਿਸੇ ਸਮੇਂ ਦੱਖਣੀ ਏਸ਼ੀਆ ਦੀ ਸਭ ਤੋਂ ਵੱਡੀ ਤਾਜ਼ੇ ਪਾਣੀ ਦੀ ਝੀਲ ਹੁੰਦੀ ਸੀ, ਨੈਸ਼ਨਲ ਵੈੱਟਲੈਂਡ ਐਟਲੈਸ ਅਨੁਸਾਰ ਇਸ ਦਾ ਰਕਬਾ ਨਾਜਾਇਜ਼ ਕਬਜ਼ਿਆਂ ਕਾਰਨ ਪਿਛਲੀ ਇਕ ਸਦੀ ਵਿਚ 20,200 ਹੈਕਟੇਅਰ ਤੋਂ ਘਟ ਕੇ ਸਿਰਫ 2,400 ਹੈਕਟੇਅਰ ਰਹਿ ਗਿਆ ਹੈ।

ਕੈਗ ਦੀ ਇਕ ਰਿਪੋਰਟ ਅਨੁਸਾਰ ਡੱਲ ਝੀਲ ਦਾ ਰਕਬਾ 24 ਵਰਗ ਕਿਲੋਮੀਟਰ ਤੋਂ ਘਟ ਕੇ ਸਿਰਫ 12 ਵਰਗ ਕਿਲੋਮੀਟਰ ਰਹਿ ਗਿਆ ਹੈ। ਇੱਥੋਂ ਦੇ ਮਾਰ ਨਾਂ ਦੇ ਬਰਸਾਤੀ ਨਾਲੇ ਉਤੇ ਇਕ ਸੜਕ ਅਤੇ ਦੁੱਧ ਗੰਗਾ ਨਾਲੇ ਉਤੇ ਸ਼ਾਪਿੰਗ ਕੰਪਲੈਕਸ ਬਣ ਗਿਆ ਸੀ। ਇਸ ਤੋਂ ਬਿਨਾ ਬੀਮੀਨਾ ਅਤੇ ਬਟਮਾਲੋ ਨਾਂ ਦੀਆਂ ਜਲਗਾਹਾਂ ਵੀ ਰਿਹਾਇਸ਼ੀ ਇਲਾਕਿਆਂ ਵਿਚ ਬਦਲ ਗਈਆਂ ਸਨ। ਵਾਤਾਵਰਣ ਮਾਹਿਰਾਂ ਅਨੁਸਾਰ ਝੀਲਾਂ 'ਤੇ ਹੋਏ ਇਸ ਤਰ੍ਹਾਂ ਦੇ ਕਬਜ਼ਿਆਂ ਨਾਲ ਹੜ੍ਹਾਂ ਦੀ ਸਥਿਤੀ ਵੱਧ ਭਿਆਨਕ ਹੋ ਗਈ ਸੀ।

ਚੇਨੱਈ ਵਿਚ ਵੀ 2013 ਵਿਚ ਆਏ ਭਿਆਨਕ ਹੜ੍ਹ ਅਤੇ 2019 ਵਿਚ ਪਾਣੀ ਦੀ ਭਾਰੀ ਥੁੜ੍ਹ ਦਾ ਵੀ ਮੁੱਖ ਕਾਰਨ ਉਥੋਂ ਦਾ ਬੇਢੰਗਾ ਵਿਕਾਸ ਅਤੇ ਪਾਣੀ ਦੇ ਕੁਦਰਤੀ ਸਰੋਤਾਂ ਦਾ ਅੰਨ੍ਹੇਵਾਹ ਉਜਾੜਾ ਹੀ ਸੀ। ਪਹਿਲਾਂ ਚੇਨੱਈ ਅਤੇ ਆਸਪਾਸ ਦੇ ਇਲਾਕਿਆਂ ਦੇ ਲੋਕ ਖੇਤੀਬਾੜੀ ਅਤੇ ਰੋਜ਼ਮੱਰ੍ਹਾ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੀਂਹ ਦਾ ਪਾਣੀ ਨਹਿਰਾਂ, ਤਲਾਬਾਂ ਅਤੇ ਝੀਲਾਂ ਵਿਚ ਸੁਚੱਜੇ ਤਰੀਕੇ ਨਾਲ ਇਕੱਠਾ ਕਰ ਲੈਂਦੇ ਸਨ। ਚੇਨੱਈ ਦੀ ਅੰਨਾ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ 20ਵੀਂ ਸਦੀ ਦੇ ਸ਼ੁਰੂ ਵਿਚ 60 ਵੱਡੇ ਤਲਾਬ, ਝੀਲਾਂ, ਅਦੀਆਰ ਅਤੇ ਕੋਮ ਨਾਂ ਦੇ ਦੋ ਦਰਿਆ ਤੇ ਬਕਿੰਘਮ ਨਾਂ ਦੀ ਇਕ ਨਹਿਰ ਸੀ। ਹੁਣ ਤਲਾਬ/ਝੀਲਾਂ ਦੀ ਗਿਣਤੀ ਘਟ ਕੇ 26 ਰਹਿ ਗਈ ਹੈ। ਅਦੀਆਰ ਦਰਿਆ ਦੇ ਵਹਾਅ ਖੇਤਰ ਉਤੇ ਹਵਾਈ ਅੱਡਾ ਬਣਾ ਦਿੱਤਾ ਗਿਆ ਹੈ ਅਤੇ ਪਲਾਨਾ ਕਾਰਣੇ ਨਾਂ ਦੀ 6,000 ਹੈਕਟੇਅਰ ਵਿਚ ਫੈਲੀ ਜਲਗਾਹ ਦੇ ਬਹੁਤੇ ਹਿੱਸੇ ਉਤੇ ਮਾਸ ਰੈਪਿਡ ਟਰਾਂਜਿਸਟ ਸਿਸਟਮ ਬਣਾ ਦਿੱਤਾ ਹੈ, ਜਿਸ ਨਾਲ ਮੀਂਹ ਦਾ ਪਾਣੀ ਸੋਖਣ ਵਾਲੇ ਸਾਰੇ ਸਰੋਤ ਸ਼ਹਿਰੀਕਰਨ ਦੀ ਭੇਟ ਚੜ੍ਹ ਗਏ ਹਨ।

ਪਟਿਆਲੇ ਦੇ ਅਰਬਨ ਐਸਟੇਟ ਦੇ ਸਾਰੇ ਫੇਜ਼ ਚੋਅ ਖੇਤਰ ਵਿਚ ਬਣੇ ਹੋਏ ਹਨ, ਜਿਸ ਦੇ ਨਤੀਜੇ ਵਜੋਂ 1988 ਅਤੇ 1993 ਵਿਚ ਪਟਿਆਲਾ ਸ਼ਹਿਰ ਬੁਰੀ ਤਰ੍ਹਾਂ ਹੜ੍ਹਾਂ ਦੀ ਲਪੇਟ ਵਿਚ ਆਇਆ ਰਿਹਾ ਸੀ। ਹੋਰ ਵੀ ਵੱਖ ਵੱਖ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਜਿੱਥੇ ਵੀ ਆਰਥਕ ਵਿਕਾਸ ਦੇ ਨਾਂ 'ਤੇ ਕੁਦਰਤੀ ਜਲ ਸਰੋਤਾਂ ਦੀ ਅਣਦੇਖੀ ਕੀਤੀ ਗਈ ਹੈ, ਉਨ੍ਹਾਂ ਸਭ ਥਾਂਵਾਂ 'ਤੇ ਜਲ ਸੰਕਟ ਦਾ ਖਤਰਾ ਮੰਡਰਾਉਣ ਲੱਗ ਪਿਆ ਹੈ। ਨੀਤੀ ਅਯੋਗ ਦੀ ਇਕ ਰਿਪੋਰਟ ਅਨੁਸਾਰ 2020 ਵਿਚ ਭਾਰਤ ਦੇ 21 ਸ਼ਹਿਰਾਂ ਨੂੰ ਜਲ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਹਾਈਕੋਰਟ ਦੇ ਫੈਸਲੇ ਮੁਤਾਬਕ ਜੇ ਉਨ੍ਹਾਂ ਦੇ ਘਰ ਢਾਹੇ ਜਾਣਗੇ ਤਾਂ ਉਹ ਮਾਨਸਿਕ ਅਤੇ ਮਾਲੀ ਨੁਕਸਾਨ ਦੀ ਮਾਰ ਸਹਿਣਗੇ, ਪਰ ਜੇ ਉਨ੍ਹਾਂ ਨੂੰ ਰਾਹਤ ਮਿਲ ਜਾਂਦੀ ਹੈ ਤਾਂ ਆਉਣ ਵਾਲੇ ਸਮੇਂ ਵਿਚ ਹੜ੍ਹ ਜਿਹੀ ਕੁਦਰਤੀ ਕਰੋਪੀ ਦਾ ਸ਼ਿਕਾਰ ਹੋ ਸਕਦੇ ਹਨ, ਕਿਉਂਕਿ ਉਨ੍ਹਾਂ ਦੇ ਘਰ ਮੀਂਹ ਦੇ ਪਾਣੀ ਦੇ ਵਹਾਅ ਖੇਤਰ ਵਿਚ ਹਨ। ਵਿਚਾਰਨਯੋਗ ਗੱਲ ਇਹ ਹੈ ਕਿ ਜੇ ਹਾਈ ਕੋਰਟ ਵਿਚ ਇਸ ਬਾਰੇ 2009 ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਨਾਲ ਹਜ਼ਾਰਾਂ ਲੋਕਾਂ ਦਾ ਭਵਿੱਖ ਜੁੜਿਆ ਹੋਇਆ ਹੈ, ਤਾਂ ਉਸ ਦਾ ਫੈਸਲਾ ਛੇਤੀ ਤੋਂ ਛੇਤੀ ਹੋਣਾ ਚਾਹੀਦਾ ਸੀ, ਨਾ ਕਿ ਉਸ ਪ੍ਰਕ੍ਰਿਆ ਲਈ 10 ਸਾਲ ਦਾ ਲੰਮਾ ਸਮਾਂ ਲੱਗਣਾ ਚਾਹੀਦਾ ਸੀ।

ਹਰ ਰਾਜ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਰਾਜ ਦੇ ਅਖੌਤੀ ਆਰਥਕ ਵਿਕਾਸ ਦੇ ਨਾਂ 'ਤੇ ਕੁਦਰਤੀ ਸਰੋਤਾਂ ਦਾ ਅੰਨ੍ਹੇਵਾਹ ਉਜਾੜਾ ਨਾ ਕਰੇ। ਲੋਕਾਂ ਨੂੰ ਗੁੰਮਰਾਹ ਨਾ ਕਰਕੇ ਸਗੋਂ ਉਨ੍ਹਾਂ ਨੂੰ ਵਾਤਾਵਰਣ ਸੰਵੇਦਨਸ਼ੀਲ ਥਾਂਵਾਂ 'ਤੇ ਘਰ ਨਾ ਬਣਾਉਣ ਲਈ ਦੀ ਹਦਾਇਤ ਦੇ ਕੇ ਅਦਾਲਤੀ ਖੱਜਲ-ਖੁਆਰੀ ਅਤੇ ਕੁਦਰਤੀ ਕਰੋਪੀਆਂ ਦੀ ਮਾਰ ਤੋਂ ਬਚਾਵੇ।

# ਲੌਕਡਾਊਨ ਦੀ ਉਲੰਘਣਾ ਕਰਨ 'ਤੇ ਸਜ਼ਾ ਅਤੇ ਜੁਰਮਾਨੇ!

ਕਰੋਨਾ ਵਾਇਰਸ ਨੇ ਦੁਨੀਆਂ ਦੇ ਕਰੀਬ 87% ਹਿੱਸੇ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ। ਹਰ ਰੋਜ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਸ ਬੀਮਾਰੀ ਨਾਲ ਪੀੜਤ ਹੋਣ ਦੀਆਂ ਖਬਰਾਂ ਆ ਰਹੀਆਂ ਹਨ ਤੇ ਨਾਲ ਹੀ ਹਜ਼ਾਰਾਂ ਦੀ ਗਿਣਤੀ ਵਿਚ ਮੌਤਾਂ ਦੇ ਅੰਕੜੇ ਵੀ ਸਾਹਮਣੇ ਆ ਰਹੇ ਹਨ। ਇਸ ਸਮੇਂ (6 ਅਪਰੈਲ ਤੱਕ) ਪੂਰੀ ਦੁਨੀਆਂ ਵਿਚ ਕਰੀਬ 13 ਲੱਖ ਲੋਕ ਕਰੋਨਾ ਵਾਇਰਸ ਨਾਲ ਪਾਜ਼ੇਟਿਵ ਹਨ ਅਤੇ ਹੁਣ ਤੱਕ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਕਰੀਬ 80 ਹਜ਼ਾਰ ਲੋਕ ਇਸ ਦੇ ਚਲਦਿਆਂ ਆਪਣੀ ਜੀਵਨ ਲੀਲਾ ਪੂਰੀ ਕਰ ਚੁਕੇ ਹਨ।

ਹਾਲੇ ਤੱਕ ਇਸ ਵਾਇਰਸ ਦੀ ਕੋਈ ਢੁਕਵੀਂ ਵੈਕਸੀਨ ਤਿਆਰ ਨਹੀਂ ਹੋ ਸਕੀ ਹੈ, ਜਿਸ ਕਾਰਨ ਸਾਰੀ ਦੁਨੀਆਂ ਵਿਚ ਇਸ ਮਹਾਮਾਰੀ ਦੀ ਰੋਕਥਾਮ ਲਈ ਸਭ ਤੋਂ ਵਧ ਜੋ ਕਾਰਗਰ ਨੁਸਖਾ ਅਪਨਾਇਆ ਜਾ ਰਿਹਾ ਹੈ, ਉਹ ਸੋਸ਼ਲ ਡਿਸਟੈਂਸਿੰਗ ਅਰਥਾਤ ਸਮਾਜਕ ਦੂਰੀ ਬਣਾ ਕੇ ਰੱਖਣ 'ਤੇ ਜੋਰ ਦਿੱਤਾ ਜਾ ਰਿਹਾ ਹੈ। ਇਹੋ ਵਜ੍ਹਾ ਹੈ ਕਿ ਅੱਜ ਦੁਨੀਆਂ ਦੇ ਕਰੀਬ 90 ਦੇਸ਼ਾਂ ਵਿਚ ਲੌਕਡਾਊਨ ਸਬੰਧੀ ਹਦਾਇਤਾਂ 'ਤੇ ਅਮਲ ਕਰਵਾਇਆ ਜਾ ਰਿਹਾ ਹੈ।

ਇਕ ਅੰਦਾਜ਼ੇ ਮੁਤਾਬਿਕ ਇਸ ਸਮੇਂ ਲੌਕਡਾਊਨ ਘੇਰੇ ਵਿਚ ਦੁਨੀਆਂ ਦੇ ਕਰੀਬ 450 ਕਰੋੜ ਲੋਕ ਹਨ, ਜਦੋਂ ਕਿ ਯੂ. ਐਨ. ਦੀ ਇਕ ਰਿਪੋਰਟ ਅਨੁਸਾਰ ਦੁਨੀਆਂ ਦੇ ਕਰੀਬ 180 ਦੇਸ਼ਾਂ ਦੇ ਸਕੂਲ, ਕਾਲਜ ਤੇ ਹੋਰ ਸਿਖਿਆ ਸੰਸਥਾਵਾਂ ਆਦਿ ਬੰਦ ਹਨ।

ਦੁਨੀਆਂ ਦੇ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ




ਨੇ ਆਪੋ ਆਪਣੇ ਦੇਸ਼ਾਂ ਵਿਚ ਲੌਕਡਾਊਨ ਨੂੰ ਪ੍ਰਭਾਵੀ ਰੂਪ ਵਿਚ ਲਾਗੂ ਕਰਨ ਲਈ ਇਸ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਵੱਖ ਵੱਖ ਜੁਰਮਾਨੇ ਅਤੇ ਸਜ਼ਾਵਾਂ ਰੱਖੀਆਂ ਹੋਈਆਂ ਹਨ। ਇਸ ਸੰਦਰਭ ਵਿਚ ਕਈ ਦੇਸ਼ਾਂ ਦੇ ਅਜੀਬ-ਓ-ਗਰੀਬ ਨਿਯਮ ਬਣਾਏ ਹਨ।

ਭਾਰਤ ਵਿਚ ਇਸ ਦੀ ਉਲੰਘਣਾ ਕਰਨ ਵਿਰੁਧ ਐਫ. ਆਈ. ਆਰ. ਦਰਜ ਦੇ ਹੁਕਮ ਜਾਰੀ ਕੀਤੇ ਗਏ ਹਨ। ਪੰਜਾਬ ਵਿਚ ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਜਿੱਥੇ ਪਰਚੇ ਦਰਜ ਕੀਤੇ ਗਏ ਹਨ, ਉਥੇ ਕਈ ਵਾਇਰਲ ਵੀਡੀਓਜ਼ ਵਿਚ ਪੰਜਾਬ ਸਮੇਤ ਦੇਸ਼ ਦੇ ਦੂਜੇ ਸੂਬਿਆਂ ਦੀ ਪੁਲਿਸ ਲੌਕਡਾਊਨ ਤੋੜਨ ਵਾਲਿਆਂ ਦੀ ਡੰਡਾ ਪਰੇਡ ਵੀ ਕਰਦੀ ਨਜ਼ਰ ਆ ਰਹੀ ਹੈ। ਪੁਲਿਸ ਵਾਲੇ ਲੋਕਾਂ ਨੂੰ ਮੁਰਗੇ ਬਣਾ ਕੇ ਜਾਂ ਡੰਡ ਬੈਠਕਾਂ ਲਵਾ ਕੇ ਛੱਡਦੇ ਵਿਖਾਈ ਦੇ ਰਹੇ ਹਨ। ਤਾਮਿਲਨਾਡੂ ਵਿਚ ਝੂਠੀਆਂ ਅਫਵਾਹਾਂ ਫੈਲਾਉਣ ਦੇ ਦੋਸ਼ ਵਿਚ 1200 ਗ੍ਰਿਫਤਾਰੀਆਂ ਵੀ ਅਮਲ ਵਿਚ ਆਈਆਂ ਹਨ।

ਇਸ ਸੰਦਰਭ ਵਿਚ ਗੱਲ ਦੁਨੀਆਂ ਦੇ ਦੂਜੇ ਦੇਸ਼ਾਂ ਦੀ ਕਰੀਏ ਤਾਂ ਇਸ ਵਿਚ ਜਿਸ ਦੇਸ਼ ਵਲੋਂ ਸਭ ਤੋਂ ਵੱਧ ਜੁਰਮਾਨਾ ਲਾਉਣ ਦਾ ਫੈਸਲਾ ਲਿਆ ਗਿਆ ਹੈ, ਉਹ ਸਾਊਦੀ ਅਰਬ ਹੈ। ਕਰੋਨਾ ਵਾਇਰਸ ਦੀ ਬੀਮਾਰੀ ਛੁਪਾਉਣ ਜਾਂ ਟਰੈਵਲ ਹਿਸਟਰੀ ਛੁਪਾਉਣ 'ਤੇ ਇਕ ਕਰੋੜ ਰੁਪਿਆ ਜੁਰਮਾਨਾ ਲਾਉਣ ਦਾ ਸਖਤ ਫੈਸਲਾ ਲਿਆ ਗਿਆ ਹੈ।

ਇਟਲੀ ਵਿਚ ਇਸ ਬੀਮਾਰੀ ਨਾਲ ਇਕ ਲੱਖ ਤੋਂ ਉਪਰ ਵਿਅਕਤੀ ਪੀੜਤ ਹਨ ਅਤੇ ਕਰੀਬ 15 ਹਜ਼ਾਰ ਇਸ ਮਹਾਮਾਰੀ ਦੀ ਲਪੇਟ ਵਿਚ ਆਪਣੀਆਂ ਜਾਨਾਂ ਗੁਆ ਚੁਕੇ ਹਨ। ਉਥੇ ਬਿਨਾ ਵਜ੍ਹਾ ਘਰਾਂ ਵਿਚੋਂ ਬਾਹਰ ਨਿਕਲਣ 'ਤੇ 2.5 ਲੱਖ ਜੁਰਮਾਨਾ ਲਾਇਆ ਜਾਂਦਾ ਹੈ।

ਇਕ ਰਿਪੋਰਟ ਅਨੁਸਾਰ ਹਾਂਗਕਾਂਗ 'ਚ ਇਕਾਂਤਵਾਸ ਦੀ ਉਲੰਘਣਾ ਕਰਨ ਵਾਲੇ ਨੂੰ ਵੀ 2.5 ਲੱਖ ਦਾ ਜੁਰਮਾਨਾ ਅਤੇ ਨਾਲ ਹੀ ਛੇ ਮਹੀਨੇ ਦੀ ਜੇਲ੍ਹ ਦਾ ਫੈਸਲਾ ਲਿਆ ਗਿਆ ਹੈ। ਲੋਮਬਾਰਡੀ ਵਿਖੇ ਚਾਰ ਲੱਖ ਦਾ ਜੁਰਮਾਨਾ ਰੱਖਿਆ ਗਿਆ ਹੈ, ਜਦੋਂ ਕਿ ਆਸਟ੍ਰੇਲੀਆ ਵਿਚ ਕੁਝ ਥਾਂਈਂ ਇਸ ਜੁਰਮਾਨੇ ਦੀ ਰਕਮ 23 ਲੱਖ ਰੁਪਏ ਹੈ।

ਸ਼ੀਤ ਯੁੱਧ ਵੇਲੇ ਦੁਨੀਆਂ ਦੀ ਦੂਜੀ ਸੁਪਰ ਪਾਵਰ ਅਖਵਾਉਣ ਵਾਲੇ ਰੂਸ ਵਿਚ 7 ਸਾਲ ਦੀ ਕੈਦ ਹੈ ਅਤੇ ਮੈਕਸੀਕੋ 'ਚ 3 ਸਾਲ ਦੀ ਕੈਦ ਦੇ ਹੁਕਮ ਹਨ। ਆਸਟ੍ਰੀਆ ਚੈਕ ਰਿਪਬਲਿਕ ਅਤੇ ਸਲੋਵਾਕੀਆ ਵਿਚ ਜਨਤਕ ਥਾਂਵਾਂ 'ਤੇ ਮਾਸਕ ਲਾਉਣਾ ਜਰੂਰੀ ਕਰਾਰ ਦਿੱਤਾ ਹੋਇਆ ਹੈ। ਇਸ ਸੰਦਰਭ ਵਿਚ ਚੈਕ ਰਿਪਬਲਿਕ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਇਥੋਂ ਤਕ ਕਿਹਾ ਹੈ ਕਿ ਤੁਸੀਂ ਭਾਵੇਂ ਬਿਨਾ ਕੱਪੜਿਆਂ ਦੇ ਘੁੰਮੋ, ਪਰ ਚਿਹਰੇ 'ਤੇ ਮਾਸਕ ਜ਼ਰੂਰ ਹੋਣਾ ਚਾਹੀਦਾ ਹੈ।

ਉਧਰ ਫਿਲੀਪੀਨ ਵਿਚ ਇਕਾਂਤਵਾਸ ਦਾ ਨਿਯਮ ਤੋੜਨ ਵਾਲੇ ਨੂੰ ਗੋਲੀ ਮਾਰਨ ਦੇ ਹੁਕਮ ਹਨ। ਇਸੇ ਤਰ੍ਹਾਂ ਦੱਖਣੀ ਅਫਰੀਕਾ 'ਚ ਪੁਲਿਸ ਨੂੰ ਲੌਕਡਾਊਨ ਦੌਰਾਨ ਘਰੋਂ ਨਿਕਲਣ ਵਾਲਿਆਂ 'ਤੇ ਰਬੜ ਦੀਆਂ ਗੋਲੀਆਂ ਚਲਾਉਣ ਦੇ ਹੁਕਮ ਦਿੱਤੇ ਗਏ ਹਨ।

ਪਨਾਮਾ ਵਿਚ ਦੁਨੀਆਂ ਦੇ ਦੂਜੇ ਦੇਸ਼ਾਂ ਨਾਲੋਂ ਕੁਝ ਵੱਖਰੇ ਹੀ ਨਿਯਮ ਨਿਰਧਾਰਤ ਕੀਤੇ ਗਏ ਹਨ। ਇਥੇ ਮਹਿਲਾ ਅਤੇ ਪੁਰਸ਼ ਨੂੰ ਇਕ ਇਕ ਦਿਨ ਦੇ ਵਕਫੇ ਨਾਲ ਨਿਕਲਣ ਦੀ ਆਗਿਆ ਦਿੱਤੀ ਗਈ ਹੈ। ਉਥੇ ਔਰਤਾਂ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਸਿਰਫ ਦੋ ਘੰਟਿਆਂ ਲਈ ਘਰੋਂ ਬਾਹਰ ਨਿਕਲ ਸਕਦੀਆਂ ਹਨ, ਜਦੋਂ ਕਿ ਵਾਲੰਟੀਅਰ ਘਰਾਂ ਵਿਚ ਹੀ ਖਾਣਾ ਪਹੁੰਚਦਾ ਕਰ ਰਹੇ ਹਨ। ਇਸੇ ਤਰ੍ਹਾਂ ਪੇਰੂ ਵਿਖੇ ਅਫਵਾਹ ਫੈਲਾਉਣ ਵਾਲੇ 'ਤੇ 45 ਹਜ਼ਾਰ ਦਾ ਜੁਰਮਾਨਾ ਹੈ। ਕੋਲੰਬੀਆ ਵਿਚ ਆਈ. ਡੀ. ਨੰਬਰ ਰਾਹੀਂ ਤੈਅ ਹੁੰਦਾ ਹੈ ਕਿ ਕੌਣ ਕਦੋਂ ਬਾਹਰ ਨਿਕਲੇਗਾ। ਇਸ ਸਬੰਧੀ ਕੋਲੰਬੀਆ ਦੇ ਕੁਝ ਇਲਾਕਿਆਂ ਜਾਂ ਸ਼ਹਿਰਾਂ ਵਿਚ ਨੈਸ਼ਨਲ ਸ਼ਨਾਖਤੀ ਕਾਰਡ ਦੇ ਨੰਬਰ ਦੇ ਆਧਾਰ 'ਤੇ ਬਾਹਰ ਨਿਕਲਣ ਦੀ ਛੂਟ ਦਿੱਤੀ ਗਈ ਹੈ, ਜਿਨ੍ਹਾਂ ਦਾ ਸ਼ਨਾਖਤੀ ਨੰਬਰ 0, 4, 7 ਨਾਲ ਖਤਮ ਹੁੰਦਾ ਹੈ, ਉਹ ਸੋਮਵਾਰ ਵਾਲੇ ਦਿਨ ਘਰੋਂ ਨਿਕਲ ਸਕਦੇ ਹਨ।

# ਸ਼੍ਰੋਮਣੀ ਕਮੇਟੀ ਅਤੇ ਸਿੱਖ

ਸਿੱਖ ਭਾਈਚਾਰੇ 'ਚ ਪੁਸਤਕ ਸਭਿਆਚਾਰ ਕਮਜ਼ੋਰ ਦਰ ਕਮਜ਼ੋਰ ਹੁੰਦਾ ਜਾਣ ਕਰਕੇ ਇਉਂ ਲੱਗਣ ਲੱਗ ਪਿਆ ਹੈ, ਜਿਵੇਂ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੀਆਂ ਮੁੱਖ ਜਿੰਮੇਵਾਰੀਆਂ ਬਾਰੇ ਸੋਚਣਾ ਹੀ ਬੰਦ ਕਰ ਦਿੱਤਾ ਹੋਵੇ। ਵੈਸੇ ਵੀ ਸ਼੍ਰੋਮਣੀ ਕਮੇਟੀ ਇਸ ਵੇਲੇ ਸਿੱਖ ਸਿਆਸਤ ਦੀ ਬਦੌਲਤ ਪੰਥਕਤਾ ਤੋਂ ਬਿਨਾ ਸਾਰੇ ਹੀ ਸ਼ਿਕੰਜਿਆਂ ਵਿਚ ਕਸੀ ਹੋਈ ਲੱਗਣ ਲੱਗ ਪਈ ਹੈ। ਇਸ ਦਾ ਪਤਾ ਹੁਣ ਅੰਦਰੋਂ ਵੀ ਲੱਗਣ ਲੱਗ ਪਿਆ ਹੈ, ਕਿਉਂਕਿ ਦੋ ਪੁਸਤਕਾਂ ਸ਼੍ਰੋਮਣੀ ਕਮੇਟੀ ਦੇ ਸਿਖਰਲੇ ਪ੍ਰਬੰਧਕਾਂ ਵਲੋਂ ਲਿਖੀਆਂ ਤੇ ਛਪੀਆਂ ਹੋਈਆਂ ਸਾਹਮਣੇ ਆ ਗਈਆਂ ਹਨ। ਪਹਿਲੀ ਪੁਸਤਕ ਸ. ਕੁਲਵੰਤ ਸਿੰਘ ਰੰਧਾਵਾ (ਸੇਵਾ ਮੁਕਤ ਸਕੱਤਰ) ਦੀ 'ਸਚੁ ਸੁਣਾਇਸੀ ਸਚ ਕੀ ਬੇਲਾ' 2018 ਵਿਚ ਆਈ ਸੀ ਅਤੇ ਦੂਜੀ ਸ. ਹਰਚਰਨ ਸਿੰਘ (ਸੇਵਾ ਮੁਕਤ ਮੁੱਖ ਸਕੱਤਰ) ਦੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਰਤਮਾਨ ਸਥਿਤੀ' 2020 ਵਿਚ ਛਪੀ ਹੈ। ਦੋਵੇਂ ਪੁਸਤਕਾਂ ਸਿੰਘ ਬ੍ਰਦਰਜ਼, ਅੰਮ੍ਰਿਤਸਰ ਰਾਹੀਂ ਛਪਵਾਈਆਂ ਗਈਆਂ ਹਨ।

ਇਨ੍ਹਾਂ ਦੋਹਾਂ ਪੁਸਤਕਾਂ ਰਾਹੀਂ ਪ੍ਰਬੰਧਕ ਕਮੇਟੀ ਵਿਚੋਂ ਲਗਾਤਾਰ ਮਨਫੀ ਹੁੰਦੇ ਜਾ ਰਹੇ ਪ੍ਰਬੰਧਨ ਵੱਲ ਹੋ ਗਏ ਇਸ਼ਾਰਿਆਂ ਦੇ ਨਾਲ ਨਾਲ ਸ਼੍ਰੋਮਣੀ ਕਮੇਟੀ ਵਿਚ ਵਧਦਾ ਜਾ ਰਿਹਾ ਸਿਆਸੀ ਦਖਲ ਵੀ ਸਾਹਮਣੇ ਆ ਗਿਆ ਹੈ। ਅੰਦਰੂਨੀ ਪੁਖਤਾ ਸਬੂਤਾਂ ਨਾਲ ਜੜੀਆਂ ਤੇ ਜੁੜੀਆਂ ਹੋਈਆਂ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਇਨ੍ਹਾਂ ਦੋਹਾਂ ਪੁਸਤਕਾਂ ਬਾਰੇ ਸ਼੍ਰੋਮਣੀ ਕਮੇਟੀ ਦੀ ਚੁੱਪ ਦੇ ਇਕ ਨਾਲੋਂ ਵੱਧ ਅਰਥ ਸਮਝੇ ਜਾ ਸਕਦੇ ਹਨ। ਆਪੇ ਹੀ ਕਹਿਣ ਅਤੇ ਆਪੇ ਹੀ ਸੁਣਨ ਨੂੰ ਸੰਵਾਦ ਨਹੀਂ ਕਿਹਾ ਜਾ ਸਕਦਾ, ਪਰ ਇਨ੍ਹਾਂ ਦੋਹਾਂ ਪੁਸਤਕਾਂ ਦੇ ਹਵਾਲੇ ਨਾਲ ਸੰਵਾਦ ਛੇੜਨ ਦੀ ਮਨਸ਼ਾ ਨਾਲ ਇਹ ਰੀਵੀਊ ਲੇਖ ਲਿਖਿਆ ਜਾ ਰਿਹਾ ਹੈ।

ਇਨ੍ਹਾਂ ਪੁਸਤਕਾਂ ਬਾਰੇ ਇੱਕਤ-ਦੁੱਕਤ ਹੋਈਆਂ ਟਿੱਪਣੀਆਂ ਵਿਚ ਇਹੀ ਕਹਿਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸ਼੍ਰੋਮਣੀ ਕਮੇਟੀ ਦੇ ਨੌਕਰਾਂ ਨੂੰ ਸ਼੍ਰੋਮਣੀ ਕਮੇਟੀ ਨਾਲ ਨਮਕ ਹਲਾਲੀ ਨਿਭਾਉਣੀ ਚਾਹੀਦੀ ਹੈ/ਸੀ। ਅਜਿਹੀਆਂ ਟਿੱਪਣੀਆਂ ਸਿਆਸਤ ਵਿਚ ਤਾਂ ਨਿਭ ਜਾਂਦੀਆਂ ਹਨ, ਪਰ ਸ਼੍ਰੋਮਣੀ ਕਮੇਟੀ ਜਿਹੀ ਪੰਥਕ ਸੰਸਥਾ ਨੂੰ ਅਜਿਹੀਆਂ ਚਲਾਵੀਆਂ ਟਿੱਪਣੀਆਂ ਦਾ ਕੋਈ ਲਾਭ ਹੁੰਦਾ ਨਜ਼ਰ ਨਹੀਂ ਆਉਂਦਾ। ਪਹਿਲਾਂ ਹੀ ਜਾਣਕਾਰਾਂ ਦੀ ਜਾਣਕਾਰੀ ਵਿਚ ਇਹ ਦੋਵੇਂ ਪੁਸਤਕਾਂ ਬੇਸ਼ਕ ਬਹੁਤਾ ਵਾਧਾ ਨਾ ਕਰਦੀਆਂ ਹੋਣ, ਪਰ ਮੇਰਾ ਅੰਦਾਜ਼ਾ ਹੈ ਕਿ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਇਹ ਦੋਵੇਂ ਪੁਸਤਕਾਂ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਬੰਧਕਾਂ ਅਤੇ ਅਕਾਲੀ ਦਲ (ਬਾਦਲ) ਦੇ ਗੱਠਜੋੜ ਨੂੰ ਲੈ ਕੇ ਸਵਾਲਾਂ ਦੇ ਜੰਗਲ ਵਿਚ ਲੈ ਵੜਨਗੀਆਂ।

ਇਨ੍ਹਾਂ ਪੁਸਤਕਾਂ ਨਾਲ ਇਹ ਸੱਚ ਜੱਗ ਜਾਹਰ ਹੋ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ

**ਜਿਸ ਤਰ੍ਹਾਂ ਦੀਆਂ ਸਿਆਸੀ ਧਾਂਦਲੀਆਂ ਵੱਲ ਹਵਾਲੇ ਵਿਚਲੀਆਂ ਪੁਸਤਕਾਂ ਇਸ਼ਾਰੇ ਕਰਦੀਆਂ ਹਨ, ਉਸ ਅਨੁਸਾਰ ਗੁਰਦੁਆਰਾ ਐਕਟ ਦੀ ਧਾਰਾ 127 ਅਨੁਸਾਰ ਬੋਰਡ ਆਪਣੇ ਪ੍ਰਬੰਧ ਤੋਂ ਵੱਖਰਾ ਇੰਡਿਪੈਂਡੈਂਟ ਟਰਸਟ ਨਹੀਂ ਬਣਾ ਸਕਦਾ, ਪਰ ਸਿਆਸੀ ਦਖਲ ਨਾਲ ਸਿਆਸਤਦਾਨਾਂ ਨੂੰ ਵਿੱਤੀ ਲਾਭ ਦੇਣ ਲਈ ਇਸ ਵੇਲੇ ਟਰਸਟਾਂ ਰਾਹੀਂ ਲੁੱਟ ਮਚਾਈ ਹੋਈ ਹੈ। ਇਸ ਦੀ ਲਿਸਟ ਬਹੁਤ ਲੰਬੀ ਹੈ। ਮਿਸਾਲ ਵਜੋਂ "ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਕਰੋੜਾਂ ਰੁਪਿਆਂ ਨਾਲ ਬੇਲੋੜੀਆਂ ਅਤੇ ਦੂਰ ਦੁਰਾਡੇ ਜ਼ਮੀਨਾਂ ਖਰੀਦ ਕੇ ਸਿਆਸੀ ਨੇਤਾਵਾਂ ਦੇ ਟਰਸਟਾਂ ਨੂੰ ਲੀਜ਼ ਪੁਰ ਦੇ ਦਿੱਤੀਆਂ ਹਨ।"**

ਦੁਸ਼ਵਾਰੀਆਂ ਦੀ ਜੜ੍ਹ 1925 ਦਾ ਐਕਟ ਨਹੀਂ ਹੈ, ਸਿੱਖ ਸਿਆਸਤ ਦਾ ਸ਼੍ਰੋਮਣੀ ਕਮੇਟੀ ਵਿਚ ਬੇਲੋੜਾ ਦਖਲ ਹੈ। ਇਸ 'ਤੇ ਪਰਦਾਪੋਸ਼ੀ ਸ਼੍ਰੋਮਣੀ ਕਮੇਟੀ ਵਲੋਂ ਇਸ ਕਰਕੇ ਹੁੰਦੀ ਰਹੀ ਹੈ ਤਾਂ ਕਿ ਸ਼੍ਰੋਮਣੀ ਕਮੇਟੀ ਦੀ ਬਦਨਾਮੀ ਨਾ ਹੋ ਜਾਵੇ। ਜਿਵੇਂ ਜਿਵੇਂ ਸ਼੍ਰੋਮਣੀ ਕਮੇਟੀ ਬਦਨਾਮੀ ਤੋਂ ਬਚਣ ਲਈ ਦੁਬਕਦੀ ਗਈ, ਤਿਵੇਂ ਤਿਵੇਂ ਸਿਆਸੀ ਦਖਲ ਨੂੰ ਸ਼ਹਿ ਮਿਲਦੀ ਗਈ। ਇਹੀ ਇਸ ਵੇਲੇ ਸਿਖਰ 'ਤੇ ਪਹੁੰਚ ਗਿਆ ਹੈ। ਜਿਸ ਸਿਆਸੀ ਦਖਲ ਵੱਲ ਇਸ਼ਾਰੇ ਇਨ੍ਹਾਂ ਪੁਸਤਕਾਂ ਵਿਚ ਕੀਤੇ ਗਏ ਹਨ, ਉਸ ਦਾ ਆਰੰਭ ਸੰਤ ਫਤਿਹ ਸਿੰਘ ਦੇ ਦਾਖਲੇ ਵੇਲੇ ਹੁੰਦਾ ਲੱਗਦਾ ਹੈ, ਕਿਉਂਕਿ ਸੰਤ ਭਰਾਵਾਂ ਰਾਹੀਂ ਉਹ ਕੁਝ ਵਾਪਰਨ ਲੱਗ ਪਿਆ ਸੀ, ਜਿਸ ਨਾਲ 'ਮੀਰੀ ਪੀਰੀ' ਦੇ ਸਿਧਾਂਤ ਨੂੰ ਸਿੱਖ ਸਿਆਸਤ ਲਈ ਵਰਤਿਆ ਜਾਣ ਲੱਗ ਪਿਆ ਸੀ। 1965-66 ਤੋਂ ਸ਼੍ਰੋਮਣੀ ਕਮੇਟੀ ਵਿਚ ਸਿਆਸੀ ਦਖਲ ਨਾਲ ਪ੍ਰਬੰਧਕੀ ਵਿਗਾੜਾਂ ਨੂੰ ਵੇਖ ਕੇ ਵੀ ਅਣਡਿੱਠ ਕੀਤਾ ਜਾਣ ਲੱਗ ਪਿਆ ਸੀ। ਹਾਲਾਤ ਇਹ ਹੋ ਗਏ ਸਨ ਕਿ "ਗੁਰੂ ਰਾਮਦਾਸ ਨਿਵਾਸ ਸਿਆਸੀ



ਕੁਲਵੰਤ ਸਿੰਘ ਰੰਧਾਵਾ ਅਤੇ (ਹੇਠਾਂ) ਪੁਸਤਕ 'ਸਚੁ ਸੁਣਾਇਸੀ ਸਚ ਕੀ ਬੇਲਾ' ਦਾ ਮੁਖੜਾ




ਪ੍ਰਭਾਵ ਅਧੀਨ ਸਮਗਲਰਾਂ ਦਾ ਅੱਡਾ ਬਣ ਚੁਕਾ ਸੀ।" (ਸ. ਰੰਧਾਵਾ, ਪੰਨਾ 13)


ਲੇਖਕ ਆਪ ਮੰਨਦਾ ਹੈ ਕਿ "ਚੀਫ ਗੁਰਦੁਆਰਾ ਇੰਸਪੈਕਟਰ ਅਤੇ ਪ੍ਰਬੰਧਕੀ ਕੰਟਰੋਲ ਤੋਂ ਇਲਾਵਾ ਮੇਰੀ ਸਿਆਸੀ ਹੈਸੀਅਤ ਵਾਲੀ ਪਦਵੀ ਸੀ।" (ਪੰਨਾ 16) ਇਹ ਸਾਰਾ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਸਿਆਸਤ ਵਾਸਤੇ ਵਰਤਣ ਲਈ ਹੋ ਰਿਹਾ ਸੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਉਸ ਵੇਲੇ ਮੈਂਬਰ ਸਨ। ਉਨ੍ਹਾਂ ਸਮਿਆਂ ਦੀ ਸਿਖਰ ਬਾਰੇ ਸਰਬਜੀਤ ਸਿੰਘ ਆਈ. ਏ. ਐਸ. ਦੀ ਪੁਸਤਕ 'ਓਪਰੇਸ਼ਨ ਬਲੈਕ ਥੰਡਰ' 2004 ਵਿਚ ਰਿਲੀਜ਼ ਹੋਈ ਸੀ ਅਤੇ ਇਸ ਦੇ ਹਵਾਲੇ ਨਾਲ ਜਥੇਦਾਰ ਟੌਹੜਾ ਬਾਦਲਾਂ ਦੇ ਨਿਸ਼ਾਨੇ 'ਤੇ ਹੋਰ ਵੀ ਪੁਖਤਾਈ ਨਾਲ ਆ ਗਏ ਸਨ, ਕਿਉਂਕਿ ਉਹ ਪੁਸਤਕ ਨੂੰ ਲੈ ਕੇ ਆਪਾ ਚੀਨਣ ਨੂੰ ਠੀਕ ਸਮਝਦੇ ਸਨ। ਇਸੇ ਦੀ ਨਿਰੰਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਸਿਆਸੀ ਦਖਲ ਨੂੰ ਲੈ ਕੇ ਜਥੇਦਾਰ ਟੌਹੜਾ ਨੂੰ 31 ਮਾਰਚ 2004 ਵਿਚ ਬਾਦਲਕਿਆਂ ਦੀ ਸਿਆਸਤ ਦਾ ਸ਼ਿਕਾਰ ਹੋਣਾ ਪਿਆ ਸੀ। ਇਸ ਦਾ ਵਿਸਥਾਰ ਇਸ ਪੁਸਤਕ ਵਿਚੋਂ ਸ. ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਲਾਉਣ ਨਾਲ ਜੁੜੇ ਹੋਏ ਵੇਰਵਿਆਂ ਰਾਹੀਂ ਜਾਣਿਆ ਜਾ ਸਕਦਾ ਹੈ। (ਪੰਨਾ 78, 110, 164 ਆਦਿ) ਇਸ ਨਾਲ ਸ਼੍ਰੋਮਣੀ ਕਮੇਟੀ ਵਿਚ ਸਿਆਸੀ ਦਖਲ ਦਾ ਉਹ ਦੌਰ ਸ਼ੁਰੂ ਹੁੰਦਾ ਹੈ, ਜਿਸ ਵੱਲ ਇਸ਼ਾਰੇ ਇਨ੍ਹਾਂ ਦੋਹਾਂ ਪੁਸਤਕਾਂ ਵਿਚ ਵੀ ਹੋ ਗਏ ਹਨ।

ਦਰਜ ਵੇਰਵਿਆਂ ਮੁਤਾਬਿਕ 13 ਮਾਰਚ 1927 ਨੂੰ 1925 ਦੇ ਐਕਟ ਦੀ ਧਾਰਾ 132(1) ਅਨੁਸਾਰ ਨਿਯਮ, ਉਪਨਿਯਮ ਬਣਾ ਕੇ ਨਿਜੀ ਲਾਭ ਵਾਸਤੇ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਸ਼੍ਰੋਮਣੀ ਕਮੇਟੀ ਵਿਚ ਭਰਤੀ 'ਤੇ ਰੋਕ ਲਾ ਦਿੱਤੀ ਗਈ ਸੀ। ਇਸ ਨੂੰ 12 ਨਵੰਬਰ 2002 ਨੂੰ ਮਤਾ ਨੰਬਰ 15 ਰਾਹੀਂ ਤਰਮੀਮ ਕਰਕੇ ਖਤਮ ਕਰ ਦਿੱਤਾ ਗਿਆ ਸੀ। ਇਹ ਅੱਜ ਵੀ ਗੈਰ-ਕਾਨੂੰਨੀ ਹੈ, ਕਿਉਂਕਿ ਇਸ ਨੂੰ ਜਨਰਲ ਹਾਊਸ ਤੋਂ ਪਾਸ ਹੀ ਨਹੀਂ ਕਰਵਾਇਆ ਗਿਆ। (ਸ. ਰੰਧਾਵਾ, ਪੰਨਾ 19) ਇਸ ਨਾਲ "ਮੈਂਬਰਾਂ ਅਤੇ ਪ੍ਰਭਾਵਸ਼ਾਲੀ ਅਕਾਲੀ ਸ਼ਖਸੀਅਤਾਂ ਵਲੋਂ ਆਪਣੇ ਨਜ਼ਦੀਕੀਆਂ ਤੇ ਰਿਸ਼ਤੇਦਾਰਾਂ ਨੂੰ ਬੇਲੋੜੀਆਂ ਤਰੱਕੀਆਂ ਦੇ ਗੱਫੇ ਅਤੇ ਪ੍ਰਮੋਸ਼ਨਾਂ ਨੇ ਦਿਆਨਤਦਾਰੀ ਨਾਲ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਾ ਦਿੱਤਾ।" (ਪੰਨਾ 20)

ਹਵਾਈ ਸਫਰ ਦੀ ਸ਼ੁਰੂਆਤ ਬੀਬੀ ਜਗੀਰ ਕੌਰ ਨਾਲ 1999 ਵਿਚ ਹੋਈ ਸੀ। ਇਸ ਨੂੰ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿਚ ਚੈਲਿੰਜ ਵੀ ਕੀਤਾ ਗਿਆ ਸੀ, ਪਰ ਸਿਆਸੀ/ਸਰਕਾਰੀ ਦਬਾਅ ਕਾਰਨ ਮੁੱਦਈ ਨੂੰ ਕੇਸ ਵਾਪਸ ਲੈਣਾ ਪਿਆ ਸੀ। ਸਿਆਸੀ ਦਖਲ ਨਾਲ ਅਗਵਾ ਹੋਇਆ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਨਾ ਸੰਭਲਣ ਵਾਲੇ ਰਾਹ ਪੈ ਗਿਆ ਸੀ, ਕਿਉਂਕਿ ਪ੍ਰਧਾਨਗੀ ਬੇਸ਼ਕ ਜਥੇਦਾਰ ਟੌਹੜਾ ਕੋਲ ਸੀ, ਪਰ ਮੈਂਬਰਾਂ ਵਿਚ ਬਹੁਸੰਮਤੀ ਬਾਦਲਕਿਆਂ ਕੋਲ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਦੀ ਹੈਸੀਅਤ ਰੋਬੋਟ ਜਿਹੀ ਹੋ ਗਈ ਸੀ, ਕਿਉਂਕਿ ਇਸ ਦਾ ਕੰਟਰੋਲ ਅਕਾਲੀ ਦਲ ਕੋਲ ਸੀ। (ਪੰਨਾ 24) ਇਥੋਂ ਹੀ "ਸਿਆਸੀ ਮਨੋਰਥਾਂ ਲਈ (ਜਿਸ ਦੀ ਗੁਰਦੁਆਰਾ ਐਕਟ ਵਿਚ ਕੋਈ ਗੁੰਜਾਇਸ਼ ਨਹੀਂ) ਕਰੋੜਾਂ ਰੁਪਿਆਂ ਦੀਆਂ ਗਰਾਂਟਾਂ ਦੇ ਐਲਾਨ ਕੀਤੇ ਜਾ ਰਹੇ ਹਨ।" (ਪੰਨਾ 30)

ਗੁਰਦੁਆਰਾ ਐਕਟ ਦੀ ਉਲੰਘਣਾ ਕਰਕੇ ਪਿੰਡਾਂ ਵਿਚ ਗਰਾਂਟਾਂ ਵੰਡਣ ਨੂੰ ਲੈ ਕੇ ਜਥੇਦਾਰ ਟੌਹੜਾ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ 1998 ਵਿਚ ਮੈਂਬਰਾਂ ਨੂੰ ਕਿਹਾ ਸੀ ਕਿ "ਸਿਆਸੀ ਦਬਾਅ ਹੇਠ ਉਨ੍ਹਾਂ ਦੀ ਮਜਬੂਰੀ ਹੈ। ਇਸ ਬੇਨਿਯਮੀ ਲਈ ਜੇ ਮੈਂਬਰ ਸਹਿਮਤ ਹਨ ਤਾਂ ਪ੍ਰਵਾਨਗੀ ਦੇ ਦੇਣ। ਸਹਾਇਤਾ ਪ੍ਰਵਾਨ ਤਾਂ ਕਰ ਦਿੱਤੀ ਗਈ, ਪਰ ਸਹਿਮੇ ਦਿਲ ਨਾਲ।" (ਪੰਨਾ 31) ਜੇ ਜਥੇਦਾਰ ਟੌਹੜਾ ਜਿਹੇ ਕੱਦਾਵਾਰ ਪ੍ਰਧਾਨ ਦਾ ਇਹ ਹਾਲ ਸੀ ਤਾਂ ਉਨ੍ਹਾਂ ਤੋਂ ਪਿਛੋਂ ਵਾਲੇ ਸਾਰੇ ਹੀ ਪ੍ਰਧਾਨਾਂ ਬਾਰੇ ਅੰਦਾਜ਼ਾ ਲਾਵਾਂਗੇ ਤਾਂ ਸ਼੍ਰੋਮਣੀ ਕਮੇਟੀ ਦੇ ਸਿਆਸੀ ਅਪਹਰਣ ਨੂੰ ਸਮਝਣਾ ਮੁਸ਼ਕਿਲ ਨਹੀਂ ਹੋਵੇਗਾ।

ਸਿੱਖ ਸਿਆਸਤ ਵਲੋਂ ਕਮਜ਼ੋਰ ਕੀਤੀਆਂ ਸਿੱਖ ਸੰਸਥਾਵਾਂ ਦਾ ਹਾਲ ਇਹ ਹੋ ਗਿਆ ਸੀ/ਹੈ ਕਿ "ਆਪਣੇ ਆਪ ਨੂੰ ਸੰਤ ਜਰਨੈਲ ਸਿੰਘ




ਸਰਬਜੀਤ ਸਿੰਘ ਆਈ. ਏ. ਐਸ. ਦੀ ਪੁਸਤਕ 'ਓਪਰੇਸ਼ਨ ਬਲੈਕ ਥੰਡਰ'



ਸੰਤ ਫਤਿਹ ਸਿੰਘ

ਭਿੰਡਰਾਂਵਾਲੇ ਦੇ ਪੈਰੋਕਾਰ ਦੱਸਣ ਵਾਲੇ ਪੰਜ ਸਿੰਘ ਸਾਹਿਬਾਨ ਨੂੰ ਕੇਂਦਰ ਸਰਕਾਰ ਵਲੋਂ ਭਾਰੀ ਅਸਲੇ ਦੀਆਂ ਖੇਪਾਂ ਸਪਲਾਈ ਕਰਕੇ ਅਤੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨਾਲ ਸਿੱਧਾ ਹਾਟ ਲਾਈਨ ਟੈਲੀਫੋਨ ਕੁਨੈਕਸ਼ਨ ਦੇ ਕੇ, ਸ਼੍ਰੋਮਣੀ ਕਮੇਟੀ ਨੂੰ ਭੰਗ ਕਰਕੇ ਪ੍ਰਬੰਧਕੀ ਬੋਰਡ ਬਣਾਉਣ ਦਾ ਯਤਨ ਕੀਤਾ ਗਿਆ ਸੀ।" (ਪੰਨਾ 37) ਸਰਬਜੀਤ ਸਿੰਘ ਦੀ ਪੁਸਤਕ (ਦੂਜੀ ਐਡੀਸ਼ਨ 2010) ਵਿਚ ਇਸ ਦਾ ਹੋਰ ਵੀ ਵਿਸਥਾਰ ਆ ਗਿਆ। ਸਪਸ਼ਟ ਹੈ ਕਿ ਜੇ ਅਸੀਂ ਆਪ ਅਰਥਾਤ ਸਿੱਖ ਸਿਆਸਤ ਦੀ ਦਖਲਅੰਦਾਜ਼ੀ ਬੰਦ ਨਹੀਂ ਕਰਾਂਗੇ ਤਾਂ ਅਜਿਹੇ ਸਿਆਸੀ ਅਪਹਰਣ ਨੂੰ ਨਹੀਂ ਰੋਕ ਸਕਾਂਗੇ, ਜਿਸ ਵਾਸਤੇ ਇਹ ਦੋਵੇਂ ਪੁਸਤਕਾਂ ਲਿਖੀਆਂ ਗਈਆਂ ਹਨ।

ਯਾਦ ਰਹੇ, 1925 ਦੇ ਐਕਟ ਰਾਹੀਂ ਸਰਕਾਰ ਦੀ ਮਰਜ਼ੀ ਮੁਤਾਬਿਕ ਗੁਰਦੁਆਰਾ ਬੋਰਡ ਬਣਾਉਣ ਦੀ ਥਾਂ ਪੰਥ ਵਲੋਂ ਪਹਿਲਾਂ ਹੀ (1920 ਵਿਚ) ਪ੍ਰਵਾਨ ਹੋ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ ਸੀ। ਇਸ ਵਾਸਤੇ ਸਿੱਖ ਚੇਤਨਾ ਨੂੰ ਬੇਸ਼ੱਕ ਸੰਘਰਸ਼ ਕਰਨਾ ਪਿਆ ਸੀ। ਇਹ ਵੀ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ 1925 ਦਾ ਐਕਟ 1966 ਤੱਕ ਸਟੇਟ ਐਕਟ ਸੀ ਅਤੇ ਇਸ ਵੇਲੇ ਇਹੀ ਕੇਂਦਰੀ ਐਕਟ ਹੋ ਗਿਆ ਹੈ। ਸਟੇਟ ਐਕਟ ਵੇਲੇ ਜਿਸ ਤਰ੍ਹਾਂ ਪੈਪਸੂ ਦੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਅਧੀਨ ਕਰ ਦਿੱਤਾ ਗਿਆ ਸੀ, ਉਸ ਤਰ੍ਹਾਂ ਅੱਜ ਕੁਝ ਵੀ ਸੂਬਾਈ ਸਰਕਾਰ ਵਲੋਂ ਨਹੀਂ ਕੀਤਾ ਜਾ ਸਕਦਾ। ਇਸ ਵੇਲੇ ਤਾਂ ਸ਼੍ਰੋਮਣੀ ਕਮੇਟੀ ਵਲੋਂ ਦੋ ਤਿਹਾਈ ਨਾਲ ਪਾਸ ਕੀਤੇ ਮਤੇ ਨੂੰ ਉਸ ਤਰ੍ਹਾਂ ਮਨਾਉਣਾ ਸੰਭਵ ਨਹੀਂ ਹੈ, ਜਿਸ ਤਰ੍ਹਾਂ ਸਟੇਟ ਐਕਟ ਵੇਲੇ ਹੁੰਦਾ ਰਿਹਾ ਹੈ/ਸੀ। ਇਸ ਦੇ ਵਿਸਥਾਰ ਵਿਚ ਜਾਏ ਬਿਨਾ ਕਹਿਣਾ ਚਾਹ ਰਿਹਾ ਹਾਂ ਕਿ ਕੇਂਦਰੀ ਐਕਟ ਹੋ ਜਾਣ ਨਾਲ ਹਰਿਆਣਾ ਕਮੇਟੀ ਜਿਹੇ ਝਗੜੇ ਕੋਰਟ ਕਚਹਿਰੀਆਂ ਦੇ ਚੱਕਰਾਂ ਵਿਚ ਉਲਝਾ ਦਿੱਤੇ ਗਏ ਹਨ। ਇਸੇ ਕਰਕੇ ਪੰਜ ਸਾਲਾਂ ਬਾਅਦ ਚੋਣ ਕਰਵਾਉਣ ਦੀ ਪਾਬੰਦੀ ਵੀ ਨਹੀਂ ਪਾਲੀ ਜਾ ਰਹੀ।

ਸਟੇਟ ਐਕਟ ਨੂੰ ਕੇਂਦਰੀ ਐਕਟ ਬਣ ਜਾਣ ਦੀ ਜਿੰਮੇਵਾਰੀ ਤੋਂ ਸਿੱਖ ਸਿਆਸਤਦਾਨ ਨਹੀਂ ਭੱਜ ਸਕਦੇ। ਸਿਆਸਤ ਦੇ ਦਖਲ ਨਾਲ ਸ਼੍ਰੋਮਣੀ ਕਮੇਟੀ ਇਸ ਹੱਦ ਤੱਕ ਉਲਝ ਗਈ ਹੈ ਕਿ ਲੱਗਣ ਇਹ ਲੱਗ ਪਿਆ ਹੈ, "ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਅੱਜ ਤੀਕ ਇਸ ਦੇ ਪ੍ਰਬੰਧ ਦੀ ਵਾਗਡੋਰ ਸ਼੍ਰੋਮਣੀ ਅਕਾਲੀ ਦੇ ਹੱਥ ਹੀ ਰਹੀ ਹੈ।" (ਪੰਨਾ 25), ਪਰ ਜਿਸ ਤਰ੍ਹਾਂ ਦਾ ਸਿਆਸੀ ਅਪਹਰਣ ਬਾਦਲਕਿਆਂ ਰਾਹੀਂ ਕਰ ਲਿਆ ਗਿਆ ਹੈ, ਇਹ ਪਹਿਲਾਂ ਕਦੇ ਵੀ ਨਹੀਂ ਸੀ, ਕਿਉਂਕਿ "ਔਖੇ ਹਾਲਾਤ ਵਿਚ ਵੀ ਸ਼੍ਰੋਮਣੀ ਕਮੇਟੀ ਦੇ ਫੰਡਾਂ ਦੀ ਵਰਤੋਂ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸਿਆਸੀ ਹਿਤਾਂ ਲਈ ਕਦੇ ਨਹੀਂ ਸੀ ਕੀਤੀ। ਕੌਮੀ ਹਿਤਾਂ ਵਿਚ ਲਾਏ ਗਏ ਮੋਰਚਿਆਂ ਵਿਚ ਲੰਗਰ ਪ੍ਰਸ਼ਾਦੇ ਤੋਂ ਇਲਾਵਾ ਗੁਰਦੁਆਰਿਆਂ 'ਤੇ ਕੋਈ ਬੋਝ ਨਹੀਂ ਸੀ ਪੈਂਦਾ।" (ਪੰਨਾ 26) ਕੁਲਵੰਤ ਸਿੰਘ ਰੰਧਾਵਾ ਚਸ਼ਮਦੀਦ ਗਵਾਹੀ ਵਾਂਗ ਰਿਕਾਰਡ 'ਤੇ ਹੈ ਕਿ "ਮੌਜੂਦਾ ਦੌਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਉਪਰ ਸ਼੍ਰੋਮਣੀ ਅਕਾਲੀ ਦਲ ਦਾ ਪੂਰਨ ਕਬਜ਼ਾ ਹੈ।" (ਪੰਨਾ 26) ਇਸ ਸਿਆਸੀ ਅਪਹਰਣ ਦਾ ਨਤੀਜਾ ਹੈ ਕਿ "ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਬਾਦਲ ਅਕਾਲੀ ਦਲ ਗੁਰਧਾਮਾਂ ਦੀ ਮਰਯਾਦਾ ਅਤੇ ਇਸ ਦੇ ਫੰਡਾਂ ਦੀ ਦੁਰਵਰਤੋਂ ਕਰ ਰਿਹਾ ਹੈ।" (ਪੰਨਾ 26)


ਜਿਸ ਤਰ੍ਹਾਂ ਇਸ ਵੇਲੇ ਸਿਆਸਤ ਦੇ ਪੈਰੋਂ ਸ਼੍ਰੋਮਣੀ ਕਮੇਟੀ ਨੂੰ ਨੁਕਸਾਨ ਹੀ ਨੁਕਸਾਨ ਹੋ ਰਿਹਾ ਹੈ, ਇਸ ਤਰ੍ਹਾਂ ਪਹਿਲਾਂ ਕਦੇ ਵੀ ਨਹੀਂ ਸੀ, ਕਿਉਂਕਿ ਸਿਆਸਤ ਨਾਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਪਹਿਲ ਦਿੱਤੀ ਜਾਂਦੀ ਸੀ। ਮਿਸਾਲ ਵਜੋਂ "ਗਿਆਨੀ ਕਰਤਾਰ ਸਿੰਘ ਜੀ ਨੇ ਉਚੇਚਾ ਯਤਨ ਕਰਕੇ ਸਿੱਖ ਗੁਰਦੁਆਰਾ ਐਕਟ ਵਿਚ ਸੈਕਸ਼ਨ 108 (ਏ), (ਬੀ), (ਸੀ) ਦਾ ਵਾਧਾ ਕਰਵਾਇਆ ਸੀ।" (ਪੰਨਾ 27) ਇਸ ਵੇਲੇ ਤਾਂ ਪ੍ਰਚਾਰ ਵੇਚਣ ਅਤੇ ਪ੍ਰਚਾਰ ਕਰਨ ਵਿਚ ਫਰਕ ਕੀਤੇ ਜਾਣ ਲਈ ਫਿਕਰਮੰਦੀ ਨਾਲ ਸੋਚਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ।

ਜਿਸ ਤਰ੍ਹਾਂ ਦੀਆਂ ਸਿਆਸੀ ਧਾਂਦਲੀਆਂ ਵੱਲ ਹਵਾਲੇ ਵਿਚਲੀਆਂ ਪੁਸਤਕਾਂ ਇਸ਼ਾਰੇ ਕਰਦੀਆਂ ਹਨ, ਉਸ ਅਨੁਸਾਰ ਗੁਰਦੁਆਰਾ ਐਕਟ ਦੀ ਧਾਰਾ 127 ਅਨੁਸਾਰ ਬੋਰਡ ਆਪਣੇ ਪ੍ਰਬੰਧ ਤੋਂ ਵੱਖਰਾ ਇੰਡਿਪੈਂਡੈਂਟ ਟਰਸਟ ਨਹੀਂ ਬਣਾ ਸਕਦਾ, ਪਰ ਸਿਆਸੀ ਦਖਲ ਨਾਲ ਸਿਆਸਤਦਾਨਾਂ ਨੂੰ ਵਿੱਤੀ ਲਾਭ ਦੇਣ ਲਈ ਇਸ ਵੇਲੇ ਟਰੱਸਟਾਂ ਰਾਹੀਂ ਲੁੱਟ ਮਚਾਈ ਹੋਈ ਹੈ। ਇਸ ਦੀ ਲਿਸਟ ਬਹੁਤ ਲੰਬੀ ਹੈ। ਮਿਸਾਲ ਵਜੋਂ "ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਕਰੋੜਾਂ ਰੁਪਿਆਂ ਨਾਲ ਬੇਲੋੜੀਆਂ ਅਤੇ ਦੂਰ ਦੁਰਾਡੇ ਜ਼ਮੀਨਾਂ ਖਰੀਦ ਕੇ ਸਿਆਸੀ ਨੇਤਾਵਾਂ ਦੇ ਟਰੱਸਟਾਂ ਨੂੰ ਲੀਜ਼ ਪੁਰ ਦੇ ਦਿੱਤੀਆਂ ਹਨ।" (ਪੰਨਾ 31)

ਟਰੱਸਟੀ ਬੇਨਿਯਮੀਆਂ ਵਿਚ ਸ੍ਰੀ ਗੁਰੂ ਰਾਮਦਾਸ ਟਰੱਸਟ, ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਟਰੱਸਟ ਤੇ ਮੀਰੀ ਪੀਰੀ ਮੈਡੀਕਲ ਕਾਲਜ, ਸ਼ਾਹਬਾਦ ਦਾ ਟਰੱਸਟ (ਇਸ ਦੇ ਵੇਰਵੇ ਹਰਚਰਨ ਸਿੰਘ ਦੀ ਪੁਸਤਕ ਵਿਚ ਪੰਨਾ 133-36 ਆ ਗਏ ਹਨ) ਜਿਹੇ ਅਦਾਰਿਆਂ ਦੀ ਪੜਤਾਲ



ਹਰਚਰਨ ਸਿੰਘ ਅਤੇ (ਹੇਠਾਂ) ਪੁਸਤਕ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਰਤਮਾਨ ਸਥਿਤੀ' ਦਾ ਮੁਖੜਾ





ਕੀਤੀ ਜਾਵੇ ਤਾਂ ਪਤਾ ਲੱਗੇਗਾ ਕਿ 'ਅਨਿਯਮਕ ਤੌਰ 'ਤੇ ਬਣੇ ਟਰੱਸਟ' ਸ਼੍ਰੋਮਣੀ ਕਮੇਟੀ ਦਾ ਕਿਸ ਤਰ੍ਹਾਂ ਸਿਆਸੀ ਅਪਹਰਣ ਕਰ ਰਹੇ ਹਨ। ਅਜਿਹੀ ਸਿਆਸੀ ਲੁੱਟ ਦੇ ਵੇਰਵੇ ਹਰਚਰਨ ਸਿੰਘ ਦੀ ਪੁਸਤਕ ਦੇ ਪੰਨਾ 67-71 ਤੱਕ "ਜਾਇਦਾਦਾਂ ਦੀ ਖਰੀਦ, ਅਟਕਲਾਂ ਤੇ ਬੇਨਿਯਮੀਆਂ" ਵਿਚ ਵੀ ਆ ਗਏ ਹਨ। ਗੁਰਦੁਆਰਿਆਂ ਦੇ ਨਾਮ ਲੱਗੀਆਂ ਜ਼ਮੀਨਾਂ ਦੀ ਕਹਾਣੀ ਵੀ ਸਿਆਸੀ ਲੁੱਟ ਦੀ ਮੂੰਹ ਬੋਲਦੀ ਤਸਵੀਰ ਹੈ, ਕਿਉਂਕਿ 286 ਏਕੜ 'ਤੇ ਨਾਜਾਇਜ਼ ਕਬਜ਼ਿਆਂ ਅਤੇ ਠੇਕੇ 'ਤੇ 8167 ਏਕੜ ਦੀ ਸਿਆਸਤ ਵੀ ਸ਼੍ਰੋਮਣੀ ਕਮੇਟੀ ਦੇ ਗਲ ਪਈ ਹੋਈ ਹੈ।

ਦਸੰਬਰ 1999 ਵਿਚ ਮਾਸਟਰ ਤਾਰਾ ਸਿੰਘ

# ਪ੍ਰੇਮ ਭਗਤ ਜੇਹ ਜਾਨੀ

ਖਾਲਸਾ ਸ਼ਬਦ ਅਰਬੀ ਭਾਸ਼ਾ ਦਾ ਹੈ, ਜਿਸ ਦਾ ਅਰਥ ਹੈ, ਸ਼ੁੱਧ, ਜਿਸ ਵਿਚ ਕੋਈ ਖੋਟ ਜਾਂ ਮਿਲਾਵਟ ਨਾ ਹੋਵੇ। ਅਰਬੀ ਭਾਸ਼ਾ ਵਿਚ ਖਾਲਿਸਾਹ (Khalisah) ਜਿਸ ਦਾ ਅਰਥ ਹੈ, ਉਹ ਜਮੀਨ, ਜੋ ਖਾਲੀ ਹੈ, ਜਿਸ 'ਤੇ ਕਿਸੇ ਦੀ ਮਾਲਕੀ ਨਹੀਂ ਅਤੇ ਸਰਕਾਰ ਹੀ ਉਸ ਜਮੀਨ ਦੀ ਮਾਲਕ ਹੈ। ਦਸਮ ਪਾਤਸ਼ਾਹ ਨੇ ਅਜਿਹਾ ਖਾਲਸਾ ਸਿਰਜਿਆ, ਜੋ ਸਿਰਫ ਅਕਾਲ ਪੁਰਖ ਦੇ ਹੁਕਮਾਂ ਦੇ ਅਧੀਨ ਹੈ ਅਤੇ ਉਸ



**ਡਾ. ਅਜੀਤ ਸਿੰਘ ਕੋਟਕਪੂਰਾ**
**ਫੋਨ: 585-305-0443**

'ਤੇ ਅਕਾਲ ਪੁਰਖ ਦੀ ਮਾਲਕੀ ਹੈ।

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮੈ ਹਉ ਕਰੋਂ ਨਿਵਾਸ॥
ਖਾਲਸਾ ਮੇਰੋ ਮੁਖ ਹੈ ਅੰਗਾ॥
ਖਾਲਸੇ ਕੇ ਹਉ ਸਦ ਸਦ ਸੰਗਾ॥

ਉਹ ਸਿਰਫ ਅਕਾਲ ਪੁਰਖ ਵਿਚ ਯਕੀਨ ਰਖਦਾ ਹੈ ਅਤੇ ਹੋਰ ਕਿਸੇ ਦੇਵੀ ਜਾਂ ਦੇਵਤੇ ਦੀ ਅਧੀਨਗੀ ਨਹੀਂ ਮੰਨਦਾ। ਖਾਲਸਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਦੇ ਸ਼ਲੋਕਾਂ ਵਿਚ ਦਰਜ ਹੈ, "ਕਹੁ ਕਬੀਰ ਜਨ ਭਈ ਖਾਲਸੇ ਪ੍ਰੇਮ ਭਗਤ ਜੇਹ ਜਾਨੀ॥" (ਪੰਨਾ 655)

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦਾ ਜਨਮ 5 ਜਨਵਰੀ 1666 ਨੂੰ ਪਟਨਾ (ਬਿਹਾਰ) ਵਿਚ ਮਾਤਾ ਗੁਜਰੀ ਦੀ ਕੁੱਖੋਂ ਹੋਇਆ. ਉਨ੍ਹਾਂ ਦੇ ਪਿਤਾ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ, ਜੋ ਤੇਗ ਦੇ ਧਨੀ ਸਨ ਅਤੇ ਉਨ੍ਹਾਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ। ਉਸ ਵੇਲੇ ਦਸਵੇਂ ਪਾਤਸ਼ਾਹ ਦੀ ਉਮਰ ਕੇਵਲ 9 ਸਾਲ ਸੀ।

1699 ਦੀ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਅਨੰਦਪੁਰ ਸਾਹਿਬ ਵਿਚ ਇਕੱਠਾ ਕੀਤਾ। ਉਸ ਦਿਨ 30 ਮਾਰਚ ਸੀ ਅਤੇ ਗੁਰੂ ਜੀ ਦੀ ਉਮਰ ਸਿਰਫ 33 ਸਾਲ। ਸੰਗਤਾਂ ਦੂਰੋਂ-ਨੇੜਿਓਂ ਹੁਮ ਹੁਮਾ ਕੇ ਪੁਜੀਆਂ। ਗੁਰੂ ਜੀ ਨੇ ਨੰਗੀ ਤਲਵਾਰ ਲੈ ਕੇ ਇਕ ਸਿਰ ਦੀ ਮੰਗ ਕੀਤੀ। ਸਿੱਖ ਘਬਰਾ ਗਏ। ਨਵੀਂ ਮੰਗ ਸੀ, ਸਾਰੇ ਪਾਸੇ ਚੁਪ ਵਰਤ ਗਈ। ਗੁਰੂ ਜੀ ਨੇ ਮੰਗ ਦੁਬਾਰਾ ਕੀਤੀ ਤਾਂ ਲਾਹੌਰ ਦਾ ਖਤਰੀ (ਮਾਈ ਦਿਆਲੀ ਅਤੇ ਪਿਤਾ ਭਾਈ ਸੁਧਾ ਦਾ ਪੁੱਤਰ) ਦਯਾ ਰਾਮ ਅੱਗੇ ਆਇਆ ਤਾਂ ਗੁਰੂ ਜੀ ਉਸ ਨੂੰ ਤੰਬੂ 'ਚ ਲੈ ਗਏ। ਤੰਬੂ ਅੰਦਰੋਂ ਇਕ ਅਜੀਬ ਆਵਾਜ਼ ਆਈ ਲੋਕ ਡਰ ਗਏ। ਗੁਰੂ ਜੀ ਦੁਬਾਰਾ ਖੂਨ ਦੀ ਲਿਬੜੀ ਤਲਵਾਰ ਲੈ ਕੇ ਆਏ ਅਤੇ ਇਕ ਹੋਰ ਸਿਰ ਦੀ ਮੰਗ ਰੱਖੀ। ਲੋਕ ਘਬਰਾ ਕੇ ਮਾਤਾ ਜੀ ਕੋਲ ਸ਼ਿਕਾਇਤ ਲੈ ਕੇ ਪੁਜੇ। ਹੁਣ, ਮਾਈ ਸਭੋ ਤੇ ਭਾਈ ਸੰਤ ਰਾਮ ਦਾ ਪੁੱਤਰ ਧਰਮ ਦਾਸ ਕਿਸਾਨ ਹਾਜ਼ਰ ਹੋਇਆ ਅਤੇ ਆਪਣਾ ਸਿਰ ਅਰਪਿਤ ਕਰ ਦਿਤਾ। ਗੁਰੂ ਜੀ ਉਸ ਨੂੰ ਵੀ ਤੰਬੂ ਵਿਚ ਲੈ ਗਏ ਅਤੇ ਪਹਿਲਾਂ ਜਿਹੀ ਆਵਾਜ਼ ਆਈ। ਤੀਜੀ ਵਾਰ, ਦਵਾਰਕਾਪੁਰ ਦਾ ਦਰਜੀ (ਛੀਂਬਾ) ਮੋਹਕਮ ਚੰਦ (ਪੁੱਤਰ ਦੀਵੀ ਬਾਈ ਤੇ ਤੀਰਥ ਚੰਦ) ਆ ਹਾਜ਼ਰ ਹੋਇਆ ਅਤੇ ਸੀਸ ਭੇਟ ਕੀਤਾ। ਗੁਰੂ ਜੀ ਫਿਰ ਤੰਬੂ ਵਿਚ ਗਏ ਅਤੇ ਉਹੀ ਆਵਾਜ਼ ਆਈ। ਚੌਥੀ ਵਾਰ ਬਿਦਰ, ਕਰਨਾਟਕ ਦੇ ਨਾਈ ਸਿੱਖ ਦੇਵੀ ਬਾਈ ਤੇ ਤੀਰਥ ਚੰਦ ਦਾ ਪੁੱਤਰ ਸਾਹਿਬ ਚੰਦ ਸੀਸ ਭੇਟ ਕਰਨ ਹਾਜਰ ਹੋਇਆ। ਗੁਰੂ ਜੀ ਉਸ




ਨੂੰ ਵੀ ਤੰਬੂ ਵਿਚ ਲੈ ਗਏ ਅਤੇ ਉਹੀ ਆਵਾਜ਼ ਫਿਰ ਆਈ। ਪੰਜਵੀਂ ਵਾਰ ਜਗਨ ਨਾਥ ਪੁਰੀ (ਉੜੀਸਾ) ਦੇ ਕਥਿਤ ਨੀਵੀਂ ਜਾਤੀ ਦੇ ਹਿੰਮਤ ਰਾਏ (ਪੁੱਤਰ ਮਾਤਾ ਧੰਨੋ ਤੇ ਭਾਈ ਗੁਲਜਾਰੀ) ਆਏ ਅਤੇ ਸਿਰ ਭੇਟ ਕਰ ਦਿਤਾ। ਉਸ ਨੂੰ ਵੀ ਤੰਬੂ ਵਿਚ ਲੈ ਜਾਇਆ ਗਿਆ ਅਤੇ ਉਹੀ ਆਵਾਜ਼ ਆਈ। ਕੁਝ ਸਮੇਂ ਪਿਛੋਂ ਗੁਰੂ ਜੀ ਪੰਜਾਂ ਦੇ ਨਾਲ ਸੰਗਤ ਦੇ ਸਨਮੁਖ ਹਾਜਰ ਹੋਏ। ਸੰਗਤਾਂ ਨੇ ਪੰਜਾਂ ਨੂੰ ਸਾਬਤ ਸੂਰਤ ਦੇਖਿਆ ਤਾਂ ਹੈਰਾਨ ਹੋ ਗਈ।

ਗੁਰੂ ਜੀ ਨੇ ਸਰਬ ਲੋਹ ਦੇ ਬਾਟੇ ਵਿਚ ਖੰਡੇ ਨਾਲ ਅੰਮ੍ਰਿਤ ਤਿਆਰ ਕੀਤਾ। ਅੰਮ੍ਰਿਤ ਤਿਆਰ ਕਰਨ ਵੇਲੇ ਪੰਜ ਬਾਣੀਆਂ (ਜਪਜੀ ਸਾਹਿਬ, ਜਾਪ ਸਾਹਿਬ, ਸਵੈਯੇ, ਚੌਪਈ ਸਾਹਿਬ ਅਤੇ ਅਨੰਦ ਸਾਹਿਬ) ਦਾ ਪਾਠ ਕੀਤਾ ਗਿਆ। ਸਾਹਿਬ ਦੇਵਾਂ ਅਰਥਾਤ ਮਾਤਾ ਸਾਹਿਬ ਕੌਰ ਜੀ ਨੇ ਇਸ ਅੰਮ੍ਰਿਤ ਵਿਚ ਮਿਠੇ ਪਤਾਸੇ ਪਾਏ। ਜਦੋਂ ਇਹ ਅੰਮ੍ਰਿਤ ਤਿਆਰ ਹੋ ਗਿਆ ਤਾਂ ਪਹਿਲਾਂ ਸਿਰ ਅਰਪਿਤ ਕਰਨ ਵਾਲਿਆਂ ਨੂੰ ਛਕਾਇਆ ਗਿਆ ਤੇ ਉਨ੍ਹਾਂ ਨੂੰ ਸਿੰਘ ਅਰਥਾਤ ਸ਼ੇਰ ਬਣਾ ਦਿਤਾ ਅਤੇ ਉਨ੍ਹਾਂ ਦੇ ਨਾਂ ਵੀ ਬਦਲੇ ਗਏ। ਨਵੇਂ ਨਾਂ ਸਨ, ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ। ਇਨ੍ਹਾਂ ਪੰਜਾਂ ਨੂੰ ਪੰਜ ਪਿਆਰੇ ਆਖਿਆ ਗਿਆ। ਫਿਰ ਪੰਜਾਂ ਪਿਆਰਿਆਂ ਤੋਂ ਗੁਰੂ ਗੋਬਿੰਦ ਰਾਇ ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਸਿੰਘ ਬਣ ਗਏ। ਇਸੇ ਲਈ ਤਾਂ ਇਹ ਆਖਿਆ ਗਿਆ, "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥"

ਇਹ ਰੀਤ ਦੁਨੀਆਂ ਤੋਂ ਵੱਖਰੀ ਸੀ, ਨਾ ਹੀ ਅਜੇ ਇਸ ਵਿਧੀ ਨਾਲ ਕਿਸੇ ਨੇ ਅੰਮ੍ਰਿਤ ਤਿਆਰ ਕੀਤਾ ਸੀ ਅਤੇ ਨਾ ਹੀ ਆਪਣੇ ਚੇਲਿਆਂ ਤੋਂ ਅੰਮ੍ਰਿਤ ਛਕਿਆ ਸੀ। ਇਸ ਤਰ੍ਹਾਂ ਖੰਡੇ ਬਾਟੇ ਦਾ ਪਾਹੁਲ ਤਿਆਰ ਕਰਨ ਦੀ ਰੀਤ ਚਲਾਈ, "ਪੀਓ ਪਾਹੁਲ ਖੰਡੇ ਧਾਰ ਹੋਵੇ ਜਨਮ ਸੁਹੇਲਾ॥"

ਪਾਹੁਲ ਛਕਾਉਂਦਿਆਂ ਦੱਸਿਆ ਗਿਆ ਕਿ ਅਜ ਤੋਂ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਹੈ, ਮਾਤਾ ਸਾਹਿਬ ਕੌਰ ਹੈ ਅਤੇ ਜਨਮ ਅਸਥਾਨ ਅਨੰਦਪੁਰ ਸਾਹਿਬ ਹੈ। ਤੁਹਾਡੀ ਕੋਈ ਜਾਤ ਨਹੀਂ ਹੈ ਅਤੇ ਤੁਸੀਂ ਸਿਰਫ ਸਿੱਖ ਹੋ।

ਗੁਰੂ ਜੀ ਨੇ ਸਿੱਖਾਂ ਨੂੰ ਪੰਜ ਕੱਕਾਰ ਧਾਰਨ ਕਰਨ ਲਈ ਆਖਿਆ। ਇਹ ਹਨ, 1. ਕੇਸ, ਸਿੱਖ ਧਰਮ ਦੀ ਮੁਢਲੀ ਨਿਸ਼ਾਨੀ ਅਤੇ ਸੰਤਪੁਣੇ ਦੀ ਕੁਦਰਤੀ ਦਿਖ; 2. ਕੰਘਾ, ਕੇਸਾਂ ਨੂੰ ਸੰਵਾਰਨ ਲਈ; 3. ਕੱਛਾ, ਨੇਕ ਚਰਿਤਰ ਦੀ ਨਿਸ਼ਾਨੀ; 4. ਕੜਾ, ਗੁੱਟ 'ਤੇ ਪਾਉਣ ਲਈ, ਡਰ ਤੇ ਭੈਅ ਤੋਂ ਬਚਾ ਲਈ ਅਤੇ 5. ਕਿਰਪਾਨ, ਸਵੈ ਰੱਖਿਆ ਅਤੇ ਮਜਲੂਮਾਂ ਦੀ ਰਾਖੀ ਲਈ। (ਕੇਸਾਂ ਨੂੰ ਦਸਤਾਰ ਸਜਾ ਕੇ ਢੱਕ ਕੇ ਰੱਖਣਾ ਹੈ)

ਇਨ੍ਹਾਂ ਪੰਜਾਂ-ਕਾਮ (Lust), ਕ੍ਰੋਧ (Anger), ਲੋਭ (Greed), ਮੋਹ (Attachment) ਅਤੇ ਹੰਕਾਰ (Ego) ਤੋਂ ਬਚਣਾ ਹੈ। ਕੇਸ ਨਹੀਂ ਕੱਟਣੇ। ਤਮਾਕੂ ਦਾ ਸੇਵਨ ਨਹੀਂ ਕਰਨਾ। ਕੁਠਾ ਮੀਟ ਨਹੀਂ ਖਾਣਾ। ਪਰ ਨਾਰੀ ਦਾ ਸਾਥ ਨਹੀਂ ਕਰਨਾ। ਗੁਰੂ ਜੀ ਨੇ ਉਪਦੇਸ਼ ਦਿਤਾ, "ਨਿਜ ਨਾਰੀ ਕੇ ਸੰਗ ਪ੍ਰੇਮ ਤੁਮ ਨਿਤ ਬਢੇਇਓ॥ ਪਰ ਨਾਰੀ ਕੀ ਸੇਜ ਪੈ ਸੁਪਨੇ ਮੈ ਨਾ ਜੇਏਓ॥"

ਅਮ੍ਰਿਤ ਛਕ ਲੇਣ ਤੋਂ ਬਾਅਦ ਮਰਦਾਂ ਦੇ ਨਾਂ ਦੇ ਨਾਲ ਸਿੰਘ ਲਿਖਿਆ ਜਾਵੇਗਾ ਅਤੇ ਇਸਤਰੀਆਂ ਦੇ ਨਾਂ ਨਾਲ ਕੌਰ ਲਿਖਿਆ ਜਾਵੇਗਾ। ਨਾਲ ਹੀ ਇਹ ਉਪਦੇਸ਼ ਦਿਤਾ,

ਜਬ ਤਕ ਖਾਲਸਾ ਰਹੇ ਨਿਆਰਾ॥
ਤਬ ਤਕ ਤੇਜ ਦੀਓ ਮੈ ਸਾਰਾ॥
ਜਬ ਇਹ ਕਰੇ ਬਿਪਰਨ ਕੀ ਰੀਤ॥
ਮੈ ਨਾ ਕਰੂੰ ਇਨ ਕੀ ਪ੍ਰਤੀਤ॥


# ਸ਼੍ਰੋਮਣੀ ਕਮੇਟੀ ਅਤੇ ਸਿੱਖ

*(ਪਿਛਲੇ ਸਫੇ ਦੀ ਬਾਕੀ)*

ਦੀ ਬਰਸੀ 'ਤੇ 8 ਲੱਖ ਦੇ ਇਸ਼ਤਿਹਾਰ ਦਿੱਤੇ ਗਏ ਅਤੇ ਹਾਜਰੀ ਕੇਵਲ 500 ਹੀ ਸੀ। ਕਿਸੇ ਨੇ ਇਹ ਨਹੀਂ ਦੱਸਿਆ ਕਿ ਮਾਸਟਰ ਜੀ ਆਪਣੀ ਰੋਟੀ ਪਿੱਤਲ ਦੇ ਡੱਬੇ ਵਿਚ ਘਰੋਂ ਲੈ ਕੇ ਆਉਂਦੇ ਹੁੰਦੇ ਸਨ। ਸਿਰਸੇ ਵਾਲੇ ਸਾਧ ਨੂੰ ਅਕਾਲ ਤਖਤ ਵਲੋਂ ਮੁਆਫ ਕਰਨ ਦੀ ਸਿਆਸਤ ਦੇ ਹੱਕ ਵਿਚ ਸ਼੍ਰੋਮਣੀ ਕਮੇਟੀ ਨੇ ਜੋ ਇਸ਼ਤਿਹਾਰਬਾਜ਼ੀ 'ਤੇ ਖਰਚਿਆ, ਉਸ ਨੂੰ ਧਰਮ ਦੀ ਸਿਆਸਤ ਵਾਸਤੇ ਵਰਤਿਆ ਜਾਣਾ ਕਹਿਣ ਤੇ ਸੁਣਨ ਵਾਸਤੇ ਕਿਸੇ ਨੂੰ ਫਿਕਰ ਹੀ ਨਹੀਂ ਹੈ? ਰੰਧਾਵਾ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ "ਸ਼੍ਰੋਮਣੀ ਕਮੇਟੀ ਵਿਚ ਤਾਂ ਕੇਵਲ ਹੱਥ ਖੜੇ ਕਰਕੇ ਜੈਕਾਰਿਆਂ ਦੀ ਗੂੰਜ ਵਿਚ ਗਲਤ ਕੰਮਾਂ ਦੀ ਵਾਹ ਵਾਹ ਕੀਤੀ ਜਾਂਦੀ ਹੈ।" (ਪੰਨਾ 33)

ਦੋਵੇਂ ਪੁਸਤਕਾਂ ਸ਼੍ਰੋਮਣੀ ਕਮੇਟੀ ਦੀ ਭਰਤੀ ਬਾਰੇ ਤੋਬਾ ਤੋਬਾ ਕਰਦੀਆਂ ਹਨ। ਨਿਯਮ, ਉਪਨਿਯਮ ਜਿਹੋ ਜਿਹੇ ਵੀ ਹਨ, ਸਿਆਸੀ ਦਖਲ ਕਰਕੇ ਲਾਗੂ ਹੀ ਨਹੀਂ ਕੀਤੇ ਜਾ ਸਕਦੇ। ਸਾਲ 2000 ਵਿਚ ਪ੍ਰਧਾਨ ਵਲੋਂ ਕੀਤੀ ਗਈ ਭਰਤੀ ਦਾ ਇਹ ਹਾਲ ਸੀ ਕਿ ਪ੍ਰਧਾਨ ਦੇ ਪੀ. ਏ. ਨੇ ਬਿਨਾ ਪ੍ਰਧਾਨ ਦੇ ਦਸਤਖਤਾਂ ਅਰਥਾਤ ਆਗਿਆ ਦੇ ਭਰਤੀ ਸ਼ੁਰੂ ਕਰ ਦਿਤੀ ਸੀ। ਪ੍ਰਧਾਨ ਦੇ ਅਚਾਨਕ ਬਦਲ ਜਾਣ ਨਾਲ ਐਕਟਿੰਗ ਪ੍ਰਧਾਨ ਅਰਥਾਤ ਮੀਤ ਪ੍ਰਧਾਨ ਨੇ ਦਫਤਰ ਨੂੰ ਸੀਲ ਕਰਕੇ ਇਸ ਭਰਤੀ ਘੁਟਾਲੇ ਦਾ ਪਰਦਾ ਫਾਸ਼ ਕਰ ਦਿੱਤਾ ਸੀ, ਪਰ ਇਸ ਬਾਰੇ ਧਾਰੀ ਗਈ ਚੁੱਪ ਸ਼੍ਰੋਮਣੀ ਕਮੇਟੀ ਵਿਚ ਸਿਆਸੀ ਦਖਲ ਦਾ ਮੂੰਹ ਬੋਲਦਾ ਸਬੂਤ ਬਣਿਆ ਰਹਿਣਾ ਹੈ। ਮਰਹੂਮ ਜਥੇਦਾਰ ਟੌਹੜਾ ਦੇ ਅਕਾਲ ਚਲਾਣੇ ਨਾਲ ਖਾਲੀ ਹੋਈ ਪ੍ਰਧਾਨਗੀ 'ਤੇ ਸ਼ੁਸ਼ੋਭਿਤ ਐਕਟਿੰਗ ਪ੍ਰਧਾਨ ਨੇ 2004 ਵਿਚ ਦਿਹਾੜੀ 'ਤੇ ਮੁਲਾਜ਼ਮਾਂ ਦੀ ਭਰਤੀ ਦੇ ਸਾਰੇ ਰਿਕਾਰਡ ਮਾਤ ਪਾ ਦਿੱਤੇ। (ਸ. ਰੰਧਾਵਾ, ਪੰਨਾ 35)

ਇਕ ਪ੍ਰਧਾਨ ਦੀਆਂ ਭਰਤੀਆਂ ਨੂੰ ਤੁਰਤ ਫਾਰਗ ਕਰਨ ਨਾਲ ਵੀ ਕੋਈ ਫਰਕ ਨਹੀਂ ਪੈਂਦਾ ਰਿਹਾ, ਕਿਉਂਕਿ ਬੇਲੋੜੀਆਂ ਭਰਤੀਆਂ ਬਾਰੇ ਹਰਚਰਨ ਸਿੰਘ ਦੀ ਪੁਸਤਕ ਵਿਚ ਇਸ਼ਾਰੇ ਹੋ ਗਏ ਹਨ। ਇਸ ਬਾਰੇ ਰੰਧਾਵਾ ਦੀ ਟਿੱਪਣੀ ਹੈ ਕਿ "ਅੰਤ੍ਰਿੰਗ ਕਮੇਟੀ ਦੇ ਮੈਂਬਰ ਜਾਂ ਤਾਂ ਇਸ ਫੰਡ ਉਜਾੜੇ ਵਿਚ ਭਾਈਵਾਲ ਬਣ ਗਏ ਜਾਂ ਸਿਆਸੀ ਦਬਾਅ ਹੇਠ ਆ ਗਏ।" (ਪੰਨਾ 36) ਸ. ਮਨਜੀਤ ਸਿੰਘ ਕਲਕੱਤਾ ਬਤੌਰ ਚੀਫ ਸਕੱਤਰ ਸ਼੍ਰੋਮਣੀ ਕਮੇਟੀ ਵਿਚ ਬਾਦਲਕਿਆਂ ਦੇ ਸਿਆਸੀ ਦਖਲ ਦੇ ਹੱਕ ਵਿਚ ਨਹੀਂ ਸਨ, ਪਰ ਉਨ੍ਹਾਂ ਬਾਰੇ ਵੀ ਸ. ਰੰਧਾਵਾ ਦੀ ਟਿੱਪਣੀ ਹੈ ਕਿ "ਸਿਆਸਤ ਇਨ੍ਹਾਂ ਦੇ ਮਨ ਵਿਚ ਹਾਵੀ ਹੋ ਗਈ ਸੀ, ਜਿਸ ਦਾ ਅਸਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ 'ਤੇ ਵੀ ਪਿਆ।" (ਪੰਨਾ



*ਮਨਜੀਤ ਸਿੰਘ ਕਲਕੱਤਾ*

18) ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਦਖਲ ਤੋਂ ਮੁਕਤ ਕਰਵਾਏ ਬਿਨਾ ਪ੍ਰਬੰਧ ਨੂੰ ਠੀਕ ਕਰ ਸਕਣ ਦੀਆਂ ਸੰਭਾਵਨਾਵਾਂ ਪੈਦਾ ਹੀ ਨਹੀਂ ਹੋ ਸਕਦੀਆਂ। ਇਸੇ ਦੇ ਹਵਾਲੇ ਨਾਲ ਗੁਰਦੁਆਰਾ ਸੁਧਾਰ ਲਹਿਰ-2 ਦੀ ਲੋੜ ਵੱਲ ਇਸ਼ਾਰਾ ਕੀਤਾ ਜਾ ਰਿਹਾ ਹੈ।

ਦੋਹਾਂ ਪੁਸਤਕਾਂ ਵਿਚ ਸਿੱਧੇ-ਅਸਿੱਧੇ ਢੰਗ ਨਾਲ ਮੌਜੂਦਾ ਸ਼੍ਰੋਮਣੀ ਕਮੇਟੀ ਵਿਚ ਲੋੜੀਂਦੇ ਸੁਧਾਰ ਦੀ ਗੱਲ ਕੀਤੀ ਗਈ ਹੈ। ਰੰਧਾਵਾ ਨੇ ਵਿਗੜਦੇ ਪ੍ਰਬੰਧ ਬਾਰੇ ਗੱਲ ਕਰਦਿਆਂ ਇਹ ਨਤੀਜਾ ਕੱਢਿਆ ਹੈ ਕਿ "ਜੇ ਇਹ ਚੁੱਪ-ਚਾਪ ਆਪਣੀਆਂ ਜਿੰਮੇਵਾਰੀਆਂ ਤੋਂ ਮੂੰਹ ਮੋੜੀ ਰੱਖਣਗੇ ਤਾਂ ਸਿੱਖ ਕੌਮ ਨੂੰ ਉਸੇ ਤਰ੍ਹਾਂ ਨਵੇਂ ਸਿਰਿਉਂ ਗੁਰਦੁਆਰਾ ਲਹਿਰ ਪੈਦਾ ਕਰਨੀ ਪਵੇਗੀ, ਜਿਸ ਤਰ੍ਹਾਂ ਮਹੰਤਾਂ ਦੇ ਪ੍ਰਬੰਧ ਵੇਲੇ ਕੀਤੀ ਸੀ।" (ਪੰਨਾ 26) ਜੋ ਵਧੀਕੀਆਂ ਅੰਗਰੇਜ਼ ਹਕੂਮਤ ਦੀ ਸ਼ਹਿ ਨਾਲ ਮਹੰਤ ਕਰ ਰਹੇ ਸਨ, ਉਹੀ ਗਲਤੀਆਂ ਭਾਰਤ ਸਰਕਾਰ ਦੀ ਸ਼ਹਿ ਨਾਲ ਸਿਆਸੀ ਮਹੰਤ ਕਰੀ ਜਾ ਰਹੇ ਹਨ। ਫਰਕ ਏਨਾ ਕੁ ਹੈ ਕਿ ਮਹੰਤ ਜੋ ਕਰਦੇ ਸਨ, ਉਸ ਦੀ ਜਿੰਮੇਵਾਰੀ ਖੁਦ ਲੈਂਦੇ ਸਨ, ਪਰ ਜੋ ਕੁਝ ਇਸ ਵੇਲੇ ਸਿਆਸੀ ਮਹੰਤਾਂ ਵਲੋਂ ਕੀਤਾ ਜਾ ਰਿਹਾ ਹੈ, ਉਸ ਦੀ ਜਿੰਮੇਵਾਰੀ ਲੈਣ ਨੂੰ ਕੋਈ ਵੀ ਤਿਆਰ ਨਹੀਂ ਹੈ।

ਇਸ ਨਾਲ ਇਹ ਕਹਿਣਾ ਚਾਹ ਰਿਹਾ ਹਾਂ ਕਿ ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਦਾ ਕਸੂਰ ਏਨਾ ਹੀ ਹੈ ਕਿ ਉਹ ਅਕਾਲੀ ਦਲ ਦੇ ਚੋਣ ਨਿਸ਼ਾਨ 'ਤੇ ਚੋਣ ਜਿੱਤੇ ਹੋਏ ਹਨ। ਇਸ ਦੀ ਸਜ਼ਾ ਉਨ੍ਹਾਂ ਨੂੰ ਅਕਾਲੀ ਦਲ ਦੀ ਥਾਂ ਭੁਗਤਣੀ ਪੈ ਰਹੀ ਹੈ। ਇਸੇ ਕਰਕੇ ਸ਼੍ਰੋਮਣੀ ਕਮੇਟੀ ਵਿਚੋਂ ਸਿਆਸੀ ਦਖਲ ਦਾ ਰਾਹ ਬੰਦ ਕਰਨ ਲਈ ਸਿੱਖ

> ***ਸਿਰਸੇ ਵਾਲੇ ਸਾਧ ਨੂੰ ਅਕਾਲ ਤਖਤ ਵਲੋਂ ਮੁਆਫ ਕਰਨ ਦੀ ਸਿਆਸਤ ਦੇ ਹੱਕ ਵਿਚ ਸ਼੍ਰੋਮਣੀ ਕਮੇਟੀ ਨੇ ਜੋ ਇਸ਼ਤਿਹਾਬਾਜ਼ੀ 'ਤੇ ਖਰਚਿਆ, ਉਸ ਨੂੰ ਧਰਮ ਦੀ ਸਿਆਸਤ ਵਾਸਤੇ ਵਰਤਿਆ ਜਾਣਾ ਕਹਿਣ ਤੇ ਸੁਣਨ ਵਾਸਤੇ ਕਿਸੇ ਨੂੰ ਫਿਕਰ ਹੀ ਨਹੀਂ ਹੈ? ਸ. ਰੰਧਾਵਾ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ "ਸ਼੍ਰੋਮਣੀ ਕਮੇਟੀ ਵਿਚ ਤਾਂ ਕੇਵਲ ਹੱਥ ਖੜੇ ਕਰਕੇ ਜੈਕਾਰਿਆਂ ਦੀ ਗੂੰਜ ਵਿਚ ਗਲਤ ਕੰਮਾਂ ਦੀ ਵਾਹ ਵਾਹ ਕੀਤੀ ਜਾਂਦੀ ਹੈ।"***

ਸਿਆਸਤਦਾਨਾਂ ਨੂੰ ਇਹ ਫੈਸਲਾ ਲੈਣਾ ਪਵੇਗਾ ਕਿ ਆ ਰਹੀ ਚੋਣ ਕਿਸੇ ਵੀ ਸਿਆਸੀ ਚੋਣ ਨਿਸ਼ਾਨ 'ਤੇ ਨਹੀਂ ਲੜੀ ਜਾਵੇਗੀ। ਜੇ ਸਿੱਖ ਭਾਈਚਾਰੇ ਦਾ ਹਿੱਸਾ ਹੋ ਗਏ 2% ਸਿੱਖ ਸਿਆਸਤਦਾਨ ਨਹੀਂ ਸਮਝਣਗੇ ਤਾਂ 98% ਸਿੱਖਾਂ ਨੂੰ ਇਸ ਬਾਰੇ ਸੋਚਣਾ ਹੀ ਪਵੇਗਾ। ਪਰੰਪਰਕ ਤੌਰ 'ਤੇ ਅਜਿਹੀ ਪਹਿਲ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਹੁੰਦੀ ਰਹੀ ਹੈ, ਪਰ ਮੌਜੂਦਾ ਸਮੇਂ ਸਿੱਖ ਸੰਸਥਾਵਾਂ ਦੇ ਮੁਖੀਆਂ ਨੂੰ ਸਿਆਸੀ ਆਤੰਕਣ ਵੱਲ ਧੱਕ ਦਿੱਤਾ ਗਿਆ ਹੈ। ਇਸੇ ਨੂੰ ਲੋੜੀਂਦੇ ਪ੍ਰਸੰਗ ਵਿਚ ਸ. ਰੰਧਾਵਾ ਇਸ ਤਰ੍ਹਾਂ ਕਹਿ ਰਹੇ ਹਨ, "ਮੌਜੂਦਾ ਹਾਲਤ ਮੁਤਾਬਿਕ ਲੋੜ ਵੀ ਹੈ ਤਾਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਰਕਾਰੀ ਜੰਜਾਲ ਵਿਚੋਂ ਬਾਹਰ ਕੱਢਿਆ ਜਾ ਸਕੇ।" (ਪੰਨਾ 99)

ਸਿਆਸੀ ਮਹੰਤਾਂ ਨੇ ਸਿੱਖ ਸੰਸਥਾਵਾਂ ਦੇ ਪ੍ਰਬੰਧਨ ਨੂੰ ਇਸ ਹੱਦ ਤੱਕ ਉਲਝਾ ਦਿੱਤਾ ਹੈ ਕਿ ਜਦੋਂ ਵੀ ਕੋਈ ਇਸ ਬਾਰੇ ਸੋਚਦਾ ਹੈ ਜਾਂ ਸੋਚੇਗਾ, ਇਸੇ ਨਤੀਜੇ 'ਤੇ ਪਹੁੰਚੇਗਾ ਕਿ "ਇਸ ਤੋਂ ਖਹਿੜਾ ਛੁਡਾਉਣ ਲਈ 1920 ਤੋਂ 1925 ਤੀਕ ਗੁਰਦੁਆਰਾ ਸੁਧਾਰ ਲਹਿਰ ਵਾਂਗ ਸ਼ਹੀਦੀਆਂ ਪਾਉਣੀਆਂ ਪੈ ਸਕਦੀਆਂ ਹਨ, ਪ੍ਰੰਤੂ ਖੇਦ ਤਾਂ ਇਹ ਹੈ ਕਿ ਕੋਈ ਵੀ ਆਪਣੇ ਆਪ ਨੂੰ ਪੰਥਕ ਅਖਵਾਉਣ ਵਾਲੀ ਪਾਰਟੀ ਆਪਣੇ ਸਿਆਸੀ ਲਾਹੇ ਅਤੇ ਮਾਇਆ ਇਕੱਤਰ ਕਰਨ ਦੇ ਚੱਕਰ ਵਿਚੋਂ ਬਾਹਰ ਨਹੀਂ ਕੱਢ ਰਹੀ, ਹਾਲਾਂਕਿ ਨੌਜਵਾਨ ਪੀੜ੍ਹੀ ਹਰ ਕੁਰਬਾਨੀ ਲਈ ਤਿਆਰ ਹੈ, ਪਰ ਉਨ੍ਹਾਂ ਨੂੰ



*ਪ੍ਰਕਾਸ਼ ਸਿੰਘ ਬਾਦਲ*

ਸਹੀ ਸੇਧ ਅਤੇ ਅਗਵਾਈ ਦੇਣ ਵਾਲਾ ਕੋਈ ਰਹਿਬਰ ਨਹੀਂ ਮਿਲ ਰਿਹਾ।" (ਪੰਨਾ 105)

ਗੁਰਦੁਆਰਾ ਐਕਟ ਨੂੰ ਸਟੇਟ ਐਕਟ ਤੋਂ ਕੇਂਦਰੀ ਐਕਟ ਬਣਾ ਲੈਣ ਨਾਲ ਹਾਲਾਤ ਇਹ ਹੋ ਗਏ ਹਨ ਕਿ "ਜੇ 2011 ਦੀ ਚੋਣ ਜਾਇਜ਼ ਮੰਨ ਲਈ ਹੈ ਤਾਂ ਵੀ ਪੰਜ ਸਾਲ ਤੋਂ ਵੱਧ ਸਮਾਂ ਲੰਘ ਗਿਆ ਹੈ ਅਤੇ ਹੁਣ ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਹੋਣੀ ਚਾਹੀਦੀ ਹੈ।" (ਪੰਨਾ 107) ਪਹਿਲਾਂ ਵੀ ਪੰਜ ਸਾਲ ਦੇ ਵਕਫੇ ਨਾਲ ਚੋਣਾਂ ਕਰਵਾਉਣ ਦੀ ਪਾਲਣਾ ਨਹੀਂ ਕੀਤੀ ਜਾਂਦੀ ਰਹੀ। ਇਸ ਕਰਕੇ ਸਮੇਂ ਦੀ ਲੋੜ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਰਕਾਰੀ ਕਬਜੇ ਵਿਚੋਂ ਮੁਕਤ ਕਰਵਾਇਆ ਜਾਵੇ। (ਪੰਨਾ 109) ਮੁਸ਼ਕਿਲ ਇਹ ਹੈ ਕਿ ਬਹੁਤ ਸਾਰੀਆਂ ਪੰਥਕ ਅਖਵਾਉਣ ਵਾਲੀਆਂ ਜਥੇਬੰਦੀਆਂ ਸਰਕਾਰੀ ਇਸ਼ਾਰੇ/ਫੰਡਾਂ ਰਾਹੀਂ ਸਿੱਖ ਜਗਤ ਵਿਚ ਵਿਚਰ ਰਹੀਆਂ ਹਨ, ਜੋ ਅੱਡਰੀਆਂ ਸੁਰਾਂ ਅਲਾਪਦੀਆਂ ਅਜਿਹਾ ਪ੍ਰਭਾਵ ਦੇਣਗੀਆਂ ਕਿ ਉਹ ਸਭ ਤੋਂ ਵੱਧ ਸਰਕਾਰ ਦੇ ਵਿਰੁਧ ਹਨ। (ਪੰਨਾ 109) ਸਿਆਸੀ ਦਖਲਅੰਦਾਜ਼ੀ ਪ੍ਰਬੰਧਕਾਂ ਦੀ ਜ਼ਮੀਰ ਕੁਚਲ ਰਹੀ ਹੈ। ਗੁਰੂ ਪੰਥ ਦੇ ਇਸ ਰੂਹਾਨੀਅਤ ਦੇ ਕੇਂਦਰ ਵਿਚੋਂ ਕੂਟਨੀਤਕ ਅਤੇ ਸਿਆਸੀ ਪ੍ਰਭਾਵ ਖਤਮ ਕਰਨਾ ਅਤਿ ਜ਼ਰੂਰੀ ਹੈ। (ਪੰਨਾ 118)

ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੇ ਸ਼ਬਦਾਂ ਵਿਚ ਹਰਚਰਨ ਸਿੰਘ ਨੇ ਪਹਿਲੀ ਗੱਲ ਸ਼੍ਰੋਮਣੀ ਕਮੇਟੀ ਦੇ ਸੰਪੂਰਨ ਸਿਆਸੀਕਰਣ ਅਤੇ ਪੰਥਕ ਵਸੀਲਿਆਂ ਨੂੰ ਧੜੇਬੰਦੀ ਦੀ ਸਿਆਸਤ ਲਈ ਅਨੈਤਿਕ ਪੱਧਰ 'ਤੇ ਵਰਤੇ ਜਾਣ ਦੀ ਕੀਤੀ ਹੈ। ਇਹ ਹਾਲਤ ਕੁਰਸੀ ਦੀ ਸੱਤਾ ਵਾਸਤੇ ਗੁਰੂ ਪੰਥ ਦੇ ਹਿਤਾਂ ਨੂੰ ਕੁਰਬਾਨ ਕੀਤੇ ਜਾਣ ਕਰਕੇ ਹੋਈ ਹੈ। ਇਸ ਦੇ ਚਸ਼ਮਦੀਦ ਗਵਾਹ ਸਿਆਸੀ ਆਤੰਕਣ ਕਰਕੇ ਚੁੱਪ ਹਨ। ਇਸ ਦੇ ਬਾਵਜੂਦ ਨਵੀਆਂ ਨਿਯੁਕਤੀਆਂ, ਬੇਲੋੜੀਆਂ ਜ਼ਮੀਨਾਂ, ਜਾਇਦਾਦ ਦੀਆਂ ਖਰੀਦਾਂ, ਉਸਾਰੀ ਲਈ ਨਵੇਂ ਪ੍ਰਾਜੈਕਟ ਤੇ ਟੈਂਡਰ ਲਗਾਤਾਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਗੁਰਦੁਆਰਾ ਕਮਿਸ਼ਨ ਦਾ ਵੀ ਸਿਆਸੀਕਰਣ ਹੋ ਚੁਕਾ ਹੈ। (ਪੰਨਾ 108)

ਇਸ ਹਾਲਤ ਵਿਚ ਵੀ ਸਿਆਸਤਦਾਨਾਂ ਵਲੋਂ ਇਹ ਬਿਆਨ ਆ ਰਹੇ ਹਨ ਕਿ ਕੋਈ ਸਿਆਸੀ ਦਖਲ ਨਹੀਂ ਦਿੱਤਾ ਜਾ ਰਿਹਾ। ਸਿਆਸਤਦਾਨ ਨੂੰ ਸਿਰੋਪਾਓ ਨਾ ਮਿਲਣ 'ਤੇ ਮੁਲਾਜ਼ਮਾਂ ਦੀ ਛੁੱਟੀ ਹੋ ਜਾਂਦੀ ਹੈ। ਅਜਿਹੇ ਹਵਾਲਿਆਂ ਨਾਲ ਸ. ਰੰਧਾਵਾ ਇਸੇ ਨਤੀਜੇ 'ਤੇ ਪਹੁੰਚਦੇ ਹਨ ਕਿ "ਜਿਸ ਤਰ੍ਹਾਂ ਪਿੰਜਰੇ ਵਿਚ ਜਨਮੇ ਪੰਛੀ ਉਡਣਾ ਗੁਨਾਹ ਸਮਝਦੇ ਹਨ, ਇਸੇ ਤਰ੍ਹਾਂ ਬਾਦਲਾਂ ਦੇ ਪਿੰਜਰੇ ਵਿਚ ਫਸੇ ਬੇ-ਦਾਅਵੇ ਵਾਲਿਆਂ ਨੂੰ ਆਜ਼ਾਦ ਹੋਣ ਲਈ ਮੁਸ਼ਕਿਲ ਪੇਸ਼ ਆ ਰਹੀ ਹੈ।" (ਪੰਨਾ 112)

ਸੁਝਾਈ ਜਾ ਰਹੀ ਗੁਰਦੁਆਰਾ ਸੁਧਾਰ ਲਹਿਰ-2 ਅਜਿਹੇ ਲੋਕਾਂ ਲਈ ਪੰਥ ਵੱਲ ਪਰਤਣ ਦਾ ਰਾਹ ਪੱਧਰਾ ਕਰੇਗੀ। ਬਰਾਸਤਾ ਅਕਾਲੀ ਦਲ ਕੇਂਦਰ ਦੇ ਦਖਲ ਦਾ ਜ਼ਿਕਰ ਅਤੇ ਸਿਆਸੀ ਦਖਲ ਤੇ ਸਿਆਸੀ ਸ਼ਹਿ ਨਾਲ ਭਰਾ ਮਾਰੂ ਜੰਗ ਜਿਹੇ ਹਾਲਾਤ ਬਾਰੇ ਸ. ਰੰਧਾਵਾ ਨੇ ਆਪਣੀ ਪੁਸਤਕ ਵਿਚ ਜ਼ਿਕਰ ਕੀਤਾ ਹੋਇਆ ਹੈ। ਜਿਹੋ ਜਿਹੀਆਂ ਗੱਲਾਂ ਸ. ਰੰਧਾਵਾ ਨੇ ਗੁਰਦੁਆਰਾ ਐਕਟ ਦੇ ਹਵਾਲੇ ਨਾਲ ਲਿਖੀਆਂ ਹੋਈਆਂ ਹਨ, ਉਨ੍ਹਾਂ ਦਾ ਕਾਰਪੋਰੇਟ ਸ਼ੈਲੀ ਵਾਲੀ ਸਿਆਸਤ ਦੇ ਹਵਾਲੇ ਨਾਲ ਹਰਚਰਨ ਸਿੰਘ ਨੇ ਬਹੁਤ ਸਾਰੇ ਵੇਰਵੇ ਦਿੱਤੇ ਹੋਏ ਹਨ। ਜੋ ਕਾਬਜ ਹਨ, ਉਨ੍ਹਾਂ ਨੂੰ ਬੇਸ਼ੱਕ ਕੁਝ ਗਲਤ ਨਾ ਲੱਗਦਾ ਹੋਵੇ, ਪਰ ਇਨ੍ਹਾਂ ਦੋਹਾਂ ਪੁਸਤਕਾਂ ਦੀ ਪ੍ਰਧਾਨ ਸੁਰ ਇਹੀ ਹੈ ਕਿ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤ ਤੋਂ ਬਚਾਏ ਜਾਣ ਲਈ ਗੁਰੂਕਿਆਂ ਨੂੰ ਗੁਰਦੁਆਰਾ ਸੁਧਾਰ ਲਹਿਰ-2 ਵਾਸਤੇ ਸਾਹਮਣੇ ਆਉਣਾ ਹੀ ਪਵੇਗਾ।

# ਕਿਧਰੇ ਦੇਰ ਨਾ ਹੋ ਜਾਏ

ਵਿਗਿਆਨ ਗਲਪ ਕਹਾਣੀ

***ਕੈਂਬ੍ਰਿਜ ਲਰਨਿੰਗ ਸੰਸਥਾ, ਮਿਸੀਸਾਗਾ (ਕੈਨੇਡਾ) ਦੇ ਡਾਇਰੈਕਟਰ ਅਤੇ ਕਈ ਸੈਕੰਡਰੀ ਤੇ ਪੋਸਟ ਸੈਕੰਡਰੀ ਵਿਦਿਅਕ ਸੰਸਥਾਵਾਂ ਦੇ ਐਜੂਕੇਸ਼ਨਲ ਸਲਾਹਕਾਰ ਵਜੋਂ ਸੇਵਾ ਨਿਭਾ ਰਹੇ ਡਾ. ਡੀ. ਪੀ. ਸਿੰਘ ਦੀਆਂ 21 ਕਿਤਾਬਾਂ ਅਤੇ ਹਜ਼ਾਰ ਕੁ ਲੇਖ ਤੇ ਕਹਾਣੀਆਂ ਆਦਿ ਵਿਗਿਆਨ, ਧਰਮ ਅਤੇ ਵਾਤਾਵਰਨ ਦੇ ਖੇਤਰਾਂ ਵਿਚ ਛਪ ਚੁਕੇ ਹਨ। ਕਰੋਨਾ ਵਾਇਰਸ ਦੀ ਵਬਾ ਕਾਰਨ ਸੰਸਾਰ ਪੱਧਰ 'ਤੇ ਮੱਚੀ ਹਾਹਾਕਾਰ ਦੀ ਜੜ੍ਹ ਫੋਲਦਿਆਂ ਉਨ੍ਹਾਂ ਹਥਲੀ ਵਿਗਿਆਨ ਗਲਪ ਕਹਾਣੀ 'ਕਿਧਰੇ ਦੇਰ ਨਾ ਹੋ ਜਾਏ' ਰਾਹੀਂ ਇਕ ਅਰਾਜਕਤਾਵਾਦੀ ਦੀ ਸੌੜੀ ਸੋਚ ਦਾ ਖੁਲਾਸਾ ਕੀਤਾ ਹੈ, ਜੋ ਆਪਣੇ ਮਾਨਸਿਕ ਰਸ਼ਕ ਲਈ ਲੋਕਾਂ ਨੂੰ ਕਰੋਨਾ ਵਾਇਰਸ ਦੀ ਲਾਗ ਲਾ ਦਿੰਦਾ ਹੈ ਅਤੇ ਇਸ ਨੂੰ ਆਪ ਵੀ ਚਟਮ ਕਰ ਜਾਂਦਾ ਹੈ। -ਸੰਪਾਦਕ***

ਸੰਨ 2019 ਦੇ ਨਵੰਬਰ ਮਹੀਨੇ ਦੀ ਗੱਲ ਹੈ। ਵਿਸ਼ਵ ਦੀ ਦੂਜੀ ਮਹਾਸ਼ਕਤੀ ਦੇ ਇਕ ਮਹਾਨਗਰ ਦੀ ਵਾਇਰਸ ਰਿਸਰਚ ਪ੍ਰਯੋਗਸ਼ਾਲਾ ਵਿਚ ਇਕ ਅਜਬ ਵਰਤਾਰਾ ਵਰਤ ਗਿਆ। ਘਟਨਾਕ੍ਰਮ ਕੁਝ ਇੰਜ ਵਾਪਰਿਆ। ਪ੍ਰਯੋਗਸ਼ਾਲਾ 'ਚ ਚਿੱਟੇ ਦਸਤਾਨੇ ਤੇ ਚਿੱਟਾ ਕੋਟ ਪਹਿਨੀ ਵਿਸ਼ਾਣੂ-ਵਿਗਿਆਨੀ ਡਾ. ਯੰਗ ਸੂ ਅੱਧਖੜ੍ਹ ਉਮਰ ਵਾਲੇ ਮੁਲਾਕਾਤੀ ਨਾਲ ਗੱਲਬਾਤ ਵਿਚ ਮਗਨ ਸੀ। ਤਦ ਹੀ, ਖੁਰਦਬੀਨ ਦੇ ਹੇਠਲੇ ਸਿਰੇ ਵਾਲੇ ਲੈਂਜ਼ ਹੇਠ ਕੱਚ ਦੀ ਇਕ ਸਲਾਈਡ ਨੂੰ ਖਿਸਕਾਉਂਦਿਆਂ ਯੰਗ ਸੂ ਬੋਲਿਆ, "ਮਿਸਟਰ ਲੀਓ! ਆਓ ਤੁਹਾਨੂੰ ਦਿਖਾਵਾਂ, ਮੌਤ ਦਾ ਇਕ ਬਹੁਤ ਹੀ ਖਤਰਨਾਕ ਏਜੰਟ।"

ਗੰਜੇ ਸਿਰ ਤੇ ਫੀਨੇ ਨੱਕ ਵਾਲੇ ਲੀਓ ਨੇ ਖੁਰਦਬੀਨ ਵੱਲ ਝਾਕਿਆ। ਜਾਹਰ ਸੀ ਕਿ ਉਹ ਅਜਿਹੇ ਯੰਤਰ ਬਾਰੇ ਨਹੀਂ ਸੀ ਜਾਣਦਾ। ਆਪਣੀ ਥਾਂ ਤੋਂ ਬਿਨਾ ਹਿੱਲੇ ਉਹ ਬੋਲਿਆ,



ਡਾ. ਡੀ. ਪੀ. ਸਿੰਘ, ਕੈਨੇਡਾ
E-mail: drdpsn@gmail.com

"ਮੇਰੀ ਨਜ਼ਰ ਕਮਜ਼ੋਰ ਹੈ।"

"ਕੋਈ ਗੱਲ ਨਹੀਂ। ਆਓ! ਆਪਣੀ ਖੱਬੀ ਅੱਖ, ਖੱਬੇ ਹੱਥ ਨਾਲ ਢਕ ਲਵੋ ਤੇ ਸੱਜੀ ਅੱਖ ਨਾਲ ਤੁਸੀਂ ਖੁਰਦਬੀਨ ਦੇ ਉਪਰਲੇ ਸਿਰੇ ਵਾਲੇ ਲੈਂਜ਼ ਰਾਹੀਂ ਦੇਖੋ। ਵਿਸ਼ਾਣੂਆਂ ਦਾ ਅਜਬ ਸੰਸਾਰ ਨਜ਼ਰ ਆਉਣ ਲੱਗੇਗਾ।"

ਲੀਓ ਨੇ ਇੰਜ ਹੀ ਕੀਤਾ।

"ਕੁਝ ਵੀ ਸਾਫ ਨਜ਼ਰ ਨਹੀਂ ਆ ਰਿਹਾ। ਧੁੰਦਲਾ ਧੁੰਦਲਾ ਹੈ ਸਭ ਕੁਝ।" ਉਹ ਬੋਲਿਆ।

"ਇਸ ਪੇਚ ਨੂੰ ਐਡਜਸਟ ਕਰੋ," ਯੰਗ ਸੂ ਨੇ ਖੁਰਦਬੀਨ ਦੇ ਹੇਠਲੇ ਸਿਰੇ ਕੋਲ ਲੱਗੇ ਪੇਚ ਵੱਲ ਇਸ਼ਾਰਾ ਕਰਦਿਆਂ ਕਿਹਾ, "ਸ਼ਾਇਦ ਖੁਰਦਬੀਨ ਤੁਹਾਡੀ ਨਜ਼ਰ ਲਈ ਸਹੀ ਫੋਕਸਡ ਨਹੀਂ ਹੈ!"

"ਜੀ!" ਤੇ ਲੀਓ ਨੇ ਦੱਸੇ ਅਨੁਸਾਰ ਪੇਚ ਨੂੰ ਮਰੋੜਾ ਦਿੱਤਾ।

"ਵਾਹ! ਹੁਣ ਤਾਂ ਸਭ ਕੁਝ ਸਾਫ ਸਾਫ ਨਜ਼ਰ ਆ ਰਿਹਾ ਹੈ," ਲੀਓ ਦੇ ਬੋਲ ਸਨ, "ਬਹੁਤਾ ਕੁਝ ਤਾਂ ਹੈ ਨਹੀਂ ਇਥੇ ਦੇਖਣ ਲਈ, ਬੱਸ ਛੇ ਭੁਜੀ ਸ਼ਕਲ ਵਾਲੇ ਕੁਝ ਕੁ ਧੱਬੇ ਜਿਹੇ ਨਜ਼ਰ ਆ ਰਹੇ ਹਨ। ਇੰਜ ਜਾਪਦਾ ਹੈ, ਜਿਵੇਂ ਇਨ੍ਹਾਂ ਕੋਈ ਮੁਕਟ ਪਾਇਆ ਹੋਵੇ। ਤੁਹਾਡੇ ਅਨੁਸਾਰ ਇਹ ਛੋਟੇ ਛੋਟੇ ਵਿਸ਼ਾਣੂ ਵੱਧ-ਫੁਲ ਕੇ ਕਿਸੇ ਮਹਾਨਗਰ ਨੂੰ ਤਬਾਹ ਕਰਨ ਦੀ ਸਮਰੱਥਾ ਰੱਖਦੇ ਹਨ। ਵਾਹ! ਕਿਆ ਕਮਾਲ ਦੀ ਸ਼ੈਅ ਨੇ ਇਹ!"

"ਜੀ ਹਾਂ! ਇਹੋ ਹੀ ਹੈ, ਨੋਵਲ ਕਰੋਨਾ ਵਾਇਰਸ (ਕੋਵਿਡ-19), ਜੋ ਪੁਰਾਣੇ ਕੋਰੋਨਾ ਵਾਇਰਸ ਦਾ ਹੀ ਬਦਲਿਆ ਰੂਪ ਹੈ, ਪਰ ਹੈ ਬਹੁਤ ਹੀ ਘਾਤਕ।"

ਤਦ ਹੀ ਲੀਓ ਖੁਰਦਬੀਨ ਤੋਂ ਨਜ਼ਰ ਹਟਾ ਉਠ ਖੜਾ ਹੋਇਆ। ਜਾਂਚ ਹੇਠਲੀ ਕੱਚ ਦੀ ਸਲਾਈਡ ਨੂੰ ਹੱਥ ਵਿਚ ਫੜ੍ਹ ਉਹ ਖਿੜਕੀ ਦੇ ਕੋਲ ਜਾ ਪੁੱਜਾ। "ਇੰਨੇ ਸੂਖਮ" ਉਸ ਨੇ ਸਲਾਈਡ ਘੋਖਦਿਆਂ ਕਿਹਾ। ਝਿਜਕਦਿਆਂ ਉਸ ਨੇ ਪੁੱਛਿਆ, "ਕੀ ਇਹ ਜ਼ਿੰਦਾ ਨੇ? ਕੀ ਇਹ ਅਜੇ ਵੀ ਘਾਤਕ ਨੇ?"

"ਨਹੀਂ, ਇਹ ਜ਼ਿੰਦਾ ਨਹੀਂ ਹਨ। ਇਨ੍ਹਾਂ ਨੂੰ ਵਿਸ਼ੇਸ਼ ਢੰਗ ਨਾਲ ਮਾਰ ਦਿੱਤਾ ਗਿਆ ਹੈ।" ਯੰਗ ਸੂ ਬੋਲਿਆ।

"ਪਰ ਇਨ੍ਹਾਂ ਦੀ ਤਬਾਹਕੁਨ ਤਾਕਤ ਨੂੰ ਦੇਖਦਿਆਂ ਮੇਰਾ ਖਿਆਲ ਹੈ ਕਿ ਕਾਸ਼! ਅਸੀਂ ਪੂਰੇ ਬ੍ਰਹਿਮੰਡ ਵਿਚ ਇਨ੍ਹਾਂ ਦੀ ਹੋਂਦ ਨੂੰ ਹੀ ਖਤਮ ਕਰ ਸਕਦੇ।"

ਲੀਓ ਨੇ ਥੋੜ੍ਹਾ ਮੁਸਕਰਾਉਂਦਿਆਂ ਕਿਹਾ, "ਲੱਗਦਾ ਹੈ ਤੁਸੀਂ ਇਨ੍ਹਾਂ ਨੂੰ ਜ਼ਿੰਦਾ ਹਾਲਤ ਵਿਚ ਰੱਖਣ ਬਾਰੇ ਤਾਂ ਕਦੇ ਨਹੀਂ ਸੋਚਿਆ ਹੋਵੇਗਾ।"

"ਨਹੀਂ। ਅਜਿਹੀ ਗੱਲ ਨਹੀਂ। ਸਗੋਂ ਸਾਡੇ ਲਈ ਅਜਿਹਾ ਕਰਨਾ ਬਹੁਤ ਜ਼ਰੂਰੀ ਹੈ।" ਯੰਗ ਸੂ ਨੇ ਕਿਹਾ।


"ਇਥੇ, ਮਿਸਾਲ ਲਈ" ਬੋਲਦਿਆਂ ਉਹ ਕਮਰੇ ਨੂੰ ਪਾਰ ਕਰ ਸਾਹਮਣੇ ਕੰਧ ਵਿਚ ਜੜ੍ਹੀ ਸੈਲਫ ਕੋਲ ਪੁੱਜ ਗਿਆ। ਸੈਲਫ ਉਤੇ ਪਈਆਂ ਅਨੇਕ ਸੀਲਬੰਦ ਕੱਚ ਦੀਆਂ ਟਿਊਬਾਂ (ਨਲੀਆਂ) ਵਿਚੋਂ ਇਕ ਟਿਊਬ ਨੂੰ ਚੁੱਕ ਉਹ ਬੋਲਿਆ, "ਇਹ ਇਨ੍ਹਾਂ ਜੀਵਾਣੂਆਂ ਦਾ ਜ਼ਿੰਦਾ ਸੈਂਪਲ ਹੈ। ਬਹੁਤ ਹੀ ਘਾਤਕ ਬੀਮਾਰੀ ਦੇ ਸ਼ਕਤੀਸ਼ਾਲੀ ਵਿਸ਼ਾਣੂ। ਅਜਿਹੀ ਬੀਮਾਰੀ, ਜਿਸ ਨਾਲ ਇਨਸਾਨ ਬਹੁਤ ਹੀ ਦਰਦਨਾਕ ਮੌਤ ਮਰਦਾ ਹੈ।" ਉਸ ਦੇ ਝਿਜਕ ਭਰੇ ਬੋਲ ਸਨ, "ਆਹ ਸ਼ੀਸ਼ੀ ਵਿਚ ਬੰਦ ਹੈ, ਮੌਤ ਦਾ ਇਹ ਸ਼ਕਤੀਸ਼ਾਲੀ ਏਜੰਟ, ਨੋਵਲ ਕਰੋਨਾ ਵਾਇਰਸ।"

ਲੀਓ ਦੀਆਂ ਅੱਖਾਂ ਵਿਚ ਸੰਤੁਸ਼ਟੀ ਦੀ ਇਕ ਹਲਕੀ ਜਿਹੀ ਝਲਕ ਨਜ਼ਰ ਆਈ। "ਅਜਿਹੀ ਜਾਨਲੇਵਾ ਚੀਜ਼ ਨੂੰ ਸੰਭਾਲਣਾ ਬੜਾ ਜੋਖਮ ਭਰਿਆ ਕੰਮ ਹੈ।" ਲਲਚਾਈਆਂ ਅੱਖਾਂ ਨਾਲ ਟਿਊਬ ਨੂੰ ਦੇਖਦਿਆਂ ਉਹ ਬੋਲਿਆ।

ਯੰਗ ਸੂ ਨੂੰ ਲੀਓ ਦੇ ਲਹਿਜ਼ੇ ਵਿਚ ਭੈੜੀ ਖੁਸ਼ੀ ਦਾ ਇਜ਼ਹਾਰ ਨਜ਼ਰ ਆਇਆ। ਅੱਜ ਦੁਪਹਿਰੇ ਲੀਓ ਉਸ ਦੇ ਇਕ ਪੁਰਾਣੇ ਮਿੱਤਰ ਦੇ ਹਵਾਲੇ ਨਾਲ ਉਸ ਨੂੰ ਮਿਲਣ ਆਇਆ ਸੀ, ਪਰ ਇਸ ਦਾ ਸੁਭਾਅ ਤਾਂ ਉਸ ਦੇ ਮਿੱਤਰ ਦੇ ਸੁਭਾਅ ਤੋਂ ਬਿਲਕੁਲ ਹੀ ਉਲਟ ਸੀ। ਗੰਜਾ ਸਿਰ, ਚਪਟਾ ਨੱਕ, ਬਿੱਲੀਆਂ ਅੱਖਾਂ, ਉਘੜ-ਦੁਘੜੇ ਹਾਵ-ਭਾਵ ਤੇ ਘਾਬਰਿਆ ਜਿਹਾ, ਪਰ ਵਿਸ਼ਾਣੂਆਂ ਬਾਰੇ ਜਾਣਨ ਲਈ ਡਾਢਾ ਹੀ ਉਤਸੁਕ। ਲੀਓ ਉਸ ਦੇ ਸ਼ਾਂਤ-ਸੁਭਾਅ ਵਾਲੇ ਖੋਜੀ ਦੋਸਤ, ਜੋ ਵਿਗਿਆਨਕ ਵਿਚਾਰ-ਵਟਾਂਦਰੇ ਦੌਰਾਨ ਕਦੇ ਵੀ ਵਿਚਲਿਤ ਨਹੀਂ ਸੀ ਹੁੰਦਾ, ਨਾਲੋਂ ਬਹੁਤ ਹੀ ਵੱਖਰਾ ਸੀ। ਸ਼ਾਇਦ ਅਜਿਹਾ ਇਸ ਲਈ ਸੀ ਕਿ ਲੀਓ ਨੋਵਲ ਕਰੋਨਾ ਵਾਇਰਸ ਦੀ ਘਾਤਕ ਤਾਕਤ ਬਾਰੇ ਜਾਣ ਕੇ ਡਾਢਾ ਪ੍ਰਭਾਵਿਤ ਹੋ ਗਿਆ ਸੀ।

ਗੰਭੀਰ ਮੁਦਰਾ ਵਿਚ ਟਿਊਬ ਨੂੰ ਹੱਥ ਵਿਚ ਫੜੀ ਯੰਗ ਸੂ ਬੋਲ ਰਿਹਾ ਸੀ, "ਹਾਂ, ਇਸ ਵਿਚ ਮਹਾਮਾਰੀ ਕੈਦ ਹੈ। ਇਸ ਛੋਟੀ ਜਿਹੀ ਟਿਊਬ ਦੇ ਦ੍ਰਵ ਨੂੰ, ਜੇ ਕਿਧਰੇ ਕਿਸੇ ਵੀ ਖਾਣ ਵਾਲੀ ਚੀਜ਼ ਵਿਚ ਰਲਾ ਦੇਵੋ ਤਾਂ ਇਸ ਵਿਚਲੇ ਸੂਖਮ ਵਿਸ਼ਾਣੂ, ਜਿਨ੍ਹਾਂ ਦੀ ਨਾ ਤਾਂ ਕੋਈ ਮਹਿਕ ਹੈ ਤੇ ਨਾ ਹੀ ਸੁਆਦ ਅਤੇ ਜਿਨ੍ਹਾਂ ਨੂੰ ਦੇਖਣ ਲਈ ਬਹੁਤ ਹੀ ਸ਼ਕਤੀਸ਼ਾਲੀ ਖੁਰਦਬੀਨ ਦੀ ਲੋੜ ਪੈਂਦੀ ਹੈ, ਬੱਸ 'ਜਾਓ ਤੇ ਵਧੋ ਫੁਲੋ' ਕਹਿੰਦਿਆਂ ਹੀ ਤੁਰੰਤ ਦਮ-ਘੋਟੂ, ਦਰਦਨਾਕ ਤੇ ਭਿਆਨਕ ਮੌਤ ਦਾ ਕਹਿਰ ਸ਼ਹਿਰ 'ਤੇ ਢਾਹੁਣਾ ਸ਼ੁਰੂ ਕਰ ਦੇਣਗੇ।

ਤਦ ਮੌਤ ਦਾ ਇਹ ਏਜੰਟ ਥਾਂ ਥਾਂ ਆਪਣਾ ਸ਼ਿਕਾਰ ਭਾਲਦਾ ਫਿਰ ਰਿਹਾ ਹੋਵੇਗਾ। ਉਹ ਕਿਧਰੇ ਕਿਸੇ ਮਾਂ ਤੋਂ ਉਸ ਦਾ ਬੱਚਾ ਖੋਹ ਰਿਹਾ ਹੋਵੇਗਾ ਤੇ ਕਿਧਰੇ ਕਿਸੇ ਔਰਤ ਤੋਂ ਉਸ ਦਾ ਸੁਹਾਗ। ਕਿਧਰੇ ਇਹ ਕਿਸੇ ਕਾਰਿੰਦੇ ਨੂੰ ਆਪਣੀ ਡਿਊਟੀ ਕਰਨ ਤੋਂ ਅਯੋਗ ਕਰ ਰਿਹਾ ਹੋਵੇਗਾ ਤੇ ਕਿਧਰੇ ਕਿਸੇ ਮਿਹਨਤਕਸ਼ ਲਈ ਔਕੜਾਂ ਦਾ ਪਿਟਾਰਾ ਖੋਲ੍ਹ ਰਿਹਾ ਹੋਵੇਗਾ। ਇਸ ਦੀ ਲਾਗ ਕਾਰਨ ਬੀਮਾਰ ਹੋਏ ਮਨੁੱਖ ਦੀ ਛਿੱਕ, ਖੰਘ, ਥੁੱਕ ਤੇ ਲਾਰ ਇਸ ਦੇ ਵਾਹਨ ਹਨ। ਇਨ੍ਹਾਂ ਹੀ ਵਾਹਨਾਂ ਦਾ ਸਵਾਰ ਹੋ ਇਹ ਸ਼ਹਿਰ ਦੀਆਂ ਹਵਾਵਾਂ ਵਿਚ ਉਡਦਾ-ਪੁਡਦਾ, ਥਾਂ-ਕੁਥਾਂ ਸ਼ਹਿ ਲਾਈ ਬੈਠਾ, ਪਾਰਕਾਂ ਵਿਚ ਲੱਗੀਆਂ ਪੀਂਘਾਂ ਉਤੇ ਝੂਟੇ ਲੈਂਦੇ ਛੋਟੇ ਬੱਚਿਆਂ, ਜਿਮ ਵਿਚ ਕਸਰਤ ਕਰ ਰਹੇ ਯੁਵਕਾਂ, ਰੈਸਤਰਾਂ ਵਿਚ ਖਾਣਾ ਖਾਂਦੇ ਪਰਿਵਾਰਾਂ, ਸਕੂਲਾਂ ਤੇ ਲਾਇਬ੍ਰੇਰੀਆਂ ਵਿਚ ਪੜ੍ਹ ਰਹੇ ਵਿਦਿਆਰਥੀਆਂ, ਖਰੀਦੋ-ਫਰੋਖਤ ਕਰਦੇ ਲੋਕਾਂ, ਬਿਜਨਸ ਮੀਟਿੰਗਾਂ ਤੇ ਕਾਨਫਰੰਸਾਂ ਵਿਚ ਮਸ਼ਰੂਫ ਆਵਾਮ, ਜਨਤਕ ਰੈਲੀਆਂ ਤੇ ਜਨ-ਸਮਾਗਮਾਂ ਵਿਚ ਹਿੱਸਾ ਲੈ ਰਹੀ ਜਨਤਾ, ਹੋਰ ਤਾਂ ਹੋਰ ਬੱਸਾਂ ਜਾਂ ਟੈਕਸੀਆਂ ਵਿਚ ਸਫਰ ਕਰਦੇ ਯਾਤਰੀਆਂ ਦਾ ਵੀ ਪਿੱਛਾ ਕਰ ਰਿਹਾ ਹੋਵੇਗਾ। ਆਪਣੇ ਅਣਜਾਣਪੁਣੇ ਵਿਚ, ਕਿਧਰੇ ਇਸ ਘਰ ਦੇ ਤੇ ਕਿਧਰੇ ਉਸ ਘਰ ਦੇ ਵਾਸੀ, ਜਿਨ੍ਹਾਂ ਆਪਣੇ




ਹੱਥਾਂ ਨੂੰ ਵਾਰ ਵਾਰ ਸਾਬਣ ਨਾਲ ਚੰਗੀ ਤਰ੍ਹਾਂ ਸਾਫ ਕੀਤੇ ਬਿਨਾ ਖਾਣਾ ਖਾ ਲਿਆ ਹੋਵੇਗਾ, ਜਾਂ ਫਿਰ ਸੁਤੇ-ਸਿਧ ਆਪਣੀਆਂ ਅੱਖਾਂ, ਨੱਕ ਜਾਂ ਮੂੰਹ ਨੂੰ ਇਸ ਦੀ ਲਾਗ ਭਰਿਆ ਹੱਥ ਲਾ ਲਿਆ ਹੋਵੇਗਾ, ਸਹਿਜੇ ਹੀ ਇਸ ਦਾ ਸ਼ਿਕਾਰ ਹੋ ਜਾਣਗੇ। ਅਣਧੋਤੇ ਫਲ ਤੇ ਸਲਾਦ ਖਾਂਦਿਆਂ, ਜਨਤਕ ਨਲ ਤੋਂ ਪਾਣੀ ਪੀਂਦਿਆਂ, ਤੇ ਜਾਂ ਫਿਰ ਦੋਸਤਾਂ ਮਿੱਤਰਾਂ ਨਾਲ ਹੱਥ ਮਿਲਾਉਂਦਿਆਂ ਪਤਾ ਨਹੀਂ ਕਦੋਂ ਤੇ ਕਿਥੇ ਇਹ ਜਮਦੂਤ ਤੁਹਾਨੂੰ ਪਕੜ ਲਵੇ। ਸਿਰਫ ਇਕ ਵਾਰ ਮਨੁੱਖ ਦੀ ਸਾਹ ਪ੍ਰਣਾਲੀ ਜਾਂ ਖਾਧ-ਪਦਾਰਥਾਂ ਦਾ ਅੰਗ ਬਣਦਿਆਂ ਹੀ, ਇਸ ਤੋਂ ਪਹਿਲਾਂ ਕਿ ਅਸੀਂ ਇਸ ਨੂੰ ਕਾਬੂ ਕਰ ਸਕੀਏ, ਦੇਖਦਿਆਂ ਹੀ ਦੇਖਦਿਆਂ ਇਹ ਮਹਾਂਨਗਰਾਂ, ਸ਼ਹਿਰਾਂ ਤੇ ਕਸਬਿਆਂ ਦੀ ਸੰਪੂਰਨ ਬਰਬਾਦੀ ਦਾ ਕਸੀਦਾ ਲਿਖ ਚੁਕਾ ਹੋਵੇਗਾ।"

ਅਚਾਨਕ ਉਹ ਚੁੱਪ ਹੋ ਗਿਆ। ਉਸ ਨੂੰ ਯਾਦ ਆ ਗਿਆ ਕਿ ਬਿਆਨਬਾਜ਼ੀ ਕਰਨਾ ਉਸ ਦੀ ਕਮਜ਼ੋਰੀ ਸੀ।

"ਪਰ ਇਹ ਵਾਇਰਸ-ਸੈਂਪਲ ਇਥੇ ਪੂਰੀ ਤਰ੍ਹਾਂ ਮਹਿਫੂਜ਼ ਹੈ।" ਉਹ ਬੋਲਿਆ।

ਲੀਓ ਨੇ ਸਿਰ ਹਿਲਾਇਆ। ਉਸ ਦੀਆਂ ਅੱਖਾਂ ਵਿਚ ਅਜੀਬ ਚਮਕ ਸੀ। ਖੰਘੂਰਾ ਮਾਰ ਉਸ ਨੇ ਗਲਾ ਸਾਫ ਕੀਤਾ। "ਇਹ ਅਰਾਜਕਤਾਵਾਦੀ, ਬਦਮਾਸ਼," ਉਹ ਬੋਲਿਆ, "ਬਿਲਕੁਲ ਮੂਰਖ ਹਨ, ਪੱਕੇ ਮੂਰਖ! ਆਪਣੇ ਮੁਫਾਦ ਲਈ ਉਹ ਬੰਬਾਂ ਦੀ ਵਰਤੋਂ ਕਰਦੇ ਨੇ, ਜਦ ਕਿ ਉਹ ਜਾਣਦੇ ਹੀ ਨਹੀਂ ਕਿ ਅਜਿਹੀ ਚੀਜ਼ ਵੀ ਮੌਜੂਦ ਹੈ। ਮੇਰਾ ਖਿਆਲ ਹੈ...।"

ਅਚਾਨਕ ਫੋਨ ਦੀ ਘੰਟੀ ਵੱਜੀ। ਯੰਗ ਸੂ ਦਾ ਧਿਆਨ ਉਚਕਿਆ ਤੇ ਉਹ ਫੋਨ ਸੁਣਨ ਲੱਗਾ। ਥੋੜ੍ਹੀ ਜਿਹੀ ਗੱਲਬਾਤ ਪਿਛੋਂ ਉਹ ਬੋਲਿਆ, "ਤੁਸੀਂ ਰੁਕੋ! ਮੈਂ ਇਕ ਮਿੰਟ ਵਿਚ ਵਾਪਸ ਆਉਂਦਾ ਹਾਂ।" ਤੇ ਉਹ ਪ੍ਰਯੋਗਸ਼ਾਲਾ ਦਾ ਦਰਵਾਜਾ ਖੋਲ੍ਹ ਬਾਹਰ ਚਲਾ ਗਿਆ। ਜਦ ਉਹ ਮੁੜ ਪ੍ਰਯੋਗਸ਼ਾਲਾ ਵਿਚ ਦਾਖਿਲ ਹੋਇਆ ਤਾਂ ਲੀਓ ਆਪਣੀ ਘੜੀ ਦੇਖ ਰਿਹਾ ਸੀ।

"ਪਤਾ ਹੀ ਨਹੀਂ ਲੱਗਾ ਕਿ ਇਕ ਘੰਟਾ ਬੀਤ ਗਿਆ ਹੈ ਗੱਲਬਾਤ ਵਿਚ!" ਉਹ ਬੋਲਿਆ। "ਤਿੰਨ ਵੱਜ ਰਹੇ ਹਨ। ਮੈਨੂੰ ਇਥੋਂ ਢਾਈ ਵਜੇ ਚੱਲ ਪੈਣਾ ਚਾਹੀਦਾ ਸੀ। ਸਿਰਫ ਗੱਲ ਤਾਂ ਇਹ ਹੈ ਕਿ ਤੁਹਾਡਾ ਖੋਜ ਕਾਰਜ ਸੱਚਮੁੱਚ ਹੀ ਦਿਲਚਸਪ ਹੈ, ਜਿਸ ਕਾਰਨ ਵਕਤ ਦੇ ਗੁਜ਼ਰ ਜਾਣ ਦਾ ਪਤਾ ਹੀ ਨਹੀਂ ਚਲਿਆ, ਪਰ ਹੁਣ ਮੈਨੂੰ ਜਾਣਾ ਹੋਵੇਗਾ। ਕਿਉਂਕਿ ਸਾਢੇ ਤਿੰਨ ਵਜੇ ਮੇਰਾ ਕਿਸੇ ਹੋਰ ਸੱਜਣ ਨੂੰ ਮਿਲਣਾ ਤੈਅ ਹੈ। ਇਸ ਮੁਲਾਕਾਤ ਲਈ ਸਮਾਂ ਦੇਣ ਵਾਸਤੇ ਤੁਹਾਡਾ ਸ਼ੁਕਰੀਆ।"

ਯੰਗ ਸੂ ਉਸ ਨੂੰ ਦਰਵਾਜੇ ਤਕ ਛੱਡਣ ਗਿਆ ਤੇ ਸੋਚਾਂ ਵਿਚ ਡੁੱਬਾ ਵਾਪਸ ਆ ਗਿਆ। ਉਹ ਲੀਓ ਬਾਰੇ ਹੀ ਸੋਚ ਰਿਹਾ ਸੀ ਕਿ ਨਾ ਤਾਂ ਉਹ ਕੋਰੀਅਨ ਨਜ਼ਰ ਆ ਰਿਹਾ ਸੀ ਤੇ ਨਾ ਹੀ ਤਾਇਵਾਨੀ ਜਾਂ ਜਾਪਾਨੀ। "ਲਗਦਾ ਹੈ ਕਿ ਉਹ ਜ਼ਰੂਰ ਹੀ ਮਾੜੇ ਸੁਭਾਅ ਵਾਲਾ ਸਥਾਨਕ ਵਾਸੀ ਹੀ ਹੈ।" ਉਹ ਬੁੜਬੁੜਾਇਆ। "ਦੇਖੋ ਤਾਂ ਉਹ ਜ਼ਿੰਦਾ ਨੋਵਲ ਕਰੋਨਾ ਵਾਇਰਸ ਦੇ ਸੈਂਪਲ ਨੂੰ ਕਿਵੇਂ ਘੂਰ ਰਿਹਾ ਸੀ।"

ਅਚਾਨਕ ਉਸ ਨੂੰ ਇਕ ਨਵੀਂ ਚਿੰਤਾ ਨੇ ਘੇਰ ਲਿਆ। ਉਹ ਤੇਜ਼ੀ ਨਾਲ ਖੁਰਦਬੀਨ ਵਾਲੇ ਮੇਜ਼ ਵੱਲ ਗਿਆ ਤੇ ਤੁਰੰਤ ਹੀ ਆਪਣੇ ਰਿਕਾਰਡ-ਟੇਬਲ ਵੱਲ ਮੁੜ ਆਇਆ। ਤਦ ਉਸ ਨੇ ਕਾਹਲੀ ਕਾਹਲੀ ਆਪਣੀਆਂ ਜੇਬਾਂ ਦੀ ਫੋਲਾ-ਫਾਲੀ ਕੀਤੀ, ਤੇ ਫਿਰ ਫਟਾਫਟ ਦਰਵਾਜੇ ਵੱਲ ਨੱਠ ਉਠਿਆ। "ਸ਼ਾਇਦ ਮੈਂ ਉਸ ਨੂੰ ਜੂਲੀਆ ਦੇ ਮੇਜ਼ ਉਤੇ ਭੁੱਲ ਆਇਆ ਹੋਵਾਂ।" ਉਹ ਬੁੜਬੁੜਾ ਰਿਹਾ ਸੀ। ਕਮਰੇ ਤੋਂ ਬਾਹਰ ਆ ਉਹ ਦੁਖ ਭਰੀ ਅਵਾਜ਼ ਨਾਲ ਚੀਖਿਆ, "ਜੂਲੀਆ!"

"ਜੀ ਸਰ।" ਨਾਲ ਦੇ ਕਮਰੇ 'ਚੋਂ ਉਸ ਦੀ ਸੈਕਟਰੀ ਦੀ ਅਵਾਜ਼ ਸੁਣਾਈ ਦਿੱਤੀ।

"ਹੁਣੇ ਹੁਣੇ ਜਦ ਆਪਾਂ ਗੱਲ ਕੀਤੀ ਸੀ, ਕੀ ਮੈਂ ਤੇਰੇ ਮੇਜ਼ ਉਤੇ ਕੁਝ ਭੁੱਲ ਤਾਂ ਨਹੀਂ ਆਇਆ?"

ਕੁਝ ਦੇਰ ਦੀ ਚੁੱਪ ਪਿਛੋਂ ਜੂਲੀਆ ਦੀ ਅਵਾਜ਼ ਸੁਣਾਈ ਦਿੱਤੀ, "ਨਹੀਂ ਸਰ! ਇਥੇ ਤਾਂ ਕੁਝ ਵੀ ਨਹੀਂ...।"

"ਸਤਿਆਨਾਸ!" ਯੰਗ ਸੂ ਚੀਖਿਆ ਤੇ ਤੇਜ਼ੀ ਨਾਲ ਬਾਹਰ ਵੱਲ ਭੱਜਿਆ। ਕਾਹਲੇ ਕਾਹਲੇ ਕਦਮੀਂ ਪ੍ਰਯੋਗਸ਼ਾਲਾ ਦੇ ਹਾਲ ਨੂੰ ਪਾਰ ਕਰ ਉਹ ਬਾਹਰਲੀ ਸੜਕ ਉਤੇ ਪਹੁੰਚ ਗਿਆ।

ਜ਼ੋਰ ਨਾਲ ਖੋਲ੍ਹੇ ਗਏ ਦਰਵਾਜੇ ਦੀ ਠਾਹ ਸੁਣਦੇ ਹੀ ਜੂਲੀਆ ਅਚਨਚੇਤੀ ਡਰ ਕਾਰਨ ਖਿੜਕੀ ਵੱਲ ਭੱਜੀ। ਸੜਕ ਉਤੇ ਅੱਜ ਦਾ ਮੁਲਾਕਾਤੀ ਟੈਕਸੀ ਵਿਚ ਬੈਠ ਰਿਹਾ ਨਜ਼ਰ ਆਇਆ।

ਨੰਗੇ ਸਿਰ, ਬਿਨਾ ਕੋਟ ਪਹਿਨੀ ਯੰਗ ਸੂ ਆਮ ਚੱਪਲਾਂ ਵਿਚ ਹੀ ਪਾਗਲਾਂ ਵਾਂਗ ਹਰਕਤਾਂ ਕਰਦਾ ਬਾਹਰ ਵੱਲ ਨੱਠਿਆ ਜਾ ਰਿਹਾ ਸੀ। ਉਸ ਦੀ ਇਕ ਚੱਪਲ ਦਾ ਸਟਰੈਪ ਵੀ ਨਿਕਲ ਆਇਆ ਸੀ, ਪਰ ਉਹ ਇਸ ਵੱਲ ਬਿਨਾ ਧਿਆਨ ਦਿੱਤੇ, ਉਵੇਂ ਹੀ ਚੱਪਲ ਨੂੰ ਘਸੀਟਦਾ ਦੌੜਿਆ ਜਾ ਰਿਹਾ ਸੀ।

"ਲੱਗਦਾ ਹੈ ਕਿ ਡਾ. ਯੰਗ ਸੂ ਦਾ ਦਿਮਾਗ ਹਿੱਲ ਗਿਆ ਹੈ।" ਜੂਲੀਆ ਬੁੜਬੁੜਾਈ। "ਡਾ. ਯੰਗ ਸੂ ਰੁਕੋ...।" ਸ਼ਬਦ ਅਜੇ ਉਸ ਦੇ ਮੂੰਹ ਵਿਚ ਹੀ ਸਨ ਕਿ ਉਸ ਦੇਖਿਆ, ਅੱਜ ਵਾਲਾ ਮੁਲਾਕਾਤੀ ਵੀ ਆਲੇ ਦੁਆਲੇ ਝਾਕਦਾ, ਅਜਿਹੀ ਹੀ ਦਿਮਾਗੀ ਬੀਮਾਰੀ ਦਾ ਸ਼ਿਕਾਰ ਲੱਗ ਰਿਹਾ ਸੀ। ਮੁਲਾਕਾਤੀ, ਯੰਗ ਸੂ ਵੱਲ ਅਜੀਬ ਇਸ਼ਾਰਾ ਕਰ, ਫਟਾਫਟ ਕਾਰ ਵਿਚ ਬੈਠ ਗਿਆ। ਜੋ ਤੇਜ਼ ਗਤੀ ਨਾਲ 'ਹੁਨੇਨ ਸੀ ਫੂਡ ਮਾਰਕਿਟ' ਵੱਲ ਜਾਂਦੇ ਰਸਤੇ ਉਤੇ ਅੱਖੋਂ ਓਹਲੇ ਹੁੰਦੀ ਜਾ ਰਹੀ ਸੀ। ਤੁਰੰਤ ਹੀ ਯੰਗ ਸੂ ਨੇ ਪਿੱਛਿਓਂ ਆ ਰਹੀ ਟੈਕਸੀ ਨੂੰ ਹੱਥ ਦਿੱਤਾ, ਤੇ ਅਗਲੇ ਹੀ ਪਲ ਉਸ ਵਿਚ ਬੈਠ ਤੇਜ਼ ਰਫਤਾਰ ਨਾਲ ਲੀਓ ਦੀ ਟੈਕਸੀ ਦਾ ਪਿੱਛਾ ਕਰਦਾ ਨਜ਼ਰ ਆਇਆ।

ਜੂਲੀਆ ਖਿੜਕੀ ਤੋਂ ਪਿੱਛੇ ਹਟ, ਕਮਰੇ ਵਿਚ ਹੱਕੀ-ਬੱਕੀ ਖੜੀ ਸੀ।

"ਬੇਸ਼ਕ ਡਾ. ਯੰਗ ਸੂ ਥੋੜ੍ਹਾ ਸਨਕੀ ਹੈ, ਪਰ ਸਰਦੀ ਦੇ ਇਸ ਮੌਸਮ ਵਿਚ ਬਿਨਾ ਟੋਪ, ਕੋਟ ਤੇ ਬੂਟ-ਜੁਰਾਬਾਂ ਪਹਿਨੇ ਸੜਕਾਂ ਉਤੇ ਦੌੜੇ ਫਿਰਨਾ ਕਿਥੋਂ ਦੀ ਸਿਆਣਪ ਹੈ?" ਉਸ ਸੋਚਿਆ।

ਅਚਾਨਕ ਉਸ ਨੂੰ ਖੁਸ਼ਨੁਮਾ ਵਿਚਾਰ ਆਇਆ। ਜਲਦੀ ਜਲਦੀ ਉਸ ਨੇ ਹਾਲ ਨੂੰ ਪਾਰ ਕਰ ਬਾਹਰਲੇ ਦਰਵਾਜੇ ਕੋਲ ਪਏ ਆਪਣੇ ਬੂਟ ਪਹਿਨੇ, ਕਿੱਲੀ ਤੋਂ ਆਪਣਾ ਹੈਟ ਤੇ ਕੋਟ ਲਾਹ ਕੇ ਤੁਰੰਤ ਪਹਿਨਦਿਆਂ ਉਸ ਨੇ ਯੰਗ ਸੂ ਦਾ ਹੈਟ ਤੇ ਕੋਟ ਵੀ ਚੁੱਕ ਲਿਆ।

ਪ੍ਰਯੋਗਸ਼ਾਲਾ ਤੋਂ ਬਾਹਰ ਆ, ਕੋਲੋਂ ਲੰਘ ਰਹੀ ਟੈਕਸੀ ਨੂੰ ਰੋਕ, ਵਿਚ ਬੈਠਦਿਆਂ ਹੀ ਉਸ ਨੂੰ 'ਹੁਨੇਨ ਸੀ ਫੂਡ ਮਾਰਕਿਟ' ਵੱਲ ਚੱਲਣ ਲਈ ਕਿਹਾ ਤਾਂ ਜੋ ਕੁਝ ਦੇਰ ਪਹਿਲਾਂ ਹੀ ਟੈਕਸੀ ਵਿਚ ਬੈਠੇ, ਨੰਗੇ ਸਿਰ ਤੇ ਬਿਨਾ ਕੋਟ ਵਾਲੇ ਬੰਦੇ ਨੂੰ ਲੱਭ ਸਕੇ।

"ਨੰਗੇ ਸਿਰ ਵਾਲਾ ਤੇ ਬਿਨਾ ਕੋਟ ਤੋਂ, ਮੈਡਮ ਜੀ! ਠੀਕ ਹੈ ਨਾ।" ਕਹਿ ਡਰਾਈਵਰ ਨੇ ਐਕਸੀਲੇਟਰ ਦਬਾ, ਦੱਸੀ ਦਿਸ਼ਾ ਵੱਲ ਟੈਕਸੀ ਸਰਪਟ ਦੁੜਾ ਦਿੱਤੀ।

—

ਜਿਵੇਂ ਹੀ ਤੇਜ਼ ਰਫਤਾਰ ਟੈਕਸੀ 'ਹੁਨੇਨ ਟੈਕਸੀ ਸਟੈਂਡ' ਨੇੜੇ ਪੁੱਜੀ, ਜਿਥੇ ਅਕਸਰ ਡਰਾਈਵਰ ਤੇ ਹੋਰ ਵਿਹਲੜ ਬੈਠੇ ਰਹਿੰਦੇ ਸਨ। ਉਹ ਸਾਰੇ ਹੀ ਇੰਨੀ ਤੇਜ਼ੀ ਨਾਲ ਆ ਰਹੀ ਟੈਕਸੀ ਨੂੰ ਦੇਖ ਹੈਰਾਨ ਹੋ ਗਏ। ਤੁਰੰਤ ਹੀ ਟੈਕਸੀ ਅੱਖੋਂ ਓਹਲੇ ਹੋ ਗਈ।

"ਆਹ! ਲੀਅ ਨੂੰ ਕੀ ਹੋ ਗਿਆ? ਇੰਨੀ ਤੇਜ਼ੀ?" ਮੋਟੇ ਨੂੰਲੇ ਜੁੱਸੇ ਵਾਲੇ ਯਿਫਾਨ ਦੇ ਬੋਲ ਸਨ।

"ਜਾਪਦਾ ਹੈ ਐਕਸੀਲੇਟਰ ਦੀ ਇਹੀ ਤਿਹੀ ਕਰ ਰਿਹਾ ਹੈ।" ਛੋਟੇ ਕੱਦ ਵਾਲਾ ਵਾਂਗ ਬੋਲਿਆ।

"ਓਹ ਦੇਖੋ! ਇਕ ਹੋਰ ਅਜਿਹਾ ਹੀ ਪਾਗਲ ਆ ਰਿਹਾ ਹੈ।" ਬੁੱਢੇ ਸੈਂਗ ਨੇ ਸਰਪਟ ਦੌੜੀ ਆ ਰਹੀ ਟੈਕਸੀ ਵੱਲ ਇਸ਼ਾਰਾ ਕਰਦਿਆਂ ਕਿਹਾ।

"ਇਹ ਤਾਂ ਆਪਣਾ ਫੈਂਗ ਹੈ।" ਯਿਫਾਨ ਕਹਿ ਰਿਹਾ ਸੀ, "ਇਸ ਨੂੰ ਕੀ ਹੋ ਗਿਆ? ਜਾਪਦਾ ਹੈ ਇਹ ਲੀਅ ਦੀ ਟੈਕਸੀ ਦਾ ਪਿੱਛਾ ਕਰ ਰਿਹਾ ਹੈ।"

ਟੈਕਸੀ ਸਟੈਂਡ 'ਤੇ ਹਾਜ਼ਰ ਮੰਡਲੀ ਵਿਚ ਜੋਸ਼ ਭਰ ਗਿਆ ਸੀ। ਇਕੱਠੀਆਂ ਕਈ ਅਵਾਜ਼ਾਂ ਸੁਣਾਈ ਦਿੱਤੀਆਂ, "ਤੇਜ਼ ਚਲਾ ਫੈਂਗ, ਹੋਰ ਤੇਜ਼ ਚਲਾ।" "ਵਾਹ ਬਈ ਵਾਹ! ਜ਼ਬਰਦਸਤ ਮੁਕਾਬਲਾ ਹੈ ਇਹ।" "ਤੂੰ ਜ਼ਰੂਰ ਉਸ ਨੂੰ ਫੜ੍ਹ ਲਵੇਂਗਾ।" "ਬੱਸ ਜ਼ਰਾ ਹੋਰ ਤੇਜ਼ ਕਰ ਲੈ ਆਪਣੀ ਗੱਡੀ। ਬਾਜ਼ੀ ਜਿੱਤ ਲਈ ਸਮਝ।"

"ਲਗਦਾ ਹੈ, ਚਲਾਨ ਕਟੇਗਾ ਇਨ੍ਹਾਂ ਦਾ ਤੇਜ਼ ਸਪੀਡ ਕਾਰਨ।" ਵਾਂਗ ਦੇ ਬੋਲ ਸਨ।

"ਤੋਬਾ, ਤੋਬਾ, ਮੈਨੂੰ ਤਾਂ ਚੱਕਰ ਆ ਰਿਹਾ ਹੈ।" ਤੇਜ਼ੀ ਨਾਲ ਨੇੜੇ ਆ ਰਹੀ ਇਕ ਹੋਰ ਟੈਕਸੀ ਨੂੰ ਦੇਖ ਬੁੱਢਾ ਸੈਂਗ ਬੋਲਿਆ। "ਓਹ ਦੇਖੋ, ਇਕ ਹੋਰ ਪਾਗਲ ਆ ਰਿਹਾ ਹੈ।" "ਜਾਪਦਾ ਹੈ ਸ਼ਹਿਰ ਦੇ ਸਾਰੇ ਡਰਾਈਵਰ ਪਾਗਲ ਹੋ ਗਏ ਨੇ ਅੱਜ।"

"ਇਹ ਤਾਂ ਆਪਣਾ ਯਾਂਗ ਹੈ।" ਛੋਟੇ ਕੱਦ ਵਾਲਾ ਵਾਂਗ ਬੋਲਿਆ।

"ਆਹ ਤਾਂ ਔਰਤ ਉਨ੍ਹਾਂ ਦਾ ਪਿੱਛਾ ਕਰ ਰਹੀ ਹੈ।" ਯਿਫਾਨ ਦੇ ਬੋਲ ਸਨ, "ਆਮ ਕਰ ਕੇ ਤਾਂ ਇਸ ਤੋਂ ਉਲਟ ਹੁੰਦਾ ਹੈ।"

"ਉਸ ਦੇ ਹੱਥ ਵਿਚ ਕੀ ਹੈ?"

"ਜਾਪਦਾ ਹੈ ਕੋਈ ਚੀਜ਼ ਹੈ!" ਕਿਸੇ ਦੇ ਬੋਲ ਸਨ।

"ਬਾਹਲਾ ਸਿਆਣਾ ਹੈ ਇਹ ਤਾਂ।" ਕੋਈ ਹੋਰ ਕਹਿ ਰਿਹਾ ਸੀ।

"ਬੁੱਢਾ ਲੀਅ ਤਾਂ ਨੰਬਰ ਲੈ ਗਿਆ। ਅੱਵਲ ਰਿਹਾ ਉਹ ਤਾਂ, ਦੂਜਾ ਨੰਬਰ ਕਿਸ ਦਾ ਰਿਹਾ?" ਵਾਂਗ ਪੁੱਛ ਰਿਹਾ ਸੀ।

ਜੂਲੀਆ ਦੀ ਕਾਰ ਵਾਹ ਵਾਹ ਦੇ ਤੀਬਰ ਸ਼ੋਰ-ਓ-ਗੁੱਲ ਵਿਚੋਂ ਗੁਜ਼ਰੀ। ਅਜਿਹਾ ਸ਼ੋਰ-ਓ-ਗੁੱਲ ਉਸ ਨੂੰ ਬਿਲਕੁਲ ਹੀ ਪਸੰਦ ਨਹੀਂ ਸੀ। ਉਹ ਤਾਂ ਸੋਚ ਰਹੀ ਸੀ ਕਿ ਉਹ ਤਾਂ ਸਿਰਫ ਆਪਣੀ ਡਿਊਟੀ ਕਰ ਰਹੀ ਸੀ। ਟੈਕਸੀ ਨੇ 'ਚਐਨ ਹਿਲ ਪਾਰਕ' ਦਾ ਘੁੰਮੇਟਾ ਪੂਰਾ ਕਰ 'ਹੁਨੇਨ ਸੀ ਫੂਡ ਮਾਰਕਿਟ' ਦੀ ਰਾਹ ਫੜ੍ਹ ਲਈ।

(ਬਾਕੀ ਅਗਲੇ ਸਫੇ 'ਤੇ)

ਜੂਲੀਆ ਦੀਆਂ ਅੱਖਾਂ ਵੈਂਗ ਦੀ ਟੈਕਸੀ ਦੀ ਪਿੱਠ ਉਤੇ ਟਿਕੀਆਂ ਹੋਈਆ ਸਨ, ਜਿਸ ਵਿਚ ਡਾ. ਯੰਗ ਸੂ ਆਪਣੇ ਕਮਲਪੁਣੇ ਕਾਰਨ ਠੰਢ ਨਾਲ ਠੁਰ ਠੁਰ ਕਰ ਰਿਹਾ ਸੀ।

—

ਸਭ ਤੋਂ ਅਗਲੀ ਟੈਕਸੀ ਵਿਚ, ਲੀਓ ਪਿਛਲੀ ਸੀਟ ਦੇ ਕੋਨੇ ਵਿਚ ਸੁੰਗੜਿਆ ਬੈਠਾ ਸੀ। ਸੱਜੇ ਹੱਥ ਵਿਚ ਉਸ ਨੇ ਉਹ ਛੋਟੀ ਜਿਹੀ ਟਿਊਬ ਕੱਸ ਕੇ ਫੜੀ ਹੋਈ ਸੀ, ਜਿਸ ਵਿਚ ਭਿਆਨਕ ਤਬਾਹੀ ਦੇ ਅੰਕੁਰ ਮੌਜੂਦ ਸਨ। ਉਸ ਦੇ ਚਿਹਰੇ ਉਤੇ ਡਰ ਤੇ ਖੁਸ਼ੀ ਦੇ ਹਾਵ-ਭਾਵ ਰਲ-ਗਡ ਸਨ। ਸਭ ਤੋਂ ਵੱਡਾ ਡਰ ਤਾਂ ਉਸ ਨੂੰ ਇਹ ਸੀ ਕਿ ਕਿਧਰੇ ਉਹ ਆਪਣਾ ਮਕਸਦ ਪੂਰਾ ਕਰਨ ਤੋਂ ਪਹਿਲਾਂ ਹੀ ਫੜਿਆ ਨਾ ਜਾਵੇ। ਉਸ ਦੇ ਇਸ ਡਰ ਵਿਚ, ਕੀਤੇ ਜਾ ਰਹੇ ਜੁਰਮ ਦਾ ਡਰ ਵੀ ਸ਼ਾਮਿਲ ਸੀ, ਪਰ ਉਸ ਨੂੰ ਕੀਤੇ ਜਾਣ ਵਾਲੇ ਕਾਰਨਾਮੇ ਦੀ ਖੁਸ਼ੀ, ਮੌਜੂਦਾ ਡਰ ਨਾਲੋਂ ਕਿਤੇ ਵੱਧ ਸੀ।

ਉਸ ਦੇ ਮਨ ਵਿਚ ਖਿਆਲਾਂ ਦੀ ਉਥਲ-ਪੁਥਲ ਸੀ, "ਅੱਜ ਤਕ ਕੋਈ ਵੀ ਅਰਾਜਕਤਾਵਾਦੀ ਅਜਿਹੇ ਕਾਰਨਾਮੇ ਨੂੰ ਕਰਨਾ ਤਾਂ ਕੀ, ਇਸ ਬਾਰੇ ਸੋਚ ਵੀ ਨਹੀਂ ਸਕਿਆ। ਏਮਿਲੀ ਅਰਮੰਡ, ਰੇਮੰਡ ਕਲੇਮਿਨ ਤੇ ਵਿਕਟਰ ਸਰਗੇ ਜਿਹੀਆਂ ਸ਼ਖਸੀਅਤਾਂ, ਜਿਨ੍ਹਾਂ ਦਾ ਮੈਂ ਹਮੇਸ਼ਾ ਕਾਇਲ ਰਿਹਾ ਸਾਂ, ਉਨ੍ਹਾਂ ਦੇ ਨਾਮ, ਮੇਰੇ ਇਸ ਕਾਰਨਾਮੇ ਦੀ ਬਦੌਲਤ ਫਿੱਕੇ ਪੈ ਜਾਣਗੇ। ਮੈਂ ਤਾਂ ਇਸ ਨਿੱਕੀ ਜਿਹੀ ਟਿਊਬ ਵਿਚਲੇ ਦ੍ਰਵ ਨੂੰ ਕਿਸੇ ਖਾਣਾ ਭੰਡਾਰ ਵਿਖੇ ਡੋਲ੍ਹਣਾ ਹੀ ਹੈ। ਬਾਕੀ ਕੰਮ ਤਾਂ ਦ੍ਰਵ ਵਿਚਲੇ ਨਿਕਚੂਆਂ ਨੇ ਆਪੇ ਕਰ ਲੈਣਾ ਹੈ।"

ਉਸ ਨੂੰ ਆਪਣੇ ਆਪ 'ਤੇ ਰਸ਼ਕ ਆ ਰਿਹਾ ਸੀ। ਇਹ ਸਾਰਾ ਕੁਝ ਉਸ ਨੇ ਕਿੰਨੀ ਚਲਾਕੀ ਨਾਲ ਵਿਉਂਤ ਲਿਆ ਸੀ, ਪਹਿਲਾਂ ਡਾ. ਯੰਗ ਸੂ ਨੂੰ ਮਿਲਣ ਲਈ ਲੋੜੀਂਦੇ ਜਾਣ-ਪਛਾਣ ਪੱਤਰ ਦੀ ਜਾਲਸਾਜ਼ੀ, ਤੇ ਫਿਰ ਕਿਵੇਂ ਸੁਚੱਜੇ ਢੰਗ ਨਾਲ ਮੌਕੇ ਦਾ ਫਾਇਦਾ ਉਠਾਉਣਾ। "ਆਖਰ ਦੁਨੀਆਂ ਨੂੰ ਮੇਰੀ ਸ਼ਖਸੀਅਤ ਦਾ ਕਾਇਲ ਹੋਣਾ ਹੀ ਹੋਵੇਗਾ," ਉਹ ਸੋਚ ਰਿਹਾ ਸੀ, "ਉਹ ਸਾਰੇ ਲੋਕ, ਜੋ ਸਦਾ ਮੇਰਾ ਮਜ਼ਾਕ ਬਣਾਉਂਦੇ ਰਹੇ, ਤਾਅਨੇ ਕੱਸਦੇ ਰਹੇ, ਮੈਨੂੰ ਨਿਕੰਮਾ ਤੇ ਨਾਲਾਇਕ ਕਹਿੰਦੇ ਰਹੇ, ਮੇਰੇ ਨਾਲ ਸਦਾ ਅਨਿਆਂ ਕਰਦੇ ਰਹੇ, ਤੇ ਮੈਨੂੰ ਮਿਲਣਾ ਵੀ ਮੁਨਾਸਿਬ ਨਹੀਂ ਸਨ ਸਮਝਦੇ, ਆਖਰਕਾਰ ਮੇਰੀ ਕਾਬਲੀਅਤ ਦੇ ਕਾਇਲ ਹੋ ਜਾਣਗੇ। ਮੌਤ ਦੇ ਇਸ ਤਾਂਡਵੀਂ ਨਾਚ ਨਾਲ ਮੈਂ ਉਨ੍ਹਾਂ ਨੂੰ ਦੱਸ ਦੇਵੇਗਾ ਕਿ ਕਿਸੇ ਨੂੰ ਅਲੱਗ-ਥਲੱਗ ਕਰਨਾ ਕਿੰਨਾ ਗਲਤ ਹੁੰਦਾ ਹੈ।"

"ਆਹ! ਅਸੀਂ ਕਿਥੇ ਪਹੁੰਚ ਗਏ ਹਾਂ? ਇਹ ਤਾਂ 'ਹੁਨੇਨ ਸੀ ਫੂਡ ਮਾਰਕਿਟ' ਜਾਪਦੀ ਹੈ।" ਉਸ ਨੇ ਕਾਰ ਦੀ ਖਿੜਕੀ ਰਾਹੀਂ ਬਾਹਰ ਝਾਕਿਆ। ਯੰਗ ਸੂ ਵਾਲੀ ਕਾਰ ਅਜੇ ਨਜ਼ਰ ਨਹੀਂ ਸੀ ਆ ਰਹੀ, ਪਰ ਉਹ ਕਿਸੇ ਸਮੇਂ ਵੀ ਪਹੁੰਚ ਸਕਦਾ ਸੀ। ਸਭ ਕੁਝ ਜਲਦੀ ਜਲਦੀ ਕਰਨ ਦੀ ਲੋੜ ਸੀ। ਉਸ ਨੇ ਡਰਾਈਵਰ ਨੂੰ ਫੂਡ ਮਾਰਕਿਟ ਕੋਲ ਟੈਕਸੀ ਰੋਕਣ ਦਾ ਇਸ਼ਾਰਾ ਕੀਤਾ। ਕਾਰ ਵਿਚੋਂ ਫਟਾਫਟ ਬਾਹਰ ਨਿਕਲ, 100 ਯੁਆਨ ਦਾ ਨੋਟ ਡਰਾਈਵਰ ਵੱਲ ਸੁੱਟ, ਬਿਨਾ ਬਕਾਏ ਦਾ ਇੰਤਜ਼ਾਰ ਕੀਤੇ, ਉਹ ਦਗੜ ਦਗੜ ਕਰਦਾ ਪੌੜੀਆਂ ਚੜ੍ਹ ਫੂਡ ਮਾਰਕਿਟ ਵਿਚ ਜਾ ਵੜਿਆ।

ਉਹ ਸਿੱਧਾ ਮੀਟ ਸੈਕਸ਼ਨ ਵੱਲ ਗਿਆ। ਪਹਿਲਾ ਕਾਊਂਟਰ ਚਾਮਚੜਿੱਕਾਂ ਦੇ ਮੀਟ ਨਾਲ ਲੱਦਿਆ ਪਿਆ ਸੀ। ਉਹ ਮੀਟ ਖਰੀਦਣ ਦੇ ਅੰਦਾਜ਼ ਵਿਚ ਉਥੇ ਜਾ ਖੜ੍ਹਾ ਹੋਇਆ। ਸੇਲਜ਼ਮੈਨ ਅਜੇ ਪਹਿਲੇ ਗਾਹਕ ਨਾਲ ਹੀ ਮਸਰੂਫ ਸੀ। ਉਸ ਨੇ ਆਲੇ ਦੁਆਲੇ ਦੇਖਿਆ, ਸਭ ਆਪੋ ਆਪਣੀ ਖਰੀਦੋ-ਫਰੋਖਤ ਵਿਚ ਮਸਤ ਸਨ। ਹੋਰਨਾਂ ਦੀ ਨਜ਼ਰ ਤੋਂ ਚੋਰੀ, ਉਸ ਨੇ ਆਪਣੇ ਕੋਟ ਦੀ ਲੰਮੀ ਬਾਂਹ ਦੇ ਓਹਲੇ ਵਿਚ ਟਿਊਬ ਵਿਚਲੇ ਦ੍ਰਵ ਦੀਆਂ ਕੁਝ ਬੂੰਦਾਂ ਚਾਮਚੜਿੱਕਾਂ ਦੇ ਮੀਟ ਉਤੇ ਸੁੱਟ ਦਿੱਤੀਆਂ, ਤੇ ਚੁਪਚੁਪੀਤੇ ਅੱਗੇ ਤੁਰ ਗਿਆ, ਅਜਿਹੇ ਅੰਦਾਜ਼ ਵਿਚ ਜਿਵੇਂ ਉਸ ਨੂੰ ਇਹ ਮੀਟ ਪਸੰਦ ਨਾ ਆਇਆ ਹੋਵੇ।

ਅਗਲੇ ਕਾਊਂਟਰ ਉਤੇ ਵੱਡੇ-ਛੋਟੇ ਤੇ ਕਾਲੇ-ਚਿੱਟੇ ਸੱਪ ਵਿਕ ਰਹੇ ਸਨ, ਤੇ ਉਸ ਤੋਂ ਅੱਗੇ ਮੈਕਿਰਲ ਮੱਛੀਆਂ ਵਾਲਾ ਸਟਾਲ ਸੀ। ਉਹ ਅੱਗੇ ਲੰਘ ਗਿਆ। ਕੁਝ ਦੂਰੀ ਉਤੇ 'ਸਸਤਾ ਸੂਰ ਦਾ ਮੀਟ' ਹੈਡਿੰਗ ਵਾਲੀ ਦੁਕਾਨ ਉਤੇ ਕਾਫੀ ਭੀੜ ਲੱਗੀ ਹੋਈ ਸੀ। ਉਹ ਵੀ ਇਸੇ ਭੀੜ ਵਿਚ ਜਾ ਵੜਿਆ ਤੇ ਪਹਿਲਾਂ ਵਾਂਗ ਹੀ ਭੇਦ ਭਰੇ ਅੰਦਾਜ਼ ਵਿਚ ਟਿਊਬ ਵਿਚਲਾ ਬਾਕੀ ਦ੍ਰਵ ਇਸ ਦੁਕਾਨ ਦੇ ਮਾਲ ਉਤੇ ਡੋਲ੍ਹ ਦਿੱਤਾ। ਕੰਮ ਪੂਰਾ ਹੁੰਦਿਆਂ ਹੀ ਖੁਸ਼ੀ ਭਰੇ ਜੋਸ਼ ਨਾਲ ਉਹ ਚਹਿਕ ਉਠਿਆ। ਤਦ ਹੀ ਚੁਰਚੁਰੀ ਜਿਹੀ ਅਵਾਜ਼ ਸੁਣਾਈ ਦਿੱਤੀ। ਉਸ ਦੇਖਿਆ ਕਿ ਜੋਸ਼ ਜੋਸ਼ ਵਿਚ ਹਥਲੀ ਟਿਊਬ ਚੂਰਾ ਚੂਰਾ ਹੋ ਗਈ ਸੀ ਅਤੇ ਉਸ ਵਿਚਲੇ ਦ੍ਰਵ ਦੇ ਕੁਝ ਅੰਤਲੇ ਤੁਪਕੇ ਉਸ ਦੇ ਹੱਥ ਨੂੰ ਗਿੱਲਾ ਕਰ ਗਏ ਸਨ। ਚਿਹਰੇ ਉਤੇ ਅਚਾਨਕ ਆ ਬੈਠੀ ਮੱਖੀ ਨੂੰ ਉਡਾਉਣ ਲਈ ਜਿਵੇਂ ਹੀ ਉਸ ਚਿਹਰੇ ਨੂੰ ਛੂਹਿਆ, ਦ੍ਰਵ ਦਾ ਗਿੱਲਾ ਅਹਿਸਾਸ ਚਿਹਰੇ ਉਤੇ ਵੀ ਮਹਿਸੂਸ ਹੋਇਆ।

ਉਹ ਕੰਬ ਗਿਆ। "ਜਾਪਦਾ ਹੈ, ਮੇਰਾ ਨੰਬਰ ਪਹਿਲਾ ਹੀ ਹੋਵੇਗਾ। ਖੈਰ! ਕੁਝ ਵੀ ਵਾਪਰੇ, ਮੈਂ ਤਾਂ ਸ਼ਹੀਦ ਹੀ ਅਖਵਾਵਾਂਗਾ। ਮਾੜ੍ਹਾ ਸੌਦਾ ਨਹੀਂ ਹੈ ਇਹ। ਜੇ ਯੰਗ ਸੂ ਸੱਚ ਕਹਿ ਰਿਹਾ ਸੀ ਤਾਂ ਇਹ ਮੌਤ ਪਤਾ ਨਹੀਂ ਕਿੰਨਾ ਕੁ ਦੁਖ ਦੇਵੇਗੀ। ਸ਼ਾਇਦ ਬਹੁਤ ਹੀ ਦੁਰਗਤੀ ਵਾਲੀ ਹੋਵੇਗੀ ਇਹ।"

ਅਚਾਨਕ ਉਸ ਨੂੰ ਖਿਆਲ ਆਇਆ। ਉਸ ਦਾ ਹੱਥ ਅਜੇ ਵੀ ਗਿੱਲਾ ਸੀ। ਆਪਣੇ ਕਾਰਨਾਮੇ ਨੂੰ ਯਕੀਨਨ ਸਫਲ ਬਣਾਉਣ ਲਈ ਉਸ ਨੇ ਆਪਣੇ ਗਿੱਲੇ ਹੱਥ ਨੂੰ ਚੱਟ ਲਿਆ।

ਤਦ ਹੀ ਉਸ ਨੂੰ ਫੁਰਨਾ ਫੁਰਿਆ ਕਿ ਹੁਣ ਉਸ ਨੂੰ ਯੰਗ ਸੂ ਤੋਂ ਬਚਣ ਦੀ ਹੋਰ ਲੋੜ ਨਹੀਂ ਹੈ। ਉਹ ਫੂਡ ਮਾਰਕਿਟ 'ਚੋਂ ਬਾਹਰ ਨਿਕਲ ਆਇਆ। ਹੌਲੇ ਹੌਲੇ ਮਾਰਕਿਟ ਦੀਆਂ ਪੌੜੀਆਂ ਉਤਰ ਉਹ ਪਾਰਕਿੰਗ ਵੱਲ ਚਲ ਪਿਆ। ਉਸ ਨੂੰ ਚੱਕਰ ਜਿਹਾ ਆਇਆ, ਪਰ ਅਗਲੇ ਹੀ ਪਲ ਉਹ ਸੰਭਲ ਗਿਆ। "ਕਾਫੀ ਤੇਜ਼ ਜ਼ਹਿਰ ਹੈ ਇਹ।" ਉਸ ਸੋਚਿਆ। ਉਹ ਹੱਥ ਕੱਛਾਂ ਵਿਚ ਤੁੰਨ, ਫੁੱਟਪਾਥ ਉਤੇ ਖੜ, ਯੰਗ ਸੂ ਦਾ ਇੰਤਜ਼ਾਰ ਕਰਨ ਲੱਗਾ। ਉਸ ਦੇ ਖੜ੍ਹੇ ਹੋਣ ਦੇ ਢੰਗ ਵਿਚ ਬੇਸ਼ਕ ਕੁਝ ਉਦਾਸੀ ਜਿਹੀ ਝਲਕ ਰਹੀ ਸੀ, ਪਰ ਨੇੜੇ ਆ ਰਹੀ ਮੌਤ ਨੇ ਉਸ ਨੂੰ ਨਿਰਸੰਦੇਹ ਸਵੈ-ਭਰੋਸੇ ਨਾਲ ਭਰ ਦਿੱਤਾ ਸੀ।

---

ਜਿਵੇਂ ਹੀ ਯੰਗ ਸੂ ਦੀ ਕਾਰ ਪਾਰਕਿੰਗ ਵਿਚ ਪੁੱਜੀ, ਖੁੱਲ੍ਹ ਕੇ ਹੱਸਦਾ ਉਹ ਪੂਰੇ ਜੋਸ਼ ਨਾਲ ਯੰਗ ਸੂ ਨੂੰ ਮਿਲਿਆ।

"ਅਰਾਜਕਤਾਵਾਦ ਜ਼ਿੰਦਾਬਾਦ! ਤੂੰ ਬਹੁਤ ਲੇਟ ਹੋ ਗਿਆ ਮੇਰੇ ਦੋਸਤ। ਕਰੋਨਾ ਵਾਇਰਸ ਤਾਂ ਹਵਾਵਾਂ ਦਾ ਸਵਾਰ ਬਣ ਚੁਕਾ ਹੈ।"

ਯੰਗ ਸੂ ਨੇ ਬੈਠੇ ਬਿਠਾਏ ਹੀ ਕਾਰ ਦੀ ਖਿੜਕੀ ਰਾਹੀਂ ਉਸ ਵੱਲ ਉਤਸੁਕਤਾਪੂਰਨ ਝਾਕਿਆ। "ਓ ਬਦਨਸੀਬ ਲੀਓ! ਮੈਨੂੰ ਲਗ ਰਿਹਾ ਹੈ ਕਿ ਤੂੰ ਇਸ ਨੂੰ ਚਟਮ ਕਰ ਗਿਆ ਹੈਂ।"

ਉਹ ਹੋਰ ਵੀ ਕੁਝ ਕਹਿਣਾ ਚਾਹੁੰਦਾ ਸੀ, ਪਰ ਰੁਕ ਗਿਆ। ਉਸ ਦੇ ਚਿਹਰੇ ਉਤੇ ਗੁੱਸੇ ਤੇ ਦੁੱਖ ਦੇ ਰਲੇ-ਮਿਲੇ ਭਾਵ ਸਨ। ਉਸ ਨੇ ਆਪਣੀ ਕਾਰ ਦਾ ਦਰਵਾਜ਼ਾ ਖੋਲ੍ਹਿਆ, ਇੰਜ ਜਾਪਿਆ ਜਿਵੇਂ ਉਹ ਥੱਲੇ ਉਤਰਨ ਲੱਗਾ ਹੋਵੇ, ਪਰ ਲਿਓ ਬੜੇ ਹੀ ਨਾਟਕੀ ਅੰਦਾਜ਼ ਵਿਚ ਉਸ ਨੂੰ ਅਲਵਿਦਾ ਕਹਿ, ਵੱਡੇ ਵੱਡੇ ਕਦਮ ਪੁੱਟਦਾ 'ਜਾਂਗਤਸੇ ਰਿਵਰ ਬ੍ਰਿਜ' ਵੱਲ ਤੁਰ ਗਿਆ। ਜਿਥੇ ਉਹ ਬੜੀ ਚਲਾਕੀ ਨਾਲ ਆਪਣੇ ਲਾਗ ਭਰੇ ਸਰੀਰ ਨੂੰ ਵੱਧ ਤੋਂ ਵੱਧ ਲੋਕਾਂ ਨਾਲ ਘਸਰਦਾ ਜਾ ਰਿਹਾ ਸੀ।

ਯੰਗ ਸੂ, ਲੀਓ ਦੀ ਕਾਰਸਤਾਨੀ ਦੇਖਣ ਵਿਚ ਇੰਨਾ ਮਗਨ ਸੀ ਕਿ ਜਦ ਜੂਲੀਆ ਉਸ ਦਾ ਕੋਟ, ਹੈਟ ਤੇ ਬੂਟ ਲੈ ਕੇ ਉਸ ਕੋਲ ਪੁੱਜੀ ਤਾਂ ਉਹ ਜ਼ਰਾ ਜਿੰਨਾ ਵੀ ਹੈਰਾਨ ਨਾ ਹੋਇਆ।

"ਤੂੰ ਚੰਗਾ ਕੀਤਾ ਕਿ ਮੇਰੀਆਂ ਚੀਜ਼ਾਂ ਲੈ ਆਈ।" ਉਹ ਬੋਲਿਆ, ਤੇ ਦੂਰ ਜਾ ਰਹੇ ਕਾਲੇ ਓਵਰਕੋਟ ਵਾਲੇ ਲੀਓ ਵੱਲ ਤੱਕਣ ਵਿਚ ਹੀ ਮਗਨ ਰਿਹਾ।

ਉਧਰ ਹੀ ਝਾਕਦਾ ਉਹ ਬੋਲਿਆ, "ਜੂਲੀਆ! ਕਾਰ ਵਿਚ ਬੈਠ ਜਾ।"

ਜੂਲੀਆ ਨੂੰ ਹੁਣ ਪੱਕਾ ਹੀ ਯਕੀਨ ਹੋ ਗਿਆ ਸੀ ਕਿ ਡਾ. ਯੰਗ ਸੂ ਦਿਮਾਗੀ ਤੌਰ 'ਤੇ ਹਿੱਲ ਚੁਕਾ ਹੈ। ਇਸ ਲਈ ਉਸ ਨੇ ਟੈਕਸੀ ਵਾਲੇ ਨੂੰ ਵਾਪਸ ਜਾਣ ਲਈ ਆਪੇ ਹੁਕਮ ਚਾੜ੍ਹ ਦਿੱਤਾ।

"ਤੇ ਹੁਣ ਮੈਨੂੰ ਬੂਟ ਵੀ ਪਾਉਣੇ ਪੈਣਗੇ?" ਉਹ ਬੋਲਿਆ।

"ਜ਼ਰੂਰ!" ਜੂਲੀਆ ਦੀ ਹਲਕੀ ਜਿਹੀ ਅਵਾਜ਼ ਸੀ।

ਤਦ ਹੀ ਟੈਕਸੀ ਨੇ ਮੋੜ ਮੁੜਿਆ ਤੇ ਆਕੜ ਭਰੇ ਅੰਦਾਜ਼ ਨਾਲ ਚਲ ਰਿਹਾ ਕਾਲੇ ਕੋਟ ਵਾਲਾ ਆਕਾਰ ਅੱਖੋਂ ਓਹਲੇ ਹੋ ਗਿਆ।

ਯੰਗ ਸੂ ਇਕ ਝਟਕੇ ਜਿਹੇ ਨਾਲ ਜੂਲੀਆ ਵੱਲ ਮੁੜਿਆ ਤੇ ਬੋਲਿਆ, "ਦਰਅਸਲ, ਬਹੁਤ ਹੀ ਗੰਭੀਰ ਮਸਲਾ ਹੈ ਇਹ। ਉਹ ਆਦਮੀ ਜੋ ਮੈਨੂੰ ਮਿਲਣ ਆਇਆ ਸੀ, ਅਸਲ ਵਿਚ ਉਹ ਇਕ ਅਰਾਜਕਤਾਵਾਦੀ ਹੈ।... ਨਹੀਂ, ਨਹੀਂ! ਗਸ਼ ਨਾ ਖਾ ਜਾਈਂ। ਨਹੀਂ ਤਾਂ ਮੈਂ ਤੈਨੂੰ ਬਾਕੀ ਗੱਲ ਨਹੀਂ ਦੱਸ ਸਕਾਂਗਾ। ਮੈਂ ਨਹੀਂ ਸਾਂ ਜਾਣਦਾ ਕਿ ਉਹ ਅਰਾਜਕਤਾਵਾਦੀ ਹੈ। ਮੈਂ ਤਾਂ ਉਸ ਨੂੰ ਹੈਰਾਨ ਕਰਨ ਲਈ ਦੱਸ ਬੈਠਾ ਕਿ ਮੈਂ ਜੋ ਨਵਾਂ ਵਾਇਰਸ ਤਿਆਰ ਕੀਤਾ ਹੈ।...ਓਹੀ ਨੋਵਲ ਕਰੋਨਾ ਵਾਇਰਸ, ਜਿਸ ਬਾਰੇ ਮੈਂ ਤੇਰੇ ਨਾਲ ਪਹਿਲਾਂ ਵੀ ਗੱਲ ਕੀਤੀ ਸੀ ਤੇ ਜਿਸ ਦੀ ਲਾਗ ਨਾਲ ਕੁੱਕੜੀਆਂ, ਮੁਰਗਾਬੀਆਂ ਤੇ ਚਾਮਚੜਿੱਕਾਂ ਸਹਿਕ ਸਹਿਕ ਕੇ ਦਮ-ਘੁੱਟਵੀਂ ਮੌਤ ਮਰ ਗਈਆਂ ਸਨ। ਮੂਰਖਤਾ ਵੱਸ ਮੈਂ ਕਹਿ ਬੈਠਾ ਕਿ ਇਹ ਹੀ ਹੈ ਮੌਤ ਦਾ ਸਭ ਤੋਂ ਸ਼ਕਤੀਸ਼ਾਲੀ ਏਜੰਟ।

ਤੇ ਉਹ ਨਾਮੁਰਾਦ ਇਸ ਜ਼ਹਿਰੀਲੇ ਵਾਇਰਸ ਦਾ ਸੈਂਪਲ ਲੈ ਕੇ ਨੱਠ ਗਿਆ, ਸ਼ਹਿਰ ਦੀਆਂ ਹਵਾਵਾਂ ਵਿਚ ਜ਼ਹਿਰ ਘੋਲਣ ਲਈ। ਮੈਨੂੰ ਲੱਗ ਰਿਹਾ ਹੈ ਕਿ ਉਸ ਦੀ ਇਹ ਮਾੜੀ ਕਰਤੂਤ ਕਾਰਨ ਪੂਰੇ ਸ਼ਹਿਰਵਾਸੀਆਂ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਪਵੇਗਾ। ਜਾਪਦਾ ਹੈ, ਉਹ ਇਸ ਨੂੰ ਖੁਦ ਹੀ ਚਟਮ ਕਰ ਗਿਆ ਹੈ। ਮੈਂ ਨਹੀਂ ਜਾਣਦਾ ਕੀ ਵਾਪਰਨ ਵਾਲਾ ਹੈ? ਪਰ ਇਹ ਸੱਚ ਹੈ ਕਿ ਇਸ ਵਾਇਰਸ ਨੇ ਅਨੇਕਾਂ ਗਿਨੀ ਪਿੱਗਜ਼ ਦੀ ਜਾਨ ਲਈ ਹੈ। ਆਉਣ ਵਾਲੇ ਸਮੇਂ ਬਾਰੇ ਸੋਚ ਕੇ ਮੈਨੂੰ ਹੁਣੇ ਹੀ ਘਬਰਾਹਟ ਹੋ ਰਹੀ ਹੈ। ਨਹੀਂ, ਨਹੀਂ! ਮੈਨੂੰ ਧੀਰਜ ਰੱਖਣਾ ਹੋਵੇਗਾ।" ਯੰਗ ਸੂ ਲਗਾਤਾਰ ਬੁੜਬੁੜਾ ਰਿਹਾ ਸੀ।

ਜੂਲੀਆ ਦਾ ਚਿਹਰਾ ਹੈਰਾਨੀ ਤੇ ਪ੍ਰੇਸ਼ਾਨੀ ਵਾਲੇ ਭਾਵਾਂ ਨਾਲ ਰਲ-ਗਡ ਸੀ।

"ਸਾਨੂੰ ਮੌਜੂਦਾ ਹਾਲਾਤ ਉਥੇ ਫੋਕਸ ਕਰਨਾ ਹੋਵੇਗਾ। ਹੋਰ ਮਾਹਿਰਾਂ ਨੂੰ ਵੀ ਆਉਣ ਵਾਲੇ ਹਾਲਾਤ ਬਾਰੇ ਸੁਚੇਤ ਕਰਨ ਦੀ ਲੋੜ ਹੋਵੇਗੀ। ਹੋਰ ਤਾਂ ਹੋਰ, ਇਸ ਵਕਤ ਦੀ ਸਭ ਤੋਂ ਵੱਡੀ ਸਮੱਸਿਆ ਤਾਂ ਹੈ ਉਸ ਵਾਇਰਸ ਦਾ ਐਂਟੀਡੋਟ ਲੱਭਣਾ, ਪਰ ਅਜਿਹਾ ਕਰਨ ਤੋਂ ਪਹਿਲਾਂ ਉਸ ਦਾ ਨਵਾਂ ਸੈਂਪਲ ਵੀ ਤਿਆਰ ਕਰਨਾ ਹੋਵੇਗਾ। ਸੱਚ ਹੀ ਬਹੁਤ ਕੰਮ ਹੈ। ਚਲੋ ਜਲਦੀ ਚਲੋ ਪ੍ਰਯੋਗਸ਼ਾਲਾ ਨੂੰ। ਕਿਧਰੇ ਦੇਰ ਨਾ ਹੋ ਜਾਏ।" ਯੰਗ ਸੂ ਦੇ ਬੋਲ ਸਨ।

ਯੰਗ ਸੂ ਦੇ ਬੋਲ ਸੁਣਦਿਆਂ ਹੀ ਟੈਕਸੀ ਡਰਾਈਵਰ ਨੇ ਕਾਰ ਦੀ ਸਪੀਡ ਹੋਰ ਤੇਜ਼ ਕਰ ਦਿੱਤੀ।

ਪਰ ਆਉਣ ਵਾਲੀ ਆਫਤ ਤੋਂ ਬੇਖਬਰ ਮਹਾਨਗਰ ਦੇ ਵਾਸੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਵਿਅਸਤ ਸਨ।

# ਕਾਵਿ ਜਗਤ

## ਕਰੋਨਾ ਵਾਇਰਸ

ਆਇਆ ਨਵਾਂ ਕਰੋਨਾ ਵਾਇਰਸ
ਇਸ ਨੂੰ ਠਿੱਬੀ ਲਾ ਦਿਓ।
ਦੁਨੀਆਂ ਨੂੰ ਕਬਰਾਂ ਵਿਚ ਪਾਉਂਦਾ
ਇਸ ਨੂੰ ਕਬਰੇ ਪਾ ਦਿਓ।
ਨਾਲ ਹਵਾ ਦੇ ਨਾਲ ਸਪੱਰਸ਼ਾਂ
ਇਹ ਫੈਲੀ ਜਾਂਦਾ ਹੈ।
ਮੈਲੇ ਹੱਥੀਂ ਜੇ ਕੁਝ ਖਾਈਏ
ਅੰਦਰ ਥਾਂ ਬਣਾਂਦਾ ਹੈ।

ਸਾਬਣ, ਪਾਣੀ ਨਾਲ ਹੱਥਾਂ ਨੂੰ
ਮਲ ਮਲ ਧੋਂਦੇ ਰਹਿਣਾ ਹੈ।
ਸੈਨੇਟਾਈਜ਼ਰ ਕੋਲ ਰੱਖ ਕੇ
ਇਸ ਤੋਂ ਵੀ ਕੰਮ ਲੈਣਾ ਹੈ।
ਡੋਰ ਦੇ ਹੈਂਡਲ, ਕਾਰ, ਚਾਬੀਆਂ
ਟੂਟੀਆਂ ਨੂੰ ਵੀ ਛੂੰਹਦੇ ਹਾਂ।
ਮੂੰਹ ਨੂੰ ਲਾ ਕੇ ਹੱਥ ਇਵੇਂ ਹੀ
ਵਾਇਰਸ ਅੰਦਰ ਧੂੰਹਦੇ ਹਾਂ।

ਸੈਲ ਫੋਨ ਵੀ ਚੁੱਕੀ ਫਿਰਦਾ
ਵਾਇਰਸ ਆਪਣੇ ਮੋਢਿਆਂ 'ਤੇ।
ਹੱਥਾਂ ਨੂੰ ਇਹ ਭਰੀ ਹੈ ਰੱਖਦਾ
ਛੱਡੀ ਜਾਂਦਾ ਥੋੜਿਆਂ 'ਤੇ।
ਸੈਨੇਟਾਈਜ਼ਰ ਲਾਓ ਫੋਨ ਨੂੰ
ਮੰਨੋ ਗੱਲ ਸਿਆਣਿਆਂ ਦੀ
ਖਾਣ ਤੋਂ ਪਹਿਲਾਂ ਧੋ ਲਓ ਹੱਥ ਵੀ
ਛੱਡੋ ਗੱਲ ਇਆਣਿਆਂ ਦੀ।

ਖਾਣਾ ਖਾਂਦੇ ਫੋਨ ਨਾ ਛੂਹੋ
ਹੱਥ ਨਾ ਲਾਓ ਰਿਮੋਟਾਂ ਨੂੰ।
ਨਹੀਂ ਤਾਂ ਸਹਿਣਾ ਔਖਾ ਹੋ ਜਾਊ
ਵਾਇਰਸ ਵਾਲੀਆਂ ਚੋਟਾਂ ਨੂੰ।
ਘਰ ਦੀ ਸਾਫ ਸਫਾਈ ਰੱਖੋ
ਕਾਊਂਟਰ ਸੈਨੇਟਾਈਜ਼ ਕਰੋ।
ਫਿਫਟੀ ਪਰਸੈਂਟ ਸਿਰਕੇ ਦੇ ਨਾਲ
ਧੋ ਸਬਜ਼ੀਆਂ ਫਰਿੱਜ ਧਰੋ।

ਬਾਹਰ ਜਾਣ 'ਤੇ ਮਾਸਕ ਪਾਉਣਾ
ਕਹਿੰਦੇ ਸਿਆਣੇ ਚੰਗਾ ਹੈ।
ਵਾਇਰਸ ਦਾ ਹੈ ਰੂਪ ਬਦਲਦਾ
ਇਹੋ ਬਹੁਤਾ ਪੰਗਾ ਹੈ।
ਖੰਘ, ਛਿੱਕ ਜੇ ਆਵੇ ਕਿਧਰੇ
ਠੀਕ ਤਰ੍ਹਾਂ ਇਹ ਕਵਰ ਕਰੋ।
ਵਾਰ ਵਾਰ ਜੇ ਨਾ ਇਹ ਆਵੇ
ਡਰੋ ਨਹੀਂ ਫਿਰ ਸਬਰ ਕਰੋ।

ਹੋ ਜਾਏ ਖੰਘ, ਬੁਖਾਰ ਤੇਜ਼ ਜੇ
ਸਾਹ ਦਾ ਹੋ ਜਾਏ ਫੁੱਲਣਾ ਜੇ।
ਹਸਪਤਾਲ ਤੇ ਡਾਕਟਰ ਕੋਲੇ
ਜਾਣਾ ਮੂਲ ਨਾ ਭੁੱਲਣਾ ਜੇ।
ਭੀੜ ਭੜੱਕੇ ਵਾਲੀਆਂ ਥਾਂਵਾਂ
ਉਤੇ ਜਾਣੋਂ ਸੰਕੋਚ ਕਰੋ।
ਦੂਰੀ ਠੀਕ ਬਣਾਈ ਰੱਖੋ
ਤੰਦਰੁਸਤੀ ਦੀ ਲੋਚ ਕਰੋ।

ਪਹਿਨ ਲਓ ਦਸਤਾਨੇ ਜੇਕਰ
ਵਿਚ ਸਟੋਰਾਂ ਜਾਣਾ ਹੈ।
ਉਥੇ ਆਏ ਗਾਹਕਾਂ ਨੇ ਵੀ
ਚੀਜ਼ਾਂ ਨੂੰ ਹੱਥ ਲਾਉਣਾ ਹੈ।
ਲਾਹ ਦਸਤਾਨੇ ਸੁੱਟ ਦਿਓ ਉਥੇ
ਗਾਰਬੇਜ ਦੇ ਅੰਦਰ ਹੀ।
ਹੱਥਾਂ ਨੂੰ ਮੱਥਾ ਟਿਕਵਾ ਲਓ
ਸੈਨੇਟਾਈਜ਼ਰ ਦੇ ਮੰਦਿਰ ਵੀ।

ਘਰ ਆ ਸੈਨੇਟਾਈਜ਼ ਕਰ ਲਓ
ਡੱਬੇ, ਸ਼ੀਸ਼ੀਆਂ ਪੈਕਟ ਜੋ।
ਹੱਥ ਲੱਗੇ ਤਾਂ ਉਹ ਵੀ ਕਰ ਲਓ
ਪਹਿਨ ਰੱਖੀ ਹੈ ਜੈਕਟ ਜੋ।
ਘੌਲ ਕਰੋ ਨਾ ਇਸ ਤੋਂ
ਵਾਇਰਸ ਨੂੰ ਹੱਥ ਨਾ ਲਾਉਣਾ ਹੈ।
ਛੋਟੀਆਂ ਛੋਟੀਆਂ ਸਾਵਧਾਨੀਆਂ
ਬੇੜਾ ਪਾਰ ਲੰਘਾਉਣਾ ਹੈ।

ਮੰਤਰ ਮੁੰਤਰ ਪੜ੍ਹ ਲਓ ਭਾਵੇਂ
ਵਾਇਰਸ ਨੂੰ ਪਰਵਾਹ ਨਹੀਂ।
ਗਿਆਨ ਨਾਲ ਹੀ ਬਚ ਬਚਾਓ
ਨਹੀਂ ਤਾਂ ਕੋਈ ਵਿਸਾਹ ਨਹੀਂ।
ਸਰਬ ਰੋਗ ਕਾ ਅਉਖਦੁ ਨਾਮੁ
ਲਿਖਿਆ ਹੈ ਵਿਚ ਬਾਣੀ ਦੇ।
ਨਾਮੁ ਦਾ ਭਾਵ ਗਿਆਨੁ ਸਮਝਣਾ
ਅਰਥ ਇਸ ਤਰ੍ਹਾਂ ਜਾਣੀ ਦੇ।

ਤੀਰਥ ਨੂੰ ਵੀ ਨਾਮ ਕਿਹਾ ਹੈ
ਬਾਣੀ ਵਿਚ ਮਹਾਨ ਹੈ।
ਨਾਮ ਨੂੰ ਸ਼ਬਦ ਵਿਚਾਰ ਕਿਹਾ ਹੈ
ਸ਼ਬਦ ਵਿਚਾਰ ਹੀ ਗਿਆਨ ਹੈ।
ਵਾਇਰਸ ਤੋਂ ਬਚ ਸਕਦਾ
ਰੱਖ ਰਖਾਓ ਦਾ ਜਿਸ ਗਿਆਨ ਹੈ।
ਜੰਤਰ ਤੰਤਰ ਮੰਤਰ ਨੂੰ ਇਹ
ਮੰਨਦਾ ਨਹੀਂ, ਸ਼ੈਤਾਨ ਹੈ।

ਵਿਚ ਲੈਬ ਦੇ ਬਣਿਆ ਵਾਇਰਸ
ਕਾਢ ਹੈ ਕਿਸੇ ਸ਼ੈਤਾਨ ਦੀ।
ਤਕੜੇ ਤਾਈਂ ਠਿੱਬੀ ਲਾਉਣੀ
ਹਵਸ ਹੈ ਕਿਸੇ ਹੈਵਾਨ ਦੀ।
ਦੂਜਿਆਂ ਨੂੰ ਬਰਬਾਦ ਕਰਨ ਲਈ
ਵਾਇਰਸ ਕਿਸੇ ਬਣਾ ਲਿਆ।
ਆਪਣਿਆਂ ਨੂੰ ਵੀ ਉਸ ਨੇ
ਕਬਰਾਂ ਦੇ ਵਿਚ ਪਾ ਲਿਆ।
ਐਸੇ ਜ਼ਾਲਮ ਮਨ ਤੋਂ ਪਰਦਾ
ਜਦੋਂ ਕਦੇ ਵੀ ਉਠੇਗਾ।
ਦੁਨੀਆਂ ਤੋਂ ਫਿਟਕਾਰਾਂ ਖਾਊ
ਹਰ ਕੋਈ ਉਸ ਨੂੰ ਕੁੱਠੇਗਾ।

ਰੱਖ ਰਖਾਓ ਜਿੰਨਾ ਕਰ ਲਓ
ਓਨਾ ਹੀ ਚੰਗਾ ਏ।
ਬੇਖਬਰੀ ਅਣਗਹਿਲੀ ਦੇ ਵਿਚ
ਪੈ ਨਾ ਜਾਏ ਪੰਗਾ ਏ।
ਚਮਚਾ ਸੇਂਧਾ ਲੂਣ ਨੂੰ ਲੈ ਕੇ
ਚੁਟਕੀ ਫਟਕੜੀ ਪਾਓ।
ਪਾਣੀ ਗਰਮ 'ਚ ਪਾ ਕੇ ਇਹਦੇ
ਕਈ ਗਰਾਰੇ ਲਾਓ।
ਦੁਖਦਾ ਹੋਵੇ ਗਲਾ ਤਾ ਉਸ ਨੂੰ
ਝੱਟ ਆਰਾਮ ਦਿਵਾਏ।
ਝੂਠੀ ਹੈ ਨਹੀਂ ਗੱਲ, ਏਸ ਨੂੰ
ਦੇਖਿਆ ਹੈ ਅਜ਼ਮਾਇ।

ਆਉਂਦੇ ਜਾਂਦੇ ਬੈਠਣ ਜਿੱਥੇ
ਸੋਫੇ ਕੁਰਸੀਆਂ ਸਾਫ ਕਰੋ।
ਜੇ ਮੈਂ ਬਹੁਤਾ ਆਖੀ ਜਾਵਾਂ
ਕਿਰਪਾ ਕਰ ਕੇ ਮੁਆਫ ਕਰੋ।
ਕਹਿੰਦੇ ਨੇ ਰਬਿੰਗ ਅਲਕੋਹਲ
ਵਰਤੋਂ ਵਿਚ ਲਿਆਈਏ ਜੀ।

ਪੇਪਰ ਟਾਵਲ ਉਤੇ ਪਾ ਕੇ
ਸਾਫ ਸਫਾਈ ਲਾਈਏ ਜੀ।
ਅੱਖਾਂ, ਮੂੰਹ ਤੇ ਨਾਸਾਂ ਤਾਈਂ
ਹੱਥ ਨਾ ਐਵੇਂ ਲਾਈਏ ਜੀ।
ਸਾਬਣ, ਪਾਣੀ ਨਾਲ ਹੱਥਾਂ ਨੂੰ
ਪਹਿਲਾਂ ਲਓ ਨੁਹਾਈਏ ਜੀ।

ਕਰ ਕੇ ਚੋਪ ਲਸਣ ਦੀ ਗੱਠੀ
ਖੂਬ ਮਹੀਨ ਬਣਾ ਲਈਏ।
ਉਸ ਨੂੰ ਕਰ ਕੇ ਖੂਬ ਇਕੱਠੀ
ਚਮਚੇ ਦੇ ਵਿਚ ਪਾ ਲਈਏ।
ਆਖਣ ਸਿਆਣੇ ਬਿਨ ਚੱਬਣ ਦੇ
ਮੂੰਹ ਵਿਚ ਇਸ ਨੂੰ ਪਾ ਲਈਏ।
ਭਰ ਕੇ ਪਾਣੀ ਦੇ ਘੁੱਟ ਚੰਗੇ
ਅੰਦਰ ਰੋਜ਼ ਲੰਘਾ ਲਈਏ।

ਕੁਦਰਤ ਦੇ ਵਿਚ ਕਹਿੰਦੇ ਵਧੀਆ
ਐਂਟੀਵਾਇਰਲ ਹੋਰ ਨਹੀਂ।
ਜਿਸ ਨੂੰ ਗੱਠੀ ਮੁਆਫਕ ਹੋਵੇ
ਨਿੱਤ ਫਲ੍ਹ ਦਾ ਜ਼ੋਰ ਨਹੀਂ।
ਅੱਧਾ ਚਮਚਾ ਦੁੱਧ 'ਚ ਹਲਦੀ
ਪੀਂਦੇ ਰਹਿਣਾ ਚਾਹੀਦਾ।
ਪੁੱਛ ਵੈਦ ਨੂੰ ਵੱਢੋ ਫਾਹਾ
ਵਾਇਰਸ ਵਾਲੀ ਫਾਹੀ ਦਾ।

ਹੱਥ ਮਿਲਾਉਣਾ ਛੱਡੋ ਭਾਈ
ਹੱਥ ਜੋੜ ਫਤਿਹ ਬੁਲਾ ਦਿਓ।
ਵਾਇਰਸ ਵਾਲੀ ਰੋਕ ਥਾਮ ਵਿਚ
ਆਪਣਾ ਹਿੱਸਾ ਪਾ ਦਿਓ।
ਵਾਇਰਸ ਨੇ ਰਾਜਿਆਂ ਵਾਲੀ
ਕੱਢ ਦਿੱਤੀ ਸਭ ਫੂਕ ਏ।
ਵਾਇਰਸ ਖਿੱਚ ਕੇ ਲਾਏ ਨਿਸ਼ਾਨੇ
ਹੁੰਦੀ ਨਾ ਕੋਈ ਚੂਕ ਏ।

ਦੁਨੀਆਂ ਨੂੰ ਇਹ ਸਬਕ ਸਿਖਾਉਂਦਾ
ਕਹਿੰਦਾ ਸਭ ਨਾਲ ਪਿਆਰ ਕਰੋ।
ਦੇਖ ਤਰੱਕੀ ਕਰਦੇ ਲੋਕਾਂ
ਉਪਰ ਨਾਹੀਂ ਵਾਰ ਕਰੋ।
ਤਕੜਿਆਂ ਤੇ ਹੰਕਾਰੀਆਂ ਨੂੰ ਹੁਣ
ਸਮਝ 'ਚ ਆਉਣਾ ਚਾਹੀਦਾ।
ਹੁਣ ਤਾਂ ਫਾਹਾ ਵੱਢਣਾ ਪੈਣਾ
ਨਫਰਤ ਵਾਲੀ ਫਾਹੀ ਦਾ।

ਜੇ ਕੋਈ ਮੁਲਕ ਤਰੱਕੀ ਕਰਦਾ
ਉਸ ਨੂੰ ਨਾ ਬਰਬਾਦ ਕਰੋ।
ਸਾਂਝਾ ਕਰਨਾ, ਛੱਡ ਈਰਖਾ
ਦੁਨੀਆਂ ਨੂੰ ਆਬਾਦ ਕਰੋ।
ਰੱਬ ਨੇ ਦੁਨੀਆਂ ਬਾਗ ਬਣਾਇਆ
ਰਾਖੀ ਕਰੋ ਉਜਾੜੋ ਨਾ।
ਰੱਬ ਨੇ ਵੰਡੀਆਂ ਨੇ ਖੁਸ਼ਬੂਆਂ
ਵਾਇਰਸ ਛੱਡ ਕੇ ਸਾੜੋ ਨਾ।

ਸਬਕ ਅਜੇ ਨਾ ਸਿੱਖਿਆ ਜੇ
ਉਜੜ ਜਾਣੇ ਬਾਗ ਹਰੇ।
ਹੋਣੀ ਸਭ ਥਾਂ ਮੁਰਦੇਹਾਣੀ
ਬੰਦ ਹੋਣਗੇ ਰਾਗ ਪਰ੍ਹੇ।
ਵਾਇਰਸ ਜਿਸ ਬਣਾ ਕੇ ਛੱਡਿਆ
ਗੱਦੀਓਂ ਲੋਕੀਂ ਲਾਹੁਣਗੇ।
ਲੱਖ ਲਾਹਨਤਾਂ ਪਾ ਕੇ ਉਸ ਨੂੰ
ਨਾਕੋਂ ਚਨੇ ਚਬਾਉਣਗੇ।

-ਪ੍ਰੋ. ਕਸ਼ਮੀਰਾ ਸਿੰਘ
ਫੋਨ: 801-414-0171

---

## ਸਾਵਧਾਨੀ

ਹੱਥਾਂ 'ਤੇ ਦਸਤਾਨੇ ਪਾਉ
ਮੂੰਹ 'ਤੇ ਬੰਨ੍ਹੋ ਰੁਮਾਲ।
ਸਾਫ ਸਫਾਈ ਆਦਤ ਪਾ ਲਉ,
ਇਲਾਜ ਏਹੋ ਫਿਲਹਾਲ।

ਖਰੋਨਾ ਵਾਇਰਸ ਇਕੱਲੇਪਨ 'ਚ
ਮਰ-ਖਪ ਜਾਂਦਾ ਖੁਦ ਹੀ,
ਦੂਰੀਆਂ ਰੱਖੋ ਬਣਾ ਕੇ ਇਸ ਤੋਂ
ਮੌਤ ਨਾਮ ਦੂਜਾ ਕਾਲ।
ਤੱਤੇ ਪਾਣੀ ਵਿਚ ਸਾਬਣ ਮਲ ਮਲ
ਹੱਥ ਧੋਵੋ ਹਰ ਵਾਰੀ,
ਸੈਨੇਟਾਈਜ਼ਰ ਤੇ ਹਮੇਸ਼ਾ
ਰੱਖੋ ਆਪਣੇ ਨਾਲ।
ਵਿਚ ਘਰਾਂ ਦੇ ਸਾਫ ਸਫਾਈ
ਏਹ ਵੀ ਬੜੀ ਜਰੂਰੀ,
ਛੇਅ ਫੁੱਟ ਫਾਸਲਾ ਹੈ ਫਾਰਮੂਲਾ
ਰੱਖੋ ਏਹ ਖਿਆਲ।

ਬਜੁਰਗਾਂ ਦਾ ਖਿਆਲ ਜਰੂਰੀ
ਅਤੇ ਨਾਲ ਸਤਿਕਾਰ,
ਸੇਵਾ ਭਾਵਨਾ ਪਰਖ ਸਮਾਂ ਹੈ
ਸਭ ਦਾ ਪੁੱਛੋ ਹਾਲ।
ਵੰਡ ਛਕਣ ਦੀ ਆਈ ਹੈ ਵਾਰੀ
ਨਾਮ ਜਪਣ ਦਾ ਵੇਲਾ,
ਕੁਦਰਤ ਬੜੀ ਨਾਰਾਜ਼ ਮਨੁੱਖ ਤੋਂ
ਪ੍ਰਭ ਜੀ ਹੋਵੇ ਦਿਆਲ।
ਜਿੰਨਾ ਚਿਰ ਕੋਈ ਹੱਲ ਨਹੀਂ ਲੱਭਦਾ
ਏਹੋ ਹੱਲ ਅਪਨਾਉ,
ਸੁਖਵਿੰਦਰਾ ਕਾਦਰ ਕਰਤਾ ਜਾਣੇ
ਖੇਡੇ ਖੇਲ ਕਮਾਲ।

-ਸੁਖਵਿੰਦਰ ਬੋਦਲਾਂ ਵਾਲਾ

---

## ਕਰੋਨਾ ਦੀ ਬਿਮਾਰੀ

ਸਾਰੀ ਦੁਨੀਆਂ ਨੂੰ ਵਖਤ ਹੈ ਪਾ ਦਿੱਤਾ
ਬਿਮਾਰੀ ਕਰੋਨਾ ਦੀ ਕਿਥੋਂ ਆ ਗਈ ਏ।
ਬੜਾ ਸਹਿਮ ਤੇ ਡਰ ਹੈ ਪਾ ਦਿੱਤਾ
ਬਣ ਮੌਤ ਇਹ ਸਭ 'ਤੇ ਛਾ ਗਈ ਏ।

ਸਾਰੇ ਲੋਕਾਂ ਨੂੰ ਘਰਾਂ ਵਿਚ ਤਾੜ ਦਿੱਤਾ
ਗੱਡੀਆਂ ਮੋਟਰਾਂ ਬੰਦ ਕਰਵਾ ਗਈ ਏ।
ਕੰਮਕਾਰ ਵੀ ਸਾਰੇ ਬੰਦ ਹੋ ਗਏ
ਹਰ ਪਾਸੇ ਤਬਾਹੀ ਮਚਾ ਗਈ ਏ।

ਖੜ੍ਹ ਗਏ ਤਬਾਹੀ ਦੇ ਦੇਸ਼ ਕੰਢੇ
ਕਿਸਮਤ ਸਭ ਦੀ ਇਹ ਪਲਟਾ ਗਈ ਏ।
'ਕਮਲ' ਕਦੋਂ ਸੁਖਾਵੇਂ ਹਾਲਾਤ ਹੋਣੇ
ਅੱਜ ਸਭ ਨੂੰ ਸੋਚਾਂ ਵਿਚ ਪਾ ਗਈ ਏ।

-ਕਮਲਜੀਤ ਕੌਰ ਮੱਤਾ

# ਭਾਸ਼ਾਵਾਂ ਦੇ ਮਸਲੇ

***ਭਾਰਤ ਦੀ ਮੋਦੀ ਸਰਕਾਰ 'ਇਕ ਰਾਸ਼ਟਰ ਇਕ ਭਾਸ਼ਾ' ਲਈ ਵਾਹਵਾ ਜ਼ੋਰ ਲਾ ਰਹੀ ਹੈ। ਨਵੀਂ ਸਿੱਖਿਆ ਨੀਤੀ ਲਈ ਜਿਹੜਾ ਖਰੜਾ ਤਿਆਰ ਕੀਤਾ ਗਿਆ ਹੈ, ਉਹ ਇਸੇ ਇਰਾਦੇ ਦੀ ਪੂਰਤੀ ਵਲ ਅਗਲਾ ਕਦਮ ਹੈ। ਭਾਰਤ ਵਿਚ ਖੇਤਰੀ ਭਾਸ਼ਾਵਾਂ ਪਹਿਲਾਂ ਹੀ ਹਾਸ਼ੀਏ ਉਤੇ ਹਨ, ਇਸ ਨਵੀਂ ਨੀਤੀ ਨਾਲ ਰਹਿੰਦੀ ਕਸਰ ਵੀ ਨਿਕਲ ਜਾਵੇਗੀ। ਇਸ ਨੀਤੀ ਦਾ ਕਈ ਪਾਸਿਆਂ ਤੋਂ ਵਿਰੋਧ ਵੀ ਲਗਾਤਾਰ ਹੋ ਰਿਹਾ ਹੈ ਪਰ ਕੇਂਦਰ ਸਰਕਾਰ ਦਾ ਪਿਛਲਾ ਰਿਕਾਰਡ ਦੱਸਦਾ ਹੈ ਕਿ ਇਹ ਆਪਣਾ ਫੈਸਲਾ ਰਾਜਾਂ ਉਤੇ ਥੋਪਦੀ ਰਹੀ ਹੈ। ਪਰਮਜੀਤ ਢੀਂਗਰਾ ਨੇ ਭਾਸ਼ਾਵਾਂ ਦੇ ਮਸਲੇ ਬਾਰੇ ਲਿਖੇ ਆਪਣੇ ਇਸ ਲੇਖ ਵਿਚ ਭਾਰਤ ਵਿਚ ਭਾਸ਼ਾਵਾਂ ਬਾਰੇ ਪਹੁੰਚ ਦਾ ਮਸਲਾ ਬਹੁਤ ਸੰਜੀਦਗੀ ਨਾਲ ਵਿਚਾਰਿਆ ਹੈ। -ਸੰਪਾਦਕ***

**ਪਰਮਜੀਤ ਢੀਂਗਰਾ**

ਕਿਸੇ ਵੀ ਸਮਾਜ ਦੇ ਵਿਕਾਸ ਨੂੰ ਮਾਪਣ ਦਾ ਇਕ ਤਰੀਕਾ ਇਹ ਹੈ ਕਿ ਉਥੇ ਦਿੱਤੀ ਜਾ ਰਹੀ ਸਿੱਖਿਆ ਨੂੰ ਵਿਚਾਰਿਆ ਜਾਵੇ। ਸਿੱਖਿਆ ਨੂੰ ਵਿਚਾਰਨ ਲਈ ਇਹ ਪੈਮਾਨਾ ਹੈ ਕਿ ਸਿੱਖਿਆ ਕਿਸ ਭਾਸ਼ਾਈ ਮਾਧਿਅਮ ਰਾਹੀਂ ਦਿੱਤੀ ਜਾ ਰਹੀ ਹੈ। ਭਾਰਤ ਵਿਚ ਸਿੱਖਿਆ ਅਤੇ ਭਾਸ਼ਾਵਾਂ ਦਾ ਮਸਲਾ ਬੜਾ ਗੁੰਝਲਦਾਰ ਰਿਹਾ ਹੈ। ਸਮੇਂ-ਸਮੇਂ 'ਤੇ ਰਾਜਨੀਤਕ ਦਖਲ ਨੇ ਸਿੱਖਿਆ ਅਤੇ ਭਾਸ਼ਾਵਾਂ ਸਬੰਧੀ ਵਿਵਾਦ ਖੜ੍ਹੇ ਕਰਨ ਵਿਚ ਆਪਣਾ ਬਹੁਮੁਲਾ ਯੋਗਦਾਨ ਪਾਇਆ ਹੈ। ਭਾਰਤ ਦੀ ਵੰਡ ਸਮੇਂ ਵੀ ਭਾਸ਼ਾ ਦਾ ਮੁੱਦਾ ਬੜਾ ਪ੍ਰਬਲ ਸੀ ਤੇ ਉਦੋਂ ਤੋਂ ਲੈ ਕੇ ਪੰਜਾਬੀ ਸੂਬੇ ਦੀ ਕਾਇਮੀ ਤੱਕ ਪੰਜਾਬੀ ਭਾਸ਼ਾ ਨੇ ਇਸ ਰਾਜਨੀਤਕ ਲੜਾਈ ਵਿਚ ਬਹੁਤ ਕੁਝ ਗੁਆਇਆ ਹੈ। ਇਸ ਦੇ ਬਾਵਜੂਦ ਪੰਜਾਬੀਆਂ ਨੇ ਪੰਜਾਬੀ ਦੀ ਉਨਤੀ ਲਈ ਆਪਣਾ ਬਣਦਾ ਯੋਗਦਾਨ ਪਾਇਆ ਹੈ।

ਸਿੱਖਿਆ ਕਿਸੇ ਵੀ ਸਮਾਜ ਦਾ ਮਹੱਤਵਪੂਰਨ ਅੰਗ ਹੁੰਦੀ ਹੈ। ਭਾਰਤ ਵਿਚ ਈਸਟ ਇੰਡੀਆ ਕੰਪਨੀ ਦੇ ਆਉਣ ਤੱਕ ਪਰੰਪਰਕ ਸਿੱਖਿਆ ਦਾ ਬੋਲਬਾਲਾ ਸੀ। ਇਹ ਇਕ ਤਰ੍ਹਾਂ ਦੀ ਭਾਈਚਾਰਕ ਸਿੱਖਿਆ ਪ੍ਰਣਾਲੀ ਸੀ ਜਿਸ ਵਿਚ ਹਿੰਦੂ ਮੰਦਰਾਂ ਵਿਚ ਬਣੀਆਂ ਪਾਠਸ਼ਾਲਾਵਾਂ, ਮੁਸਲਮਾਨ ਮਦਰੱਸਿਆਂ ਅਤੇ ਸਿੱਖ ਗੁਰਦੁਆਰੇ ਅਥਵਾ ਧਰਮਸ਼ਾਲਾ ਵਿਚ ਸਿੱਖਿਆ ਗ੍ਰਹਿਣ ਕਰਦੇ ਸਨ। ਇਨ੍ਹਾਂ ਵਿਚ ਸਿੱਖਿਆ ਦਾ ਮਾਧਿਅਮ ਹਰ ਭਾਈਚਾਰੇ ਦੀ ਧਰਮ ਨਾਲ ਜੁੜੀ ਭਾਸ਼ਾ ਸੀ ਜਿਵੇਂ ਸੰਸਕ੍ਰਿਤ, ਅਰਬੀ, ਫਾਰਸੀ ਤੇ ਨਾਲ ਨਾਲ ਸਥਾਨਕ ਬੋਲੀਆਂ ਦਾ ਪ੍ਰਚਲਨ ਸੀ, ਜਿਵੇਂ ਪੰਜਾਬ ਵਿਚ ਪੰਜਾਬੀ ਦਾ। ਇਸ ਸਿੱਖਿਆ ਨੂੰ ਦੇਣ ਵਾਲੇ ਭਾਈਚਾਰੇ ਦੇ ਅਧਿਆਪਕ ਹੁੰਦੇ ਸਨ ਪਰ ਉਹ ਇੰਨੇ ਪ੍ਰਪੱਕ ਅਤੇ ਪ੍ਰਤੀਬੱਧ ਹੁੰਦੇ ਸਨ ਕਿ ਉਹ ਵਿਦਿਆਰਥੀਆਂ ਨੂੰ ਉਸ ਸਮਾਜ ਦੇ ਵਿਹਾਰਕ ਗਿਆਨ ਅਤੇ ਧਾਰਮਿਕ ਪੁਸਤਕਾਂ ਦੇ ਗਿਆਨ ਰਾਹੀਂ ਉਨ੍ਹਾਂ ਨੂੰ ਨੈਤਿਕ, ਸਭਿਆਚਾਰਕ ਤੇ ਭਾਸ਼ਾਈ ਰੂਪ ਵਿਚ ਟ੍ਰੇਂਡ ਕਰਦੇ ਸਨ। ਉਨ੍ਹਾਂ ਦੇ ਰਹਿਣ-ਸਹਿਣ ਦੀ ਜ਼ਿੰਮੇਵਾਰੀ ਵੀ ਭਾਈਚਾਰੇ ਉਪਰ ਹੀ ਹੁੰਦੀ ਸੀ। ਪੜ੍ਹਨਾ, ਲਿਖਣਾ, ਹਿਸਾਬ ਦਾ ਗਿਆਨ ਆਦਿ ਉਨ੍ਹਾਂ ਨੂੰ ਸਿਖਾਏ ਜਾਂਦੇ ਸਨ। ਇਹ ਸਿੱਖਿਆ ਪ੍ਰਣਾਲੀ ਬੜੇ ਲੰਬੇ ਸਮੇਂ ਤੱਕ ਭਾਰਤ ਵਿਚ ਮਜ਼ਬੂਤੀ ਨਾਲ ਆਪਣਾ ਕਾਰਜ ਪੂਰਾ ਕਰਦੀ ਰਹੀ ਪਰ ਅੰਗਰੇਜ਼ੀ ਹਕੂਮਤ ਦੇ ਸਥਾਪਤ ਹੋਣ ਤੋਂ ਬਾਅਦ ਅਜਿਹੀ ਕੱਚੀ ਪੱਕੀ ਭਾਈਚਾਰਕ ਸਿੱਖਿਆ ਦਾ ਭੋਗ ਪਾ ਦਿੱਤਾ ਗਿਆ। ਇਸ ਦਾ ਵੱਡਾ ਕਾਰਨ ਇਹ ਸੀ ਕਿ ਕੰਪਨੀ ਸਰਕਾਰ ਦੀ ਇੱਛਾ ਸੀ ਕਿ ਜਿਵੇਂ-ਜਿਵੇਂ ਉਨ੍ਹਾਂ ਦਾ ਰਾਜ ਭਾਗ ਫੈਲ ਰਿਹਾ ਹੈ, ਉਨ੍ਹਾਂ ਨੂੰ ਪੇਸ਼ੇਵਰਾਨਾ ਪਹੁੰਚ ਲਈ ਕੰਮ ਕਾਰ ਵਾਸਤੇ ਅੰਗਰੇਜ਼ੀ ਪੜ੍ਹਿਆਂ ਦੀ ਲੋੜ ਹੈ।

ਅਜਿਹੇ ਹਾਲਾਤ ਵਿਚ 20 ਜਨਵਰੀ, 1817 ਨੂੰ ਰਾਜਾ ਰਾਮ ਮੋਹਨ ਰਾਏ ਅਤੇ ਦੁਆਰਕਾ ਨਾਥ ਟੈਗੋਰ ਨੇ ਮਿਲ ਕੇ ਅੰਗਰੇਜ਼ੀ ਭਾਸ਼ਾ ਲਈ ਲਹਿਰ ਚਲਾਈ ਤੇ ਉਸ ਨੂੰ ਹੁਲਾਰਾ ਦਿੱਤਾ। 20 ਜਨਵਰੀ, 1817 ਨੂੰ ਬੰਗਾਲ ਵਿਚ ਹਿੰਦੂ ਕਾਲਜ ਦੀ ਸਥਾਪਨਾ ਅੰਗਰੇਜ਼ੀ ਸਿੱਖਿਆ ਤੇ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਹੋਈ। ਇਸ ਲਈ ਰਾਜਾ ਰਾਮ ਮੋਹਨ ਰਾਏ ਨੇ ਹਿੰਦੂਆਂ ਕੋਲੋਂ ਪੈਸੇ ਵੀ ਇਕੱਠੇ ਕੀਤੇ ਅਤੇ ਉਨ੍ਹਾਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਸਿੱਖਿਆ ਦੇ ਫਾਇਦਿਆਂ ਬਾਰੇ ਦੱਸਦਿਆਂ ਇਸ ਦੀਆਂ ਸਿਫਤਾਂ ਵੀ ਕੀਤੀਆਂ।

ਅੰਗਰੇਜ਼ ਸਰਕਾਰ ਨੇ ਅੰਗਰੇਜ਼ੀ ਸਿੱਖਿਆ ਦੇ ਮਸਲੇ ਨੂੰ ਸਾਹਮਣੇ ਰੱਖ ਕੇ ਇਕ ਲੱਖ ਰੁਪਏ ਦੀ ਗਰਾਂਟ ਦਾ ਪ੍ਰਬੰਧ ਵੀ ਕੀਤਾ। ਮੈਕਾਲੇ ਨੇ ਲਿਖਿਆ ਹੈ ਕਿ ਕੌਂਸਲ ਦੇ ਗਵਰਨਰ ਜਨਰਲ ਲਈ ਕਾਨੂੰਨੀ ਤੌਰ 'ਤੇ ਇਹ ਪਾਬੰਦੀ ਹੋਵੇਗੀ ਕਿ ਆਪਣੇ ਇਲਾਕੇ ਵਿਚੋਂ ਉਸ ਨੂੰ ਜੋ ਵੀ ਕਿਰਾਇਆ ਜਾਂ ਲਾਭ ਪ੍ਰਾਪਤ ਹੋਣਗੇ, ਉਸ ਵਿਚੋਂ ਫੌਜੀਆਂ ਤੇ ਵਪਾਰਕ ਸੰਸਥਾਵਾਂ ਦੇ ਖਰਚੇ ਅਤੇ ਕਰਜ਼ਿਆਂ ਦਾ ਵਿਆਜ ਦੇਣ ਤੋਂ ਬਾਅਦ ਜਿਹੜੀ ਰਕਮ ਬਾਕੀ ਬਚੇਗੀ, ਉਸ ਵਿਚੋਂ ਹਰ ਵਰ੍ਹੇ ਇਕ ਲੱਖ ਰੁਪਿਆ ਵੱਖਰਾ ਰੱਖ ਦਿਤਾ ਜਾਇਗਾ। ਇਸ ਦੀ ਵਰਤੋਂ ਬ੍ਰਿਟਿਸ਼ ਇੰਡੀਆ ਦੇ ਨਾਗਰਿਕਾਂ ਵਿਚ ਵਿਗਿਆਨਕ ਜਾਣਕਾਰੀ ਦੇਣ ਲਈ ਕੀਤੀ ਜਾਇਗੀ ਜਾਂ ਫਿਰ ਬ੍ਰਿਟਿਸ਼ ਪ੍ਰਭੂਸੱਤਾ ਦੇ ਇਲਾਕਿਆਂ ਵਿਚ ਸਕੂਲ, ਕਾਲਜ ਖੋਲ੍ਹੇ ਜਾਣਗੇ। 1813 ਈਸਵੀ ਵਿਚਲੀ ਇਕ ਲੱਖ ਰੁਪਏ ਦੀ ਗਰਾਂਟ ਵੀਹ ਵਰ੍ਹਿਆਂ ਤੱਕ ਅਣਵਰਤੀ ਪਈ ਰਹੀ ਪਰ ਇਹ ਗੱਲ ਬੜੀ ਦਿਲਚਸਪ ਹੈ ਕਿ ਅੰਗਰੇਜ਼ੀ ਸਿੱਖਿਆ ਦੀ ਸਥਾਪਤੀ ਤੋਂ ਪਹਿਲਾਂ ਅੰਗਰੇਜ਼ੀ ਭਾਸ਼ਾ ਨੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। 1835 ਤੋਂ ਪਹਿਲਾਂ ਭਾਰਤੀ ਅੰਗਰੇਜ਼ੀ ਦੇ ਲਾਭਾਂ ਤੋਂ ਜਾਣੂੰ ਹੋ ਗਏ ਸਨ ਤੇ ਪਤਵੰਤੀ ਜਮਾਤ ਵਿਚ ਅੰਗਰੇਜ਼ੀ ਭਾਸ਼ਾ ਫੈਸ਼ਨ ਦਾ ਰੂਪ ਧਾਰ ਰਹੀ ਸੀ। 1823 ਵਿਚ ਗਵਰਨਰ ਜਨਰਲ ਨੇ ਦਸ ਮੈਂਬਰੀ ਕਮੇਟੀ ਬਣਾ ਦਿੱਤੀ ਜਿਸ ਦਾ ਮੁੱਖ ਕੰਮ ਇਹ ਸੀ ਕਿ ਇਸ ਇਕ ਲੱਖ ਰੁਪਏ ਨੂੰ ਕਿਵੇਂ ਖਰਚਣਾ ਹੈ ਅਤੇ ਸਿੱਖਿਆ ਦਾ ਪ੍ਰਬੰਧ ਕਿਸ ਰੂਪ ਵਿਚ ਕਰਨਾ ਹੈ ਪਰ ਕਮੇਟੀ ਸਾਹਮਣੇ ਦੋ ਬੜੀਆਂ ਅਹਿਮ ਸਮੱਸਿਆਵਾਂ ਸਨ:


(ੳ) ਪਹਿਲੀ, ਕੀ ਸਿੱਖਿਆ ਦਾ ਢਾਂਚਾ ਹਿੰਦੂਆਂ ਅਤੇ ਮੁਸਲਮਾਨਾਂ ਲਈ ਪਰੰਪਰਕ ਵਿਧੀ ਵਿਧਾਨ ਵਾਲਾ ਰੱਖਣਾ ਹੈ ਜਿਸ ਦਾ ਆਧਾਰ ਮਾਧਿਅਮ ਸੰਸਕ੍ਰਿਤ, ਅਰਬੀ, ਫਾਰਸੀ ਵਰਗੀਆਂ ਕਲਾਸੀਕਲ ਭਾਸ਼ਾਵਾਂ ਹਨ ਤੇ ਇਨ੍ਹਾਂ ਵਿਚ ਰਚੇ ਪਾਠ ਵੀ ਇਸ ਵਿਚ ਸ਼ਾਮਿਲ ਹਨ ਜਾਂ ਫਿਰ ਪੱਛਮੀ ਤਰਜ਼ ਦੇ ਵਿਗਿਆਨ, ਭਾਸ਼ਾ, ਸਾਹਿਤ ਦਰਸ਼ਨ ਤੇ ਸਮਾਜਿਕ ਵਿਗਿਆਨ ਦੇ ਵਿਸ਼ੇ ਪੜ੍ਹਾਏ ਜਾਣ ਵਾਲਾ।

(ਅ) ਦੂਜੀ, ਕੀ ਸਿੱਖਿਆ ਸਿਰਫ ਉਚ ਵਰਗ ਲਈ ਰਾਖਵੀਂ ਰੱਖਣੀ ਹੈ ਜਾਂ ਸਾਰਿਆਂ ਲਈ ਸਾਂਝੀ ਕਰਨੀ ਹੈ। ਔਰਤਾਂ ਦੀ ਸਿੱਖਿਆ ਦਾ ਇਸ ਵਿਚ ਕੋਈ ਜ਼ਿਕਰ ਨਹੀਂ ਮਿਲਦਾ। ਉਦੋਂ ਤੱਕ ਔਰਤਾਂ ਨੂੰ ਸਿੱਖਿਆ ਨਹੀਂ ਸੀ ਦਿੱਤੀ ਜਾਂਦੀ।

ਔਰਤਾਂ ਦੀ ਸਿੱਖਿਆ ਬਾਰੇ ਇਹ ਭਰਮ ਸਿਰਜਿਆ ਗਿਆ ਸੀ ਕਿ ਜਿਹੜੀ ਔਰਤ ਸਿੱਖਿਆ ਪ੍ਰਾਪਤ ਕਰੇਗੀ, ਉਹ ਜਲਦੀ ਵਿਧਵਾ ਹੋ ਜਾਏਗੀ ਅਤੇ ਵਿਧਵਾ ਦਾ ਸੰਤਾਪ ਤੇ ਸਮਾਜਿਕ ਹਾਲਤ ਉਨ੍ਹਾਂ ਸਮਿਆਂ ਵਿਚ ਬੜੀ ਹੌਲਨਾਕ ਸੀ। ਇਸ ਕਰਕੇ ਮਾਪੇ ਕੁੜੀਆਂ ਨੂੰ ਸਿੱਖਿਆ ਦੇਣ ਬਾਰੇ ਸੁਪਨੇ ਵਿਚ ਵੀ ਨਹੀਂ ਸਨ ਸੋਚ ਸਕਦੇ।

ਉਪਰੋਕਤ ਦੋਵਾਂ ਸਮੱਸਿਆਵਾਂ ਸਾਹਮਣੇ ਕਮੇਟੀ ਦੋ ਹਿੱਸਿਆਂ ਪੂਰਬਵਾਦੀਆਂ ਅਤੇ ਪੱਛਮਵਾਦੀਆਂ ਵਿਚ ਵੰਡੀ ਗਈ। ਪੂਰਬਵਾਦੀ ਚਾਹੁੰਦੇ ਸਨ ਕਿ ਪ੍ਰਾਚੀਨ ਸਿੱਖਿਆ ਪ੍ਰਣਾਲੀ ਨੂੰ ਬਹਾਲ ਰੱਖਿਆ ਜਾਵੇ ਅਤੇ ਕਲਾਸੀਕਲ ਭਾਸ਼ਾਵਾਂ ਦੇ ਪ੍ਰਸਾਰ ਲਈ ਵੱਧ ਤੋਂ ਵੱਧ ਪੈਸਾ ਖਰਚਿਆ ਜਾਵੇ ਪਰ ਪੱਛਮਵਾਦੀਆਂ ਦਾ ਜ਼ੋਰ ਇਸ ਗੱਲ 'ਤੇ ਸੀ ਕਿ ਨਵੇਂ ਗਿਆਨ ਵਿਗਿਆਨ ਦੇ ਪੱਛਮੀ ਤੌਰ-ਤਰੀਕਿਆਂ ਵਾਲੀ ਸਿੱਖਿਆ ਪ੍ਰਣਾਲੀ ਲਾਗੂ ਕੀਤੀ ਜਾਵੇ ਤਾਂ ਜੋ ਭਾਰਤ ਵਾਸੀਆਂ ਦਾ ਬੌਧਿਕ ਤੇ ਵਿਗਿਆਨਕ ਵਿਕਾਸ ਹੋ ਸਕੇ। ਇਸ ਲਈ ਉਨ੍ਹਾਂ ਦਾ ਮੁੱਖ ਜ਼ੋਰ ਅੰਗਰੇਜ਼ੀ ਭਾਸ਼ਾ ਦੇ ਮਾਧਿਅਮ 'ਤੇ ਸੀ। ਇਸ ਗੁੱਟ ਦੇ ਆਗੂ ਰਾਜਾ ਰਾਮ ਮੋਹਨ ਰਾਏ ਸਨ।

1934 ਵਿਚ ਮੈਕਾਲੇ ਭਾਰਤ ਆਇਆ ਅਤੇ ਉਸ ਨੂੰ ਇਸ ਕਮੇਟੀ ਦਾ ਮੈਂਬਰ ਲਾ ਦਿੱਤਾ ਗਿਆ। ਭਾਸ਼ਾ ਬਾਰੇ ਉਹਦਾ ਸਪਸ਼ਟ ਮੱਤ ਸੀ ਕਿ ਅੰਗਰੇਜ਼ੀ ਤੋਂ ਬਿਨਾਂ ਭਾਰਤ ਵਿਚ ਸਿੱਖਿਆ ਪ੍ਰਣਾਲੀ ਨੂੰ ਸਥਾਪਤ ਨਹੀਂ ਕੀਤਾ ਜਾ ਸਕਦਾ। ਉਸ ਨੇ 2 ਫਰਵਰੀ, 1835 ਨੂੰ ਲਿਖਿਆ ਹੈ ਕਿ ਕਲਾਸੀਕਲ ਭਾਸ਼ਾਵਾਂ ਜਿਨ੍ਹਾਂ ਵਿਚ ਰਚੀਆਂ ਗਈਆਂ ਪੁਸਤਕਾਂ ਵਿਚ ਦਰਜ ਝੂਠੇ ਇਤਿਹਾਸ, ਮਿਥਿਹਾਸ ਖਗੋਲ ਸ਼ਾਸਤਰ, ਇਲਾਜ ਤੇ ਜੋਤਿਸ਼ ਵਰਗੀਆਂ ਪ੍ਰਣਾਲੀਆਂ ਨੂੰ ਸਿੱਖਿਆ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਜਿੰਨਾ ਗਿਆਨ ਸ਼ਾਸਤਰ ਅੰਗਰੇਜ਼ੀ ਵਿਚ ਹੈ, ਉਸ ਦਾ ਮੁਕਾਬਲਾ ਦੁਨੀਆ ਦੀਆਂ ਭਾਸ਼ਾਵਾਂ ਦਾ 300 ਸਾਲਾਂ ਦਾ ਗਿਆਨ ਵੀ ਨਹੀਂ ਕਰ ਸਕਦਾ। ਅੰਗਰੇਜ਼ੀ ਜਲਦੀ ਹੀ ਅਫਰੀਕਾ ਤੇ ਆਸਟਰੇਲੀਆ ਤੇ ਹੋਰ ਸਮੁੰਦਰੀ ਇਲਾਕਿਆਂ ਵਿਚ ਵਪਾਰ ਦੀ ਭਾਸ਼ਾ ਬਣ ਰਹੀ ਹੈ ਤੇ ਭਾਰਤ ਵਿਚ ਵੀ ਇਹ ਅਤੀ ਜ਼ਰੂਰੀ ਹੈ। ਅਜਿਹੇ ਹਾਲਾਤ ਵਿਚ 7 ਮਾਰਚ, 1835 ਵਿਚ ਪਾਸ ਕੀਤੇ ਗਏ ਕਾਨੂੰਨ ਅਨੁਸਾਰ ਸਾਰੀ ਸਰਕਾਰੀ ਗਰਾਂਟ ਅੰਗਰੇਜ਼ੀ ਸਾਹਿਤ ਅਤੇ ਵਿਗਿਆਨ 'ਤੇ ਖਰਚ ਕਰਨ ਲਈ ਹੁਕਮ ਜਾਰੀ ਕਰ ਦਿੱਤੇ ਗਏ ਤੇ ਸਮੁੱਚੇ ਦੇਸ਼ ਵਿਚ ਅੰਗਰੇਜ਼ੀ ਮਾਧਿਅਮ ਵਾਲੀ ਸਿੱਖਿਆ ਪ੍ਰਣਾਲੀ ਦਾ ਅਰੰਭ ਹੋਇਆ। ਇਹ ਇਕ ਤਰ੍ਹਾਂ ਨਾਲ ਭਾਰਤ ਵਿਚ ਪਹਿਲੀ ਸਿੱਖਿਆ ਨੀਤੀ ਸੀ ਜਿਸ ਰਾਹੀਂ ਇਕ ਰਾਸ਼ਟਰ ਇਕ ਭਾਸ਼ਾ ਦਾ ਆਧਾਰ ਮਿਥਿਆ ਗਿਆ। ਸਥਾਨਕ ਭਾਸ਼ਾਵਾਂ ਤਕਰੀਬਨ ਹਾਸ਼ੀਏ 'ਤੇ ਧੱਕ ਦਿਤੀਆਂ ਗਈਆਂ। ਇਹ ਭਾਸ਼ਾਵਾਂ ਆਪਣੇ ਖੇਤਰਾਂ ਵਿਚ ਅਜ਼ਾਦੀ ਦੀ ਲੜਾਈ ਦੇ ਸੰਦੇਸ਼ ਪ੍ਰਸਾਰਨ ਵਿਚ ਵਰਤੀਆਂ



ਗਈਆਂ। ਇਥੇ ਨਾਲ ਹੀ ਉਰਦੂ ਨੂੰ ਹੇਠਲੀਆਂ ਅਦਾਲਤਾਂ ਵਿਚ ਲਾਗੂ ਕਰਕੇ ਫਾਰਸੀ ਨੂੰ ਪਰ੍ਹੇ ਧੱਕ ਦਿੱਤਾ ਗਿਆ। ਹਾਲਾਂਕਿ ਮੁਗਲ ਕਾਲ ਵਿਚ ਫਾਰਸੀ ਦਰਬਾਰ ਦੀ ਭਾਸ਼ਾ ਸੀ ਤੇ ਇਹ ਨਾਲ ਹੀ ਰਾਜ ਦਰਬਾਰ ਦੀ ਸਰਕਾਰੀ ਭਾਸ਼ਾ ਵਜੋਂ ਲੋਕਾਂ ਨੂੰ ਮੁਖਾਤਬ ਹੁੰਦੀ ਸੀ। ਅਜਿਹੇ ਹਾਲਾਤ ਵਿਚ ਅੰਗਰੇਜ਼ੀ ਸਾਮਰਾਜ ਨੇ ਭਾਸ਼ਾਵਾਂ ਵਿਚ ਵੈਰ-ਵਿਰੋਧ ਪੈਦਾ ਕੀਤੇ, ਇਨ੍ਹਾਂ ਨੂੰ ਸੰਪਰਦਾਇਕ ਟਕਰਾਵਾਂ ਲਈ ਇਕ ਟੂਲ ਵਜੋਂ ਵਰਤਿਆ। ਉਰਦੂ ਵਰਗੀ ਕੁਤਬਸ਼ਾਹੀ ਜ਼ਬਾਨ ਦਾ ਮੁਸਲਮਾਨਾਂ ਨਾਲ ਕੋਈ ਸਬੰਧ ਨਹੀਂ ਸੀ ਪਰ ਫਾਰਸੀ ਲਿੱਪੀ ਵਿਚ ਲਿਖੀ ਜਾਣ ਕਰਕੇ ਇਹ ਮੁਸਲਿਮ ਪਛਾਣ ਦੀ ਵਾਹਕ ਬਣ ਗਈ। ਸੰਸਕ੍ਰਿਤ ਵਿਚ ਹਿੰਦੂਆਂ ਦੇ ਗ੍ਰੰਥ ਸਨ ਪਰ ਬੜੇ ਲੰਮੇ ਸਮੇਂ ਤੋਂ ਇਹ ਲੋਕ ਵਿਹਾਰ ਵਿਚੋਂ ਖਤਮ ਹੋ ਗਈ ਸੀ। ਹਿੰਦੋਸਤਾਨ ਦੇ ਵੱਖ-ਵੱਖ ਹਿੱਸਿਆਂ ਵਿਚ ਵਸੇ ਹਿੰਦੂ ਸਥਾਨਕ ਮਾਤ ਭਾਸ਼ਾਵਾਂ ਦੇ ਬੁਲਾਰੇ ਸਨ ਪਰ ਸੰਪਰਦਾਇਕ ਜਾਗਰੂਕਤਾ ਕਰਕੇ ਉਨ੍ਹਾਂ ਨੇ ਆਪਣੀ ਪਛਾਣ ਸੰਸਕ੍ਰਿਤ ਤੇ ਬਾਅਦ ਵਿਚ ਹਿੰਦੀ ਨਾਲ ਜੋੜ ਲਈ। ਹੁਣ ਮੁਸਲਿਮ-ਹਿੰਦੂ ਵਿਰੋਧ ਇਨ੍ਹਾਂ ਭਾਸ਼ਾਵਾਂ ਦੀ ਪਛਾਣ ਦੇ ਟਕਰਾਓ ਵਿਚ ਬਦਲ ਗਿਆ ਜਿਸ ਦਾ ਭਿਆਨਕ ਨਤੀਜਾ ਦੇਸ਼ ਵੰਡ ਦੇ ਰੂਪ ਵਿਚ ਨਿਕਲਿਆ। ਭਾਰਤੀ ਪਤਵੰਤੀ ਜਮਾਤ ਅੰਗਰੇਜ਼ੀ ਮੋਹ ਦੀ ਗਲਵਕੜੀ ਵਿਚ ਬੱਝੀ ਰਹੀ ਤੇ ਅਵਾਮ ਸਥਾਨਕ/ਖੇਤਰੀ ਭਾਸ਼ਾਵਾਂ ਵਿਚ ਆਪਣਾ ਕਾਰ ਵਿਹਾਰ ਕਰਦਾ ਰਿਹਾ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਸੰਵਿਧਾਨ ਘੜਨੀ ਸਭਾ ਭਾਸ਼ਾਈ ਪੱਖੋਂ ਬੜੀ ਸੁਚੇਤ ਸੀ ਕਿ ਜੇ ਭਾਸ਼ਾਵਾਂ ਦੀ ਟਕਰਾਓ ਵਾਲੀ ਗੁੰਝਲਦਾਰ ਹਾਲਤ ਨੂੰ ਹੱਲ ਨਾ ਕੀਤਾ ਗਿਆ ਤਾਂ ਭਾਰਤ ਦੇ ਹੋਰ ਕਈ ਟੋਟੇ ਹੋ ਸਕਦੇ ਹਨ, ਕਿਉਂਕਿ ਭਾਸ਼ਾਈ ਪਛਾਣਾਂ ਜੀਣ ਮਰਨ ਦਾ ਰੂਪ ਧਾਰ ਚੁੱਕੀਆਂ ਸਨ। ਇਸ ਲਈ ਉਨ੍ਹਾਂ ਨੇ ਭਾਰਤ ਨੂੰ ਰਾਸ਼ਟਰ ਵਜੋਂ ਨਹੀਂ ਸੰਘੀ ਗਣਰਾਜ ਵਜੋਂ ਪਰਿਭਾਸ਼ਤ ਕੀਤਾ। ਇਹ ਤੱਥ ਬੜਾ ਮਹੱਤਵਪੂਰਨ ਹੈ ਕਿ ਜਿਸ ਨੂੰ ਅਸੀਂ ਪ੍ਰਾਂਤ ਜਾਂ ਸੂਬਾ ਕਹਿੰਦੇ ਹਾਂ, ਅਸਲ ਵਿਚ ਉਹ ਰਾਜ ਹਨ। ਸਟੇਟ ਦਾ ਦਰਜਾ ਹਮੇਸ਼ਾ ਪ੍ਰਭੂਸੱਤਾ ਵਾਲਾ ਹੁੰਦਾ ਹੈ ਪਰ ਭਾਰਤੀ ਰਾਜਾਂ ਦੀ ਇਹ ਵੱਡੀ ਖੂਬੀ ਹੈ ਕਿ ਇਹ ਭਾਸ਼ਾ, ਧਰਮ, ਜਾਤੀ, ਨਸਲ ਕਰਕੇ ਵੱਖ ਹੋਣ ਦੀ ਨਹੀਂ ਸੋਚਦੇ। ਉਨ੍ਹਾਂ ਨੂੰ ਪਤਾ ਹੈ ਕਿ ਭਾਰਤੀ ਗਣਰਾਜ ਵਿਚ ਬਣੇ ਰਹਿਣਾ ਉਨ੍ਹਾਂ ਲਈ ਸੁਖਾਵਾਂ ਹੀ ਨਹੀਂ ਸਗੋਂ ਸੁਰੱਖਿਅਤ ਵੀ ਹੈ ਕਿਉਂਕਿ ਦੁਨੀਆ ਭਰ ਦੇ ਛੋਟੇ-ਛੋਟੇ ਮੁਲਕ ਸਾਮਰਾਜੀ ਜਬਰ ਦਾ ਸ਼ਿਕਾਰ ਹੋ ਕੇ ਤਬਾਹ ਹੋ ਗਏ ਹਨ ਪਰ ਭਾਰਤੀ ਗਣਰਾਜ ਇਸ ਪੱਖੋਂ ਸੁਭਾਗਾ ਹੈ ਕਿ ਉਸ ਨੇ ਖੇਤਰੀ ਵੰਨ-ਸਵੰਨਤਾ ਵਿਚ ਭਾਈਵਾਲੀ ਨਾਲ ਇਸ ਨੂੰ ਸ਼ਕਤੀਸ਼ਾਲੀ ਬਣਾਇਆ ਹੈ। ਅੱਜ ਬੇਸ਼ਕ 'ਇਕ ਰਾਸ਼ਟਰ ਇਕ ਭਾਸ਼ਾ' ਵਾਲੇ ਹਾਲਾਤ ਇਸ ਵੰਨ ਸਵੰਨਤਾ ਨੂੰ ਭੰਗ ਕਰਨ ਵਾਲੀਆਂ ਹਨ ਪਰ ਇਹ ਸੰਭਵ ਨਹੀਂ।

ਇਸੇ ਪ੍ਰਸੰਗ ਵਿਚ ਸੰਘ ਮੁਖੀ ਦਾ ਬਿਆਨ ਕਿ 'ਭਾਰਤ ਹਿੰਦੂ ਰਾਸ਼ਟਰ ਹੈ', ਵਿਚਾਰਨਯੋਗ ਹੈ। ਇਹ ਅਸਲ ਵਿਚ ਬਹੁਗਿਣਤੀ ਸਮਾਜ ਵਲੋਂ ਘੱਟ-ਗਿਣਤੀਆਂ ਵਾਲੇ ਫਿਰਕਿਆਂ ਅਤੇ ਗਣਰਾਜ ਦੀ ਵੰਨ-ਸਵੰਨਤਾ ਨੂੰ ਢਾਹ ਲਾਉਣ ਵਾਲਾ ਹੈ। ਜਦੋਂ ਸਰਕਾਰੀ ਧਿਰਾਂ ਇਸ ਬਾਰੇ ਖਾਮੋਸ਼ ਹੋ ਜਾਣ ਤਾਂ ਦਹਿਸ਼ਤ ਪੈਦਾ ਹੋ ਜਾਂਦੀ ਹੈ, ਕਿਉਂਕਿ ਭਾਰਤੀ ਇਤਿਹਾਸ ਵਿਚ ਜਦੋਂ ਵੀ ਵੰਨ-ਸਵੰਨਤਾ ਭੰਗ ਹੁੰਦੀ ਹੈ, ਦੇਸ਼ ਸੰਕਟ ਵਿਚ ਚਲੇ ਜਾਂਦਾ ਹੈ। ਜਿਹੜੀਆਂ ਧਿਰਾਂ ਇਸ ਦਾ ਵਿਰੋਧ ਕਰ ਰਹੀਆਂ ਹਨ ਉਨ੍ਹਾਂ ਦੀ ਗੱਲ ਅਵਾਮ ਨੂੰ ਸੁਣਨੀ ਚਾਹੀਦੀ ਹੈ ਤਾਂ ਜੋ ਭਾਰਤ ਦਾ ਸੰਘੀ ਢਾਂਚਾ ਬਣਿਆ ਰਹੇ।

ਇਸ ਸਬੰਧੀ ਦੂਜਾ ਅਹਿਮ ਨੁਕਤਾ ਸੰਵਿਧਾਨ ਵਿਚ ਦਰਜ ਭਾਸ਼ਾਵਾਂ ਬਾਰੇ ਹੈ। ਸੰਵਿਧਾਨ ਦੇ ਸੰਘੀ ਢਾਂਚੇ ਵਿਚ ਸਾਰੀਆਂ ਭਾਸ਼ਾਵਾਂ ਨੂੰ ਕੌਮੀ ਭਾਸ਼ਾਵਾਂ ਦਾ ਦਰਜਾ ਪ੍ਰਾਪਤ ਹੈ। ਹਿੰਦੀ, ਅੰਗਰੇਜ਼ੀ ਨੂੰ ਸੰਪਰਕ ਭਾਸ਼ਾ ਦਾ ਦਰਜਾ ਪ੍ਰਾਪਤ ਹੈ ਪਰ ਇਹ ਰਾਸ਼ਟਰੀ ਭਾਸ਼ਾਵਾਂ ਨਹੀਂ ਸਗੋਂ ਕੌਮੀ ਭਾਸ਼ਾਵਾਂ ਹਨ ਪਰ ਭਾਸ਼ਾਈ ਪਛਾਣ ਕਰਕੇ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਦਾ ਦਰਜਾ ਦੇ ਕੇ ਸੰਵਿਧਾਨ ਵਿਚ ਦਰਜ ਭਾਸ਼ਾਵਾਂ ਨੂੰ ਮਿਧ ਕੇ ਉਨ੍ਹਾਂ ਦਾ ਅਪਮਾਨ ਕੀਤਾ ਜਾ ਰਿਹਾ ਹੈ। ਸੰਵਿਧਾਨ ਵਿਚ ਇਹ ਵੀ ਸਪਸ਼ਟ ਹੈ ਕਿ ਹਰ ਭਾਰਤੀ ਨਾਗਰਿਕ ਨੂੰ ਆਪਣੀ ਭਾਸ਼ਾ, ਧਰਮ, ਸਭਿਆਚਾਰ ਆਦਿ ਨੂੰ ਬਰਕਰਾਰ ਰੱਖਣ ਦਾ ਅਧਿਕਾਰ ਹੈ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਸਿੱਖਿਆ ਦਾ ਢਾਂਚਾ ਬਸਤੀਵਾਦੀ ਕਾਲ ਵਾਲਾ ਸੀ ਪਰ ਸਰਕਾਰ ਨੇ ਸੱਤਵੇਂ ਦਹਾਕੇ ਵਿਚ ਕੋਠਾਰੀ ਕਮਿਸ਼ਨ ਬਣਾ ਦਿੱਤਾ ਜਿਸ ਨੇ ਜ਼ਮੀਨੀ ਹਾਲਾਤ ਘੋਖ ਕੇ ਭਾਸ਼ਾਵਾਂ ਵਿਚ ਸੰਤੁਲਨ ਪੈਦਾ ਕਰਕੇ ਸਿੱਖਿਆ ਲਈ ਤਿੰਨ ਭਾਸ਼ਾਈ ਫਾਰਮੂਲਾ ਤਿਆਰ ਕੀਤਾ ਤੇ ਇਸ ਨੇ ਕਿਸੇ ਹੱਦ ਤੱਕ ਸਿੱਖਿਆ ਵਿਚ ਭਾਸ਼ਾਵਾਂ ਦੇ ਮਾਧਿਅਮ ਅਤੇ ਸਿਖਲਾਈ ਦੇ ਮਸਲੇ ਨੂੰ ਹੱਲ ਕਰਨ ਦਾ ਯਤਨ ਕੀਤਾ। ਫਿਰ 1986 ਵਿਚ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਬਦਲਦੇ ਹਾਲਾਤ ਵਿਚ ਨਵੀਂ ਸਿੱਖਿਆ ਨੀਤੀ ਦਾ ਐਲਾਨ ਕਰ ਦਿੱਤਾ। ਇਹ ਵੀ ਇਕ ਵਿਡੰਬਨਾ ਹੈ ਕਿ ਭਾਰਤ ਵਿਚ ਸਿੱਖਿਆ ਅਤੇ ਮਾਧਿਅਮ ਬਾਰੇ ਨਵੇਂ-ਨਵੇਂ ਪ੍ਰਯੋਗ ਕੀਤੇ ਜਾ ਰਹੇ ਹਨ ਜਿਸ ਨਾਲ ਵਾਰ-ਵਾਰ ਸਿੱਖਿਆ ਤੇ ਭਾਸ਼ਾਵਾਂ ਦੇ ਮਸਲੇ ਖੜ੍ਹੇ ਹੋ ਜਾਂਦੇ ਹਨ।

2019 ਵਿਚ ਸਰਕਾਰ ਨੇ ਪ੍ਰਸਿੱਧ ਵਿਗਿਆਨੀ ਕੇ. ਕਸਤੂਰੀ ਰੰਗਨ ਦੀ ਅਗਵਾਈ ਹੇਠ ਨਵੀਂ ਸਿੱਖਿਆ ਨੀਤੀ ਤਿਆਰ ਕੀਤੀ ਹੈ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਇਸ ਸਿੱਖਿਆ ਕਮੇਟੀ ਵਿਚ ਇਕ ਵੀ ਸਿੱਖਿਆ ਮਾਹਿਰ, ਭਾਸ਼ਾ ਵਿਗਿਆਨੀ ਜਾਂ ਕੋਈ ਉਘਾ ਅਧਿਆਪਕ ਨਹੀਂ ਸੀ। ਇਸ ਸਾਰੀ ਨੀਤੀ ਦੇ ਖਰੜੇ ਵਿਚ ਬੜੇ ਲੁਭਾਵਣੇ ਸ਼ਬਦਾਂ ਰਾਹੀਂ ਜਾਦੂਗਰੀ ਦਾ ਜਾਲ ਵਿਛਾਇਆ ਗਿਆ ਹੈ। ਪਹਿਲੀ ਨਜ਼ਰੇ ਲਗਦਾ ਹੈ ਕਿ ਸਾਰਾ ਹਿੰਦੋਸਤਾਨ ਅੰਗਰੇਜ਼ ਬਣ ਕੇ ਸਾਹਿਬ ਬਣ ਜਾਏਗਾ ਅਤੇ ਭਾਰਤ ਵਿਕਾਸ ਕਰਦਾ ਹੋਇਆ ਸੱਤਵੇਂ ਅਸਮਾਨ 'ਤੇ ਜਾ ਪਹੁੰਚੇਗਾ ਪਰ ਜੇ ਇਸ ਦੀਆਂ ਪਰਤਾਂ ਫੋਲੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਖਰੜਾ ਇਕ ਤਰ੍ਹਾਂ ਸਿੱਖਿਆ ਪ੍ਰਣਾਲੀ ਨੂੰ ਬਰਬਾਦ ਕਰਕੇ ਦੇਸ਼ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦਾ ਗੁਲਾਮ ਬਣਾ ਦੇਵੇਗਾ।

ਪਹਿਲਾ ਨੁਕਤਾ ਇਸ ਵਿਚ ਇਹ ਹੈ ਕਿ ਸਿੱਖਿਆ ਨੂੰ ਸਭਿਆਚਾਰ ਤੇ ਨੈਤਿਕਤਾ ਨਾਲ ਜੋੜਨਾ ਪਰ ਇਸ ਦੇ ਮੂਲ ਵਿਚ ਪੁਰਾਤਨ ਗ਼ੈਰ ਵਿਗਿਆਨਕ ਵਿਚਾਰਧਾਰਾ ਨੂੰ ਠੋਸਣ ਦੀ ਨਿਸ਼ਾਨਦੇਹੀ ਹੁੰਦੀ ਹੈ ਜਿਸ ਵਿਚ ਵਾਰ-ਵਾਰ ਦੁਹਰਾਇਆ ਜਾ ਰਿਹਾ ਹੈ ਕਿ ਸਾਰੀ ਆਧੁਨਿਕ ਸਾਇੰਸ ਪੁਰਾਤਨ ਭਾਰਤ ਵਿਚ ਪੈਦਾ ਹੋਈ ਹੈ, ਗਊ ਮੂਤਰ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ। ਰਮਾਇਣ ਕਾਲ ਵਿਚ ਹਵਾਈ ਜਹਾਜ਼ਾਂ ਦੀ ਹੋਂਦ ਸੀ। ਸੀਤਾ ਟੈਸਟ ਟਿਊਬ ਬੇਬੀ ਰਾਹੀਂ ਪੈਦਾ ਹੋਈ ਸੀ। ਨਾਰਦ ਪਹਿਲਾ ਪੱਤਰਕਾਰ ਸੀ। ਇਹੋ ਜਿਹੇ ਵਿਚਾਰ ਸੱਤਾ ਪੱਖ ਨਾਲ ਜੁੜੀਆਂ ਧਿਰਾਂ ਵਲੋਂ ਪ੍ਰਚਾਰੇ ਜਾ ਰਹੇ ਹਨ। ਅਜਿਹੇ ਵਹਿਮਾਂ, ਭਰਮਾਂ ਨੂੰ ਮੁੜ ਜੀਵਤ ਕਰਨਾ ਦੇਸ਼ਾਂ ਨੂੰ ਮੱਧਕਾਲ ਵਲ ਧੱਕਣ ਵਾਲੀ ਗੱਲ ਹੈ। ਇਸ ਦੇ ਨਾਲ ਭਾਰਤੀ ਸੰਵਿਧਾਨ ਵਿਚਲੀ ਧਰਮ-ਨਿਰਪੱਖਤਾ ਦੀ ਨੀਤੀ ਦਾ ਤਿਆਗ ਕਰਕੇ ਇਸ ਵਿਚ ਬਹੁ-ਗਿਣਤੀ ਦੇ ਧਰਮ ਨੂੰ ਸਰਬ ਉਚਤਾ ਦੇਣ ਦਾ ਯਤਨ ਨਜ਼ਰ ਆਉਂਦਾ ਹੈ।

ਭਾਸ਼ਾਵਾਂ ਦੇ ਮਾਧਿਅਮ ਰਾਹੀਂ ਹਾਲਤ ਇਹੋ ਜਿਹੀ ਬਣਾ ਦਿੱਤੀ ਗਈ ਹੈ ਕਿ ਬੱਚਾ ਕਿਸੇ ਵੀ ਇਕ ਭਾਸ਼ਾ ਜੋਗਾ ਨਹੀਂ ਰਹੇਗਾ। ਮਸਲਨ, ਤਿੰਨ ਸਾਲਾਂ ਦੇ ਬੱਚੇ ਨੂੰ ਨਰਸਰੀ ਜਮਾਤ ਵਿਚ ਤਿੰਨ ਭਾਸ਼ਾਵਾਂ ਪੜ੍ਹਾਈਆਂ ਜਾਣਗੀਆਂ। ਦੁਨੀਆ ਭਰ ਦੇ ਭਾਸ਼ਾ ਮਾਹਿਰਾਂ ਦੇ ਤਜਰਬੇ ਤੇ ਸਿੱਖਿਆ ਦੇ ਖੇਤਰ ਵਿਚ ਕੀਤੀਆਂ ਗਈਆਂ ਖੋਜਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਹਰ ਬੱਚੇ ਨੂੰ ਮੁਢਲੇ ਵਰ੍ਹਿਆਂ ਵਿਚ ਸਿਰਫ ਮਾਤ ਭਾਸ਼ਾ ਹੀ ਸਿਖਾਉਣੀ ਚਾਹੀਦੀ ਹੈ। ਜਿੰਨੀ ਦੇਰ ਤੱਕ ਉਹ ਮਾਤ ਭਾਸ਼ਾ ਵਿਚ ਚੰਗੀ ਮੁਹਾਰਤ ਹਾਸਲ ਨਹੀਂ ਕਰ ਲੈਂਦਾ, ਓਨੀ ਦੇਰ ਤੱਕ ਉਹ ਕੋਈ ਵੀ ਹੋਰ ਭਾਸ਼ਾ ਸਿੱਖਣ ਦੇ ਸਮਰੱਥ ਨਹੀਂ ਹੁੰਦਾ। ਇਥੇ ਇਹ ਵੀ ਬੜੀ ਵਚਿਤਰ ਗੱਲ ਹੈ ਕਿ ਬੱਚੇ ਕੋਲੋਂ ਕਦੇ ਨਹੀਂ ਪੁੱਛਿਆ ਗਿਆ ਕਿ ਉਹ ਮਾਤ ਭਾਸ਼ਾ ਤੋਂ ਇਲਾਵਾ ਕੋਈ ਹੋਰ ਭਾਸ਼ਾ ਪੜ੍ਹਨੀ ਵੀ ਚਾਹੁੰਦਾ ਹੈ ਜਾਂ ਨਹੀਂ। ਸਿੱਖਿਆ ਨੀਤੀ ਉਸ 'ਤੇ ਭਾਸ਼ਾਵਾਂ ਠੋਸ ਦਿੰਦੀ ਹੈ ਜਿਸ ਕਰਕੇ ਬੱਚਾ ਬੌਧਿਕ ਵਿਕਾਸ ਤੋਂ ਵਿਰਵਾ ਰਹਿ ਜਾਂਦਾ ਹੈ।

ਇਸੇ ਤਰ੍ਹਾਂ ਅੱਠਵੀਂ ਤੋਂ ਦਸਵੀਂ ਤੱਕ ਪਹੁੰਚਦਾ ਬੱਚਾ ਛੇ ਭਾਸ਼ਾਵਾਂ ਸਿੱਖੇਗਾ। ਕੀ ਇਹ ਉਸ ਨਾਲ ਅਨਿਆਂ ਨਹੀਂ? ਇਹ ਗੱਲ ਵੀ ਕਹੀ ਗਈ ਹੈ ਕਿ 6ਵੇਂ ਸਾਲ ਵਿਚ ਬੱਚੇ ਨੂੰ ਵਿਗਿਆਨ ਦੀ ਸਿੱਖਿਆ ਅੰਗਰੇਜ਼ੀ ਵਿਚ ਦਿੱਤੀ ਜਾਵੇਗੀ। ਕੀ ਉਹ ਅੰਗਰੇਜ਼ੀ ਵਿਚ ਵਿਗਿਆਨ ਦੀ ਪੜ੍ਹਾਈ ਗ੍ਰਹਿਣ ਕਰਨ ਦੇ ਸਮਰੱਥ ਹੋਵੇਗਾ? ਇਹ ਮਸਲਾ ਵਿਚਾਰਨਯੋਗ ਹੈ। ਦੁਨੀਆ ਭਰ ਵਿਚ ਇਸ ਬਾਰੇ ਕੀਤੇ ਗਏ ਤਜਰਬੇ ਦੱਸਦੇ ਹਨ ਕਿ ਵਿਗਿਆਨਾਂ ਦੀ ਸਮਝ ਬਣਾਉਣ ਲਈ ਸਭ ਤੋਂ ਵੱਡਾ ਟੂਲ ਮਾਤ ਭਾਸ਼ਾ ਹੈ। ਫਿਰ ਉਸ ਲਈ ਮਾਧਿਅਮ ਕੋਈ ਵੀ ਹੋਵੇ ਪਰ ਇਥੇ ਸਮਝ ਨਾਲੋਂ ਮਾਧਿਅਮ ਨੂੰ ਟੂਲ ਬਣਾਇਆ ਰਿਹਾ ਹੈ ਜਿਸ ਦਾ ਸਿੱਟਾ ਇਹ ਕਿ ਸਾਡੀ ਸਿੱਖਿਆ ਜੋ ਵਿਗਿਆਨ ਦੇ ਖੇਤਰ ਵਿਚ ਪਹਿਲਾਂ ਹੀ ਪਛੜੀ ਹੋਈ ਹੈ, ਉਹ ਹੋਰ ਪਛੜ ਜਾਏਗੀ। ਸਾਡੀਆਂ ਵਿਗਿਆਨਕ ਸੰਸਥਾਵਾਂ ਦੁਨੀਆ ਦੇ ਪੈਮਾਨਿਆਂ 'ਤੇ ਕਦੇ ਵੀ ਖਰੀਆਂ ਨਹੀਂ ਉਤਰੀਆਂ। ਚੀਨ, ਜਾਪਾਨ, ਰੂਸ ਜਿਥੇ ਵਿਗਿਆਨ ਦੀ ਸਮਝ ਲਈ ਮਾਤ ਭਾਸ਼ਾਵਾਂ ਦਾ ਸਹਾਰਾ ਲਿਆ ਜਾਂਦਾ ਹੈ, ਉਥੇ ਵਿਗਿਆਨ ਨੇ ਆਕਾਸ਼ ਛੂਹ ਲੈਣ ਵਾਲੀ ਤਰੱਕੀ ਕੀਤੀ ਹੈ ਤੇ ਇਸ ਵਿਚ ਅਨੇਕਾਂ ਨੋਬਲ ਇਨਾਮ ਪ੍ਰਾਪਤ ਕੀਤੇ ਹਨ। ਇਸ ਲਈ ਮਾਤ ਭਾਸ਼ਾਵਾਂ ਦੇ ਮਹੱਤਵ ਨੂੰ ਪਛਾਣਨ ਤੋਂ ਬਗੈਰ ਭਾਰਤ ਡਿਜੀਟਲ ਇੰਡੀਆ ਨਹੀਂ ਬਣ ਸਕਦਾ।

ਅਗਲਾ ਨੁਕਤਾ ਹੈ ਕਿ ਪੜ੍ਹਾਉਣ ਲਈ ਅਧਿਆਪਕਾਂ ਦੀ ਘਾਟ ਹੈ ਤੇ ਨਾਲ ਹੀ ਫੰਡਾਂ ਦੀ ਵੀ। ਇਸ ਲਈ ਕਮਜ਼ੋਰ ਬੱਚਿਆਂ ਨੂੰ ਪੜ੍ਹਾਉਣ ਲਈ ਵੱਡੀਆਂ ਜਮਾਤਾਂ ਦੇ ਬੱਚਿਆਂ ਨੂੰ ਸਵੈ ਸੇਵਾ ਲਈ ਲਾਉਣਾ, ਸੇਵਾ-ਮੁਕਤ ਮੁਲਾਜ਼ਮਾਂ ਦੀਆਂ ਸੇਵਾਵਾਂ ਲੈਣੀਆਂ ਜਾਂ ਸਮਾਜ ਸੇਵੀਆਂ ਨੂੰ ਮੁਫਤ ਜਾਂ ਮਿਹਨਤਾਨਾ ਦੇ ਕੇ ਪੜ੍ਹਾਉਣ ਦਾ ਪ੍ਰਬੰਧ ਕਰਨ ਵਰਗੇ ਅਸਥਾਈ ਪ੍ਰਬੰਧਾਂ ਦੀ ਗੱਲ ਕੀਤੀ ਗਈ ਹੈ। ਇਹ ਵੱਡੀ ਹੈਰਾਨੀ ਦੀ ਗੱਲ ਹੈ ਕਿ ਜਿਸ ਦੇਸ਼ ਨੇ ਪੰਜ ਟ੍ਰਿਲੀਅਨ ਡਾਲਰ ਵਾਲੀ ਆਰਥਿਕ ਵਿਵਸਥਾ ਦਾ ਰੂਪ ਧਾਰਨਾ ਹੈ ਜਿਸ ਕੋਲ ਜੰਗੀ ਜਹਾਜ਼ ਰਾਫੇਲ ਖਰੀਦਣ ਲਈ ਅਰਬਾਂ ਰੁਪਏ ਹਨ, ਬੁੱਤ ਲਾਉਣ ਤੇ ਬੁਲੇਟ ਟਰੇਨਾਂ ਲਈ ਪੈਸੇ ਹਨ ਪਰ ਅਧਿਆਪਕ ਲਾਉਣ ਲਈ ਕੋਈ ਵਿਵਸਥਾ ਨਹੀਂ। ਇਸ ਤੋਂ ਵੱਡਾ ਤੇ ਕੋਝਾ ਮਜ਼ਾਕ ਸਿੱਖਿਆ ਨਾਲ ਹੋਰ ਕੀ ਹੋ ਸਕਦਾ ਹੈ, ਇਹ ਸੋਚਣ ਦੀ ਗੱਲ ਹੈ। ਜੇ ਲੋਕ ਟੈਕਸ ਦਿੰਦੇ ਹਨ ਤਾਂ ਉਹ ਐਸ਼ਪ੍ਰਸਤੀ ਲਈ ਨਹੀਂ, ਬੁਨਿਆਦੀ ਸਹੂਲਤਾਂ ਸਿੱਖਿਆ ਤੇ ਸਿਹਤ ਲਈ ਵੀ ਦਿੰਦੇ ਹਨ। ਇਹ ਦੋਵੇਂ ਹੀ ਅੱਜ ਡਾਵਾਂਡੋਲ ਹਨ। ਸਰਕਾਰੀ ਸਕੂਲਾਂ ਦੀ ਹਾਲਤ ਕਿਸੇ ਕੋਲੋਂ ਲੁਕੀ ਹੋਈ ਨਹੀਂ। ਨਾ ਤਾਂ ਸਿੱਖਿਅਤ ਅਧਿਆਪਕ ਹਨ ਤੇ ਨਾ ਹੀ ਬੁਨਿਆਦੀ ਢਾਂਚਾ। ਇੰਜ ਜਦੋਂ ਸਿੱਖਿਆ ਦੀ ਨੀਂਹ ਹੀ ਕਮਜ਼ੋਰ

***(ਬਾਕੀ ਅਗਲੇ ਸਫੇ 'ਤੇ)***

# ਭਾਸ਼ਾਵਾਂ ਦੇ ਮਸਲੇ

*(ਪਿਛਲੇ ਸਫੇ ਦੀ ਬਾਕੀ)*

ਹੋਵੇਗੀ ਤਾਂ ਉਸ 'ਤੇ ਉਸਰਿਆ ਢਾਂਚਾ ਕਿਹੋ ਜਿਹੇ ਨਤੀਜੇ ਦੇਵੇਗਾ, ਇਹ ਸਪਸ਼ਟ ਹੈ। ਹਸਪਤਾਲਾਂ ਵਿਚ ਦਵਾਈਆਂ ਤੇ ਡਾਕਟਰਾਂ ਦਾ ਕਾਲ ਹੈ ਜਿਸ ਤੋਂ ਸਿਹਤ ਦੇ ਢਾਂਚੇ ਦਾ ਪਤਾ ਲਗਦਾ ਹੈ।

ਨਵੀਂ ਸਿੱਖਿਆ ਨੀਤੀ ਵਿਚ ਅਨੇਕਾਂ ਯੂਨੀਵਰਸਿਟੀਆਂ, ਸਕੂਲ ਤੇ ਕਾਲਜ ਖੋਲ੍ਹਣ ਦੀ ਗੱਲ ਵੀ ਕਹੀ ਗਈ ਹੈ। ਇਸ ਖਰੜੇ ਵਿਚ ਤਿੰਨ ਤਰ੍ਹਾਂ ਦੀਆਂ ਯੂਨੀਵਰਸਿਟੀਆਂ ਖੋਲ੍ਹਣ ਦੀ ਗੱਲ ਕੀਤੀ ਗਈ ਹੈ। ਪਹਿਲੀ ਵਿਚ ਖੋਜ ਯੂਨੀਵਰਸਿਟੀਆਂ ਸ਼ਾਮਿਲ ਹਨ ਜਿਨ੍ਹਾਂ ਵਿਚ ਵਿਦਿਆਰਥੀਆਂ ਦੀ ਗਿਣਤੀ 5000 ਤੋਂ 25000 ਤੱਕ ਹੋਵੇਗੀ ਅਤੇ ਇਨ੍ਹਾਂ ਦੀ ਗਿਣਤੀ ਡੇਢ ਸੌ ਤੋਂ ਤਿੰਨ ਸੌ ਤੱਕ ਹੋਵੇਗੀ। ਇਸ ਦਾ ਅਰਥ ਹੋਇਆ ਕਿ ਜਿਸ ਯੂਨੀਵਰਸਿਟੀ ਵਿਚ ਵਿਦਿਆਰਥੀ ਘੱਟ ਹੋਣਗੇ ਉਨ੍ਹਾਂ ਨੂੰ ਪੜ੍ਹਾਈ ਦੀ ਸਹੂਲਤ ਨਹੀਂ ਮਿਲੇਗੀ। ਇਸ ਨਾਲ ਭਾਰਤ ਦੇ ਦੂਰ-ਦੁਰਾਡੇ ਖੇਤਰਾਂ ਵਿਚ ਵਸਦੇ ਨਾਗਰਿਕਾਂ ਕੋਲੋਂ ਉਚ ਸਿੱਖਿਆ ਤੇ ਖੋਜ ਦਾ ਅਧਿਕਾਰ ਖੋਹ ਲਿਆ ਜਾਏਗਾ। ਦੂਜੀ ਕਿਸਮ ਦੀਆਂ ਯੂਨੀਵਰਸਿਟੀਆਂ ਅਧਿਆਪਨ ਯੂਨੀਵਰਸਿਟੀਆਂ ਹੋਣਗੀਆਂ ਜਿਨ੍ਹਾਂ ਵਿਚ ਗਿਣਤੀ ਪੰਜ ਤੋਂ ਪੱਚੀ ਹਜ਼ਾਰ ਹੋਵੇਗੀ। ਇਨ੍ਹਾਂ ਦੀ ਗਿਣਤੀ ਆਉਣ ਵਾਲੇ ਦਹਾਕਿਆਂ ਵਿਚ ਹਜ਼ਾਰ ਤੋਂ ਦੋ ਹਜ਼ਾਰ ਹੋਵੇਗੀ ਇਸ ਦਾ ਅਰਥ ਵੀ ਇਹੀ ਨਿਕਲਦਾ ਹੈ ਕਿ ਇਸ ਤੋਂ ਘੱਟ ਗਿਣਤੀ ਵਾਲੇ ਖਿੱਤੇ ਵਿਚ ਅਧਿਆਪਨ ਸਿੱਖਿਆ ਦਾ ਭੋਗ ਪੈ ਜਾਵੇਗਾ। ਇਸੇ ਤਰ੍ਹਾਂ ਤੀਜੀ ਕਿਸਮ ਵਿਚ ਕਾਲਜ ਹੋਣਗੇ ਜੋ ਵਧੇਰੇ ਕਰਕੇ ਖੁਦਮੁਖਤਾਰ ਹੋਣਗੇ। ਇਨ੍ਹਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਦੋ ਤੋਂ ਪੰਜ ਹਜ਼ਾਰ ਹੋਵੇਗੀ ਤੇ ਇਨ੍ਹਾਂ ਦੀ ਗਿਣਤੀ ਪੰਜ ਤੋਂ ਦਸ ਹਜ਼ਾਰ ਤੱਕ ਹੋਵੇਗੀ। ਇਸ ਪੈਮਾਨੇ ਤੋਂ ਸਪਸ਼ਟ ਹੁੰਦਾ ਹੈ ਕਿ ਜੇ ਗਿਣਤੀ ਇਸ ਤੋਂ ਘੱਟ ਹੋਵੇਗੀ ਤਾਂ ਉਨ੍ਹਾਂ ਸੰਸਥਾਵਾਂ ਨੂੰ ਬੰਦ ਕਰ ਦਿੱਤਾ ਜਾਵੇਗਾ। ਇਸੇ ਸੋਚ ਤਹਿਤ ਦੇਸ਼ ਵਿਚਲੇ ਸਿੱਖਿਆ ਕਾਲਜਾਂ ਦੀ ਤਾਲੇਬੰਦੀ ਕਰਕੇ ਉਨ੍ਹਾਂ ਨੂੰ ਜਨਰਲ ਕੋਰਸਾਂ ਵਾਲੇ ਕਾਲਜਾਂ ਵਿਚ ਤਬਦੀਲ ਕਰਨ ਦੀ ਤਜਵੀਜ਼ ਹੈ।

ਦੇਸ਼ ਵਿਚਲੇ ਕਾਲਜਾਂ ਦਾ ਹਾਲ ਵੀ ਸਕੂਲਾਂ ਵਾਂਗ ਮੰਦਾ ਹੈ। ਅਧਿਆਪਕ ਭਰਤੀ ਦੀ ਬਜਾਏ ਅਸਥਾਈ ਤੌਰ 'ਤੇ ਨਿਗੂਣੀਆਂ ਉਜਰਤਾਂ 'ਤੇ ਐਡਹਾਕ ਅਧਿਆਪਕ ਰੱਖ ਕੇ ਜਾਂ ਗੈਸਟ ਫੈਕਲਟੀ ਨਾਲ ਬੁੱਤਾ ਸਾਰਿਆ ਜਾ ਰਿਹਾ ਹੈ।




ਇਸ ਬਾਰੇ ਖਰੜਾ ਚੁੱਪ ਹੈ। ਜਿਥੇ ਅੱਜ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਚੜ੍ਹਤ ਹੈ ਜੋ ਵਿੱਦਿਆ ਦੀਆਂ ਦੁਕਾਨਾਂ ਹਨ ਅਤੇ ਵੱਡਾ ਮੁਨਾਫਾ ਕਮਾ ਰਹੀਆਂ ਹਨ, ਇਸ ਦੇ ਮੁਕਾਬਲੇ ਸਰਕਾਰੀ ਯੂਨੀਵਰਸਿਟੀਆਂ ਨੂੰ ਗ੍ਰਾਂਟਾਂ ਜਾਰੀ ਕਰਨ ਤੋਂ ਨਾਂਹ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਆਪਣੇ ਆਮਦਨੀ ਦੇ ਸਰੋਤ ਪੈਦਾ ਕਰਨ ਦੀਆਂ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਦਾ ਸਿੱਧਾ ਬੋਝ ਵਿਦਿਆਰਥੀਆਂ 'ਤੇ ਪੈ ਰਿਹਾ ਹੈ।

ਇਸ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਤਿੰਨ ਹਜ਼ਾਰ ਸਾਲ ਪਹਿਲਾਂ ਨਾਲੰਦਾ ਅਤੇ ਟੈਕਸਲਾ ਯੂਨੀਵਰਸਿਟੀਆਂ ਦੇ ਮਾਡਲਾਂ 'ਤੇ ਇਨ੍ਹਾਂ ਯੂਨੀਵਰਸਿਟੀਆਂ ਨੂੰ ਦਿਸ਼ਾ ਦਿੱਤੀ ਜਾਵੇਗੀ। ਇਸ ਲਈ 'ਮਿਸ਼ਨ ਨਲੰਦਾ' ਦੀ ਕਾਰਜ ਯੋਜਨਾ ਹੈ ਜੋ ਨੈਸ਼ਨਲ ਸਿੱਖਿਆ ਕਮਿਸ਼ਨ ਹੇਠ ਹੋਵੇਗਾ ਜਿਸ ਦਾ ਮੁਖੀ ਪ੍ਰਧਾਨ ਮੰਤਰੀ ਨੂੰ ਬਣਾਇਆ ਗਿਆ ਹੈ। ਕੌਮੀ ਸਿੱਖਿਆ ਕਮਿਸ਼ਨ ਨੂੰ ਭਾਰਤੀ ਸਿੱਖਿਆ ਦੀ ਸਰਬ ਉਚ ਸੰਸਥਾ ਦਾ ਦਰਜਾ ਦਿੱਤਾ ਗਿਆ ਹੈ ਜਿਸ ਦੇ ਦਿਸ਼ਾ ਨਿਰਦੇਸ਼ ਤੇ ਵਿਚਾਰਧਾਰਾ ਪੂਰੇ ਮੁਲਕ 'ਤੇ ਥੋਪੀ ਜਾਏਗੀ। ਇਸ ਨਾਲ ਸਿੱਖਿਆ ਦੇ ਖੇਤਰ ਵਿਚ ਰਾਜਾਂ ਦੀ ਸ਼ਮੂਲੀਅਤ ਮਨਫੀ ਕਰਕੇ 'ਇਕ ਦੇਸ਼ ਇਕ ਭਾਸ਼ਾ' ਦਾ ਸੁਪਨਾ ਦੇਖਿਆ ਜਾ ਰਿਹਾ ਹੈ ਜੋ ਬੜਾ ਘਾਤਕ ਹੈ।

ਇਉਂ 478 ਸਫਿਆਂ ਦਾ ਇਹ ਦਸਤਾਵੇਜ਼ ਨਵ-ਉਦਾਰੀਵਾਦ ਦੀ ਚੜ੍ਹਤ ਨੂੰ ਹੋਰ ਤੀਬਰ ਕਰਨ ਤੇ ਸਿੱਖਿਆ ਦੇ ਕੇਂਦਰੀ-ਕ੍ਰਿਤ ਰੂਪ ਨਾਲ ਜੁੜਿਆ ਹੋਇਆ ਹੈ। ਸਿੱਖਿਆ ਦਾ ਕੇਂਦਰੀਕਰਨ ਇਸ ਕਰਕੇ ਮਾਰੂ ਹੋਵੇਗਾ ਕਿ ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਹਾਲਾਤ ਇਕੋ ਜਿਹੇ ਨਹੀਂ। ਇਹ ਕਿਵੇਂ ਸੰਭਵ ਹੈ ਕਿ ਪੰਜਾਬ, ਝਾਰਖੰਡ, ਕੇਰਲਾ, ਤਾਮਿਲ ਨਾਡੂ ਅਤੇ ਉੜੀਸਾ ਵਿਚ ਰਹਿ ਰਹੇ ਬੱਚਿਆਂ ਨੂੰ ਇਕੋ ਜਿਹੀ ਸਿੱਖਿਆ ਦਰਕਾਰ ਹੈ। ਹਰ ਇਲਾਕੇ, ਸੂਬੇ ਦੀਆਂ ਆਪਣੀਆਂ ਰਵਾਇਤਾਂ, ਸਭਿਆਚਾਰਕ ਵੰਨ-ਸਵੰਨਤਾਵਾਂ, ਧਰਮ, ਰਹੁ-ਰੀਤਾਂ, ਖਾਣ-ਪੀਣ ਤੇ ਆਰਥਿਕ ਵਸੀਲੇ ਭਿੰਨ ਹਨ। ਇਨ੍ਹਾਂ ਨੂੰ ਇਕੋ ਰੱਸੇ ਬੰਨ੍ਹਣਾ ਸਿੱਖਿਆ ਦੇ ਸਥਾਪਤ ਢਾਂਚੇ ਦਾ ਵਿਨਾਸ਼ ਕਰਨ ਦੇ ਤੁਲ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੰਡੀ ਦੀਆਂ ਤਾਕਤਾਂ ਨੂੰ ਸਾਹਮਣੇ ਰੱਖ ਕੇ ਇਸ ਦਾ ਮਸੌਦਾ ਤਿਆਰ ਕੀਤਾ ਗਿਆ ਹੈ। ਦੇਸ਼ ਵਿਚ ਵਧ ਰਹੀ ਬੇਰੁਜ਼ਗਾਰੀ, ਡਾਵਾਂਡੋਲ ਆਰਥਿਕਤਾ ਤੇ ਅਨਿਸਚਿਤ ਭਵਿਖ ਨਾਲ ਨਜਿੱਠਣ ਲਈ ਕੋਈ ਕਾਰਜ ਸਾਧਕ ਯੋਜਨਾ ਨਜ਼ਰ ਨਹੀਂ ਆਉਂਦੀ। ਇਸ ਸਿੱਖਿਆ ਨੀਤੀ ਦੇ ਚੇਅਰਮੈਨ ਪ੍ਰਸਿੱਧ ਵਿਗਿਆਨੀ ਕਸਤੂਰੀ ਰੰਗਨ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਅਸੀਂ ਹੁਣ ਸੁਧਾਰ ਦੀ ਦਿਸ਼ਾ ਵੱਲ ਨਹੀਂ ਜਾਣਾ ਚਾਹੁੰਦੇ ਸਗੋਂ ਅਸੀਂ ਇਨਕਲਾਬੀ ਤਬਦੀਲੀ ਕਰਨੀ ਚਾਹੁੰਦੇ ਹਾਂ, ਇਹ ਇਨਕਲਾਬੀ ਤਬਦੀਲੀ ਪੁਰਾਣੇ ਚਲੇ ਆ ਰਹੇ ਸਿੱਖਿਆ ਢਾਂਚੇ ਦੀਆਂ ਘਾਟਾਂ, ਕਮਜ਼ੋਰੀਆਂ ਨੂੰ ਦਰੁਸਤ ਕਰਨ ਦੀ ਥਾਵੇਂ ਨਵੇਂ ਪ੍ਰਬੰਧਕੀ ਢਾਂਚੇ ਅਤੇ ਚੁਣੌਤੀਆਂ ਰਾਹੀਂ ਹੀ ਸੰਭਵ ਹੋ ਸਕਦੀ ਹੈ। ਇਸੇ ਨੂੰ 3 ਹਜ਼ਾਰ ਸਾਲ ਪੁਰਾਣੀ ਸਿੱਖਿਆ ਤੋਂ ਉਠਾ ਕੇ ਚੌਥੇ ਇਨਕਲਾਬ ਦਾ ਨਾਂ ਦਿੱਤਾ ਗਿਆ ਹੈ ਤੇ ਇਸ ਨੂੰ ਆਰਟੀਫੀਸ਼ਲ ਇੰਟੈਲੀਜੈਂਸ ਜਾਂ ਬਨਾਉਟੀ ਬੌਧਿਕਤਾ ਨਾਲ ਜੋੜਨ ਦੀ ਗੱਲ ਕਹੀ ਗਈ ਹੈ।

ਇਸ ਖਰੜੇ ਦੀ ਇਕ ਹੋਰ ਵਿਸ਼ੇਸ਼ ਗੱਲ ਇਹ ਹੈ ਕਿ ਇਸ ਵਿਚ ਵਾਰ-ਵਾਰ ਦੁਹਰਾਇਆ ਗਿਆ ਹੈ ਕਿ ਖੋਜ ਦੱਸਦੀ ਹੈ ਪਰ ਉਹ ਕਿਹੜੀ ਖੋਜ ਹੈ, ਉਸ ਦੇ ਬਾਰੇ ਕੋਈ ਹਵਾਲਾ ਨਹੀਂ ਦਿੱਤਾ ਗਿਆ ਹੈ। ਉਸ ਦੇ ਸਰੋਤ ਜਾਣ-ਬੁਝ ਕੇ ਲੁਕੋਏ ਗਏ ਹਨ ਕਿਉਂਕਿ ਉਹ ਨਿਰਦੇਸ਼ ਹਨ। ਵੱਡੇ-ਵੱਡੇ ਸਿੱਖਿਆ ਮਾਹਿਰਾਂ, ਭਾਸ਼ਾ ਵਿਗਿਆਨੀਆਂ ਸਿੱਖਿਆ ਸ਼ਾਸਤਰੀਆਂ ਦੇ ਤਜਰਬੇ ਤੇ ਹਵਾਲੇ ਨਦਾਰਦ ਹਨ। ਨਾ ਹੀ ਉਨ੍ਹਾਂ ਨਾਲ ਇਸ ਖਰੜੇ ਬਾਰੇ ਕੋਈ ਵਿਚਾਰ-ਵਟਾਂਦਰਾ ਕੀਤਾ ਗਿਆ ਹੈ ਤਾਂ ਜੋ ਸੁਧਾਰਾਂ ਦੀ ਗੁੰਜਾਇਸ਼ ਬਣੀ ਰਹੇ। ਉਂਜ ਸ਼ਬਦੀ ਜਾਲ ਰਾਹੀਂ ਭਰਮਾਉਣ ਦਾ ਯਤਨ ਜ਼ਰੂਰ ਕੀਤਾ ਗਿਆ ਹੈ ਜੋ ਥੋੜ੍ਹੀ ਜਿਹੀ ਘੋਖ ਪੜਤਾਲ ਤੋਂ ਸਾਹਮਣੇ ਆ ਜਾਂਦਾ ਹੈ। 2008 ਵਿਚ ਸੁਤੰਤਰ ਸਿੱਖਿਆ ਕਮਿਸ਼ਨ ਦਾ ਸੁਝਾਅ ਦਿੱਤਾ ਗਿਆ ਸੀ ਜੋ ਆਜ਼ਾਦ ਫੈਸਲੇ ਕਰਕੇ ਬਿਹਤਰੀ ਲਈ ਕਦਮ ਚੁੱਕੇ ਪਰ ਇਸ ਖਰੜੇ ਵਿਚ ਜਿਹੜੀਆਂ ਰੈਗੂਲੇਟਰੀ ਸ਼ਕਤੀਆਂ ਦੀ ਗੱਲ ਕੀਤੀ ਗਈ ਹੈ, ਉਹ ਸਪਸ਼ਟ ਰੂਪ ਵਿਚ ਕੇਂਦਰੀ ਕੰਟਰੋਲ ਵਾਲੀਆਂ ਹੋਣਗੀਆਂ।

ਇਸ ਸਾਰੀ ਚਰਚਾ ਦਾ ਮਕਸਦ ਇਸ ਖਰੜੇ ਵਿਚਲੀਆਂ ਉਨ੍ਹਾਂ ਘੋਖਾਂ ਨਾਲ ਸਬੰਧਿਤ ਹੈ ਜਿਨ੍ਹਾਂ ਦਾ ਸਿੱਧਾ ਅਸਰ ਹਰ ਇਕ ਭਾਰਤੀ 'ਤੇ ਹੋਵੇਗਾ। ਇਸ ਵਿਚ ਹੋਰ ਵੀ ਬੜੇ ਮਸਲੇ ਹਨ ਜੋ ਮੁਲੰਕਣ ਪ੍ਰਣਾਲੀ, ਪਾਠ ਪੁਸਤਕਾਂ ਦੀ ਤਿਆਰੀ, ਸਿੱਖਿਆ ਨਾਲ ਜੁੜੀਆਂ ਸੰਸਥਾਵਾਂ, ਸਰਕਾਰੀ ਤੇ ਪ੍ਰਾਈਵੇਟ ਅਦਾਰੇ, ਧਾਰਮਿਕ ਸੰਸਥਾਵਾਂ, ਵਿੱਦਿਆ ਦਾਨ ਦੇਣ ਵਾਲੀਆਂ ਲੋਕ ਹਿਤੂ ਸੰਸਥਾਵਾਂ ਇਨ੍ਹਾਂ ਸਾਰਿਆਂ ਬਾਰੇ ਕਈ ਖਦਸ਼ੇ ਨਜ਼ਰ ਆ ਰਹੇ ਹਨ। ਭਾਸ਼ਾਵਾਂ ਬਾਰੇ ਸਿਰਫ ਹਿੰਦੀ ਤੇ ਅੰਗਰੇਜ਼ੀ ਦੀ ਗੱਲ ਕਰਕੇ ਬਾਕੀ ਭਾਸ਼ਾਵਾਂ ਬਾਰੇ ਕੋਈ ਚਰਚਾ ਨਹੀਂ। ਸਰਕਾਰੀ ਸਕੂਲਾਂ ਦੀ ਬਦਤਰ ਹਾਲਤ ਕਿਸੇ ਕੋਲੋਂ ਛੁਪੀ ਹੋਈ ਨਹੀਂ। ਉਥੇ ਮਜ਼ਦੂਰ ਜਮਾਤ ਦੇ ਬੱਚੇ ਜਾਂ ਫਿਰ ਦਲਿਤ ਬੱਚਿਆਂ ਦੀ ਗਿਣਤੀ ਵਧੇਰੇ ਹੈ ਜਿਨ੍ਹਾਂ ਨੂੰ ਫਸਲ ਦੀ ਬਿਜਾਈ, ਤੁੜਾਈ ਤੇ ਵਢਾਈ ਦੇ ਮੌਸਮ ਵਿਚ ਮਾਪਿਆਂ ਦੀ ਸਹਾਇਤਾ ਲਈ ਖੇਤਾਂ ਵਿਚ ਕੰਮ ਕਰਨ ਲਈ ਜਾਣਾ ਪੈਂਦਾ ਹੈ, ਉਹ ਕੀ ਕਰਨਗੇ? ਦੂਸਰੇ ਪਾਸੇ ਸਰਕਾਰੀ ਅਧਿਆਪਕਾਂ ਨੂੰ ਪੜ੍ਹਾਉਣ ਦੀ ਬਜਾਇ ਅੰਕੜੇ ਇਕੱਠੇ ਕਰਨ ਜਾਂ ਮੇਲਾਂ ਰਾਹੀਂ ਕੰਪਿਊਟਰ ਦੇ ਢਿੱਡ ਭਰਨ 'ਤੇ ਲਾਇਆ ਹੋਇਆ ਹੈ। ਇਕ ਅਧਿਆਪਕ ਦਾ ਕੰਮ ਜਮਾਤ ਵਿਚ ਪੜ੍ਹਾਉਣਾ ਹੈ, ਨਾ ਕਿ ਫਜ਼ੂਲ ਦੀਆਂ ਡਾਕਾਂ ਤੇ ਫਾਲਤੂ ਕੰਮਾਂ ਵਿਚ ਆਪਣਾ ਸਮਾਂ ਤੇ ਸ਼ਕਤੀ ਨੂੰ ਗੁਆਉਣਾ। ਇਸ ਤੋਂ ਸਪਸ਼ਟ ਹੈ ਕਿ ਅਧਿਆਪਕਾਂ ਨੂੰ ਪੜ੍ਹਾਉਣ ਤੋਂ ਭਟਕਾਇਆ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਨਵੀਂ ਸਿੱਖਿਆ ਨੀਤੀ ਨਾਲ ਹਾਲਤ ਹੋਰ ਵੀ ਬਦਤਰ ਹੋ ਜਾਏਗੀ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਜਿਹੀ ਲੋਕ ਮਾਰੂ ਸਿੱਖਿਆ ਨੀਤੀ ਦੇ ਸਿੱਟਿਆਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਕਿਸੇ ਵੀ ਬਿਜਲਈ ਮੀਡੀਏ 'ਤੇ ਇਸ ਬਾਰੇ ਗੱਲ ਨਹੀਂ ਹੋ ਰਹੀ। ਨਾ ਵਿਰੋਧੀ ਰਾਜਨੀਤਕ ਪਾਰਟੀਆਂ ਇਸ ਗੰਭੀਰ ਮਸਲੇ ਨੂੰ ਵਿਚਾਰ ਰਹੀਆਂ ਹਨ। ਸਿਰਫ ਅਖਬਾਰਾਂ ਰਾਹੀਂ ਇਸ ਦੇ ਪੋਲ ਖੋਲ੍ਹੇ ਜਾ ਰਹੇ ਹਨ। 'ਇਕ ਦੇਸ਼ ਇਕ ਭਾਸ਼ਾ' ਵਰਗੇ ਨਾਅਰੇ ਲੋਕਾਂ ਦਾ ਜੀਣਾ ਦੁੱਭਰ ਕਰ ਦੇਣਗੇ। ਇਸ ਖਰੜੇ ਵਿਚ ਅਜਿਹੀਆਂ ਚੋਰ ਮੋਰੀਆਂ ਹਨ ਜਿਨ੍ਹਾਂ ਰਾਹੀਂ ਸਿੱਖਿਆ ਰਾਜਨੀਤੀ ਦਾ ਮੋਹਰਾ ਬਣ ਕੇ ਰਹਿ ਜਾਏਗੀ ਜਾਂ ਫਿਰ ਕਾਰਪੋਰੇਟ ਘਰਾਣੇ ਇਸ 'ਤੇ ਅਜਾਰੇਦਾਰੀ ਕਾਇਮ ਕਰ ਲੈਣਗੇ। ਸੰਵਿਧਾਨਕ ਤੌਰ 'ਤੇ ਹਰ ਬੱਚੇ ਨੂੰ ਸਿੱਖਿਆ ਦੇਣ ਦਾ ਨਾਅਰਾ ਖੋਖਲਾ ਹੋ ਜਾਵੇਗਾ। ਇਸ ਦੇ ਲਾਗੂ ਹੋਣ ਨਾਲ 'ਰਾਈਟ ਟੂ ਐਜੂਕੇਸ਼ਨ' ਅਥਵਾ 'ਸਿੱਖਿਆ ਦਾ ਅਧਿਕਾਰ' ਖਤਮ ਹੋ ਜਾਏਗਾ ਤੇ ਅਸੀਂ ਫਿਰ ਇਕ ਵਾਰ ਗੁਲਾਮੀ ਦੇ ਦਰਾਂ ਵੱਲ ਜਾ ਰਹੇ ਹੋਵਾਂਗੇ।

# ਜੰਗ-ਏ-ਆਜ਼ਾਦੀ ਹਿੰਦੋਸਤਾਨ 'ਚ ਅਪਰੈਲ ਮਹੀਨੇ ਦੇ ਸ਼ਹੀਦ ਯੋਧੇ

ਜਦੋਂ ਅਸੀਂ ਹਿੰਦੋਸਤਾਨ ਦੀ ਆਜ਼ਾਦੀ ਬਾਰੇ ਸੋਚਦੇ ਹਾਂ ਜਾਂ ਧਿਆਨ ਮਾਰਦੇ ਹਾਂ ਤਾਂ ਲੂੰ-ਕੰਡੇ ਖੜੇ ਹੋ ਜਾਂਦੇ ਹਨ। ਅੰਗਰੇਜ਼ੀ ਹਕੂਮਤ ਇੰਨੀ ਬੇਰਹਿਮ ਕਰੂਰ ਸੀ ਕਿ ਇਤਿਹਾਸ ਦੇ ਪੰਨੇ ਇਨਕਲਾਬੀਆਂ ਦੇ ਖੂਨ ਨਾਲ ਲੱਥ-ਪੱਥ ਹੋਏ ਦਿੱਸਦੇ ਹਨ।

ਹਿੰਦੋਸਤਾਨ ਦੀ ਅੰਗਰੇਜ਼ ਹਕੂਮਤ ਵਿਰੁਧ




*ਸ਼ਹੀਦ ਮੰਗਲ ਪਾਂਡੇ ਦੀ ਯਾਦ 'ਚ ਜਾਰੀ ਕੀਤੀ ਗਈ ਇਕ ਡਾਕ ਟਿਕਟ*

ਵੱਖ ਵੱਖ ਸਭਾਵਾਂ, ਲਹਿਰਾਂ, ਜਥੇਬੰਦੀਆਂ ਅਤੇ ਗੈਰ-ਜਥੇਬੰਦਕ ਦੇਸ਼-ਪ੍ਰਸਤਾਂ ਨੇ ਜਾਨ ਦੀ ਪਰਵਾਹ ਨਾ ਕਰਦਿਆਂ ਆਜ਼ਾਦੀ ਦੇ ਸੰਗਰਾਮ 'ਚ ਹਿੱਸਾ ਪਾਇਆ। ਇਨ੍ਹਾਂ ਵਿਚ ਕੂਕਾ ਲਹਿਰ, ਗਦਰ ਲਹਿਰ, ਬੱਬਰ ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੰਗਾਲੀ ਇਨਕਲਾਬੀ ਲਹਿਰ, ਨੌਜਵਾਨ ਭਾਰਤ ਸਭਾ, ਖੁਦਾ-ਏ-ਖਿਦਮਤ ਲਹਿਰ, ਖਾਕਸਾਰ ਤਹਿਰੀਕ, ਵਹਾਬੀ ਲਹਿਰ, ਫਕੀਰ ਅਤੇ ਸੰਨਿਆਸੀ ਲਹਿਰ ਸਣੇ ਕਈ ਹੋਰ ਲਹਿਰਾਂ, ਸਭਾਵਾਂ ਅਤੇ ਜਥੇਬੰਦੀਆਂ ਨੇ ਹਿੱਸਾ ਪਾਇਆ।

ਹਿੰਦੋਸਤਾਨ ਦੀ ਆਜ਼ਾਦੀ ਲਈ ਅੰਗਰੇਜ਼ ਵਿਰੁਧ ਜੰਗ ਕਰੀਬ ਦੋ ਸਦੀਆਂ ਤੋਂ ਵੱਧ ਸਮਾਂ ਚੱਲੀ, ਜਿਸ ਦਾ ਹਰ ਪਲ, ਦਿਨ, ਹਫਤਾ, ਮਹੀਨਾ ਅਤੇ ਹਰ ਸਾਲ ਇਤਿਹਾਸ ਦੇ ਪੰਨਿਆਂ 'ਤੇ ਦਿੱਤੀਆਂ ਸ਼ਹਾਦਤਾਂ ਦੇ ਸਬੂਤ ਦੱਸਦੇ ਹਨ। ਹਿੰਦੋਸਤਾਨ ਦੀ ਆਜ਼ਾਦੀ 'ਚ ਅਪਰੈਲ ਮਹੀਨੇ ਸ਼ਹੀਦ ਹੋਏ ਯੋਧਿਆਂ ਵੇਰਵਾਂ ਇਉਂ ਹੈ,

8 ਅਪਰੈਲ 1857 ਦੇ ਗਦਰ ਵਿਚ ਪਹਿਲੀ ਗੋਲੀ ਦਾਗ ਕੇ ਜੰਗ-ਏ-ਆਜ਼ਾਦੀ ਦਾ ਬਿਗਲ ਵਜਾਉਣ ਵਾਲੇ ਯੋਧੇ ਮੰਗਲ ਪਾਂਡੇ ਨੂੰ ਕਲਕੱਤਾ ਦੀ ਬੈਰਕਪੁਰ ਛਾਉਣੀ ਵਿਚ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ।

18 ਅਪਰੈਲ 1899 ਨੂੰ ਤਿੰਨ ਚਾਪੇਕਰ ਭਰਾਵਾਂ ਵਿਚੋਂ ਦਮੋਦਰ ਚਾਪੇਕਰ ਨੂੰ ਰੈਡ ਨਾਂ ਦੇ ਅੰਗਰੇਜ਼ ਅਫਸਰ ਨੂੰ ਮਾਰਨ ਦੇ ਦੋਸ਼ 'ਚ ਫਾਂਸੀ।

20 ਅਪਰੈਲ 1915 ਨੂੰ ਸ਼ਹੀਦ ਅਰਜਨ ਸਿੰਘ ਸਪੁੱਤਰ ਸ. ਕੋਰਾ ਸਿੰਘ, ਪਿੰਡ ਖਖਰਾਣਾ (ਜ਼ਿਲਾ ਫਿਰੋਜ਼ਪੁਰ) ਅਨਾਰਕਲੀ ਬਾਜ਼ਾਰ ਵਿਚ ਥਾਣੇਦਾਰ ਮੁਹੰਮਦ ਮੂਸਾ ਤੇ ਹੌਲਦਾਰ ਮੋਹਸਮ ਅਲੀ ਖਾਂ ਨੂੰ ਮਾਰਨ ਦੇ ਦੋਸ਼ 'ਚ ਫਾਂਸੀ।

26 ਅਪਰੈਲ 1915 ਨੂੰ ਭਾਈ ਈਸ਼ਰ ਸਿੰਘ, ਪਿੰਡ ਰੱਕਬਾ, (ਲੁਧਿਆਣਾ), ਜੋ 12 ਨੰਬਰ ਰਸਾਲੇ ਵਿਚ ਮੁਲਾਜ਼ਮ ਸੀ, ਨੂੰ ਗਦਰ ਕਰਨ ਦੇ ਦੋਸ਼ ਵਿਚ ਮੇਰਠ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

26 ਅਪਰੈਲ 1915 ਨੂੰ ਸ. ਫੂਲਾ ਸਿੰਘ ਪਲਟਨ 128 ਪਾਉਨੀਅਰ ਮੇਰਠ ਜੇਲ੍ਹ ਵਿਚ ਗਦਰ ਨਾਲ ਸਬੰਧ ਹੋਣ ਦੇ ਦੋਸ਼ ਲਾ ਕੇ ਕੋਰਟ ਮਾਰਸ਼ਲ ਕਰਕੇ ਫਾਂਸੀ।

23 ਅਪਰੈਲ 1918 ਭਾਈ ਰਾਮ ਸਿੰਘ ਧੁਲੇਤਾ ਨੇ ਗਦਾਰ ਰਾਮ ਚੰਦਰਾ ਨੂੰ ਸੈਨ ਫਰਾਂਸਿਸਕੋ ਦੀ ਅਦਾਲਤ 'ਚ ਗੋਲੀ ਮਾਰ ਕੇ ਪਾਰ ਬੁਲਾਇਆ, ਉਸ ਸਮੇਂ ਸ਼ੈਰਿਫ ਨੇ ਭਾਈ ਧੁਨੇਤਾ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

10 ਅਪਰੈਲ 1919 ਨੂੰ ਕਾਲੇ ਕਾਨੂੰਨਾਂ ਵਿਰੁਧ ਰੋਹ ਭਰੇ ਸ਼ਾਂਤਮਈ ਅੰਦੋਲਨ ਅੰਮ੍ਰਿਤਸਰ, ਜੋ ਸੈਫੂਦੀਨ ਕਿੱਚਲੂ ਅਤੇ ਡਾ. ਸਤਿਆਪਾਲ ਦੀ ਗ੍ਰਿਫਤਾਰੀ ਵਿਰੁਧ ਸੀ, ਦੌਰਾਨ ਕਾਲਿਆਂ ਝੰਡੀਆਂ ਲੈ ਕੇ ਬੈਠੇ ਅੰਦੋਲਨਕਾਰੀਆਂ 'ਤੇ ਗੋਲੀਆਂ ਦੀ ਬੌਛਾੜ ਨਾਲ 26 ਸ਼ਹੀਦ ਤੇ ਇਸ ਤੋਂ ਵੱਧ ਜ਼ਖਮੀ ਹੋਏ।

11 ਅਪਰੈਲ 1919 ਨੂੰ ਸਮਾਜ ਵਿਚ ਜਾਗ੍ਰਿਤੀ ਦੀ ਮਿਸ਼ਾਲ ਲੈ ਕੇ ਚੱਲਣ ਵਾਲੇ ਚਾਨਣ ਦੇ ਵਣਜਾਰੇ, ਆਜ਼ਾਦੀ ਘੁਲਾਟੀਏ ਸ. ਪ੍ਰਕਾਸ਼ ਸਿੰਘ ਪੁੱਤਰ ਸ. ਮੇਲਾ ਸਿੰਘ ਪਿੰਡ ਝਾਵਾਂ (ਜ਼ਿਲਾ ਹੁਸ਼ਿਆਰਪੁਰ) ਨੂੰ ਬੇਰਹਿਮੀਆਂ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ।

12 ਅਪਰੈਲ 1919 ਨੂੰ ਹੀਰਾ ਮੰਡੀ



*ਸ਼ਹੀਦ ਖੁਸ਼ੀ ਰਾਮ*

ਲਾਹੌਰ ਵਿਚ ਅੰਗਰੇਜ਼ ਰਾਜ ਅਤੇ ਰੌਲਟ ਐਕਟ ਵਿਰੁਧ ਸ਼ਾਂਤਮਈ ਜਲੂਸ ਦੀ ਅਗਵਾਈ ਕਰਦੇ 19 ਸਾਲ ਦੇ ਨੌਜਵਾਨ ਖੁਸ਼ੀ ਰਾਮ ਦੀ ਛਾਤੀ ਵਿਚ ਛੇ ਗੋਲੀਆਂ ਮਾਰੀਆਂ ਗਈਆਂ, ਪਰ ਇਸ ਦੇ ਬਾਵਜੂਦ ਉਸ ਦਾ ਹਰ ਕਦਮ ਅੱਗੇ ਵੱਲ ਵੱਧਦਾ ਦੇਖ ਕੇ ਫਰੰਗੀ ਦੀ ਪੱਤੇ ਚੱਟ ਪੁਲਿਸ ਦੇ ਸਿਪਾਹੀ ਨੇ ਮੱਥੇ ਵਿਚ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ।

13 ਅਪਰੈਲ 1919 ਨੂੰ ਜਲ੍ਹਿਆਂਵਾਲੇ ਬਾਗ ਵਿਚ ਰੌਲਟ ਐਕਟ ਵਿਰੁਧ ਰੋਸ ਇਕੱਠ ਉਤੇ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਸੈਂਕੜੇ ਇਨਸਾਫ ਪਸੰਦੀ ਬੇਦੋਸ਼ਿਆਂ ਨੂੰ ਸ਼ਹੀਦ ਕਰ ਦਿੱਤਾ, ਸੈਂਕੜੇ ਹੀ ਜ਼ਖਮੀ ਹੋਏ। ਸ਼ਹੀਦਾਂ ਦੀ ਗਿਣਤੀ ਮਦਨ ਮੋਹਨ ਮਾਲਵੀਆ ਮੁਤਾਬਕ 190



*ਬਾਬੂ ਮੰਗੂ ਰਾਮ ਮੁੱਗੋਵਾਲ*

ਦੱਸੀ ਗਈ, ਪਰ ਨਾਮ, ਗਿਣਤੀ 400 ਤੋਂ ਵੱਧ ਦੇ ਲੱਭੇ ਹਨ। ਖੋਜ ਜਾਰੀ ਹੈ। ਇਸ ਖੂਨੀ ਕਾਂਡ ਨੇ ਬਹੁਤ ਸਾਰੇ ਦੇਸ਼ ਭਗਤ ਪੈਦਾ ਕੀਤੇ, ਜਿਨ੍ਹਾਂ ਵਿਚ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਵੀ ਹਨ।

16 ਅਪਰੈਲ 1920 ਨੂੰ 29 ਸਾਲ ਦੇ ਨੱਥਾ ਸਿੰਘ ਪੁੱਤਰ ਸਾਧਾ ਸਿੰਘ ਪਿੰਡ ਢੋਟੀਆਂ ਅੰਡੇਮਾਨ ਜੇਲ੍ਹ 'ਚ ਸ਼ਹੀਦ ਹੋਏ।

19 ਅਪਰੈਲ 1930 ਨੂੰ ਨਾ-ਮਿਲਵਰਤਣ ਲਹਿਰ ਦੇ ਹਿੱਸੇ ਦੇ ਨਾਲ ਨਾਲ ਹਥਿਆਰਬੰਦ ਆਜ਼ਾਦੀ ਪਸੰਦ ਯੋਧਿਆਂ ਨੇ ਚਿਟਾਗਾਂਗ ਅਸਲਾਖਾਨਾ ਲੁੱਟਿਆ। ਮੁਠਭੇੜ ਵਿਚ 30 ਦੇ ਕਰੀਬ ਸ਼ਹੀਦ ਹੋਏ।

ਅਪਰੈਲ 1954 ਨੂੰ ਭਾਈ ਬਿਸ਼ਨ ਸਿੰਘ ਸਪੁੱਤਰ ਭਾਈ ਜੀਉਣ ਸਿੰਘ ਪਿੰਡ ਢੋਟੀਆਂ ਗਦਰ ਲਹਿਰ ਨਾਲ ਸਬੰਧ ਹੋਣ ਕਰਕੇ ਡਸਗਈ ਵਿਚ ਕੋਰਟ ਮਾਰਸ਼ਲ, ਕਾਲੇ ਪਾਣੀ ਦੀ ਸਜ਼ਾ। ਅਪਰੈਲ ਮਹੀਨੇ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਗਿਣਤੀ 'ਚ ਵਾਧਾ ਕੀਤਾ।

18 ਅਪਰੈਲ 1954 ਨੂੰ ਡਾ. ਸਤਿਆਪਾਲ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ 'ਚ ਜਾ ਬਿਰਾਜੇ। ਉਨ੍ਹਾਂ ਕਾਲੇ ਕਾਨੂੰਨ ਰੌਲਟ ਐਕਟ ਵਿਰੁਧ ਲਾਮਬੰਦੀ ਕੀਤੀ।

16 ਅਪਰੈਲ 1961 ਨੂੰ ਗਦਰੀ ਬਾਬਾ ਭਾਈ ਰਣਧੀਰ ਸਿੰਘ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਮਾਲਾ ਦੇ ਮਣਕੇ ਬਣੇ।

22 ਅਪਰੈਲ 1980 ਨੂੰ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲ, ਹੁਸ਼ਿਆਰਪੁਰ ਸਦੀਵੀ ਵਿਛੋੜਾ ਦੇ ਕੇ ਆਪਣੇ ਯੁੱਧ ਸਾਥੀ ਸ਼ਹੀਦਾਂ ਦੀ ਕਤਾਰ 'ਚ ਖਲ੍ਹੋ ਗਏ। ਉਹ ਮਾਵਰਿਕ ਜਹਾਜ਼ ਰਾਹੀਂ ਗਦਰ ਵਾਸਤੇ ਹਥਿਆਰ ਲੈ ਕੇ ਜਾ ਰਹੇ ਗਦਰੀਆਂ 'ਚੋਂ ਇੱਕ ਮੈਂਬਰ ਸਨ। ਉਹ ਸੈਨ ਫਰਾਂਸਿਸਕੋ, ਜਰਮਨ ਸਾਜ਼ਿਸ਼ ਕੇਸ ਦੇ ਮੈਂਬਰ ਸਨ। ਅਮਰੀਕਾ ਤੋਂ ਹਿੰਦੋਸਤਾਨ ਵਾਪਿਸ ਜਾ ਕੇ ਆਦਿ ਧਰਮੀ ਲਹਿਰ ਦੇ ਬਾਨੀ, ਮੋਹਰੀ ਸਨ, 1946 ਵਿਚ ਐਮ. ਐਲ. ਏ. ਬਣੇ।

ਗੁਰਦੁਆਰਾ ਸੁਧਾਰ ਲਹਿਰ ਨਾਲ ਸਬੰਧਤ ਸ਼ਹੀਦਾਂ ਦੀ ਪੂਰੀ ਜਾਣਕਾਰੀ ਪ੍ਰਾਪਤ ਨਾ ਹੋਣ ਕਰਕੇ ਦੱਸਣਾ ਸੰਭਵ ਨਹੀਂ ਹੋ ਸਕਿਆ, ਪਰ ਇਹ ਲਹਿਰ ਦਾ ਹੋਣਾ ਵੀ ਦੇਸ਼ ਆਜ਼ਾਦੀ ਦਾ ਹੀ ਹਿੱਸਾ ਸੀ, ਕਿਉਂਕਿ ਮਹੰਤ ਲਾਣਾ ਅੰਗਰੇਜ਼ ਸਰਕਾਰ ਦੀ ਸ਼ਹਿ ਹੇਠ ਹੀ ਕੰਮ ਕਰਦਾ ਸੀ ਤੇ ਗੁਰੂ ਘਰਾਂ ਦੀ ਬੇਅਦਬੀ ਕਰਦਾ ਸੀ।

'ਸ਼ਹੀਦ' ਹਮੇਸ਼ਾ ਲੋਕਾਂ ਦੇ ਅੰਤਹਿਕਰਣ 'ਚ ਵਸੇ ਹੋਏ ਹੋਣੇ ਚਾਹੀਦੇ ਹਨ, ਸਾਨੂੰ ਜਿਉਣ ਦੀ ਆਸ ਦਿੰਦੇ ਹਨ; ਦੇਸ਼, ਸਮਾਜ ਅਤੇ ਕੌਮਾਂ ਦਾ ਸਰਮਾਇਆ ਹੁੰਦੇ ਹਨ, ਮਾਣ ਹੁੰਦੇ ਹਨ, ਮਨੋਬਲ ਨੂੰ ਬੱਲ ਦਿੰਦੇ ਹਨ, ਔਖੇ ਹਾਲਾਤ ਵਿਚ ਰਾਹ ਦਰਸਾਉ ਹੁੰਦੇ ਹਨ ਤੇ ਚਾਨਣ ਮੁਨਾਰੇ ਹੁੰਦੇ ਹਨ। ਹਿੰਦੋਸਤਾਨ ਦੀ ਆਜ਼ਾਦੀ ਦੇ ਸ਼ਹੀਦ ਹਮੇਸ਼ਾ ਅਸਮਾਨ 'ਚ ਚਮਕਦੇ ਸਿਤਾਰੇ ਵਾਂਗ ਰਹਿਣਗੇ।

**ਵਲੋਂ: ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।**

# ਜਾਰੀ ਰਹੇ ਕਾਰਵਾਂ-ਏ-ਜ਼ਿੰਦਗੀ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸ਼ਹਾਦਤ ਦੇ ਅਰਥਾਂ ਨੂੰ ਵਿਸ਼ਾਲਤਾ ਦਿੰਦਿਆਂ ਕਿਹਾ ਸੀ, "ਸ਼ਹਾਦਤ ਨੂੰ ਕਿਸੇ ਧਰਮ, ਕੌਮ, ਸਮਾਜ, ਦੇਸ਼, ਜਾਤ, ਰੰਗ ਜਾਂ ਨਸਲੀ ਵਲਗਣਾਂ ਵਿਚ ਨਹੀਂ ਵਲਿਆ ਜਾ ਸਕਦਾ।...ਸ਼ਹਾਦਤ, ਸਿਰਫ ਜਿਸਮਾਨੀ ਹੀ ਨਹੀਂ ਹੁੰਦੀ, ਇਹ ਇਖਲਾਕੀ, ਮਾਨਸਿਕ, ਆਰਥਕ, ਸਮਾਜਕ ਤੇ ਰਾਜਨੀਤਕ ਵੀ ਹੁੰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੰਸਾਰ ਭਰ ਵਿਚ ਪੈਦਾ ਹੋਏ ਹਾਲਾਤ 'ਤੇ ਨਜ਼ਰਸਾਨੀ ਕਰਦਿਆਂ ਨਸੀਹਤ ਕੀਤੀ ਹੈ, "ਬਾਹਰ ਸਭ ਕੁਝ ਬੰਦ ਹੈ, ਪਰ ਇਹ ਅਸਥਾਈ ਹੈ, ਉਨੇ ਸਮੇਂ ਲਈ ਆਪਣੇ ਅੰਦਰਲੇ ਕਿਵਾੜ ਖੋਲੋ। ਗਿਆਨ ਇੰਦਰੀਆਂ ਨੂੰ ਆਲੇ-ਦੁਆਲੇ ਨੂੰ ਸਿਆਣਨ, ਪਰਖਣ, ਸਮਝਣ ਲਈ ਵਰਤੋ। ਇਸ ਨੂੰ ਅਜਾਈਂ ਨਾ ਗਵਾਓ, ਕਿਉਂਕਿ ਕਸ਼ਟਮਈ ਦਿਨ ਜਦ ਖਤਮ ਹੋ ਗਏ ਤਾਂ ਮਨੁੱਖ ਨੇ ਫਿਰ ਦੁਨਿਆਵੀ ਦੌੜ ਵਿਚ ਖਚਤ ਹੋ ਜਾਣਾ ਏ।" ਪਰ ਉਨ੍ਹਾਂ ਨਾਲ ਹੀ ਕਿਹਾ ਹੈ, "ਨਿੱਜਤਾ ਨਾਲੋਂ ਸਰਬੱਤ ਦੇ ਭਲੇ ਦੀ ਕਾਮਨਾ ਮਨ ਵਿਚ ਪਾਲਾਂਗੇ ਤਾਂ ਇਸ ਪੀੜ-ਪਰੁੱਚੇ ਵਕਤਾਂ ਦੌਰਾਨ ਰਿਸ਼ਤਿਆਂ ਵਿਚ ਪੈਦਾ ਹੋਈ ਨਵੀਨਤਮ ਸੁਗੰਧ ਹੁਲਾਸਮਈ ਦਿਨਾਂ ਦਾ ਆਗਾਜ਼ ਹੋਵੇਗੀ।" ਕਿਉਂਕਿ "ਕਸ਼ਟਾਂ ਭਰੇ ਸਮਿਆਂ ਵਿਚ ਸਭ ਤੋਂ ਚੰਗਾ ਹੁੰਦਾ ਹੈ, ਕਿਸੇ ਦੀ ਪੀੜ ਵਿਚ ਪੀੜ-ਪੀੜ ਹੋਣਾ, ਦਰਦ ਵੰਡਾਉਣਾ, ਭੁੱਖੀ ਆਂਦਰ ਲਈ ਟੁੱਕ ਦਾ ਆਹਰ ਕਰਨਾ ਅਤੇ ਮਨੁੱਖ ਹੋਣ ਦਾ ਫਰਜ਼ ਨਿਭਾਉਣਾ।" -ਸੰਪਾਦਕ***

ਕਰੋਨਾ ਦੀ ਮਹਾਮਾਰੀ ਨੇ ਦੁਨੀਆਂ ਨੂੰ ਇਕ ਅਜਿਹੇ ਮੋੜ 'ਤੇ ਲਿਆ ਖਲਿਆਰਿਆ ਏ, ਜਿਥੋਂ ਅੱਗੇ ਹਨੇਰਾ ਹੀ ਨਜ਼ਰ ਆਉਂਦਾ। ਸਭ ਕੁਝ ਬੰਦ। ਰਾਹ-ਰਸਤੇ ਸੁੰਨਸਾਨ। ਘਰਾਂ ਵਿਚ ਬੰਦ ਏ ਮਨੁੱਖ, ਪਰ ਅਜ਼ਾਦ ਨੇ ਪਰਿੰਦੇ। ਜੰਗਲੀਂ ਜਾਨਵਰਾਂ ਨੂੰ ਪੂਰਨ ਖੁੱਲ। ਨਹੀਂ ਡਰਦੇ ਮਨੁੱਖਾਂ ਕੋਲੋਂ। ਖੁਦ ਹੀ ਸੰਤਾਪੀ ਜਲਾਵਤਨੀ ਹੰਢਾ ਰਹੇ ਮਨੁੱਖ ਨੂੰ ਲੋੜ ਹੈ, ਉਨ੍ਹਾਂ ਬੰਦ ਬੂਹੇ, ਬਾਰੀਆਂ, ਰੌਸ਼ਨਦਾਨ, ਖਿੜਕੀਆਂ ਤੇ ਦਰਾਂ ਨੂੰ ਖੋਲ੍ਹਣ ਦੀ, ਜਿਸ ਦਾ ਮਨੁੱਖ ਨੂੰ ਸ਼ਾਇਦ ਕਦੇ ਚੇਤਾ ਹੀ ਨਾ ਆਇਆ ਹੋਵੇ।

ਯਾਦ ਰੱਖਣਾ! ਕੁਝ ਵੀ ਖਤਮ ਨਹੀਂ ਹੁੰਦਾ। ਜ਼ਿੰਦਗੀ ਦੇ ਸਫਰ ਲਈ ਹੱਠ, ਹੌਸਲਾ, ਹਿੰਮਤ ਅਤੇ ਹਮਦਰਦੀ ਦਾ ਕਾਰਵਾਂ ਜਾਰੀ ਰਹਿਣਾ ਚਾਹੀਦਾ ਹੈ। ਅਜਿਹੇ ਮੌਕਿਆਂ 'ਤੇ ਪਰਖੀ ਜਾਂਦੀ ਹੈ, ਮਨੁੱਖੀ ਮਨ ਦੀ ਤਕੜਾਈ, ਸਿਰੜ ਅਤੇ ਸੰਤੋਖ।

ਜਾਰੀ ਹੈ ਧਰਤੀ ਦਾ ਘੁੰਮਣਾ, ਸੂਰਜ ਦਾ ਚੜ੍ਹਨਾ, ਦਿਨ-ਰਾਤ ਦੀ ਫੇਰੀ, ਮੱਸਿਆ ਅਤੇ ਪੁੰਨਿਆਂ ਦਾ ਪੰਦਰਵੇਂ ਦਿਨਾਂ ਦਾ ਗੇੜਾ। ਤਾਰਿਆਂ ਦਾ ਟਿਮਟਿਮਾਉਣਾ, ਜੁਗਨੂੰਆਂ ਦੀ ਰਾਤ ਦੀ ਜੂਹ ਵਿਚ ਫੇਰੀ ਅਤੇ ਧਰਤ ਦੀ ਕਾਲਖ-ਜੂਹੇ ਚਾਨਣ ਦੀ ਸੱਦ ਲਾਉਣਾ।

ਨਿਰੰਤਰ ਜਾਰੀ ਹੈ ਹਵਾ ਦਾ ਵਗਣਾ, ਨਦੀਆਂ-ਨਾਲਿਆਂ ਦੀ ਗਤੀਸ਼ੀਲਤਾ, ਦਰਿਆਵਾਂ ਵਿਚ ਪਾਣੀਆਂ ਦਾ ਵਹਾ, ਬੇੜੀਆਂ ਦਾ ਆਉਣਾ-ਜਾਣਾ, ਸਮੁੰਦਰ ਵਿਚ ਉਠ ਰਹੀਆਂ ਲਹਿਰਾਂ ਦਾ ਸਮੁੰਦਰੀ ਕੰਢਿਆਂ ਨੂੰ ਸਹਿਲਾਉਣਾ, ਬਿਰਖਾਂ ਦੇ ਵਿਹੜੇ ਬਹਾਰ ਦਾ ਨਿਉਂਦਾ, ਪੱਤਿਆਂ ਵਿਚ ਰੁਮਕਦੀ ਪੌਣ ਦਾ ਰਾਗ, ਆਲ੍ਹਣੇ ਵਿਚ ਗੁਫਤਗੂ ਕਰ ਰਹੇ ਬੋਟ ਅਤੇ ਉਨ੍ਹਾਂ ਦੇ ਖੰਭਾਂ ਵਿਚ ਅੰਬਰ ਨੂੰ ਕਲਾਵੇ ਵਿਚ ਲੈਣ ਦੀ ਤਮੰਨਾ।

ਜਾਰੀ ਰੱਖੋ ਮਨ ਦੀ ਚਾਦਰ 'ਤੇ ਸੁਪਨਿਆਂ ਦੀਆਂ ਬੂਟੀਆਂ ਪਾਉਣਾ। ਇਨ੍ਹਾਂ ਦੇ ਰੰਗਾਂ ਦੀ ਤਰਤੀਬ, ਨੁਹਾਰ ਅਤੇ ਕਲਾਕਾਰੀ ਵਿਚੋਂ ਹੋਣ ਵਾਲੇ ਸੁਖਨ ਨੂੰ ਮਨ ਦੀਆਂ ਬਰੂਹਾਂ 'ਤੇ ਤਰੌਂਕੋ। ਮਨ ਦੀ ਲਬਰੇਜ਼ਤਾ ਸਮੇਤ ਬਹੁਤ ਕੁਝ ਤੁਹਾਡੀ ਰੂਹ ਦਾ ਹਾਸਲ ਹੋਵੇਗਾ, ਜੋ ਤੁਹਾਡੀ ਸਦੀਵਤਾ ਦਾ ਗੁਣਗਾਣ ਕਰੇਗਾ।

ਖੁੱਲੇ ਰੱਖੋ ਦਿਲ ਦੇ ਦਰਾਂ ਨੂੰ ਤਾਂ ਕਿ ਇਨ੍ਹਾਂ ਵਿਚ ਸੂਖਮ-ਭਾਵਨਾਵਾਂ ਦੀ ਆਵਾਜਾਈ ਬਣੀ ਰਹੇ। ਪੈਦਾ ਹੁੰਦੀਆਂ ਰਹਿਣ ਪਿਆਰ-ਤਰੰਗਾਂ। ਇਹ ਕੰਪਨ ਫਿਜ਼ਾ ਨੂੰ ਲਰਜ਼ਾਏਗੀ। ਮੋਹ-ਵਿਗੁੱਚੇ ਲੋਕ, ਪਿਆਰ-ਸਰਗਮ ਵਿਚ ਖੁਦ ਨੂੰ ਚੰਗਾ ਚੰਗਾ ਮਹਿਸੂਸ ਕਰਦੇ, ਆਲੇ-ਦੁਆਲੇ ਦੀ ਰਸਭਿੰਨਤਾ ਨੂੰ ਹੋਰ ਹੁਸੀਨ ਬਣਾਉਣਗੇ। ਦਿਲ ਦੇ ਦਰਵਾਜੇ ਖੁੱਲੇ ਰਹਿਣ ਤਾਂ ਇਹ ਵੀ ਤੰਦਰੁਸਤ ਰਹਿੰਦਾ। ਤੰਗਦਸਤ ਸਮਿਆਂ 'ਚ ਤਾਂ ਇਸ ਦੀ ਤੰਦਰੁਸਤੀ ਹੋਰ ਵੀ ਵੱਧ ਅਹਿਮ। ਬਿਮਾਰ ਜਾਂ ਕਮਜ਼ੋਰ ਦਿਲਾਂ ਵਾਲੇ ਕਿਵੇਂ ਸਾਹਮਣਾ ਕਰ ਸਕਣਗੇ ਚੁਣੌਤੀਆਂ ਦਾ?

ਕਸ਼ਟਾਂ ਭਰੇ ਸਮਿਆਂ ਵਿਚ ਸਭ ਤੋਂ ਚੰਗਾ ਹੁੰਦਾ ਹੈ, ਕਿਸੇ ਦੀ ਪੀੜ ਵਿਚ ਪੀੜ-ਪੀੜ ਹੋਣਾ, ਦਰਦ ਵੰਡਾਉਣਾ, ਧੁੱਪ ਵਿਚਲੇ ਨੰਗੇ ਸਿਰ ਦੀ ਛਾਂ ਬਣਨਾ, ਭੁੱਖੀ ਆਂਦਰ ਲਈ ਟੁੱਕ ਦਾ ਆਹਰ ਕਰਨਾ, ਲੋੜਵੰਦ ਦੀ ਲਾਚਾਰੀ ਨੂੰ ਅੱਖੋਂ-ਪਰੋਖੇ ਕਰਕੇ, ਮਦਦ ਦਾ ਹੱਥ ਵਧਾਉਣਾ ਅਤੇ ਮਨੁੱਖ ਹੋਣ ਦਾ ਫਰਜ਼ ਨਿਭਾਉਣਾ। ਬਹੁਤ ਘੱਟ ਲੋਕ ਹਨ, ਜੋ ਅਜਿਹੇ ਮੌਕਿਆਂ 'ਤੇ ਇਨਸਾਨੀਅਤ ਦਾ ਫਰਜ਼ ਨਿਭਾਉਂਦੇ। ਜ਼ਿਆਦਾਤਰ ਲੋਕ ਤਾਂ ਹੈਵਾਨ ਬਣਦਿਆਂ ਦੇਰ ਨਹੀਂ ਲਾਉਂਦੇ। ਇਨਸਾਨੀਅਤ ਜ਼ਿੰਦਾ ਰਹੇ ਤਾਂ ਸਭ ਕੁਝ ਪਹਿਲਾਂ ਨਾਲੋਂ ਵੀ ਬਿਹਤਰ ਹੋ ਜਾਂਦਾ।

ਟੁੱਟੇ ਰਿਸ਼ਤਿਆਂ, ਤਿੱੜਕੇ ਸਬੰਧਾਂ ਅਤੇ ਖੁਦਗਰਜ਼ੀ ਵਿਚ ਗਰਕੀਆਂ ਸਕੀਰੀਆਂ ਵੰਨੀ ਸੁਗਮ ਸੰਦੇਸ਼ ਭੇਜੋ ਕਿ ਆਓ! ਗਲਵੱਕੜੀਆਂ ਪਾਈਏ, ਗੁੱਸੇ-ਗਿਲੇ ਭੁਲਾਈਏ। ਇਕ ਦੂਜੇ ਦੀ ਖੈਰ-ਸੁੱਖ ਮੰਗਦਿਆਂ, ਆਪਣੀ ਸੁਖਨ ਨੂੰ ਹੋਰ ਸੁਖਾਵਾਂ ਬਣਾਈਏ। ਸਮਾਜ ਤਾਂ ਹੀ ਜਿਉਂਦਾ ਰਹਿਣਾ ਜੇ ਸਕੇ-ਸਬੰਧੀ ਰਹਿਣਗੇ। ਨਿੱਜਤਾ ਨਾਲੋਂ ਸਰਬੱਤ ਦੇ ਭਲੇ ਦੀ ਕਾਮਨਾ ਮਨ ਵਿਚ ਪਾਲਾਂਗੇ ਤਾਂ ਇਸ ਪੀੜ-ਪਰੁੱਚੇ ਵਕਤਾਂ ਦੌਰਾਨ, ਰਿਸ਼ਤਿਆਂ ਵਿਚ ਪੈਦਾ ਹੋਈ ਨਵੀਨਤਮ ਸੁਗੰਧ ਹੁਲਾਸਮਈ ਦਿਨਾਂ ਦਾ ਆਗਾਜ਼ ਹੋਵੇਗੀ। ਗੱਲਬਾਤ ਦਾ ਸਿਲਸਿਲਾ ਟੁੱਟਣ ਨਾ ਦੇਣਾ। ਸਰੀਰਕ ਦੂਰੀਆਂ ਦੀ ਰੁੱਤ ਵਿਚ ਮਨਾਂ ਦੀ ਨੇੜਤਾ ਵਧਾਉਣ ਲਈ ਯਤਨ-ਯਾਤਰਾ ਜਾਰੀ ਰੱਖੋ, ਜੋ ਤੁਹਾਡੇ ਚੇਤਿਆਂ ਵਿਚੋਂ ਖੁਰ ਚੁਕੀ ਸੀ।

ਘਰ ਵਿਚ ਤੁਸੀਂ 'ਕੱਲੇ ਨਹੀਂ, ਘਰ ਦੇ ਜੀਅ ਨੇ। ਘਰ ਵਿਚ ਪਈਆਂ ਪੁਸਤਕਾਂ ਤੁਹਾਨੂੰ ਹਾਕਾਂ ਮਾਰ ਕੇ ਹਾਰ ਚੁਕੀਆਂ ਸਨ, ਉਨ੍ਹਾਂ ਨੂੰ ਆਗੋਸ਼ ਵਿਚ ਲਓ। ਉਨ੍ਹਾਂ ਨਾਲ ਗੱਲਾਂ ਕਰੋ। ਹਰਫ-ਬ-ਹਰਫ ਉਨ੍ਹਾਂ ਵਿਚ ਉਤਰੋ। ਉਨ੍ਹਾਂ ਦੇ ਅਰਥਾਂ ਦੀਆਂ ਤਹਿਆਂ ਫਰੋਲੋ। ਤੁਹਾਡੇ ਸੋਚ-ਧਰਾਤਲ ਵਿਚ ਜੀਵਨ-ਜਾਚ ਦਾ ਪੌਦਾ ਮੌਲਣ ਲੱਗੇਗਾ, ਜਿਸ ਦੀ ਕਦੇ ਤੁਸੀਂ ਕਾਮਨਾ ਕੀਤੀ ਸੀ। ਇਸ ਨੂੰ ਹਰ ਰੋਜ਼ ਨਵੀਆਂ ਲਿਖਤਾਂ, ਕਿਤਾਬਾਂ, ਆਦਿ ਦਾ ਪਾਣੀ ਪਾਓ। ਮਹਾਨ ਵਿਅਕਤੀਆਂ ਦੀ ਕਿਤਾਬੀ ਸੰਗਤ ਵਿਚੋਂ ਬਹੁਤ ਕੁਝ ਚੰਗੇਰਾ, ਅਚੇਤ ਹੀ ਤੁਹਾਡੀ ਮਨ ਦੀ ਸਲੇਟ 'ਤੇ ਉਕਰਿਆ ਜਾਵੇਗਾ, ਜੋ ਸਦੀਵ ਰਹੇਗਾ।

***ਜਾਰੀ ਰੱਖੋ ਖੁਦ ਨੂੰ ਬਦਲੇ ਹੋਏ ਹਾਲਾਤ ਨਾਲ ਨਜਿਠਣ ਲਈ ਤਿਆਰ ਕਰਨਾ, ਕਿਉਂਕਿ ਇਸ ਮਹਾਮਾਰੀ ਪਿਛੋਂ ਸਮੁੱਚੇ ਵਿਸ਼ਵ ਦਾ ਸਮਾਜਕ, ਆਰਥਕ, ਮਾਨਸਿਕ, ਸਰੀਰਕ ਅਤੇ ਵਿਅਕਤਿਤਵ ਵਰਤਾਰਾ ਬਹੁਤ ਬਦਲ ਜਾਣਾ। ਵਧੀਆ ਮਨੁੱਖ ਉਹ ਹੀ ਹੁੰਦਾ, ਜੋ ਭਵਿੱਖੀ ਚੁਣੌਤੀਆਂ ਨੂੰ ਕਿਆਸ, ਖੁਦ ਨੂੰ ਇਨ੍ਹਾਂ ਦਾ ਸਾਹਮਣਾ ਕਰਨ ਲਈ ਤਿਆਰ ਕਰੇ। ਸੋ ਲੋੜ ਹੈ ਕਿ ਆਉਣ ਵਾਲੇ ਦਿਨਾਂ ਲਈ ਮਾਨਸਿਕ ਤੌਰ 'ਤੇ ਤਿਆਰ ਹੋਣਾ ਜਾਰੀ ਰੱਖੋ, ਜਦ ਤੁਸੀਂ ਸਮੇਂ ਦੀ ਕਸੌਟੀ 'ਤੇ ਪਰਖੇ ਜਾਵੋਗੇ।***

ਘਰ ਦੀ ਖਿੜਕੀ ਵਿਚੋਂ ਰਾਤ ਨੂੰ ਅੰਬਰ ਵੱਲ ਝਾਤੀ ਮਾਰੋ। ਤਾਰਿਆਂ ਨਾਲ ਗੱਲਾਂ ਕਰੋ। ਟੁੱਟਦੇ ਤਾਰੇ ਦੀ ਪੈਦਾ ਕੀਤੀ ਰੋਸ਼ਨੀ ਵਿਚੋਂ ਉਸਾਰੂ ਪ੍ਰਤੀਬਿੰਬ ਪੈਦਾ ਕਰੋ। ਰਾਤ ਦੀ ਸੁੰਦਰਤਾ ਅਤੇ ਇਸ ਦੀ ਚੁੱਪ ਵਿਚੋਂ ਬਹੁਤ ਕੁਝ ਸੁਣਾਈ ਦੇਵੇਗਾ, ਜਿਸ ਤੋਂ ਆਕੀ ਹੋ ਗਏ ਸਨ ਕੰਨ। ਘਰ ਦੀ ਛੱਤ 'ਤੇ ਟਹਿਲੋ। ਆਲੇ-ਦੁਆਲੇ ਦੀਆਂ ਛੱਤਾਂ ਅਤੇ ਇਨ੍ਹਾਂ ਘਰਾਂ ਵਿਚ ਦੁੱਬਕੀ ਲੋਕਾਈ ਨੂੰ ਬਾਹਰ ਨਿਕਲਣ ਲਈ ਪ੍ਰੇਰੋ।

ਨਿਕਲੀ ਧੁੱਪ ਵਿਚ ਕੁਦਰਤ ਦੀ ਅਸੀਮ ਸੁੰਦਰਤਾ ਨੂੰ ਨਿਹਾਰੋ, ਇਸ ਨੂੰ ਮਾਣੋ, ਕਿਉਂਕਿ ਕਾਇਨਾਤ ਦੀ ਕੈਨਵਸ ਵਿਚ ਬਹੁਤ ਸਾਰੇ ਰੰਗ ਸਮਾਏ ਹੁੰਦੇ, ਜਿਨ੍ਹਾਂ ਦੀ ਚਿੱਤਰਕਾਰੀ ਵਿਚੋਂ ਜੀਵਨ ਦੀ ਕਲਾ-ਨਿਕਾਸ਼ੀ ਕੀਤੀ ਜਾ ਸਕਦੀ। ਕਦੇ ਕਦਾਈਂ ਫੁੱਲਾਂ-ਬੂਟਿਆਂ, ਝਾੜੀਆਂ, ਜੰਗਲ-ਬੇਲਿਆਂ ਅਤੇ ਦੂਰ ਤੀਕ ਫੈਲੇ ਖੇਤਾਂ ਦੀ ਹਰਿਆਲੀ ਨੂੰ ਮਨ ਜੂਹ ਵਿਚ ਚਿਤਾਰੋ।

ਜਾਰੀ ਹੈ ਬੀਜਾਂ ਦਾ ਪੁੰਗਰਨਾ, ਫਸਲਾਂ ਦਾ ਵਧਣਾ, ਬਹਾਰ ਦਾ ਆਉਣਾ, ਫੁੱਲਾਂ ਤੇ ਫਲਾਂ ਦਾ ਬੂਟਿਆਂ ਨੂੰ ਸ਼ਿੰਗਾਰਨਾ, ਫੁੱਟ ਰਹੀਆਂ ਕਰੂੰਬਲਾਂ, ਟਾਹਣੀਆਂ 'ਤੇ ਰੰਗਲੀ ਬਹਾਰ, ਪੱਤਿਆਂ ਦੀਆਂ ਗਲਵਕੜੀਆਂ ਅਤੇ ਬਿਰਖਾਂ ਦਾ ਝੂਮਣਾ।

ਜਾਰੀ ਰਹਿਣਾ ਚਾਹੀਦਾ ਹੈ, ਮਨ ਵਿਚ ਦੱਬੀਆਂ ਕਲਾ-ਬਿਰਤੀਆਂ ਨੂੰ ਮੁੜ ਤੋਂ ਉਭਾਰਨ ਅਤੇ ਵਿਸਥਾਰਨ ਦਾ ਕਾਰਜ। ਇਹ ਮਨ ਦੀ ਸੰਤੁਸ਼ਟਤਾ, ਰੂਹ ਦੀ ਭਰਪਾਈ ਅਤੇ ਸਵੈ ਦੀ ਪਛਾਣ ਸਿਰਜਣ ਦਾ ਸਭ ਤੋਂ ਉਤਮ ਆਹਰ। ਇਸ ਵਿਚ ਰੁੱਝਿਆਂ ਨਹੀਂ ਰਹਿੰਦੀ ਕੋਈ ਸਾਰ ਅਤੇ ਬੰਦਾ ਖੁਦ ਤੋਂ ਬੇਖਬਰ ਹੋਇਆ, ਮਨ-ਬਿਰਤੀਆਂ ਨੂੰ ਦਿੰਦਾ ਏ ਵਿਸ਼ਾਲ ਵਿਸਥਾਰ।

ਜਾਰੀ ਰੱਖੋ ਆਸ ਤੇ ਵਿਸ਼ਵਾਸ ਦਾ ਦੀਵਾ ਜਗਾਉਣਾ। ਚਿੱਤ ਦੇ ਆਲ੍ਹਣਿਆਂ ਵਿਚ ਇਨ੍ਹਾਂ ਨੂੰ ਟਿਕਾਉਣਾ ਅਤੇ ਖੁੰਝੇ-ਖਰਲਾਂ ਨੂੰ ਰੁਸ਼ਨਾਉਣਾ। ਸ਼ੁਕਰ ਕਰੋ ਕਿ ਇਸ ਬਹਾਨੇ ਹੀ ਤੁਹਾਡੇ ਅੰਦਰ ਚਾਨਣ ਨੇ ਦਸਤਕ ਦਿਤੀ ਹੈ ਅਤੇ ਇਸ ਵਿਚੋਂ ਹੀ ਕੁਝ ਨਰੋਇਆ ਪਨਪ ਕੇ, ਤੁਹਾਡੀਆਂ ਤਰਜ਼ੀਹਾਂ ਅਤੇ ਤਦਬੀਰਾਂ ਨੂੰ ਨਵੀਂ ਸੇਧ ਵੀ ਦੇ ਸਕਦੈ।

ਜਾਰੀ ਰਹੇ, ਸ਼ੁਕਰਗੁਜ਼ਾਰੀ ਦਾ ਸਫਰਨਾਮਾ, ਕੁਦਰਤ ਦੀਆਂ ਵਰੋਸਾਈਆਂ ਦਾਤਾਂ ਦਾ, ਬਜੁਰਗਾਂ ਦੀਆਂ ਅਸੀਸਾਂ ਦਾ, ਘਰ-ਪਰਿਵਾਰ ਵਿਚੋਂ ਮਿਲੀ ਅਪਣੱਤ ਤੇ ਮਮਤਾਈ ਮੋਹ ਦਾ, ਪ੍ਰਾਪਤੀਆਂ ਦਾ ਤੇ ਮਾਣਮੱਤੇ ਸਫਰਾਂ ਦਾ, ਜਿਨ੍ਹਾਂ ਨੇ ਜੀਵਨ ਨੂੰ ਨਵੇਂ ਰੂਪ 'ਚ ਦੇਖਣ ਤੇ ਸਮਝਣ ਦੇ ਯੋਗ ਬਣਾਇਆ। ਧੰਨਵਾਦੀ ਹੋਵੋ ਕੁਦਰਤ ਦੀਆਂ ਨਿਆਮਤਾਂ ਦੇ, ਜੋ ਹਰ ਵੇਲੇ, ਹਰ ਮੋੜ 'ਤੇ ਤੁਹਾਡੀਆਂ ਜੀਵਨ-ਚਿਰੰਜੀਵਤਾ ਦਾ ਨਾਦ ਉਪਜਾ ਰਹੀਆਂ ਨੇ।

ਜਾਰੀ ਹੈ ਸਾਹ-ਸਰੰਗੀ ਵਿਚ ਪੈਦਾ ਹੋਇਆ ਸੰਗੀਤ, ਸਮੁੱਚੇ ਸਰੀਰ ਵਿਚ ਲਹੂ ਦੀ ਨਿਰੰਤਰ ਸਪਲਾਈ, ਸਰੀਰਕ ਕ੍ਰਿਆਵਾਂ ਦੀ ਅਟੁੱਟ ਰਫਤਾਰ, ਮਨ ਦੀ ਉਡਾਣ, ਆਪਣਿਆਂ ਨੂੰ ਮਿਲਣ ਦੀ ਚਾਹਤ, ਪੈਰਾਂ ਨਾਲ ਪੈੜ-ਸਿਰਜਣ ਦੀ ਤਮੰਨਾ, ਨੀਂਦ ਦਾ ਆਉਣਾ ਤੇ ਜਾਗਣ ਦੀ ਕ੍ਰਿਆ, ਭੁੱਖ ਦਾ ਲੱਗਣਾ ਆਦਿ। ਜੇ ਇਹ ਕੁਦਰਤੀ ਕਾਰਜ ਨਹੀਂ ਰੁਕ ਸਕਦੇ ਤਾਂ ਮਨੁੱਖ ਕਿਉਂ ਇੰਨਾ ਹੀਣਾ ਹੋ ਜਾਵੇ ਕਿ ਆਪਣੇ ਆਪ ਨੂੰ ਨਿਰਬਲ ਅਤੇ ਨਿਤਾਣਾ ਸਮਝੇ।

ਜਾਰੀ ਰਹੇ ਅੰਤਰੀਵੀ ਯਾਤਰਾ। ਖੁਦ ਵੱਲ ਮੁੜੋ। ਅੰਦਰ ਵੱਲ ਝਾਕੋ। ਖੁਦ ਨੂੰ ਪਛਾਣੋ, ਆਪ ਨੂੰ ਜਾਣੋ ਅਤੇ ਖੁਦ ਦੀ ਤਲਾਸ਼ ਕਰੋ, ਜੋ ਤੁਹਾਡੇ ਅੰਦਰ ਵੱਸਦਾ ਹੈ। ਅੰਤਰ ਸੰਵਾਦ ਬਹੁਤ ਜਰੂਰੀ ਹੁੰਦੈ, ਸਵੈ ਦੀ ਉਤਪਤੀ ਅਤੇ ਵਿਕਾਸ ਲਈ। ਖੁਦ ਤੋਂ ਬਿਹਤਰ ਕੋਈ ਨਹੀਂ ਹੁੰਦਾ, ਜੋ ਕਮੀਆਂ, ਕੁਤਾਹੀਆਂ, ਕਮੀਨਗੀਆਂ ਅਤੇ ਕੁਹਜਾਂ ਨੂੰ ਸਮਝ ਸਕੇ। ਇਹ ਵਧੀਆ ਮੌਕਾ ਹੈ, ਆਪਣੇ ਰੂਬਰੂ ਹੋਣ ਦਾ ਅਤੇ ਪਾਕੀਜ਼ ਹੋਣ ਲਈ ਕਾਲੇ ਧੱਬਿਆਂ ਨੂੰ ਧੋਣ ਦਾ।

ਜਗਦਾ ਰਹੇ ਅੰਤਰੀਵੀ ਜਲੌਅ, ਅੰਦਰੂਨੀ ਖੁਸ਼ੀ ਅਤੇ ਖੇੜੇ ਦਾ ਦੀਪ। ਅੰਦਰੂਨੀ ਹਾਕ ਨੂੰ ਸੁਣਨ ਦਾ ਅੰਦਾਜ਼ ਤੇ ਅਦਾਬ, ਰੂਹ-ਰੰਗਰੇਜਤਾ ਨੂੰ ਆਲਮੀ ਫਿਕਰਮੰਦੀ ਦੇ ਰੰਗ ਵਿਚ ਓਤਪੋਤ ਕਰਨ ਦਾ ਯਤਨ ਜਾਰੀ ਰਹੇ।

ਜਾਰੀ ਰੱਖੋ ਅਰਦਾਸ ਦੀ ਅਰਾਧਨਾ, ਬੰਦਗੀ ਦੀ ਬਿਰਤੀ ਅਤੇ ਮਨ ਵਿਚ ਚੰਗੇਰੇ ਤੇ ਉਸਾਰੂ ਵਿਚਾਰ ਪੈਦਾ ਕਰਨ ਦੀ ਤੌਫੀਕ। ਮਾੜੇ ਵਿਚਾਰ ਮਨੁੱਖ ਨੂੰ ਗਰਕਣੀ ਵਿਚ ਧੱਕਦੇ, ਜਦ ਕਿ ਉਸਾਰੂ ਬਿਰਤੀ ਡੁੱਬਦੇ ਵਿਅਕਤੀ ਦੇ ਦੀਦਿਆਂ ਵਿਚ ਕੰਢਿਆਂ ਦਾ ਅਕਸ ਧਰਦੇ ਨੇ। ਸਿਰੜੀ ਅਤੇ ਖੁਦ 'ਤੇ ਵਿਸ਼ਵਾਸ ਕਰਨ ਵਾਲੇ ਹੀ ਪੀੜਾਂ ਵਿਚ ਪਗਡੰਡੀਆਂ ਦੀ ਸਿਰਜਣਾ ਕਰਦੇ ਨੇ। ਵਧੀਆ ਸੋਚਣ ਵਾਲੇ ਹੀ ਕੁਝ ਵਧੀਆ ਕਰਦੇ ਨੇ, ਕਿਉਂਕਿ ਉਤਮ-ਉਤੇਜਨਾ ਵਿਚੋਂ ਹੀ ਉਪਜਦੀ ਏ ਅੰਬਰ ਨੂੰ ਪੌੜੀਆਂ ਲਾਉਣ ਦੀ ਚਾਹਤ।

ਜਾਰੀ ਰਹੇ ਚੰਗੇ ਵਿਚਾਰਾਂ ਦਾ ਦਾਨ-ਪ੍ਰਦਾਨ। ਸੰਵਾਦ ਰਚਾਉਣ ਦੀ ਪ੍ਰਥਾ। ਇਕ ਦੂਜੇ ਤੋਂ ਪ੍ਰਭਾਵਿਤ ਹੋਣ ਜਾਂ ਕਰਨ ਦੀ ਪਹਿਲ। ਵਿਚਾਰਾਂ ਦੀ ਜੁਗਤੀ ਵਿਚੋਂ ਦੀਵਿਆਂ ਨੂੰ ਸਮਾਜ ਦੇ ਮਸਤਕ ਬਨੇਰੇ 'ਤੇ ਧਰਨ ਦੀ ਪ੍ਰਕ੍ਰਿਆ। ਵਿਚਾਰਾਂ ਦੇ ਕਾਫਲੇ ਹੀ ਬਦਲੀਆਂ ਰੁੱਤਾਂ ਅਤੇ ਮੌਸਮਾਂ ਨੂੰ ਵਿਹੜੇ ਦਾ ਸ਼ਿੰਗਾਰ ਬਣਾਉਂਦੇ ਨੇ। ਗੱਲਬਾਤ ਵਿਚਲੀ ਗਹਿਰ ਗੰਭੀਰਤਾ ਵਿਚੋਂ ਹੀ ਸੁਘੜ ਸਿਆਣਪਾਂ ਦੀ ਸੋਝੀ ਹੁੰਦੀ, ਜਿਸ ਵਿਚੋਂ ਚਿੰਤਨ ਅਤੇ ਚੇਤਨਾ ਦਾ ਜਾਗ ਲੱਗਦਾ।

ਜਾਰੀ ਰੱਖੋ ਉਮੀਦ ਤੇ ਉਮੰਗ ਵਿਚਲੀ ਸਮਤੋਲਤਾ, ਕਰਮ ਤੇ ਧਰਮ ਵਿਚਲੀ ਨੇੜਤਾ, ਦੁੱਖ ਤੇ ਸੁੱਖ ਦੀ ਸਾਂਝੇਦਾਰੀ, ਦਿਆ ਤੇ ਦਰਿਆਦਿਲੀ ਦੀ ਅਮੋੜਤਾ, ਨਾਦ ਅਤੇ ਅਨਾਦੀ ਵਿਚਲੀ ਸਪਸ਼ਟਤਾ ਅਤੇ ਆਪਣੇ ਤੇ ਪਰਾਏ ਵਿਚ ਘਟਦੀ ਦੂਰੀ।

ਜਾਰੀ ਰੱਖੋ ਸੋਚ ਦੀ ਗਲੀ ਵਿਚ ਜੁਗਨੂੰਆਂ ਦਾ ਟਿਮਟਿਮਾਉਣਾ, ਸ਼ੁਭ ਕਰਮਨ ਦਾ ਗੀਤ ਰੁਆਂਸੇ ਹੋਠਾਂ 'ਤੇ ਟਿਕਾਉਣਾ, ਚੁੱਪ ਦੀ ਠੋਢੀ 'ਤੇ ਅਗੰਮੀ ਬੋਲਾਂ ਦਾ ਟਿੱਕਾ ਲਾਉਣਾ ਅਤੇ 'ਨੀਚੀ ਹੂ ਅਤਿ ਨੀਚੁ' ਦੀ ਧੁਨ ਦਾ ਮਨ ਜੂਹੇ ਉਪਜਾਉਣਾ।

ਜਾਰੀ ਰੱਖੋ ਡਿੱਗਿਆਂ ਨੂੰ ਉਠਾਉਣਾ, ਲਤਾੜਿਆਂ ਨੂੰ ਗਲ ਨਾਲ ਲਾਉਣਾ, ਉਨੀਂਦਰੇ ਨੈਣਾਂ ਨੂੰ ਲੋਰੀ ਸੁਣਾਉਣਾ ਅਤੇ ਲਾਚਾਰ ਦੇ ਸਿਰ ਧਰੀ ਦੁੱਖਾਂ ਦੀ ਗਠੜੀ ਲਈ ਪੈਂਡਾ-ਪਾਂਧੀ ਬਣਨਾ।

ਜਾਰੀ ਰੱਖੋ ਸੁਪਨਹੀਣ ਦੀਦਿਆਂ ਵਿਚ ਸੁਪਨੇ ਧਰਨ ਦੀ ਕਰਮ-ਜਾਚਨਾ, ਰੂਹ-ਹੀਣਾਂ ਨੂੰ ਰੰਗਰੇਜ਼ ਬਣਨ ਲਈ ਪ੍ਰੇਰਨਾ ਅਤੇ ਖਾਲੀ ਖਾਲੀ ਨੈਣਾਂ ਨੂੰ ਚਿਰਾਗ ਬਣਨ ਦੀ ਤਮੰਨਾ। ਮੋਮਬੱਤੀਆਂ ਬੁਝਾਉਣ ਵਾਲੇ ਤਾਂ ਬਹੁਤ ਹੋਣਗੇ, ਪਰ ਤੁਸੀਂ ਬਨੇਰਿਆਂ 'ਤੇ ਮੋਮਬੱਤੀ ਬਾਲਦੇ ਰਹਿਣਾ ਭਾਵੇਂ ਕਿੰਨੇ ਵੀ ਤੂਫਾਨ ਇਨ੍ਹਾਂ ਨੂੰ ਬੁਝਾਉਣ ਲਈ ਬਜ਼ਿੱਦ ਹੋਣ।

ਜਾਰੀ ਰੱਖੋ ਆਤਮ-ਸਨਮਾਨ, ਆਤਮ-ਵਿਸ਼ਵਾਸ ਅਤੇ ਆਤਮ-ਨਿਰਭਰਤਾ ਦੀ ਅਗੰਮੀ ਯਾਤਰਾ, ਕਿਉਂਕਿ ਇਹ ਸਫਰ ਸਭ ਤੋਂ ਅਨੂਠਾ ਅਤੇ ਅਹਿਮ ਹੁੰਦਾ, ਜਿਸ ਨੇ ਤੁਹਾਡਾ ਨਾਮ ਤਹਿਜ਼ੀਬ ਵਿਚ ਨਿਸ਼ਚਿਤ ਕਰਨਾ।

ਜਾਰੀ ਰੱਖੋ ਜੀਵਨ ਦਾ ਸਫਰ। ਜੀਵਨ ਬਹੁਤ ਅਣਮੁੱਲਾ, ਅਨੰਦਮਈ ਅਤੇ ਇਲਾਹੀ ਹੁੰਦਾ, ਜੇ ਅਸੀਂ ਹੈਂਕੜ, ਹਉਮੈਂ, ਹੰਕਾਰ, ਹੱਠ-ਧਰਮੀ ਅਤੇ ਹੋਸ਼ੀ ਬਿਰਤੀ ਨੂੰ ਤਿਆਗ ਕੇ ਸੁੱਚੀਆਂ ਕਦਰਾਂ ਕੀਮਤਾਂ ਨੂੰ ਜੀਵਨ ਉਦੇਸ਼ ਬਣਾਈਏ।

ਜਾਰੀ ਰੱਖੋ ਸਵੈ-ਸਾਧਨਾ, ਸਵੈ-ਸੁੱਧਤਾ, ਸਵੈ-ਸਾਦਗੀ, ਸਵੈ-ਸੁਹਜਤਾ, ਸਵੈ-ਸੰਤੋਖ ਤੇ ਸਵੈ-ਸਮਰਪਣ ਦਾ ਸਿਦਕ। ਇਹ ਮਾਰਗ ਹੀ ਤੁਹਾਨੂੰ ਦੂਜਿਆਂ ਨਾਲੋਂ ਵਿਲੱਖਣ ਤੇ ਵਿਕੋਲਿਤਰਾ ਕਰਦਾ। ਤੁਸੀਂ ਜੇ ਇਸ ਦੇ ਹਾਣੀ ਨਹੀਂ ਹੋਏ ਤਾਂ ਇਸ ਨੂੰ ਜਾਰੀ ਰੱਖਣਾ ਹੋਰ ਵੀ ਜਰੂਰੀ।

ਬਾਹਰ ਸਭ ਕੁਝ ਬੰਦ ਹੈ, ਪਰ ਇਹ ਅਸਥਾਈ ਹੈ, ਉਨੇ ਸਮੇਂ ਲਈ ਆਪਣੇ ਅੰਦਰਲੇ ਕਿਵਾੜ ਖੋਲੋ। ਗਿਆਨ ਇੰਦਰੀਆਂ ਨੂੰ ਆਲੇ-ਦੁਆਲੇ ਨੂੰ ਸਿਆਣਨ, ਪਰਖਣ ਸਮਝਣ ਲਈ ਵਰਤੋ। ਬਾਹਰੀ ਭਟਕਣਾ ਪਿਛੋਂ ਹੁਣ ਅੰਦਰ ਵੱਲ ਨੂੰ ਪਰਤਣ ਦਾ ਮੌਕਾ ਹੈ। ਇਸ ਨੂੰ ਅਜਾਈਂ ਨਾ ਗਵਾਓ ਕਿਉਂਕਿ ਕਸ਼ਟਮਈ ਦਿਨ ਜਦ ਖਤਮ ਹੋ ਗਏ ਤਾਂ ਮਨੁੱਖ ਨੇ ਫਿਰ ਦੁਨਿਆਵੀ ਦੌੜ ਵਿਚ ਖਚਤ ਹੋ ਜਾਣਾ ਏ।

ਜਾਰੀ ਰੱਖੋ ਖੁਦ ਨੂੰ ਬਦਲੇ ਹੋਏ ਹਾਲਾਤ ਨਾਲ ਨਜਿਠਣ ਲਈ ਤਿਆਰ ਕਰਨਾ, ਕਿਉਂਕਿ ਇਸ ਮਹਾਮਾਰੀ ਪਿਛੋਂ ਸਮੁੱਚੇ ਵਿਸ਼ਵ ਦਾ ਸਮਾਜਕ, ਆਰਥਕ, ਮਾਨਸਿਕ, ਸਰੀਰਕ ਅਤੇ ਵਿਅਕਤਿਤਵ ਵਰਤਾਰਾ ਬਹੁਤ ਬਦਲ ਜਾਣਾ। ਵਧੀਆ ਮਨੁੱਖ ਉਹ ਹੀ ਹੁੰਦਾ, ਜੋ ਭਵਿੱਖੀ ਚੁਣੌਤੀਆਂ ਨੂੰ ਕਿਆਸ, ਖੁਦ ਨੂੰ ਇਨ੍ਹਾਂ ਦਾ ਸਾਹਮਣਾ ਕਰਨ ਲਈ ਤਿਆਰ ਕਰੇ। ਸੋ ਲੋੜ ਹੈ ਕਿ ਆਉਣ ਵਾਲੇ ਦਿਨਾਂ ਲਈ ਮਾਨਸਿਕ ਤੌਰ 'ਤੇ ਤਿਆਰ ਹੋਣਾ ਜਾਰੀ ਰੱਖੋ, ਜਦ ਤੁਸੀਂ ਸਮੇਂ ਦੀ ਕਸੌਟੀ 'ਤੇ ਪਰਖੇ ਜਾਵੋਗੇ।

ਜਾਰੀ ਰੱਖੋ ਚੰਗਿਆਈ, ਭਲਿਆਈ ਅਤੇ ਬੰਦਿਆਈ ਦਾ ਸਫਰ ਕਿਉਂਕਿ ਇਹ ਅਜਿਹਾ ਸਫਰ ਹੈ, ਜੋ ਕਦੇ ਵੀ ਖਤਮ ਨਹੀਂ ਹੁੰਦਾ। ਇਹ ਸਫਰ ਕੁਝ ਅਜਿਹਾ ਝੋਲੀ ਵਿਚ ਪਾਉਂਦਾ, ਜੋ ਸਾਰੀ ਉਮਰ ਦੀ ਕਮਾਈ ਨਾਲੋਂ ਵੀ ਉਚਤਮ ਹੁੰਦਾ।

ਜ਼ਿੰਦਗੀ ਦੇ ਅਜਿਹੇ ਸਫਰ ਨੂੰ ਜਾਰੀ ਰੱਖਣ ਦੀ ਆਸ ਤਾਂ ਪਾਠਕਾਂ ਕੋਲੋਂ ਰੱਖੀ ਹੀ ਜਾ ਸਕਦੀ ਏ।

## ਮਿਨੀ ਕਹਾਣੀ

### ਮੌਕਾ

ਨਿਤਿਨ ਸਵੇਰ ਤੋਂ ਹੀ ਆਪਣਾ ਮੈਡੀਕਲ ਸਟੋਰ ਬੰਦ ਕਰ ਕੇ ਸਮਾਜ ਸੇਵੀ ਨੌਜਵਾਨਾਂ ਨਾਲ ਕਰੋਨਾ ਵਾਇਰਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਗਿਆ ਹੋਇਆ ਸੀ। ਇਹ ਨੌਜਵਾਨ ਥਾਂ ਥਾਂ ਪਹੁੰਚ ਕੇ ਲੋਕਾਂ ਨੂੰ ਬਚਾਅ ਵਾਸਤੇ ਦੱਸਦਿਆਂ ਮਾਸਕ ਅਤੇ ਹੋਰ ਸਮਾਨ ਵੰਡ ਰਹੇ ਸਨ। ਘਰੇ ਦਵਾਰਕਾ ਦਾਸ ਲੋਹਾ ਲਾਖਾ ਹੋਇਆ ਵਾਰ ਵਾਰ ਪਤਨੀ ਨੂੰ ਝਿੜਕ ਰਿਹਾ ਸੀ, "ਮੈਂ ਇਸ ਵਾਂਗ ਗੇੜੇ ਕੱਢਦਾ ਰਹਿੰਦਾ ਤਾਂ ਚੱਲਿਆ ਪਿਆ ਸੀ ਕੰਮ। ਮੈਂ ਹੀ ਸੀ, ਇਸ ਦੁਕਾਨ ਤੋਂ ਪਲਾਟ, ਕੋਠੀਆਂ, ਟਰੱਕ ਤੱਕ ਪਾ ਲਏ, ਪਰ ਇਹ ਨਾਲਾਇਕ ਔਲਾਦ! ਮਸਾਂ ਮੌਕਾ ਮਿਲਦਾ ਇਹੋ ਜਿਹੀ ਕਮਾਈ ਦਾ।"

ਪਤਨੀ ਬਲੱਡ ਪ੍ਰੈਸ਼ਰ ਵੱਧ ਜਾਣ ਦੇ ਡਰੋਂ ਸਬਰ ਰੱਖਣ ਲਈ ਕਹਿ ਰਹੀ ਸੀ, ਪਰ ਦਵਾਰਕਾ ਦਾਸ ਨੂੰ ਕਿੱਥੋਂ ਚੈਨ? ਆਮ ਤੌਰ 'ਤੇ ਉਹ ਐਤਵਾਰ ਅੱਧੇ ਦਿਨ ਪਿਛੋਂ ਦੁਕਾਨ ਬੰਦ ਰੱਖਦੇ ਸਨ, ਪਰ ਹੁਣ ਜਦੋਂ ਬਿਮਾਰੀ ਦੇ ਡਰ ਕਾਰਨ ਲੋਕ ਧੜਾਧੜ ਸਮਾਨ ਖਰੀਦ ਰਹੇ ਸਨ ਤਾਂ "ਅਜਿਹੇ ਮੌਕੇ ਹੀ ਪੰਜਾਂ ਦੇ ਪੰਜਾਹ ਬਣਦੇ ਹਨ, ਪਰ ਮੁੰਡਾ...!"

ਕੁਝ ਦੇਰ ਪਿਛੋਂ ਨਿਤਿਨ ਆ ਗਿਆ ਤਾਂ ਬਾਬੂ ਜੀ ਫਿਰ ਸ਼ੁਰੂ ਹੋ ਗਏ ਤੇ ਵਾਰ ਵਾਰ ਮੌਕੇ ਨੂੰ ਸੰਭਾਲਣ ਸਬੰਧੀ ਬੋਲਣ ਲੱਗੇ। ਨਿਤਿਨ ਨੇ ਮੁਆਫੀ ਮੰਗ ਮਾਹੌਲ ਠੰਢਾ ਕੀਤਾ ਅਤੇ ਗੱਲ ਸ਼ੁਰੂ ਕੀਤੀ, "ਬਾਬੂ ਜੀ, ਮੈਂ ਸੋਚਦਾ ਸੀ ਕਿ ਕਿਉਂ ਨਾ ਵਾਹਵਾ ਸਾਰੀਆਂ ਲੱਕੜਾਂ ਸੁੱਟਵਾ ਲਈਏ...।"

ਮੁੰਡੇ ਦੀ ਗੱਲ ਅੱਧ ਵਿਚ ਹੀ ਸੀ ਕਿ ਬਾਬੂ ਜੀ ਬੋਲ ਉਠੇ, "ਕਾਹਦੇ ਵਾਸਤੇ! ਜਦੋਂ ਗੈਸ 'ਤੇ ਪੈਸੇ ਲਾਏ ਆ।"


ਨਿਤਿਨ ਨੇ ਫਿਰ ਆਪਣੀ ਗੱਲ ਸ਼ੁਰੂ ਕੀਤੀ, "ਨਹੀਂ ਬਾਊ ਜੀ, ਜੇ ਇਹ ਬਿਮਾਰੀ ਫੈਲ ਗਈ ਤਾਂ ਲੋਕਾਂ ਦੇ ਮਰਨ ਕਰਕੇ ਲੱਕੜਾਂ ਮਹਿੰਗੀਆਂ ਹੋ ਜਾਣੀਆਂ, ਪਤਾ ਨਹੀਂ ਮਿਲਣ ਵੀ ਕਿ ਨਾ। ਆਪਾਂ ਵੀ ਇਸ ਬਿਮਾਰੀ ਦੀ ਲਪੇਟ ਵਿਚ ਆ ਸਕਦੇ ਹਾਂ। ਕੀ ਪਤਾ ਕੀ ਹੋਣਾ! ਹੁਣੇ ਹੀ ਸਸਤੀਆਂ ਲੈ ਲਈਏ, ਚਾਰ ਪੈਸੇ ਵੀ ਬਚ ਜਾਣਗੇ। ਹੁਣ ਤਾਂ ਮੌਕਾ ਐ।"

ਬਾਬੂ ਦਵਾਰਕਾ ਦਾਸ ਦੀ ਨੀਵੀਂ ਪੈ ਗਈ ਸੀ। ਮੱਥੇ ਵਿਚਲੀਆਂ ਤਿਓੜੀਆਂ ਚਿੰਤਾ ਵਿਚ ਬਦਲ ਗਈਆਂ ਸਨ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਸਾਹਿਤ ਅਤੇ ਸਿਨੇਮਾ ਦੀ ਰਿਸ਼ਤੇਦਾਰੀ

ਮੈਂ ਆਪਣੇ ਆਪ ਨੂੰ ਕਹਾਣੀਕਾਰ ਆਖਦਾ ਹਾਂ, ਨਾਵਲਕਾਰ ਵੀ ਕਹਿ ਲਵਾਂ ਭਾਵੇਂ, ਪਰ ਖੁਦ ਨੂੰ ਫਿਲਮਕਾਰ ਮੈਂ ਨਹੀਂ ਆਖਦਾ। ਲੇਖਕ ਵਜੋਂ ਸਿਨੇਮਾ ਨਾਲ ਨੇੜਤਾ ਹੈ। ਵੱਖ-ਵੱਖ ਕਲਾਵਾਂ ਦੇ ਸਿਰਜਕਾਂ ਕੋਲ ਪ੍ਰਗਟਾਵੇ ਦਾ ਆਪੋ-ਆਪਣਾ ਤਰੀਕਾ ਹੈ। ਕੋਈ ਆਪਣੇ ਵਿਚਾਰਾਂ ਨੂੰ ਰੰਗਾਂ ਨਾਲ ਕਹਿੰਦਾ ਹੈ। ਕੋਈ ਆਪਣੀ ਗੱਲ ਨੂੰ ਸ਼ਬਦਾਂ ਦਾ ਲਿਬਾਸ ਪਹਿਨਾ ਦਿੰਦਾ ਹੈ ਤੇ ਕੋਈ ਸੈਲੂਲਾਈਡ ਵਿਚ ਮੂਰਤੀਮਾਨ ਕਰ ਦਿੰਦਾ ਹੈ। ਅਹਿਮੀਅਤ ਗੱਲ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕਰਨ ਦੀ ਹੈ।



ਇਹ ਸਾਰੀਆਂ ਵਿਧਾਵਾਂ ਆਪਸੀ ਨੇੜਤਾ ਦੇ ਬਾਵਜੂਦ ਵੱਖਰੀਆਂ ਹਨ। ਇਨ੍ਹਾਂ ਦੇ ਆਪਣੇ ਸਿਧਾਂਤ ਹਨ।

ਜਸਬੀਰ ਭੁੱਲਰ

ਸਾਹਿਤ ਅਤੇ ਸਿਨੇਮਾ ਦਾ ਆਪਸੀ ਰਿਸ਼ਤਾ ਕੁਝ ਵਧੇਰੇ ਕਰੀਬੀ ਹੈ। ਜੇ ਸਿਨੇਮਾ ਖੁੱਲ੍ਹੀਆਂ ਬਾਹਵਾਂ ਨਾਲ ਸਾਹਿਤ ਨੂੰ ਸਵੀਕਾਰ ਕਰਦਾ ਹੈ ਤਾਂ ਸਾਹਿਤ ਵੀ ਸਿਨੇਮਾ ਤੋਂ ਪ੍ਰਭਾਵਿਤ ਹੁੰਦਾ ਹੈ। ਮੈਂ ਕਦੇ ਕਦਾਈਂ ਹੋਰਨਾਂ ਦੇ ਮੂੰਹੋਂ ਸੁਣਦਾ ਹਾਂ ਕਿ ਮੇਰੀਆਂ ਕਹਾਣੀਆਂ ਪੜ੍ਹਦਿਆਂ-ਪੜ੍ਹਦਿਆਂ ਦਿਸਣ ਵੀ ਲੱਗ ਪੈਂਦੀਆਂ ਨੇ। ਕਹਾਣੀ ਸੁਣਾਉਣ ਦੀ ਥਾਵੇਂ, ਦਿਖਾ ਸਕਣ ਦੀ ਸਮਰੱਥਾ ਕੀ ਪਤਾ, ਅਚੇਤ ਹੀ ਮੈਨੂੰ ਸਿਨੇਮਾ ਨੇ ਸਿਖਾ ਦਿੱਤੀ ਹੋਵੇ। ਅਸੀਂ ਬਹੁਤ ਫਿਲਮਾਂ ਦੇਖਦੇ ਹਾਂ, ਪਰ ਸਾਨੂੰ ਫਿਲਮ ਦੇਖਣੀ ਨਹੀਂ ਆਉਂਦੀ। ਦਰਅਸਲ, ਸਿਨੇਮਾ ਦੀ ਆਪਣੀ, ਵੱਖਰੀ ਭਾਸ਼ਾ ਹੈ। ਉਹ ਭਾਸ਼ਾ ਅਸੀਂ ਬਹੁਤੇ ਜਣੇ ਨਹੀਂ ਜਾਣਦੇ।

ਅਸੀਂ ਹਮੇਸ਼ਾ ਫਿਲਮ ਵਿਚੋਂ ਸਾਹਿਤ ਦੇਖਣ ਲੱਗ ਪੈਂਦੇ ਹਾਂ। ਫਿਲਮ ਦੇਖਣ ਪਿੱਛੋਂ ਜਦੋਂ ਅਸੀਂ ਆਪਸ ਵਿਚ ਫਿਲਮ ਦੀ ਸਿਫਤ ਜਾਂ ਨਿੰਦਿਆ ਕਰਦੇ ਹਾਂ ਤਾਂ ਫਿਲਮ ਦੇ ਹੋਰ ਪਸਾਰਾਂ ਵਲ ਸਾਡਾ ਧਿਆਨ ਵੀ ਨਹੀਂ ਜਾਂਦਾ। ਅਸੀਂ ਸਿਰਫ ਤੇ ਸਿਰਫ ਉਸ ਵਿਚਲੇ ਸਾਹਿਤ ਬਾਰੇ ਹੀ ਗੱਲ ਕਰਦੇ ਹਾਂ, ਪਰ ਇੱਕ ਗੱਲ ਤਾਂ ਸਾਫ ਹੈ ਕਿ ਸਿਨੇਮਾ ਨੇ ਸਾਹਿਤ ਨੂੰ ਬੜੇ ਪ੍ਰਬਲ ਰੂਪ ਵਿਚ ਆਪਣੇ ਅੰਦਰ ਸਮੋਇਆ ਹੁੰਦਾ ਹੈ। ਸਾਹਿਤ ਦੀ ਭਾਸ਼ਾ ਹੋਰ ਹੈ ਤੇ ਸਿਨੇਮਾ ਦੀ ਹੋਰ। ਲੇਖਕ ਦੀ ਕਿਰਤ, ਫਿਲਮ ਲਈ ਹਮੇਸ਼ਾ ਵਾਹਨ ਵਾਂਗੂ ਹੈ। ਫਿਲਮ ਹਮੇਸ਼ਾ ਸਾਹਿਤ ਦੇ ਮੋਢਿਆਂ 'ਤੇ ਚੜ੍ਹ ਕੇ ਹੀ ਸਫਲਤਾ ਵਲ ਪੈਰ ਪੁੱਟਦੀ ਹੈ। ਸਿਨੇਮਾ ਸਾਹਿਤ ਤੋਂ ਸੁਤੰਤਰ ਨਹੀਂ। ਉਹ ਸਾਹਿਤ ਨੂੰ ਵਰਤ ਰਿਹਾ ਵੀ ਜਾਪਦਾ ਹੈ।

ਫਿਲਮਕਾਰ ਗੋਦਾਰ ਨੂੰ ਫਿਲਮਾਂ ਦੀ ਇਸ ਨਿਰਭਰਤਾ ਦਾ ਅਹਿਸਾਸ ਸੀ। ਉਸ ਨੂੰ ਸ਼ਾਇਦ ਇਹ ਤੱਥ ਮਿਹਣੇ ਵਾਂਗੂ ਜਾਪਿਆ ਹੋਵੇ ਕਿ ਸਾਹਿਤ ਨੂੰ ਪਰ੍ਹਾਂ ਧੱਕ ਕੇ ਸਿਨੇਮਾ ਪੈਰ ਵੀ ਅਗਾਂਹ ਨਹੀਂ ਪੁੱਟ ਸਕਦਾ। ਗੋਦਾਰ ਨੇ ਸਾਹਿਤ ਨੂੰ ਮਨਫੀ ਕਰ ਕੇ ਫਿਲਮਾਂ ਬਣਾਈਆਂ ਵੀ। ਉਹ ਵਿਕੋਲਿਤਰਾ ਤਜਰਬਾ ਸੀ। ਉਸ ਦੀਆਂ ਉਹ ਫਿਲਮਾਂ ਸਿਨੇਮਾ ਦੀ ਪੜ੍ਹਾਈ ਦਾ ਅਹਿਮ ਹਿੱਸਾ ਬਣੀਆਂ ਹਨ, ਪਰ ਸਿਨੇਮਾ ਨੂੰ ਸਾਹਿਤ ਦੀ ਟੇਕ ਲੈਣੀ ਹੀ ਪਈ ਹੈ।

ਕਿਸੇ ਵੀ ਕਿੱਸੇ-ਕਹਾਣੀ ਜਾਂ ਨਾਵਲ ਨੂੰ ਫਿਲਮ ਦਾ ਰੂਪ ਦੇਣ ਵਿਚ ਕੁਝ ਵੀ ਅਸੰਭਵ ਨਹੀਂ। ਉਹ ਸਾਹਿਤਕ ਕਿਰਤ ਭਾਵੇਂ ਮੁਨਸ਼ੀ ਪ੍ਰੇਮ ਚੰਦ ਦਾ ਨਾਵਲ ਹੋਵੇ, ਕਿਸੇ ਦਲਿਤ ਲੇਖਕ ਦੀ ਰਚਨਾ ਹੋਵੇ ਤੇ ਭਾਵੇਂ ਕਿਸੇ ਅਗਾਂਹਵਧੂ ਲੇਖਕ ਦੀ ਕਹਾਣੀ। ਪੇਸ਼ਕਾਰੀ ਵਿਚ ਭਾਰਤੀਅਤਾ ਅਤਿ ਜ਼ਰੂਰੀ ਹੈ। ਇਹ ਭਾਰਤੀਅਤਾ ਦਲਿਤ ਸਮੱਸਿਆਵਾਂ ਨਾਲ ਜੂਝਦੀਆਂ ਫਿਲਮਾਂ 'ਨਿਸ਼ਾਂਤ', 'ਮੰਥਨ' ਅਤੇ 'ਆਕਰੋਸ਼' ਆਦਿ ਵਿਚ ਸੁਚੱਜੇ ਢੰਗ ਨਾਲ ਪੇਸ਼ ਹੋਈ।

ਜੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਉਤੇ ਫਿਲਮ ਬਣਦੀ ਹੈ ਤਾਂ ਉਸ ਵਿਚ ਜ਼ਿਮੀਂਦਾਰ ਵੀ ਹੈ, ਮੁਜਾਰਾ ਵੀ। ਜਦੋਂ ਉਨ੍ਹਾਂ ਦੋਵਾਂ ਵਿਚਕਾਰ ਟਕਰਾਅ ਨੂੰ ਫਿਲਮਾਇਆ ਜਾ ਰਿਹਾ ਹੋਵੇ ਤਾਂ ਜਾਤੀਵਾਦ ਦੀਆਂ ਪੈਦਾ ਕੀਤੀਆਂ ਉਲਝਣਾਂ ਨੂੰ ਵੀ ਧਿਆਨ ਵਿਚ ਰੱਖਣਾ ਪਵੇਗਾ। 'ਗੋਦਾਨ' ਅਤੇ ਸੱਤਿਆਜੀਤ ਰੇਅ ਵਲੋਂ ਬਣਾਈ 'ਸਦਗਤੀ' ਵਿਚ ਇਹ ਧਿਆਨ ਨਜ਼ਰ ਆਇਆ।

ਸਾਹਿਤ ਵੀ ਇਸ ਪਹੁੰਚ ਤੋਂ ਵੱਖਰਾ ਨਹੀਂ ਤੁਰਦਾ। ਸਾਨੂੰ ਦਲਿਤ ਸਰੋਕਾਰਾਂ ਨਾਲ ਹਮਦਰਦੀ ਹੁੰਦੀ ਹੈ, ਪਰ ਸਾਨੂੰ ਆਪਣੀ ਲਿਖਤ ਵਿਚ ਸਮਾਜਿਕ, ਆਰਥਿਕ ਅਤੇ ਸਿਆਸੀ ਪੱਖਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਟੈਲੀ ਸੀਰੀਅਲ 'ਤਮਸ' ਵਿਚ ਸਾਹਿਤ ਅਤੇ ਉਸ ਦਾ ਫਿਲਮਾਂਕਣ ਬੜੇ ਸੋਹਣੇ ਢੰਗ ਨਾਲ ਇਕਸੁਰ ਹੋਇਆ ਸੀ। ਇਹ ਇਕਸੁਰਤਾ ਤਾਂ ਹੀ ਸੰਭਵ ਹੋ ਸਕੀ ਸੀ ਕਿਉਂਕਿ ਕਹਾਣੀ ਵਿਚ ਨਿਰਦੇਸ਼ਕ ਦਾ ਯਕੀਨ ਸੀ।

ਇੱਕ ਸੋਚ ਇਹ ਵੀ ਬਣੀ ਹੋਈ ਹੈ ਕਿ ਕਹਾਣੀ ਵਿਚ ਤੇਜ਼-ਤਰਾਰੀ ਹੋਵੇ ਤਾਂ ਹੀ ਸਫਲ ਫਿਲਮ ਬਣੇਗੀ, ਪਰ ਇਹ ਵਿਚਾਰ ਹਮੇਸ਼ਾ ਠੀਕ ਨਹੀਂ ਹੁੰਦਾ। ਕਈ ਰਚਨਾਵਾਂ ਤੇਜ਼-ਤਰਾਰੀ ਤੋਂ ਵਿਰਵੀਆਂ ਸਨ, ਪਰ ਉਨ੍ਹਾਂ ਉਤੇ ਸਫਲ ਫਿਲਮਾਂ ਬਣੀਆਂ ਹਨ।

ਹੈਨਰੀ ਜੇਮਜ਼ ਦੇ ਨਾਵਲਾਂ ਵਿਚ ਵਾਰਤਾਲਾਪ ਅਤੇ ਵੇਰਵੇ ਬਹੁਤ ਜ਼ਿਆਦਾ ਹਨ, ਇਸ ਦੇ ਬਾਵਜੂਦ ਉਨ੍ਹਾਂ ਉਤੇ ਬਣੀਆਂ ਫਿਲਮਾਂ ਸਫਲ ਹੋਈਆਂ ਹਨ। ਕਿਸੇ ਨਾਵਲ ਦਾ ਸਾਰਾ ਕੁਝ ਹੀ ਫਿਲਮ ਵਿਚ ਜਜ਼ਬ ਨਹੀਂ ਹੋ ਜਾਂਦਾ। ਫਿਲਮਾਏ ਜਾਣ ਵਾਲੇ ਨਾਵਲ ਵਿਚੋਂ ਬੜੀ ਸੂਝ ਨਾਲ ਘਟਨਾਵਾਂ ਚੁਣਨੀਆਂ ਪੈਣਗੀਆਂ। ਪਟਕਥਾ ਲੇਖਕ ਲਈ ਇਹ ਅਤਿ ਜ਼ਰੂਰੀ ਹੈ ਕਿ ਉਸ ਨੂੰ ਸਾਹਿਤ ਬਾਰੇ ਪੂਰਾ ਗਿਆਨ ਹੋਵੇ ਤੇ ਫਿਲਮ ਬਣਾਉਣ ਦੀਆਂ ਬਰੀਕੀਆਂ ਨੂੰ ਵੀ ਓਨੀ ਹੀ ਚੰਗੀ ਤਰ੍ਹਾਂ ਜਾਣਦਾ ਹੋਵੇ। ਜਦੋਂ ਕੋਈ ਨਿਰਦੇਸ਼ਕ ਆਪਣੀ ਫਿਲਮ ਲਈ ਵਿਸ਼ੇਸ਼ ਨਾਵਲ ਚੁਣਦਾ ਹੈ ਤਾਂ ਉਸ ਦੀ ਪ੍ਰਤਿਭਾ ਵੀ ਨਾਵਲਕਾਰ ਦੀ ਪ੍ਰਤਿਭਾ ਦੇ ਹਾਣ ਦੀ ਹੋਣੀ ਚਾਹੀਦੀ ਹੈ ਤਾਂ ਹੀ ਫਿਲਮ ਸਿਖਰ ਨੂੰ ਛੋਹ ਸਕੇਗੀ। ਸੱਤਿਆਜੀਤ ਰੇਅ ਨੇ 'ਚਾਰੂਲਤਾ' ਅਤੇ 'ਤੀਨ ਕੰਨਿਆ' ਨਾਂ ਦੀਆਂ ਦੋ ਫਿਲਮਾਂ ਰਾਬਿੰਦਰਨਾਥ ਟੈਗੋਰ ਦੀਆਂ ਕਹਾਣੀਆਂ ਉਤੇ ਬਣਾਈਆਂ ਸਨ। ਉਹ ਫਿਲਮਾਂ ਤਾਂ ਹੀ ਵਿਸ਼ੇਸ਼ ਉਚਾਈ ਤੱਕ ਪਹੁੰਚ ਸਕੀਆਂ ਸਨ, ਕਿਉਂਕਿ ਦੋਵੇਂ ਆਪੋ-ਆਪਣੇ ਖੇਤਰ ਦੇ ਦਿੱਗਜ ਸਨ।


ਲੇਖਕ ਦਾ ਇਹ ਇਤਰਾਜ਼ ਆਮ ਤੌਰ ਉਤੇ ਰਿਹਾ ਹੈ ਕਿ ਫਿਲਮ ਨੇ ਸਾਹਿਤ ਨਾਲ ਨਿਆਂ ਨਹੀਂ ਕੀਤਾ ਜਾਂ ਨਿਰਦੇਸ਼ਕ ਕੋਲੋਂ ਮੂਲ ਕਹਾਣੀ ਦੀ ਰੂਹ ਨੂੰ ਨਹੀਂ ਛੋਹਿਆ ਜਾ ਸਕਿਆ। ਚਾਰਲਸ ਡਿਕਨਜ਼ ਦੇ ਨਾਵਲ 'ਗਰੇਟ ਐਕਸਪੈਕਟੇਸ਼ਨਜ਼' ਉਤੇ ਡੇਵਿਡ ਲੀਨ ਨੇ ਫਿਲਮ ਬਣਾਈ ਸੀ। ਉਹ ਵਾਚਣਯੋਗ ਫਿਲਮ ਸੀ। ਨਾਵਲ ਦੇ ਪਾਤਰਾਂ ਨੂੰ ਮੂਰਤ ਰੂਪ ਵਿਚ ਦੇਖਣਾ ਪ੍ਰਭਾਵਸ਼ਾਲੀ ਲੱਗਦਾ ਸੀ; ਪਰ ਨਾਵਲ ਦਾ ਬੜਾ ਕੁਝ ਫਿਲਮ ਵਿਚ ਗੁਆਚ ਗਿਆ ਸੀ। ਦਾਸਤੋਵਸਕੀ ਦੀ ਕਹਾਣੀ 'ਏ ਮੀਕ ਵੂਮੈਨ' ਦਾ ਫਿਲਮ ਰੂਪਾਂਤਰ ਵੱਖਰੀ ਭਾਂਤ ਦਾ ਸੀ। ਨਿਰਦੇਸ਼ਕ ਨੇ ਕਹਾਣੀ ਦਾ ਸਮਾਂ, ਸਥਾਨ ਅਤੇ ਕਈ ਆਦਰਸ਼ਕ ਕਿਸਮ ਦੇ ਵਿਚਾਰ ਵੀ ਬਦਲ ਦਿੱਤੇ ਸਨ। ਇਹੋ ਜਿਹੀਆਂ ਤਬਦੀਲੀਆਂ ਉਤੇ ਲੇਖਕ ਨੂੰ ਅਕਸਰ ਇਤਰਾਜ਼ ਹੁੰਦਾ ਹੈ।

ਪੰਜਾਬੀ ਦੇ ਨਾਵਲਾਂ ਅਤੇ ਕਹਾਣੀਆਂ ਉਤੇ ਵੀ ਕਈ ਫਿਲਮਾਂ ਬਣੀਆਂ ਹਨ। ਕੁਝ ਸੁਹਿਰਦ ਯਤਨ ਵੀ ਸਨ। ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਉਤੇ ਬਲਰਾਜ ਸਾਹਨੀ ਦੇ ਯਤਨਾਂ ਨਾਲ ਇਸੇ ਨਾਂ ਦੀ ਹਿੰਦੀ ਫਿਲਮ ਬਣੀ ਸੀ। ਰਾਜਿੰਦਰ ਸਿੰਘ ਬੇਦੀ ਦੇ ਨਾਵਲ 'ਏਕ ਚਾਦਰ ਮੈਲੀ ਸੀ' ਉਤੇ 'ਰਾਣੋ' ਨਾਂ ਦੀ ਫਿਲਮ ਬਣਨੀ ਸ਼ੁਰੂ ਹੋਈ ਸੀ, ਪਰ ਫਿਲਮ ਦੀ ਨਾਇਕ ਗੀਤਾ ਬਾਲੀ ਦੀ ਬੇਵਕਤੀ ਮੌਤ ਕਾਰਨ ਫਿਲਮ ਅਧੂਰੀ ਰਹਿ ਗਈ। ਬਾਅਦ ਵਿਚ ਸੁਖਵਿੰਦਰ ਢੱਡਾ ਨੇ ਉਸੇ ਨਾਵਲ ਉਤੇ 'ਏਕ ਚਾਦਰ ਮੈਲੀ ਸੀ' ਫਿਲਮ ਬਣਾਈ, ਪਰ ਉਹ ਸਾਧਾਰਨਤਾ ਤੱਕ ਹੀ ਸੀਮਿਤ ਰਹੀ। ਬੂਟਾ ਸਿੰਘ ਸ਼ਾਦ ਨੇ ਆਪਣੇ ਕੁਝ ਨਾਵਲਾਂ ਉਤੇ ਆਪ ਹੀ ਫਿਲਮਾਂ ਬਣਾਈਆਂ ਸਨ। ਸੁਰਿੰਦਰ ਸਿੰਘ ਦੀ ਨਿਰਦੇਸ਼ਨਾ ਵਿਚ ਬਣੀ ਫਿਲਮ 'ਮੜ੍ਹੀ ਦਾ ਦੀਵਾ' ਗੁਰਦਿਆਲ ਸਿੰਘ ਦੇ ਨਾਵਲ ਜਿੰਨੀ ਹੀ ਢਹਿੰਦੀਆਂ ਕਲਾਂ ਵਾਲੀ ਫਿਲਮ ਸੀ। ਉਂਜ, ਪੰਜਾਬੀ ਵਿਚ ਇਹੋ ਜਿਹੇ ਨਾਵਲ, ਕਹਾਣੀਆਂ ਬਹੁਤ ਹਨ ਜਿਨ੍ਹਾਂ ਉਤੇ ਚੰਗੀਆਂ ਫਿਲਮਾਂ ਬਣਾਈਆਂ ਜਾ ਸਕਦੀਆਂ ਹਨ।

ਮਿੱਥ ਅਤੇ ਸ਼ਾਇਰੀ ਸਾਡੇ ਸਿਨੇਮਾ ਦੇ ਮਹੱਤਵਪੂਰਨ ਅੰਗ ਹਨ। ਮਿੱਥ ਸਾਧਾਰਨ ਮਨੁੱਖ ਦੇ ਅਚੇਤ ਮਨ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ। ਸ਼ਾਇਰੀ ਸੰਵੇਦਨਸ਼ੀਲ ਮਨ ਨੂੰ ਟੁੰਬਦੀ ਹੈ। ਤਰਕ ਵਾਲੇ ਮਨੁੱਖ ਲਈ ਯਥਾਰਥ ਯਾਨੀ ਜ਼ਮੀਨੀ ਸੱਚ ਦੀ ਇਬਾਰਤ ਹੀ ਪਹਿਲ ਲੈਂਦੀ ਹੈ। 'ਪਿਆਸਾ' ਫਿਲਮ ਦੀ ਤਾਕਤ ਸਾਹਿਰ ਲੁਧਿਆਣਵੀ ਦੀ ਉਰਦੂ ਸ਼ਾਇਰੀ ਸੀ। 'ਕਭੀ ਕਭੀ' ਫਿਲਮ ਦੇ ਗੀਤ ਅਤੇ 'ਬਰਸਾਤ ਕੀ ਰਾਤ' ਦੇ ਗੀਤ ਤੇ ਕੱਵਾਲੀਆਂ ਕਾਰਨ ਇਨ੍ਹਾਂ ਫਿਲਮਾਂ ਨੇ ਕੀਰਤੀਮਾਨ ਸਥਾਪਤ ਕੀਤੇ ਸਨ।



ਦੇਸ਼ ਵੰਡ ਦੇ ਦੁਖਾਂਤ ਨੂੰ ਬਿਆਨਦਾ ਟੀ.ਵੀ. ਲੜੀਵਾਰ 'ਤਮਸ' ਤੇ ਹੇਠਾਂ ਫਿਲਮ 'ਸਰਦਾਰੀ ਬੇਗਮ' ਦਾ ਪੋਸਟਰ




ਇੱਕ ਜ਼ਮਾਨੇ ਵਿਚ ਕਵਿਤਾ ਦੀ ਜਾਦੂਗਰੀ ਪੰਜਾਬੀ ਫਿਲਮਾਂ ਵਿਚ ਵੀ ਨਮੂਦਾਰ ਹੋਈ ਸੀ। ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤਾਂ ਵਾਲੀਆਂ ਫਿਲਮਾਂ 'ਮੰਗਤੀ' ਤੇ 'ਬੁਲਬੁਲ' ਕਾਵਿ ਸ਼ਕਤੀ ਕਰਕੇ ਹੀ ਚੇਤੇ ਕੀਤੀਆਂ ਜਾਂਦੀਆਂ ਹਨ। ਸਾਹਿਤਕ ਗੀਤਾਂ ਦੇ ਆਧਾਰ ਉਤੇ ਸਫਲ ਹੋਈਆਂ ਫਿਲਮਾਂ ਦੀ ਗਿਣਤੀ ਵੱਡੀ ਹੈ। ਕਿਸੇ ਨਾਵਲ, ਕਹਾਣੀ ਜਾਂ ਨਾਟਕ ਦਾ ਫਿਲਮ ਲਈ ਰੂਪਾਂਤਰ ਹੋਰ ਗੱਲ ਹੈ, ਪਰ ਕੁਝ ਲੇਖਕ ਸਮੁੱਚਾ ਜੀਵਨ ਫਿਲਮਾਂ ਲਈ ਲਿਖਣ ਵਲ ਲਾ ਦਿੰਦੇ ਹਨ; ਯਾਨੀ ਸਾਹਿਤ ਸਿਨਮੇ ਦੀ ਨੌਕਰੀ ਵਿਚ।

ਫਿਲਮਾਂ ਲਈ ਲਿਖਣਾ ਅਕਸਰ ਨਿਮਨ ਪੱਧਰ ਉਤੇ ਆਉਣਾ ਹੁੰਦਾ ਹੈ। ਨਾ ਚਾਹੁੰਦਿਆਂ ਹੋਇਆਂ ਵੀ ਫਿਲਮ ਦੇ ਲੇਖਕ ਨੂੰ ਕਦੇ ਬਲਾਤਕਾਰ ਦਾ ਦ੍ਰਿਸ਼ ਘੜਨਾ ਪੈਂਦਾ ਹੈ ਤੇ ਕਦੇ ਅਸ਼ਲੀਲ ਵਾਰਤਾਲਾਪ ਲਿਖਣੀ ਪੈਂਦੀ ਹੈ। ਸਾਹਿਤ ਦਾ ਲੇਖਕ ਸੁਤੰਤਰ ਹੈ ਪਰ ਫਿਲਮ ਦਾ ਲੇਖਕ ਆਪਣੀ ਮਰਜ਼ੀ ਦਾ ਮਾਲਕ ਨਹੀਂ ਹੁੰਦਾ। ਬਹੁਤ ਵਾਰ ਫਿਲਮ ਦੇ ਲੇਖਕ ਨੂੰ ਗੈਰ-ਸਾਹਿਤਕ ਅਤੇ ਸਮਝ ਤੋਂ ਊਣੇ ਲੋਕਾਂ ਹੱਥੋਂ ਜ਼ਲੀਲ ਹੋਣਾ ਪੈਂਦਾ ਹੈ, ਕਿਉਂਕਿ ਲੇਖਕ ਨੇ ਦ੍ਰਿਸ਼ ਲਿਖਣ ਵੇਲੇ ਉਨ੍ਹਾਂ ਲੋਕਾਂ ਦੀਆਂ ਹੇਠਲੇ ਪੱਧਰ ਦੀਆਂ ਅਨੈਤਿਕ ਲੋੜਾਂ ਅਤੇ ਕਾਮ-ਸੁਆਦ ਨੂੰ ਮੁੱਖ ਨਹੀਂ ਰੱਖਿਆ ਹੁੰਦਾ। ਲੇਖਕ ਆਪਣੀ ਸਿਰਜਣਾ ਦਾ ਰੱਬ ਹੁੰਦਾ ਹੈ, ਪਰ ਫਿਲਮ ਦੇ ਲੇਖਕ ਦਾ ਲਿਖਿਆ ਹੋਇਆ ਆਖਰੀ ਨਹੀਂ ਹੁੰਦਾ। ਉਹਦੇ ਲਿਖੇ ਹੋਏ ਨੂੰ ਰੱਦ ਕਰਨ ਵਾਲੇ ਕਈ 'ਰੱਬ' ਹੁੰਦੇ ਹਨ।

ਫਿਲਮ, ਨਿਰਦੇਸ਼ਕ ਦਾ ਮਾਧਿਅਮ ਹੈ ਅਤੇ ਸਾਹਿਤ, ਲੇਖਕ ਦਾ। ਫਿਲਮ ਦਾ ਆਧਾਰ ਸਾਹਿਤ ਹੈ, ਪਰ ਫਿਲਮ ਵਿਧਾ ਦੀਆਂ ਕੁਝ ਲੋੜਾਂ ਪੂਰੀਆਂ ਕਰਨ ਖਾਤਰ ਫਿਲਮਕਾਰਾਂ ਨੂੰ ਸਾਹਿਤਕ ਰਚਨਾ ਵਿਚ ਕਈ ਤਰ੍ਹਾਂ ਦੀ ਤਰਮੀਮ ਕਰਨੀ ਪੈਂਦੀ ਹੈ। ਕੁਝ ਤਰਮੀਮਾਂ ਤਾਂ ਤਕਨੀਕੀ ਕਾਰਨਾਂ ਕਰਕੇ ਹੁੰਦੀਆਂ ਹਨ, ਕੁਝ ਇਸ ਕਰਕੇ ਵੀ ਕਿ ਨਿਰਮਾਤਾ ਨੇ ਫਿਲਮ ਉਤੇ ਕਰੋੜਾਂ ਰੁਪਏ ਦਾ ਖਰਚ ਕੀਤਾ ਹੁੰਦਾ ਹੈ ਤੇ ਲਾਗਤ ਨਾਲੋਂ ਕਈ ਗੁਣਾਂ ਵੱਧ ਮੁਨਾਫਾ ਵੀ ਚਾਹੁੰਦਾ ਹੈ।

ਸ਼ਬਦ ਦੀ ਸ਼ਕਤੀ ਅਥਾਹ ਹੈ। ਵਿਜ਼ੂਅਲ ਵਿਚ ਆਉਣ ਤੋਂ ਪਿੱਛੋਂ ਉਹ ਸ਼ਕਤੀ ਸੀਮਤ ਹੋ ਜਾਂਦੀ ਹੈ। ਅਰਥ ਓਨੇ ਕੁ ਹੀ ਰਹਿ ਜਾਂਦੇ ਹਨ ਜਿੰਨੇ ਕੁ ਅੱਖ ਦੇਖ ਲੈਂਦੀ ਹੈ, ਪਰ ਪ੍ਰਤਿਭਾਵਾਨ ਨਿਰਦੇਸ਼ਕ ਫਿਰ ਵੀ ਅਰਥ ਤੇ ਪਰਤਾਂ ਸਿਰਜ ਲੈਂਦੇ ਹਨ। ਫਿਲਮ ਵਿਚ ਵਾਰਤਾਲਾਪ, ਚੁੱਪ, ਰੌਸ਼ਨੀ ਤੇ ਸੰਗੀਤ ਦੀ ਸੁੱਘੜ ਵਰਤੋਂ ਨਾਲ ਉਹ ਅਨੇਕਾਂ ਅਰਥਾਂ ਦਾ ਸੰਚਾਰ ਕਰ ਜਾਂਦੇ ਹਨ।

ਇਹ ਜਾਦੂ ਮਹਾਨ ਨਿਰਦੇਸ਼ਕ ਇੰਗਮਰ ਬਰਗਮੈਨ ਨੂੰ ਆਉਂਦਾ ਸੀ। ਮੈਂ ਪੁਣੇ ਦੇ ਫਿਲਮ ਇੰਸਟੀਚਿਊਟ ਦੇ ਮੇਨ ਥੀਏਟਰ ਵਿਚ ਬਰਗਮੈਨ ਦੀ ਫਿਲਮ 'ਵਾਈਲਡ ਸਟਰਾਅਬਰੀਜ਼' ਦੇਖੀ ਸੀ। ਮੇਰੇ ਮਨ ਵਿਚ ਪਤਾ ਨਹੀਂ ਕੀ ਆਈ, ਮੈਂ ਫਿਲਮ ਇੰਸਟੀਚਿਊਟ ਦੀ ਲਾਇਬਰੇਰੀ ਵਿਚੋਂ ਫਿਲਮ ਦੀ ਸਕ੍ਰਿਪਟ ਕਢਵਾ ਲਈ। ਸ਼ਾਇਦ ਮੈਂ ਦੇਖਣਾ ਚਾਹੁੰਦਾ ਸਾਂ ਕਿ ਇਹੋ ਜਿਹੀਆਂ ਮਹਾਨ ਫਿਲਮਾਂ ਦੀ ਸਕ੍ਰਿਪਟ ਕਿਹੋ ਜਿਹੀ ਹੁੰਦੀ ਹੈ ਜਾਂ ਸ਼ਾਇਦ ਦੇਖਣਾ ਚਾਹੁੰਦਾ ਸਾਂ ਕਿ ਮਹਾਨ ਨਿਰਦੇਸ਼ਕ ਸਾਹਿਤ ਨਾਲ ਕਿੰਨਾ ਕੁ ਖੇਡਦਾ ਹੈ। 'ਵਾਈਲਡ ਸਟਰਾਅਬਰੀਜ਼' ਦੀ ਸਕ੍ਰਿਪਟ ਬੜੀ ਸੰਖੇਪ ਸੀ। ਫਿਲਮ ਦੇ ਪੂਰੇ ਦੇ ਪੂਰੇ, ਕਈ ਦ੍ਰਿਸ਼ ਸਕ੍ਰਿਪਟ ਵਿਚੋਂ ਗਾਇਬ ਸਨ।

ਸ਼ੂਟਿੰਗ ਵੇਲੇ ਕਲਪਨਾ ਬਰਗਮੈਨ ਦੀ ਫਿਲਮ ਦੀ ਸਕ੍ਰਿਪਟ ਦਾ ਮਹੱਤਵਪੂਰਨ ਹਿੱਸਾ ਹੋ ਜਾਂਦੀ ਸੀ। ਉਹ ਸਕ੍ਰਿਪਟ ਨੂੰ ਪਾਸੇ ਰੱਖ ਕੇ ਕਲਪਨਾ ਨੂੰ ਪਹਿਲ ਦੇ ਦਿੰਦਾ ਸੀ। ਸਕ੍ਰਿਪਟ ਕੁਝ ਹੋਰ ਹੁੰਦੀ ਸੀ ਤੇ ਫਿਲਮ ਕੁਝ ਹੋਰ ਦੀ ਹੋਰ ਹੋ ਜਾਂਦੀ ਸੀ। ਉਦੋਂ ਸਾਹਿਤ ਮੱਥੇ ਨੂੰ ਹੱਥ ਮਾਰ ਕੇ ਪਤਾ ਨਹੀਂ ਰੋਂਦਾ ਹੋਵੇਗਾ ਕਿ ਹੱਸਦਾ ਹੋਵੇਗਾ, ਪਰ ਉਸ ਫਿਲਮ ਦਾ ਇੱਕ ਦ੍ਰਿਸ਼ ਦੇਖ ਕੇ ਮੈਂ ਸਿਨੇਮਾ ਦੇ ਮਾਧਿਅਮ ਦੀ ਸਮਰੱਥਾ ਨੂੰ ਸਲਾਮ ਕਹੀ ਸੀ। ਉਸ ਦ੍ਰਿਸ਼ ਦਾ ਕਮਾਲ ਇਹ ਸੀ ਕਿ ਇੱਕ ਸੀਨ ਵਿਚ ਇੱਕੋ ਵੇਲੇ ਅਤੀਤ, ਵਰਤਮਾਨ ਤੇ ਭਵਿਖ ਹਾਜ਼ਰ ਹੋ ਗਏ ਸਨ। ਸਾਹਿਤ ਦੀ ਕਿਸੇ ਲਿਖਤ ਵਿਚ ਇਸ ਤਰ੍ਹਾਂ ਦਾ ਕ੍ਰਿਸ਼ਮਾ ਹੁੰਦਾ ਮੈਂ ਨਹੀਂ ਸੀ ਦੇਖਿਆ। ਮੈਂ ਬਸ ਏਨਾ ਕੁ ਦੇਖਿਆ ਸੀ ਕਿ ਲੇਖਕ ਫਲੈਸ਼ਬੈਕ ਰਾਹੀਂ ਕਦੇ ਅਤੀਤ ਵਿਚ ਚਲਿਆ ਜਾਂਦਾ ਸੀ ਤੇ ਕਦੇ ਫਲੈਸ਼ ਫਾਰਵਰਡ ਦੀ ਤਕਨੀਕ ਰਾਹੀਂ ਭਵਿਖ ਵਿਚ ਪਹੁੰਚ ਜਾਂਦਾ ਸੀ। ਸਿਰਫ ਦੋ ਕਾਲ ਹੀ ਉਹਦੇ ਕੋਲੋਂ ਇੱਕ ਵੇਲੇ ਹਾਜ਼ਰ ਹੁੰਦੇ ਸਨ।

ਫਿਲਮ ਦੇ ਲੇਖਕ ਲਈ ਅਨੇਕਾਂ ਬੰਦਸ਼ਾਂ ਹਨ। ਬਹੁਤੀ ਵਾਰੀ ਤਾਂ ਕਹਾਣੀ ਦਾ ਆਧਾਰ ਵੀ ਲੇਖਕ ਦਾ ਆਪਣਾ ਨਹੀਂ ਹੁੰਦਾ। ਫਿਲਮ ਲਈ ਵਿਸ਼ੇ ਦੀ ਚੋਣ ਨਿਰਮਾਤਾ-ਨਿਰਦੇਸ਼ਕ ਦੀ ਇੱਛਾ ਉਤੇ ਨਿਰਭਰ ਕਰਦੀ ਹੈ। ਫਿਲਮ 'ਸਰਦਾਰੀ ਬੇਗਮ' ਦੀ ਮਿਸਾਲ ਸਾਡੇ ਸਾਹਮਣੇ ਹੈ। ਨਿਰਦੇਸ਼ਕ ਸ਼ਿਆਮ ਬੇਨੇਗਲ ਨੇ ਫਿਲਮ 'ਸਰਦਾਰੀ ਬੇਗਮ' ਬਣਾਉਣ ਤੋਂ ਪਹਿਲਾਂ ਬਸ ਏਨੀ ਕੁ ਗੱਲ ਸੁਣੀ ਹੋਈ ਸੀ ਕਿ ਕੋਈ ਠੁਮਰੀ ਗਾਇਕਾ ਹੁੰਦੀ ਸੀ। ਗਾਇਕੀ ਦੇ ਖੇਤਰ ਵਿਚ ਉਹਨੂੰ ਕੁਝ ਸਫਲਤਾ ਵੀ ਮਿਲੀ ਤੇ ਫਿਰ ਉਹ ਗੁੰਮਨਾਮੀ ਦੇ ਹਨੇਰੇ ਵਿਚ ਗੁਆਚ ਗਈ। ਵਰ੍ਹਿਆਂ ਪਿੱਛੋਂ ਕਿਸੇ ਅਖਬਾਰ ਵਿਚ ਦੋ ਕੁ ਇੰਚ ਦੀ ਖਬਰ ਛਪੀ ਕਿ ਉਹ ਗਾਇਕਾ ਫਿਰਕੂ ਦੰਗਿਆਂ ਵਿਚ ਮਾਰੀ ਗਈ ਸੀ। ਇਸ ਦੋ ਕੁ ਇੰਚ ਦੇ ਵੇਰਵੇ ਨਾਲ ਸ਼ਿਆਮ, ਫਿਲਮ ਸਰਦਾਰੀ ਬੇਗ਼ਮ ਬਣਾਉਣਾ ਚਾਹੁੰਦਾ ਸੀ। ਖੈਰ ਲੇਖਕ ਖਾਲਿਦ ਮੁਹੰਮਦ ਨੇ ਕਹਾਣੀ ਵਿਕਸਤ ਕੀਤੀ ਅਤੇ ਫਿਲਮ ਬਣ ਗਈ।

ਕਿਸੇ ਨਿਰਦੇਸ਼ਕ ਦੇ ਕਹਿਣ ਉਤੇ ਕਹਾਣੀ ਲਿਖਣਾ ਏਨਾ ਸੌਖਾ ਨਹੀਂ। ਫਿਲਮ-ਲੇਖਕ ਦੀ ਕਲਪਨਾ ਦੇ ਖੰਭ ਵਾਰ-ਵਾਰ ਕੁਤਰੇ ਜਾਂਦੇ ਹਨ। ਲੇਖਕ ਨੂੰ ਜਦੋਂ ਲਿਖਣ ਲਈ ਫਿਲਮ ਹਾਸਲ ਹੁੰਦੀ ਹੈ ਤਾਂ ਉਹ ਆਪਣੇ ਬਚਾਅ ਲਈ ਪਹਿਲੋਂ ਹੀ ਕਮਰਕੱਸਾ ਕਰ ਲੈਂਦਾ ਹੈ। ਉਹ ਨਿਰਮਾਤਾ-ਨਿਰਦੇਸ਼ਕ ਨੂੰ ਇਹ ਜ਼ਰੂਰ ਪੁੱਛਦਾ ਹੈ ਕਿ ਫਿਲਮ ਦੇ ਕਿਰਦਾਰ ਕਿਹੜੇ ਅਭਿਨੇਤਾ ਅਤੇ ਅਭਿਨੇਤਰੀਆਂ ਹਨ। ਐਕਟਰ-ਐਕਟਰਸਾਂ ਦੇ ਸੁਭਾਅ, ਬੋਲਣ ਢੰਗ ਅਤੇ ਉਨ੍ਹਾਂ ਦੇ ਇਮੇਜ ਨੂੰ ਮੁੱਖ ਰੱਖ ਕੇ ਹੀ ਲੇਖਕ ਕਹਾਣੀ ਦੇ ਪਾਤਰਾਂ ਦਾ ਨਿਰਮਾਣ ਕਰਦਾ ਹੈ।

ਐਕਟਰ ਲੇਖਕ ਦੇ ਲਿਖੇ ਅਨੁਸਾਰ ਅਦਾਕਾਰੀ ਨਹੀਂ ਕਰਦੇ। ਉਨ੍ਹਾਂ ਦੀਆਂ ਆਪਣੀਆਂ ਕਮਜ਼ੋਰੀਆਂ ਹੁੰਦੀਆਂ ਹਨ; ਮਸਲਨ, ਸਨੀ ਦਿਓਲ ਲੰਮੇ ਡਾਇਲਾਗ ਨਹੀਂ ਬੋਲ ਸਕਦਾ। ਉਹਦੇ ਲਈ ਲੇਖਕ ਨੂੰ ਨਿੱਕੇ ਫਿਕਰੇ ਲਿਖਣੇ ਪੈਂਦੇ ਹਨ। ਗੰਭੀਰ ਵਾਰਤਾਲਾਪ ਸਲਮਾਨ ਖਾਨ ਦੇ ਸੁਭਾਅ ਅਤੇ ਸ਼ਖਸੀਅਤ ਦੇ ਮੇਚ ਨਹੀਂ ਆਉਂਦੇ। ਲੇਖਕ ਨੂੰ ਉਹਦੇ ਲਈ ਹਲਕੇ-ਫੁਲਕੇ ਤੇ ਕੁਝ-ਕੁਝ ਚੁਲਬੁਲੇ ਵਾਕ ਲਿਖਣੇ ਪੈਂਦੇ ਹਨ। ਇਸ ਤਰ੍ਹਾਂ ਦੀ ਸਿਰਦਰਦੀ ਦੀ ਕੋਈ ਸੀਮਾ ਨਹੀਂ।

ਦਰਅਸਲ ਹਰ ਸਥਿਤੀ ਵਿਚ ਲੇਖਕ ਆਪ ਹੀ ਮਰਦਾ ਹੈ। ਕਈ ਵਾਰ ਤਾਂ ਕਹਾਣੀ ਦੀ ਕੱਟ-ਵੱਢ ਇਸ ਕਦਰ ਵਧ ਜਾਂਦੀ ਹੈ ਕਿ ਸਕ੍ਰਿਪਟ ਵਿਚੋਂ ਲੇਖਕ ਦੀ ਕਹਾਣੀ ਹੀ ਗੁਆਚ ਜਾਂਦੀ ਹੈ। ਮੇਰੇ ਇੱਕ ਜਾਣਕਾਰ ਨਿਰਮਾਤਾ ਨੇ ਸੋਚਿਆ ਕਿ ਉਹ ਕੋ-ਐਜੂਕੇਸ਼ਨਲ ਕਾਲਜ ਦੀ ਚਾਰ ਵਰ੍ਹਿਆਂ ਦੀ ਜ਼ਿੰਦਗੀ ਬਾਰੇ ਫਿਲਮ ਬਣਾਵੇ। ਉਨ੍ਹਾਂ ਚਾਰ ਵਰ੍ਹਿਆਂ ਵਿਚ ਬਲਾਤਕਾਰ, ਮੁੰਡੇ-ਕੁੜੀਆਂ ਦਾ ਇਸ਼ਕ, ਕਾਮ-ਸਬੰਧ, ਨਸ਼ਾਖੋਰੀ, ਸਮਗਲਿੰਗ ਤੇ ਹੋਰ ਵੀ ਬੜਾ ਕੁਝ ਚਟਪਟਾ ਦਿਖਾਇਆ ਜਾਵੇ। ਨਿਰਮਾਤਾ ਨੇ ਮੈਨੂੰ ਸਾਰਾ ਵੇਰਵਾ ਦੱਸਿਆ ਤੇ ਉਸ ਦੀ ਨਵੀਂ ਫਿਲਮ ਦੀ ਕਹਾਣੀ ਲਿਖਣ ਲਈ ਆਖਿਆ। ਮੈਂ ਦੱਸਿਆ, "ਸ਼ਾਇਦ ਫੌਜ ਵਾਲੇ ਮੈਨੂੰ ਇਹ ਕੰਮ ਕਰਨ ਦੀ ਆਗਿਆ ਨਾ ਦੇਣ।" "ਤੈਨੂੰ ਇਸ ਬਾਰੇ ਫਿਕਰ ਕਰਨ ਦੀ ਲੋੜ ਨਹੀਂ। ਤੂੰ ਨਿਸ਼ਚਿੰਤ ਹੋ ਕੇ ਕਹਾਣੀ ਲਿਖ। ਲੇਖਕ ਵਜੋਂ ਤੇਰਾ ਨਾਂ ਕਿਧਰੇ ਵੀ ਨਹੀਂ ਆਵੇਗਾ।" "ਹੋਰ ਕੀਹਦਾ ਨਾਂ ਹੋਵੇਗਾ?" ਮੈਂ ਹੈਰਾਨ ਹੋਇਆ ਸਾਂ। "ਤੇਰੇ ਤੋਂ ਇਲਾਵਾ ਦੋ ਜਣੇ ਹੋਰ ਵੀ ਇਹੋ ਕਹਾਣੀ ਲਿਖਣਗੇ।" ਉਸ ਸਹਿਜ ਸੁਭਾਅ ਦੱਸਿਆ, "ਫੇਰ ਸਿਟਿੰਗ ਹੋਵੇਗੀ। ਉਦੋਂ ਤਿੰਨਾਂ ਕਹਾਣੀਆਂ ਨੂੰ ਰਲਾ ਕੇ ਇੱਕ ਕਹਾਣੀ ਬਣਾਈ ਜਾਵੇਗੀ।" "ਫੇਰ ਸਕਰੀਨ ਉਤੇ ਕਹਾਣੀ ਦੇ ਲੇਖਕ ਵਜੋਂ ਕੀਹਦਾ ਨਾਂ ਦਿੱਸੇਗਾ?" ਮੇਰੀ ਜਗਿਆਸਾ ਬਣੀ ਹੋਈ ਸੀ। "ਕਿਸੇ ਦਾ ਵੀ ਨਹੀਂ!" ਉਸ ਸਾਫ ਜਵਾਬ ਦਿੱਤਾ। ਮੈਨੂੰ ਹੈਰਾਨ ਦੇਖ ਕੇ ਉਹ ਹੱਸਿਆ, "ਵੇਖ ਭੁੱਲਰ! ਤੂੰ ਭਾਵੁਕ ਬੰਦਾ ਏਂ ਤੇ ਮੈਂ ਵਪਾਰੀ। ਫਿਲਮ ਦੀ ਕੀਮਤ ਵਧੇਗੀ, ਕੋਈ ਉਹੋ ਜਿਹਾ ਨਾਂ ਹੀ ਫਿਲਮ ਦੇ ਲੇਖਕ ਵਜੋਂ ਵਰਤਾਂਗੇ। ਤੁਸੀਂ ਆਪੋ ਆਪਣੀ ਕਹਾਣੀ ਦੇ ਪੈਸੇ ਲੈ ਲਵੋਗੇ ਤੇ ਉਹ ਵੱਡੇ ਨਾਂ ਵਾਲਾ ਆਪਣਾ ਨਾਂ ਵਿਕਣ ਦੇ ਪੈਸੇ ਲੈ ਲਵੇਗਾ।" ਉਸ ਗੱਲਬਾਤ ਨਾਲ ਮੈਨੂੰ ਸਾਹਿਤ ਤੇ ਸਿਨੇਮਾ ਦੇ ਗੁਪਤ ਸਬੰਧਾਂ ਦੀ ਵੀ ਭਿਣਕ ਪਈ ਸੀ।

ਜਦੋਂ ਕੋਈ ਨਿਰਦੇਸ਼ਕ ਕਿਸੇ ਨਾਟਕ ਨੂੰ ਫਿਲਮ ਬਣਾਉਣ ਲਈ ਚੁਣਦਾ ਹੈ ਤਾਂ ਫਿਲਮ ਬਣਾਉਂਦਿਆਂ ਉਸ ਵਿਚੋਂ ਭਾਸ਼ਨ ਦੀ ਖੁਸ਼ਬੂ ਗੁਆਚ ਜਾਂਦੀ ਹੈ। ਅਸੀਂ 'ਕਿੰਗ ਲੀਅਰ' ਫਿਲਮ ਨੂੰ ਖੂਬ ਮਾਣਦੇ ਹਾਂ, ਪਰ ਦੇਖਦੇ ਹਾਂ ਕਿ ਸ਼ੈਕਸਪੀਅਰ ਦੀ ਟੈਕਸਟ ਤਾਂ ਪੂਰੀ ਮਨਫੀ ਹੋ ਗਈ ਹੈ। ਭਾਸ਼ਾ ਨਾਟਕ ਲਈ ਮਹੱਤਵਪੂਰਨ ਹੈ, ਪਰ ਫਿਲਮਸਾਜ਼ ਦੇ ਹੱਥੋਂ ਮਾਰ ਖਾਂਦੀ ਹੈ। ਦਰਅਸਲ ਕਹਾਣੀ ਤਾਂ ਫਿਲਮ ਵਿਚ ਅਨੁਵਾਦ ਹੋ ਜਾਂਦੀ ਹੈ, ਪਰ ਕਹਾਣੀ ਦੀ ਆਤਮਾ ਬਹੁਤੀ ਵਾਰ ਅਨੁਵਾਦ ਨਹੀਂ ਹੁੰਦੀ। ਕਲਾ ਦੇ ਇੱਕ ਰੂਪ ਦੀ ਖੁਸ਼ਬੂ ਕਲਾ ਦੇ ਦੂਜੇ ਰੂਪ ਦੀ ਖੁਸ਼ਬੂ ਵਿਚ ਪੂਰੀ ਤਰ੍ਹਾਂ ਤਬਦੀਲ ਨਹੀਂ ਹੁੰਦੀ।

ਇਸ ਦੇ ਉਲਟ ਸਾਹਿਤ ਦੀ ਇੱਕ ਸਾਧਾਰਨ ਕ੍ਰਿਤ 'ਤੇ ਪਟਕਥਾ ਲਿਖਦਿਆਂ, ਲੇਖਕ ਨੂੰ ਆਪਣੀ ਸਿਰਜਣਾਤਮਕਤਾ ਨੂੰ ਖੁੱਲ੍ਹ ਕੇ ਵਰਤਣ ਦੀ ਅਜ਼ਾਦੀ ਦਿੰਦੀ ਹੈ ਤੇ ਨਤੀਜਾ ਕਮਾਲ ਹੋ ਨਿੱਬੜਦਾ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਸਿਨੇਮਾ ਸਾਹਿਤ ਦੇ ਸਕੇ-ਸੋਦਰਿਆਂ ਵਿਚੋਂ ਹੈ, ਪਰ ਕਦੇ-ਕਦਾਈਂ ਆਪਸੀ ਖਿੱਚੋਤਾਣ ਵੀ ਦਿਸ ਪੈਂਦੀ ਹੈ। ਇਹ ਕੋਈ ਅਲੋਕਾਰ ਗੱਲ ਨਹੀਂ। ਸਾਕਾਦਾਰੀ ਵਿਚ ਇਸ ਤਰ੍ਹਾਂ ਤਾਂ ਹੁੰਦਾ ਹੀ ਹੈ ਕਿ ਵਿਚ-ਵਿਚ ਅਸੀਂ ਇੱਕ-ਦੂਜੇ ਤੋਂ ਨਿਰਾਸ਼ ਹੁੰਦੇ ਹਾਂ, ਪਰ ਇੱਕ ਗੱਲ ਤਾਂ ਪੱਕੀ ਹੈ, ਸਾਹਿਤ ਅਤੇ ਸਿਨੇਮਾ ਦਾ ਸਬੰਧ ਸਦੀਵੀ ਹੈ, ਨਾ ਟੁੱਟਣ ਵਾਲਾ।

Tel.: 317-426-5410
Ext 311 or 340

# XPressCargo

Cell : 317-701-4230
Fax : 317-308-6424

**Pay Every Week**
Single upto 42 Cent + Team Upto 50 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
**ਵੀਕਲੀ ਹੋਮ**
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com